

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 33; August 19, 2023 — 20451 N. Plum Grove Rd., Palatine, IL 60074 — Ph:847-359-0746, Fax:847-705-9388


# 'ਆਪ' ਵੱਲੋਂ ਪੰਚਾਇਤੀ ਪ੍ਰਬੰਧ 'ਤੇ ਕਬਜ਼ਾ

## ਪੰਚਾਇਤਾਂ ਭੰਗ ਕਰਨ ਦੇ ਫੈਸਲੇ ਮਗਰੋਂ ਸੂਬੇ ਅੰਦਰ ਸਿਆਸਤ ਭਖੀ

ਚੰਡੀਗੜ੍ਹ: ਪੰਜਾਬ ਵਿਚ ਪੰਚਾਇਤਾਂ ਭੰਗ ਕਰਨ ਦੇ ਫੈਸਲੇ ਮਗਰੋਂ ਜਿਥੇ ਸੂਬੇ ਵਿਚ ਸਿਆਸੀ ਹਲਚਲ ਤੇਜ਼ ਹੋ ਗਈ ਹੈ, ਉਥੇ ਸਰਕਾਰ ਦੀ ਨੀਅਤ ਉਤੇ ਵੀ ਵੱਡੇ ਸਵਾਲ ਉੱਠਣ ਲੱਗੇ ਹਨ। ਸਿਆਸੀ ਹਲਕੇ ਇਸ ਗੱਲ ਤੋਂ ਵੀ ਹੈਰਾਨ ਹਨ ਕਿ ਸਰਕਾਰ ਨੇ ਮਿਆਦ ਪੁੱਗਣ ਤੋਂ ਤਕਰੀਬਨ 5 ਮਹੀਨੇ ਪਹਿਲਾਂ ਪੰਚਾਇਤਾਂ ਭੰਗ ਕਰ ਕੇ ਪ੍ਰਬੰਧਕ ਤਾਂ ਲਗਾ ਦਿੱਤੇ ਹਨ ਪਰ ਚੋਣ ਤਰੀਕਾਂ ਦਾ ਐਲਾਨ ਨਹੀਂ ਕੀਤਾ ਗਿਆ। ਚਰਚਾ ਹੈ ਕਿ 'ਆਪ' ਸਰਕਾਰ ਪ੍ਰਬੰਧਕਾਂ ਨੂੰ ਵਾਗਡੋਰ ਦੇ ਕੇ ਸਾਰਾ ਪੰਚਾਇਤੀ ਪ੍ਰਬੰਧ ਆਪਣੇ ਹੱਥਾਂ ਵਿਚ ਕਰਨਾ ਚਾਹੁੰਦੀ ਹੈ।

ਇਸ ਵੇਲੇ ਸੂਬੇ ਦੀਆਂ ਬਹੁਤੀਆਂ ਪੰਚਾਇਤਾਂ ਦੀ ਕਮਾਨ ਅਕਾਲੀ ਦਲ (ਬਾਦਲ) ਜਾਂ ਕਾਂਗਰਸੀ ਸਰਪੰਚਾਂ ਹੱਥ ਸੀ। ਸਰਕਾਰ ਪੰਜ ਮਹੀਨਿਆਂ ਤੱਕ ਆਪਣੇ ਪ੍ਰਬੰਧਕ ਲਗਾ ਕੇ ਪਿੰਡਾਂ ਵਿਚ ਆਪਣੀ ਭੱਲ ਬਣਾਉਣ ਦੀ ਜੁਗਤ ਲੜਾ ਰਹੀ ਹੈ। ਉਧਰ, ਸਰਕਾਰ ਵੱਲੋਂ ਸਮੇਂ ਤੋਂ ਪਹਿਲਾਂ ਪੰਚਾਇਤੀ ਸੰਸਥਾਵਾਂ ਭੰਗ ਕਰਨ ਦੇ ਵਿਰੋਧ ਵਿਚ ਪੰਚਾਇਤ ਯੂਨੀਅਨ ਨੇ ਲਾਮਬੰਦੀ ਆਰੰਭ ਦਿੱਤੀ ਹੈ। ਸਰਪੰਚਾਂ ਨੇ ਇਸ ਮਾਮਲੇ 'ਤੇ ਲਾਮਬੰਦੀ ਕਰ ਕੇ ਅਦਾਲਤ ਦਾ ਰੁਖ ਕਰਨ ਦਾ ਫੈਸਲਾ ਕੀਤਾ ਹੈ। ਮੁਹਾਲੀ ਤੇ ਪਟਿਆਲਾ ਜ਼ਿਲ੍ਹਿਆਂ ਦੀਆਂ 150 ਤੋਂ ਵੱਧ ਪੰਚਾਇਤਾਂ ਨੇ ਸਰਕਾਰ ਦੇ ਫੈਸਲੇ ਵਿਰੁੱਧ ਮਤੇ ਪਾਏ ਹਨ। ਤਰਕ ਇਹ ਵੀ ਦਿੱਤਾ ਜਾ ਰਿਹਾ ਹੈ ਕਿ ਸਰਕਾਰੀ ਹਦਾਇਤਾਂ ਅਨੁਸਾਰ ਕਰੋਨਾ ਕਾਲ ਦੌਰਾਨ ਪੰਚਾਇਤੀ ਕੰਮ ਲਗਭਗ ਇਕ ਤੋਂ ਡੇਢ ਸਾਲ ਤੱਕ ਮੁਕੰਮਲ ਬੰਦ ਰਹੇ ਹਨ। ਕਰੋਨਾ ਸਮੇਂ ਬੰਦ ਹੋਏ ਕੰਮ ਲਈ ਪੰਚਾਇਤੀ ਸੰਸਥਾਵਾਂ ਨੂੰ ਦੋ ਸਾਲ ਦਾ ਵਾਧੂ ਅਰਸਾ ਪਿੰਡਾਂ ਦੇ ਵਿਕਾਸ ਲਈ ਮਿਲਣਾ ਚਾਹੀਦਾ ਸੀ ਪਰ ਸਰਕਾਰ ਨੇ ਪੰਜ ਮਹੀਨੇ ਪਹਿਲਾਂ ਹੀ ਪੰਚਾਇਤਾਂ ਤੋਂ ਸਾਰੇ ਅਧਿਕਾਰ ਖੋਹ ਲਏ।



### ਕਾਨੂੰਨੀ ਨੁਕਤੇ ਤੋਂ ਸਰਕਾਰ ਦਾ ਫੈਸਲਾ ਜਾਇਜ਼!

**ਚੰਡੀਗੜ੍ਹ:** ਪੰਚਾਇਤੀ ਰਾਜ ਐਕਟ-1994 ਦੀ ਧਾਰਾ 29-ਏ ਤਹਿਤ ਪੰਚਾਇਤਾਂ ਨੂੰ ਭੰਗ ਕੀਤਾ ਗਿਆ ਹੈ। ਇਸ ਐਕਟ ਵਿਚ ਮਿਆਦ ਪੂਰੀ ਹੋਣ ਤੋਂ ਛੇ ਮਹੀਨੇ ਪਹਿਲਾਂ ਪੰਚਾਇਤਾਂ ਨੂੰ ਭੰਗ ਕੀਤੇ ਜਾਣ ਦੀ ਵਿਵਸਥਾ ਹੈ। ਇਸ ਕਾਨੂੰਨੀ ਨੁਕਤੇ ਜ਼ਰੀਏ ਹੀ ਗਰਾਮ ਪੰਚਾਇਤਾਂ ਦੇ ਪ੍ਰਬੰਧਕ ਲਗਾਏ ਜਾ ਰਹੇ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜੂਨ 1998 ਵਿਚ ਪੰਚਾਇਤੀ ਰਾਜ ਯੂਨੀਅਨ ਦੀ ਪਟੀਸ਼ਨ 'ਤੇ ਫੈਸਲਾ ਸੁਣਾਉਂਦਿਆਂ ਮੋਹਰ ਲਗਾਈ ਸੀ ਕਿ ਮਿਆਦ ਖ਼ਤਮ ਹੋਣ ਤੋਂ ਛੇ ਮਹੀਨੇ ਪਹਿਲਾਂ ਪੰਚਾਇਤਾਂ ਨੂੰ ਭੰਗ ਕੀਤਾ ਜਾ ਸਕਦਾ ਹੈ ਪਰ ਇਹ ਫੈਸਲਾ ਲੋਕ ਹਿੱਤ ਨਜ਼ਰੀਏ ਤੋਂ ਹੀ ਕੀਤਾ ਜਾ ਸਕਦਾ ਹੈ।

ਪਿਛਲੀ ਵਾਰ ਪੰਚਾਇਤਾਂ ਦੀ ਚੋਣ 31 ਦਸੰਬਰ 2018 ਨੂੰ ਹੋਈ ਸੀ ਤੇ ਪੰਚਾਂ-ਸਰਪੰਚਾਂ ਨੂੰ ਅਹੁਦੇ ਦੀ ਸਹੁੰ 11 ਅਤੇ 12 ਜਨਵਰੀ 2019 ਨੂੰ ਚੁਕਾਈ ਗਈ ਸੀ। ਇਸ ਹਿਸਾਬ ਨਾਲ ਹਾਲੇ ਪੰਚਾਇਤਾਂ ਦੀ ਪੰਜ ਮਹੀਨੇ ਮਿਆਦ ਪਈ ਸੀ। ਸਰਪੰਚ ਹਾਲ ਦੁਹਾਈ ਪਾ ਰਹੇ ਹਨ ਕਿ ਸਰਕਾਰੀ ਫ਼ੈਸਲੇ ਨਾਲ ਪਿੰਡਾਂ ਵਿਚ ਚੱਲ ਰਹੇ ਵਿਕਾਸ ਕਾਰਜ ਰੁਕ ਗਏ ਹਨ ਤੇ ਦੇਣਦਾਰੀਆਂ 'ਤੇ ਰੋਕ ਲੱਗਣ ਕਾਰਨ ਲੱਖਾਂ ਰੁਪਏ ਸਰਪੰਚਾਂ ਦੇ ਜ਼ਿੰਮੇ ਪੈ ਗਏ ਹਨ।

ਪੰਚਾਇਤ ਵਿਭਾਗ ਨੇ ਸਮੂਹ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ ਕਿ ਅਗਲੇ ਹੁਕਮਾਂ ਤੱਕ ਪੰਚਾਇਤੀ ਸੰਸਥਾਵਾਂ ਵਿਚ ਸਾਰੇ ਵਿੱਤੀ ਲੈਣ-ਦੇਣ ਬੰਦ ਕਰ ਦਿੱਤੇ ਜਾਣ ਅਤੇ ਉਨ੍ਹਾਂ 'ਤੇ ਸਪੱਸ਼ਟ ਰੂਪ ਵਿਚ ਰੋਕ ਲਗਾ ਦਿੱਤੀ ਹੈ। ਗਰਾਮ ਪੰਚਾਇਤਾਂ ਕੋਲ ਵਿਕਾਸ ਕੰਮਾਂ ਲਈ ਆਈ ਗਰਾਂਟ ਹੁਣ ਵਰਤੀ ਨਹੀਂ ਜਾ ਸਕੇਗੀ। ਇਨ੍ਹਾਂ ਭੰਗ ਕੀਤੀਆਂ ਪੰਚਾਇਤਾਂ ਦੀ ਥਾਂ ਹੁਣ ਪ੍ਰਬੰਧਕ/ਪ੍ਰਸ਼ਾਸਕ ਲਗਾਏ ਗਏ ਹਨ। ਪੰਜਾਬ ਵਿਚ ਇਨ੍ਹਾਂ ਹੁਕਮਾਂ ਮਗਰੋਂ ਭਾਜੜ ਮੱਚ ਗਈ ਹੈ ਕਿਉਂਕਿ ਸਰਪੰਚਾਂ ਨੇ ਜਿਹੜੇ ਵਿਕਾਸ ਕੰਮ ਕਰਾਏ ਹਨ, ਉਨ੍ਹਾਂ ਦੀਆਂ ਅਦਾਇਗੀਆਂ ਫਰਮਾਂ ਨੂੰ ਕੀਤੀਆਂ ਜਾਣੀਆਂ ਹਨ।

ਪੰਜਾਬ ਸਰਕਾਰ ਦਾ ਤਰਕ ਹੈ ਕਿ ਪੰਚਾਇਤੀ ਚੋਣਾਂ ਦੀ ਤਿਆਰੀ ਲਈ ਪਹਿਲਾਂ ਵੋਟਰ ਸੂਚੀਆਂ ਦੀ ਸੁਧਾਈ, ਵਾਰਡਬੰਦੀ, ਜ਼ੋਨਾਂ ਦਾ ਗਠਨ ਅਤੇ ਰਾਖਵੇਂਕਰਨ ਵਰਗੀ ਪ੍ਰਕਿਰਿਆ ਮੁਕੰਮਲ ਕੀਤੀ ਜਾਣੀ ਹੈ ਜਿਸ 'ਤੇ ਲੰਮਾ ਸਮਾਂ ਲੱਗਣਾ ਹੈ। ਇਸ ਤਿਆਰੀ ਲਈ ਕੁਝ ਸਮੇਂ ਦੀ ਲੋੜ ਸੀ। ਦੂਸਰੀ ਧਿਰ ਦਾ ਕਹਿਣਾ ਹੈ ਕਿ ਜਦੋਂ ਨਗਰ ਕੌਂਸਲ ਚੋਣਾਂ ਦੀ ਤਿਆਰੀ ਪਹਿਲਾਂ ਹੀ ਕੀਤੀ ਜਾ ਰਹੀ ਹੈ ਅਤੇ ਰਾਖਵੇਂਕਰਨ ਦਾ ਕੰਮ ਮੁਕੰਮਲ ਕੀਤਾ ਜਾ ਰਿਹਾ ਹੈ ਤਾਂ ਪੰਚਾਇਤੀ ਚੋਣਾਂ ਦੀ ਤਿਆਰੀ ਪੰਚਾਇਤਾਂ ਭੰਗ ਕਰਨ ਤੋਂ ਪਹਿਲਾਂ ਕਿਉਂ ਨਹੀਂ ਹੋ ਸਕਦੀ ਹੈ।

ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਲਈ ਇਹ ਚੋਣਾਂ ਇਕ ਪ੍ਰੀਖਿਆ ਹਨ। 'ਆਪ' ਸਰਕਾਰ ਲਈ ਨਿਰੋਲ ਦਿਹਾਤੀ ਖੇਤਰ ਦੀਆਂ ਇਹ ਪਹਿਲੀਆਂ ਚੋਣਾਂ ਹਨ ਜਿਨ੍ਹਾਂ ਵਿਚ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਤੈਅ ਹੋਵੇਗੀ। ਭਾਜਪਾ ਲਈ ਇਹ ਚੋਣਾਂ ਨਵੇਂ ਪ੍ਰਧਾਨ ਸੁਨੀਲ ਜਾਖੜ ਦੀ ਕਾਰਗੁਜ਼ਾਰੀ ਦਾ ਵੀ ਪੈਮਾਨਾ

(ਬਾਕੀ ਸਫਾ 6 'ਤੇ)

# ਪੰਜਾਬ ਮੁੜ ਹੜ੍ਹਾਂ ਦੀ ਮਾਰ ਹੇਠ



**ਚੰਡੀਗੜ੍ਹ:** ਪੰਜਾਬ ਦੇ ਵੱਡੇ ਹਿੱਸੇ ਉਤੇ ਇਕ ਵਾਰ ਮੁੜ ਹੜ੍ਹਾਂ ਦਾ ਖਤਰਾ ਮੰਡਰਾਉਣ ਲੱਗਾ ਹੈ। ਹਿਮਾਚਲ ਪ੍ਰਦੇਸ਼ 'ਚ ਲਗਾਤਾਰ ਮੀਂਹ ਪੈਣ ਕਰ ਕੇ ਡੈਮਾਂ 'ਚ ਪਾਣੀ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਹੈ ਜਿਸ ਕਰ ਕੇ ਪੰਜਾਬ 'ਚ ਦਰਿਆਵਾਂ ਨੇੜਲੇ ਪਿੰਡਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ। ਖਤਰੇ ਨੂੰ ਘਟਾਉਣ ਵਾਸਤੇ ਪਾਕਿਸਤਾਨ ਵੱਲ ਪਾਣੀ ਛੱਡਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਹਰੀਕੇ ਹੈੱਡ ਵਰਕਸ ਦੇ ਗੇਟ ਖੋਲ੍ਹੇ ਜਾ ਰਹੇ ਹਨ।

ਪੌਂਗ ਡੈਮ ਵਿਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਉਪਰ ਚਲਾ ਗਿਆ ਹੈ ਜਦੋਂ ਕਿ ਭਾਖੜਾ ਡੈਮ ਵਿਚ ਪਾਣੀ ਖਤਰੇ ਦੇ ਨਿਸ਼ਾਨ ਦੇ ਨੇੜੇ ਪੁੱਜ ਗਿਆ ਹੈ। ਸਾਲ 1988 ਤੋਂ ਬਾਅਦ ਪਹਿਲੀ ਦਫ਼ਾ ਹੈ ਕਿ ਭਾਖੜਾ ਅਤੇ ਪੌਂਗ ਡੈਮ ਦੋਵਾਂ ਦੇ ਇਕੋ ਵੇਲੇ ਫਲੱਡ ਗੇਟ ਖੋਲ੍ਹਣੇ ਪਏ ਹਨ। ਪੰਜਾਬ ਪਹਿਲਾਂ ਹੀ ਆਏ ਹੜ੍ਹਾਂ ਦੀ ਮਾਰ 'ਚੋਂ ਹਾਲੇ ਬਾਹਰ ਨਹੀਂ ਨਿਕਲ ਸਕਿਆ ਹੈ।

ਮੁੱਖ ਸਕੱਤਰ ਅਨੁਰਾਗ ਵਰਮਾ ਨੇ ਡਿਪਟੀ

(ਬਾਕੀ ਸਫਾ 6 'ਤੇ)


# One stop shop for all your taxi needs

The Friendly Group Ltd.
Chelsea Taxi Brokers
Ph: 212-947-9833, 212-695-0601

40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

All types of insurance
* Medallion transfers
* Accident claims
* Taxi Stand Facility available




We are here at your service to sell and buy or insure medallions and we are in business to help our Punjabi Community since last 40 years.

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

*Ask us about Purchase or new buyer and financing.

# ਪੰਜਾਬੀ ਨਕਸ਼ ਅੰਤਰਰਾਸ਼ਟਰੀ ਡਿਜੀਟਲ ਮੈਗਜ਼ੀਨ ਦਾ ਯੁਵਾ ਸਾਹਿਤ ਵਿਸ਼ੇਸ਼ ਅੰਕ ਲੋਕ ਅਰਪਣ

**ਟੋਰਾਂਟੋ:** ਪੰਜਾਬੀ ਨਕਸ਼ ਅੰਤਰਰਾਸ਼ਟਰੀ ਡਿਜੀਟਲ ਮੈਗਜ਼ੀਨ, ਕੈਨੇਡਾ ਵੱਲੋਂ ਮੈਗਜ਼ੀਨ ਦੀ ਪਹਿਲੀ ਵਰ੍ਹੇਗੰਢ ਮੌਕੇ ਪੰਜਾਬੀ ਭਵਨ ਲੁਧਿਆਣਾ ਵਿਖੇ 'ਯੁਵਾ ਸਾਹਿਤ ਵਿਸ਼ੇਸ਼ ਅੰਕ ਦਾ ਲੋਕ ਅਰਪਣ ਅਤੇ ਯੁਵਾ ਸਾਹਿਤ ਪੁਰਸਕਾਰ' ਸਮਾਗਮ ਕੀਤਾ ਗਿਆ। ਉਸੇ ਦਿਨ ਮੈਗਜ਼ੀਨ ਦਾ 'ਯੁਵਾ ਸਾਹਿਤ ਵਿਸ਼ੇਸ਼ ਅੰਕ' ਵੁਲਵਰਹੈਪਟਨ (ਯੂ. ਕੇ.) ਅਤੇ ਟੋਰਾਂਟੋ (ਕੈਨੇਡਾ) ਵਿਚ ਵੀ ਰਿਲੀਜ਼ ਕੀਤਾ ਗਿਆ।

ਲੁਧਿਆਣਾ ਵਿਚ ਹੋਏ ਸਮਾਗਮ ਵਿਚ ਉਘੇ ਸ਼ਾਇਰ ਡਾ. ਸੁਰਜੀਤ ਪਾਤਰ ਅਤੇ ਡਾ. ਲਖਵਿੰਦਰ ਜੌਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ਼ਾਇਰ ਤ੍ਰੈਲੋਚਨ ਲੋਚੀ, ਸ਼ਾਇਰ ਜਸਵੰਤ ਜ਼ਫ਼ਰ, ਕੁਲਦੀਪ ਬੇਦੀ, ਡਾ. ਗੁਰਇਕਬਾਲ ਸਿੰਘ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।

ਸਮਾਗਮ ਦੀ ਸ਼ੁਰੂਆਤ 11:30 ਵਜੇ ਹੋਈ। ਸੰਪਾਦਕ ਸੋਨੀਆ ਮਨਜਿੰਦਰ (ਕੈਨੇਡਾ) ਦੇ ਸੁਆਗਤੀ ਨੋਟ ਨੂੰ ਸ਼ਾਇਰਾ ਰੂਹੀ ਸਿੰਘ ਨੇ ਪੜ੍ਹਿਆ ਜਿਸ ਵਿਚ ਉਨ੍ਹਾਂ ਸਭ ਲੇਖਕਾਂ ਅਤੇ ਸਰੋਤਿਆਂ ਦਾ ਸੁਆਗਤ ਕੀਤਾ। ਪੰਜਾਬੀ ਨਕਸ਼ ਵਿਚ ਛਪੇ ਲੇਖਕਾਂ ਦੀਆਂ ਰਚਨਾਵਾਂ ਸੰਬੰਧੀ ਡਾ. ਹਰਪ੍ਰੀਤ ਸਿੰਘ ਦੁਆਰਾ ਲਿਖਿਆ ਪਰਚਾ ਸ਼ਾਇਰ ਗੁਰਜੰਟ ਰਾਜੇਆਣਾ ਨੇ ਪੜ੍ਹਿਆ। ਇਸ ਉਪਰੰਤ ਪੰਜਾਬੀ ਨਕਸ਼ ਮੈਗਜ਼ੀਨ ਦੇ ਯੁਵਾ ਸਾਹਿਤ ਵਿਸ਼ੇਸ਼ ਅੰਕ ਦਾ ਲੋਕ ਅਰਪਣ ਕੀਤਾ ਗਿਆ।

ਇਸ ਦੇ ਨਾਲ ਹੀ ਪੰਜ ਸ਼ਾਇਰਾਂ ਅਨੀ ਕਾਠਗੜ੍ਹ, ਤਲਵਿੰਦਰ ਸ਼ੇਰਗਿੱਲ, ਰਣਧੀਰ, ਹਰਮਨ, ਮਨਦੀਪ ਲੁਧਿਆਣਾ ਨੇ ਆਪਣਾ ਕਲਾਮ ਪੜ੍ਹਿਆ। ਉਪਰੰਤ ਡਾ. ਸੁਰਜੀਤ ਪਾਤਰ ਨੇ ਸਮਕਾਲੀ ਪੰਜਾਬੀ ਨੌਜਵਾਨ ਸ਼ਾਇਰਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਪੰਜਾਬੀ ਕਵਿਤਾ ਨੂੰ ਕੋਈ ਖ਼ਤਰਾ ਨਹੀਂ। ਕਵੀਆਂ, ਲੇਖਕਾਂ ਦੇ ਬਿਲਕੁਲ ਨਵੇਂ ਪੂਰ ਤੋਂ ਉਨ੍ਹਾਂ ਬੇਹੱਦ ਤਸੱਲੀ ਪ੍ਰਗਟਾਈ। ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਮੌਜੂਦਾ ਸਮੇਂ ਨੌਜਵਾਨਾਂ ਨੂੰ ਜਿੰਨਾ ਸਨਮਾਨਿਆ ਜਾਵੇ, ਘੱਟ ਹੈ। ਇਸ ਸਮੇਂ ਨੌਜਵਾਨ ਸ਼ਾਇਰ ਰਾਜਬੀਰ ਮੱਤਾ ਨੂੰ ਉਨ੍ਹਾਂ ਦੀ ਕਾਵਿ ਪੁਸਤਕ 'ਅੱਖਰਾਂ ਦੀ ਡਾਰ' ਲਈ ਨਕਸ਼ ਯੁਵਾ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਪਰੰਤ ਮੈਨੇਜਿੰਗ ਐਡੀਟਰ ਮੇਜਰ ਨਾਗਰਾ ਦੇ ਸਤਿਕਾਰਯੋਗ ਮਾਤਾ ਜੀ ਸਰਦਾਰਨੀ ਸੁਰਜੀਤ ਕੌਰ ਅਤੇ ਜੀਜਾ ਸ. ਕੁਲਤਾਰ ਸਿੰਘ ਪਹਿਲਵਾਨ ਵਲੋਂ ਮੁੱਖ ਮਹਿਮਾਨਾਂ ਡਾ. ਸੁਰਜੀਤ ਪਾਤਰ ਅਤੇ ਡਾ. ਲਖਵਿੰਦਰ ਜੌਹਲ ਦਾ ਸਨਮਾਨ ਕੀਤਾ ਗਿਆ।



ਕਵੀ ਦਰਬਾਰ ਦਾ ਸਿਲਸਿਲਾ ਜਾਰੀ ਰਿਹਾ ਅਤੇ ਪ੍ਰਧਾਨਗੀ ਮੰਡਲ ਨੇ ਨੌਜਵਾਨ ਸ਼ਾਇਰਾਂ ਦੀ ਸ਼ਾਇਰੀ ਨੂੰ ਸਰੋਤਿਆਂ ਵਿਚ ਬੈਠ ਕੇ ਮਾਣਿਆ। ਇਸ ਸਮੇਂ ਇਸ ਅੰਕ ਦੇ ਸ਼ਾਇਰਾਂ ਸਤਨਾਮ ਸਾਦਿਕ, ਅਸ਼ੋਕ ਦਬੜੀਖ਼ਾਨਾ, ਸ਼ਿਰਾਜ਼ੀ, ਲਵਪ੍ਰੀਤ ਸਿੰਘ, ਗੁਰਪਾਲ ਬਿਲਾਵਾਲ, ਰਾਣੀ ਸ਼ਰਮਾ, ਗੁਰਵਿੰਦਰ ਨੇ ਆਪਣੀਆਂ ਕਵਿਤਾਵਾਂ/ਗ਼ਜ਼ਲਾਂ ਪੇਸ਼ ਕੀਤੀਆਂ।

ਇਸ ਸਮਾਗਮ ਦੀ ਵਿਲੱਖਣਤਾ ਇਹ ਵੀ ਰਹੀ ਕਿ ਸਾਰਾ ਪ੍ਰੋਗਰਾਮ ਯੁਵਕ ਸ਼ਾਇਰਾਂ ਨੇ ਹੀ ਸੰਭਾਲਿਆ। ਸਟੇਜ ਸੰਚਾਲਨ ਸ਼ਾਇਰ ਗੁਰਜੰਟ ਰਾਜੇਆਣਾ ਅਤੇ ਸ਼ਾਇਰਾ ਰੂਹੀ ਸਿੰਘ ਨੇ ਕੀਤਾ। ਸਮਾਗਮ ਦੇ ਅੰਤ 'ਚ ਇਸ ਅੰਕ ਦੇ ਲੇਖਕਾਂ ਨੂੰ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਦੇ ਅੰਤ ਵਿਚ ਡਾ. ਕੁਲਜੀਤ ਸਿੰਘ ਜੰਜੂਆ ਕੈਨੇਡਾ (ਸਰਪ੍ਰਸਤ, ਪੰਜਾਬੀ ਨਕਸ਼ ਅੰਤਰਰਾਸ਼ਟਰੀ ਡਿਜੀਟਲ ਮੈਗਜ਼ੀਨ) ਵਲੋਂ ਹਾਜ਼ਰ ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦੀ ਨੋਟ ਸ਼ਾਇਰ ਗੁਰਜੰਟ ਰਾਜੇਆਣਾ ਨੇ ਪੜ੍ਹਿਆ। ਇਸ ਸਮੇਂ ਜਸਵੰਤ ਜ਼ਫ਼ਰ, ਤ੍ਰੈਲੋਚਨ ਲੋਚੀ ਹੋਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਲੇਖਕ ਡਾ. ਨਿਰਮਲ ਜੌੜਾ, ਨੱਕਾਸ਼ ਚਿੱਤੇਵਾਣੀ, ਹਰਸਿਮਰਤ ਕੌਰ, ਸ਼ਾਇਰ ਬਲਵਿੰਦਰ ਮੋਹੀ, ਜਸਪ੍ਰੀਤ ਕੌਰ, ਸ਼ਾਇਰ ਪਰਮ ਪਰਵਿੰਦਰ, ਮਹਿੰਦਰ ਕੌਰ ਆਦਿ ਨੇ ਸ਼ਿਰਕਤ ਕੀਤੀ।

ਵੁਲਵਰਹੈਂਪਟਨ (ਯੂ. ਕੇ.) 'ਚ ਇਸ ਮੈਗਜ਼ੀਨ ਦਾ 'ਯੁਵਾ ਸਾਹਿਤ ਵਿਸ਼ੇਸ਼ ਅੰਕ' ਯੂ.ਕੇ. ਦੀ ਸਭ ਤੋਂ ਪੁਰਾਣੀ ਸਾਹਿਤ ਸਭਾ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ, ਵੁਲਵਰਹੈਂਪਟਨ (ਯੂ.ਕੇ.) ਵੱਲੋਂ ਲੋਕ ਅਰਪਣ ਕੀਤਾ ਗਿਆ। ਪ੍ਰੋਗਰਾਮ ਵਿਚ ਸ੍ਰੀ ਸੁੱਖੀ ਬਾਠ (ਸੰਸਥਾਪਕ, ਪੰਜਾਬ ਭਵਨ, ਸਰੀ, ਕੈਨੇਡਾ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨਕਸ਼ ਬਾਰੇ ਕਿਹਾ ਕਿ ਪੰਜਾਬੀ ਨਕਸ਼ ਮੈਗਜ਼ੀਨ ਨੇ ਬਹੁਤ ਹੀ ਥੋੜੇ ਸਮੇਂ 'ਚ ਆਪਣੀ ਨਿਵੇਕਲੀ ਪਹਿਚਾਣ ਬਣਾ ਲਈ ਹੈ ਅਤੇ ਇਸ ਸ਼ਾਨਦਾਰ ਪ੍ਰਾਪਤੀ ਲਈ ਪੰਜਾਬੀ ਨਕਸ਼ ਦੀ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ। ਪ੍ਰੋਗਰਾਮ 'ਚ ਸਭਾ ਦੇ ਪ੍ਰਧਾਨ ਡਾਕਟਰ ਦਵਿੰਦਰ ਕੌਰ ਸਿਹਤ ਠੀਕ ਨਾ ਹੋਣ ਕਾਰਨ ਸ਼ਾਮਿਲ ਨਹੀਂ ਹੋ ਸਕੇ ਪਰ ਸਭਾ ਦੇ ਸਮੂਹ ਐਗਜ਼ੈਕਟਿਵ ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ। ਪੰਜਾਬੀ ਨਕਸ਼ ਮੈਗਜ਼ੀਨ ਦੀ ਯੂ. ਕੇ. ਤੋਂ ਸਲਾਹਕਾਰ ਸ਼ਾਇਰਾ ਦਲਵੀਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਭਵਿੱਖ ਵਿਚ ਵੀ ਸਹਿਯੋਗ ਮੰਗਿਆ।

ਟੋਰੋਂਟੋ (ਕੈਨੇਡਾ) 'ਚ ਇਹ ਮੈਗਜ਼ੀਨ 8ਵੀਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਪਹਿਲੇ ਦਿਨ ਦੇਸ਼ ਵਿਦੇਸ਼ ਤੋਂ ਪਹੁੰਚੇ ਨਾਮਵਰ ਸਾਹਿਤਕਾਰਾਂ ਦੀ ਹਾਜ਼ਰੀ 'ਚ ਰਿਲੀਜ਼ ਕੀਤਾ ਗਿਆ। ਵਿਸ਼ਵ ਪੰਜਾਬੀ ਕਾਨਫਰੰਸ ਦੇ ਜਨਰਲ ਸਕੱਤਰ ਜਗੀਰ ਸਿੰਘ ਕਾਹਲੋਂ ਨੇ ਪੰਜਾਬੀ ਨਕਸ਼ ਅੰਤਰਰਾਸ਼ਟਰੀ ਡਿਜੀਟਲ ਮੈਗਜ਼ੀਨ ਦੇ ਸਮੂਹ ਪ੍ਰਬੰਧਕੀ ਅਤੇ ਸੰਪਾਦਕੀ ਮੰਡਲ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਮੈਗਜ਼ੀਨ ਜਿੱਥੇ ਸਥਾਪਿਤ ਸਾਹਿਤਕਾਰਾਂ ਦੀਆਂ ਲਿਖਤਾਂ ਨੂੰ ਛਾਪਦਾ ਹੈ ਉੱਥੇ ਨਵੇਂ ਕਲਮਕਾਰਾਂ ਨੂੰ ਵੀ ਬਣਦਾ ਮਾਣ ਸਤਿਕਾਰ ਦਿੰਦਾ ਹੈ। ਮੈਗਜ਼ੀਨ ਵੱਲੋਂ ਸ਼ੁਰੂ ਕੀਤੇ ਗਏ 'ਯੁਵਾ ਸਾਹਿਤ ਪੁਰਸਕਾਰ' ਬਾਰੇ ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਅਤੇ ਨਕਸ਼ ਦੇ ਇਸ ਉੱਦਮ ਨਾਲ ਉੱਭਰਦੇ ਸਾਹਿਤਕਾਰਾਂ 'ਚ ਮਾਂ ਬੋਲੀ ਪੰਜਾਬੀ 'ਚ ਲਿਖਣ ਦਾ ਰੁਝਾਨ ਵਧੇਗਾ। ਮੈਗਜ਼ੀਨ ਦੇ ਮੈਨੇਜਿੰਗ ਐਡੀਟਰ ਮੇਜਰ ਨਾਗਰਾ ਨੇ ਮੈਗਜ਼ੀਨ ਦੀਆਂ ਇੱਕ ਸਾਲ ਦੀਆਂ ਪ੍ਰਾਪਤੀਆਂ ਅਤੇ ਦੇਸ਼-ਵਿਦੇਸ਼ 'ਚ ਹੋਏ ਯਾਦਗਾਰੀ ਲੋਕ ਅਰਪਣ ਸਮਾਗਮਾਂ ਦੀ ਜਾਣਕਾਰੀ ਦਿੰਦਿਆਂ ਮੈਗਜ਼ੀਨ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਇਸ ਰਿਲੀਜ਼ ਸਮਾਗਮ ਵਿਚ ਮੈਗਜ਼ੀਨ ਦੇ ਸ੍ਰਪਰਸਤ ਡਾ. ਕੁਲਜੀਤ ਸਿੰਘ ਜੰਜੂਆ, ਐਡੀਟਰ ਸੋਨੀਆ ਮਨਜਿੰਦਰ, ਮੈਨੇਜਿੰਗ ਐਡੀਟਰ ਮੇਜਰ ਨਾਗਰਾ ਅਤੇ ਸੰਪਾਦਕੀ ਮੰਡਲ 'ਚੋਂ ਡਾ. ਅਰਵਿੰਦਰ ਕੌਰ ਅਤੇ ਹਰਜੀਤ ਬਾਜਵਾ ਹਾਜ਼ਰ ਸਨ।

## ਡੇਅਟਨ 'ਚ ਅਮਰੀਕ ਸਿੰਘ ਤਲਵੰਡੀ ਅਤੇ ਐੱਸ. ਅਸ਼ੋਕ ਭੌਰਾ ਦਾ ਨਿੱਘਾ ਸਵਾਗਤ

**ਡੇਅਟਨ (ਬਿਊਰੋ):** ਇੱਥੋਂ ਦੇ ਉੱਘੇ ਕਾਰੋਬਾਰੀ ਸ. ਬਲਜੀਤ ਸਿੰਘ ਢੀਂਡਸਾ ਅਤੇ ਪੰਜਾਬੀ ਭਾਈਚਾਰੇ ਦੀਆਂ ਨਾਮੀ ਸ਼ਖ਼ਸੀਅਤਾਂ ਵਲੋਂ ਸ਼੍ਰੋਮਣੀ ਬਾਲ ਸਾਹਿਤ ਲੇਖਕ, ਗੀਤਕਾਰ ਅਮਰੀਕ ਸਿੰਘ ਤਲਵੰਡੀ ਅਤੇ ਉੱਘੇ ਪੱਤਰਕਾਰ ਤੇ ਲੇਖਕ ਐੱਸ. ਅਸ਼ੋਕ ਭੌਰਾ ਦੇ ਸਨਮਾਨ ਹਿਤ ਵਿਸ਼ੇਸ਼ ਸਮਾਗਮ ਇੱਥੇ ਅਮਰ ਇੰਡੀਆ ਰੈਸਟੋਰੈਂਟ ਵਿਖੇ ਕੀਤਾ ਗਿਆ।



ਡੇਅਟਨ ਦੇ ਉੱਘੇ ਕਾਰੋਬਾਰੀ ਤੇ ਸਾਹਿਤ ਪ੍ਰੇਮੀ, ਅਮਰੀਕ ਸਿੰਘ ਤਲਵੰਡੀ ਅਤੇ ਐੱਸ.ਅਸ਼ੋਕ ਭੌਰਾ ਦਾ ਸਵਾਗਤ ਕਰਦੇ ਹੋਏ।

ਲਖਵਿੰਦਰ ਸਿੰਘ ਬੱਗਾ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਇਨ੍ਹਾਂ ਦੋਵਾਂ ਸ਼ਖ਼ਸੀਅਤਾਂ ਵਲੋਂ ਪੰਜਾਬੀ ਸਾਹਿਤ, ਮਾਂ ਬੋਲੀ, ਸੰਗੀਤ ਤੇ ਸੱਭਿਆਚਾਰ ਖੇਤਰ 'ਚ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

ਅਮਰੀਕ ਸਿੰਘ ਤਲਵੰਡੀ ਤੇ ਐੱਸ.ਅਸ਼ੋਕ ਭੌਰਾ ਨੇ ਆਪਣੀਆਂ ਚੋਣਵੀਆਂ ਰਚਨਾਵਾਂ ਅਤੇ ਇਸ ਖੇਤਰ ਦੀਆਂ ਆਪਣੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸ. ਅਵਤਾਰ ਸਿੰਘ ਸਪਰਿੰਗਫੀਲਡ ਨੇ ਕਵਿਤਾ ਪਾਠ ਤਰੰਨਮ 'ਚ ਪੇਸ਼ ਕਰ ਕੇ ਸਾਰਿਆਂ ਦਾ ਧੰਨਵਾਦ ਕੀਤਾ। ਰੈਸਟੋਰੈਂਟ ਦੇ ਮਾਲਕ ਸ. ਸੁਰਜੀਤ ਸਿੰਘ ਅਮਰ ਇੰਡੀਆ, ਲਖਵਿੰਦਰ ਸਿੰਘ ਬੱਗਾ ਤੇ ਹੋਰ ਹਾਜ਼ਰ ਹਸਤੀਆਂ ਨੇ ਸਨਮਾਨ ਚਿੰਨ੍ਹ ਦੇ ਕੇ ਸ੍ਰੀ ਤਲਵੰਡੀ ਤੇ ਭੌਰਾ ਲਈ ਸਮਾਂ ਯਾਦਗਾਰੀ ਬਣਾ ਦਿੱਤਾ। ਇਸ ਮੌਕੇ ਕਮਲਜੀਤ ਸਿੰਘ, ਬਾਦਲ ਸਿੰਘ, ਗੁਰਦੀਪ ਸਿੰਘ ਬੋਪਾਰਾਏ, ਵਿੱਕੀ ਸਿੰਘ, ਜਗਤਾਰ ਸਿੰਘ, ਬਲਜੀਤ ਸਿੰਘ ਢੀਂਡਸਾ, ਗੁਰਮੀਤ ਸਿੰਘ ਭੱਟੀ, ਚਰਨਜੀਤ ਸਿੰਘ ਗੁਮਟਾਲਾ, ਸੰਦੀਪ ਸਿੰਘ ਧਾਲੀਵਾਲ, ਨਵਗੀਤ ਸਿੰਘ ਧਨੋਆ, ਗੁਣਤਾਸ ਸਿੰਘ ਅਤੇ ਗਗਨਦੀਪ ਸਿੰਘ ਹਾਜ਼ਰ ਸਨ।

## ਵਰਲਡ ਕਬੱਡੀ ਕੱਪ 'ਚ ਸਾਰੀਆਂ ਟੀਮਾਂ ਵਲੋਂ ਸੁਪਰ ਸਟਾਰ ਖਿਡਾਰੀ ਖਿਡਾਉਣ ਦਾ ਐਲਾਨ

### ਤਿਆਰੀਆਂ ਜ਼ੋਰਾਂ 'ਤੇ: ਬੈਂਸ, ਗਾਖਲ, ਸਹੋਤਾ

**ਕੈਲੀਫੋਰਨੀਆ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ ਯੂ.ਐੱਸ.ਏ. ਅਤੇ ਗਾਖਲ ਗਰੁੱਪ ਵਲੋਂ 17 ਸਤੰਬਰ 2023 (ਐਤਵਾਰ) ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਕਰਵਾਏ ਜਾਣ ਵਾਲੇ ਵਰਲਡ ਕਬੱਡੀ ਕੱਪ ਸਬੰਧੀ ਚਾਰ ਕਬੱਡੀ ਕਲੱਬਾਂ ਵਲੋਂ ਸੁਪਰ ਸਟਾਰ ਖਿਡਾਰੀ ਖਿਡਾਉਣ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਵਿਚ ਸੰਦੀਪ ਨੰਗਲ ਅੰਬੀਆਂ ਬੇ ਏਰੀਆ ਕਬੱਡੀ ਕਲੱਬ, ਨੌਰਥ ਅਮਰੀਕਾ/ਚੜ੍ਹਦਾ ਪੰਜਾਬ ਸਪੋਰਟਸ ਕਲੱਬ, ਬਾਬਾ ਸੰਗ ਜੀ ਕਬੱਡੀ ਕਲੱਬ ਅਤੇ ਫਤਹਿ ਸਪੋਰਟਸ ਕਲੱਬ/ਸ਼ਹੀਦ ਬਾਬਾ ਦੀਪ ਸਿੰਘ ਕਲੱਬ ਦੇ ਨਾਮ ਵਿਸ਼ੇਸ਼ ਹਨ।

ਕਲੱਬਾਂ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਉਨ੍ਹਾਂ ਦੇ ਸੁਪਰ ਸਟਾਰ ਖਿਡਾਰੀ ਇਸ ਖੇਡ ਮੇਲੇ ਵਿਚ ਖੇਡਣ ਲਈ ਤਿਆਰ ਹਨ ਅਤੇ ਉਨ੍ਹਾਂ ਦੇ ਨਾਮ ਖੇਡ ਮੇਲੇ ਤੋਂ ਇਕ ਹਫ਼ਤਾ ਪਹਿਲਾਂ ਇਕੱਲੀ ਇਕੱਲੀ ਕਲੱਬ ਵਲੋਂ ਜਾਰੀ ਕਰ ਦਿੱਤੇ ਜਾਣਗੇ।







ਮੱਖਣ ਸਿੰਘ ਬੈਂਸ | ਇਕਬਾਲ ਸਿੰਘ ਗਾਖਲ | ਜੁਗਰਾਜ ਸਿੰਘ ਸਹੋਤਾ





ਤੀਰਥ ਸਿੰਘ ਗਾਖਲ | ਮੱਖਣ ਸਿੰਘ ਧਾਲੀਵਾਲ

ਮੱਖਣ ਸਿੰਘ ਬੈਂਸ ਚੇਅਰਮੈਨ, ਇਕਬਾਲ ਸਿੰਘ ਗਾਖਲ ਵਾਈਸ ਚੇਅਰਮੈਨ, ਜੁਗਰਾਜ ਸਿੰਘ ਸਹੋਤਾ ਪ੍ਰਧਾਨ, ਤੀਰਥ ਗਾਖਲ ਤੇ ਮੱਖਣ ਸਿੰਘ ਧਾਲੀਵਾਲ ਟੈਕਨੀਕਲ ਹੈੱਡ ਨੇ ਦੱਸਿਆ ਕਿ ਟੂਰਨਾਮੈਂਟ ਦੀਆਂ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ। ਉਨ੍ਹਾਂ ਨੇ ਦਰਸ਼ਕਾਂ ਨੂੰ ਬੇਨਤੀ ਕੀਤੀ ਕਿ ਇਹ ਦਿਨ ਖੇਡ ਮੇਲੇ ਲਈ ਜ਼ਰੂਰ ਖਾਲੀ ਰੱਖਿਆ ਜਾਵੇ। ਖੇਡ ਮੁਕਾਬਲੇ ਸਵੇਰੇ 11 ਵਜੇ ਸ਼ੁਰੂ ਕਰ ਦਿੱਤੇ ਜਾਣਗੇ ਤੇ ਉਸ ਤੋਂ ਪਹਿਲਾਂ ਸਰਬੱਤ ਦੇ ਭਲੇ ਦੀ ਅਰਦਾਸ ਹੋਵੇਗੀ। ਰਾਜਾ ਸਵੀਟਸ, ਗੁਰਦੁਆਰਾ ਸੈਨ ਹੋਜ਼ੇ, ਫਰੀਮਾਂਟ ਅਤੇ ਸਟਾਕਟਨ ਵਲੋਂ ਪੂਰਾ ਦਿਨ ਸੰਗਤਾਂ ਲਈ ਗੁਰੂ ਕਾ ਲੰਗਰ ਲਗਾਇਆ ਜਾਵੇਗਾ।

## ਕਾਰਨੀ ਪਾਰਕ 'ਚ ਲੱਗੀਆਂ 'ਤੀਆਂ ਫਰਿਜ਼ਨੋ ਦੀਆਂ'

**ਫਰਿਜ਼ਨੋ:** ਇੱਥੇ 27 ਸਾਲ ਪਹਿਲਾਂ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ ਸਹੇਲੀਆਂ ਵਲੋਂ ਸਮੂਹ ਪੰਜਾਬੀ ਔਰਤਾਂ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ 'ਕਾਰਨੀ ਪਾਰਕ' ਵਿਚ ਤੀਆਂ ਮਨਾਉਣ ਦੀ ਜੋ ਸੁਰੂਆਤ ਕੀਤੀ ਗਈ ਸੀ, ਉਹ ਅੱਜ ਵੀ ਬਰਕਰਾਰ ਹੈ।

ਇਨ੍ਹਾਂ ਤੀਆਂ ਵਿਚ ਵੱਖ-ਵੱਖ ਸ਼ਹਿਰਾਂ ਤੋਂ ਬੀਬੀਆਂ ਪੁੱਜਦੀਆਂ ਹਨ ਅਤੇ ਆਪਣੇ ਵੱਖ-ਵੱਖ ਗਰੁੱਪਾਂ ਵਿਚ ਗੀਤ ਗਾਉਂਦੀਆਂ, ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜਨ ਕਰਦੀਆਂ ਆਪਣੀਆਂ ਸਹੇਲੀਆਂ ਨੂੰ ਵੀ ਮਿਲਦੀਆਂ ਹਨ। ਤੀਆਂ ਦੌਰਾਨ ਪ੍ਰਬੰਧਕਾ ਵੱਲੋਂ ਸਮਾਪਤੀ 'ਤੇ ਖੁੱਲ੍ਹੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਅਜੋਕੇ ਸਮੇਂ ਲੋੜ ਹੈ ਅਜਿਹੇ ਤਿਉਹਾਰਾਂ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ, ਜਿਸ ਨਾਲ ਨਵੀਂ ਪੀੜ੍ਹੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਂਦੇ ਹੋਏ ਜੀਵਿਤ ਰੱਖਿਆ ਜਾ ਸਕੇ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਾਜਿੰਦਰ ਕੌਰ ਢਿੱਲੋਂ, ਪਰਮਜੀਤ ਕੌਰ ਅਤੇ ਸਮੂਹ ਸਹਿਯੋਗੀਆਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀ ਰਵਾਇਤ ਨੂੰ ਕਾਇਮ ਰੱਖਦੇ ਹੋਏ ਸਮੂਹ ਔਰਤਾਂ ਦੇ ਸਹਿਯੋਗ ਨਾਲ ਤੀਆਂ ਨੂੰ ਯਾਦਗਾਰੀ ਬਣਾਇਆ। **-ਰਿਪੋਰਟ: (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)**

# ਸ. ਦਰਸ਼ਨ ਸਿੰਘ ਦਰੜ ਤੇ ਪਰਿਵਾਰ ਨੂੰ ਸਦਮਾ; ਮਾਤਾ ਜੋਗਿੰਦਰ ਕੌਰ ਦਾ ਦੇਹਾਂਤ

**ਇੰਡੀਅਨਐਪੋਲਿਸ:** ਪੰਜਾਬ ਟਾਈਮਜ਼ ਦੇ ਸਲਾਹਕਾਰ ਕਮੇਟੀ ਦੇ ਮੈਂਬਰ ਸ. ਦਰਸ਼ਨ ਸਿੰਘ ਦਰੜ ਤੇ ਉਨ੍ਹਾਂ ਦੇ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਮਾਤਾ ਜੋਗਿੰਦਰ ਕੌਰ (83) ਗੁਰੂ ਵਲੋਂ ਬਖਸ਼ੀ ਆਰਜਾ ਪੂਰੀ ਕਰ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ।



ਮਾਤਾ ਜੋਗਿੰਦਰ ਕੌਰ ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਨੇੜਲੇ ਪਿੰਡ ਰਾਪੜਾ ਤੋਂ ਸਨ। 1959 ਵਿਚ ਉਨ੍ਹਾਂ ਦਾ ਵਿਆਹ ਸ. ਗੁਰਮੇਲ ਸਿੰਘ ਨਾਲ ਹੋਇਆ ਸੀ, ਜੋ 2012 ਵਿਚ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਤਿੰਨ ਪੁੱਤਰ ਹਰਭਜਨ ਸਿੰਘ (ਜੋ 1999 ਵਿਚ ਭਾਰਤ ਵਿਚ ਅਕਾਲ ਚਲਾਣਾ ਕਰ ਗਏ ਸਨ), ਦਰਸ਼ਨ ਸਿੰਘ ਤੇ ਰੇਸ਼ਮ ਸਿੰਘ ਅਤੇ ਇਕ ਧੀ ਮਨਜਿੰਦਰ ਕੌਰ ਹੈ, ਜੋ ਅਮਰੀਕਾ ਦੀ ਸਟੇਟ ਇੰਡੀਆਨਾ ਵਿਚ ਰਹਿੰਦੇ ਹਨ। ਮਾਤਾ ਜੋਗਿੰਦਰ ਕੌਰ 1994 ਵਿਚ ਅਮਰੀਕਾ ਆ ਗਏ ਸਨ। ਲੰਘੀ 11 ਅਗਸਤ ਨੂੰ ਦਿਲ ਦੀ ਬਿਮਾਰੀ ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਪੋਤੇ-ਪੋਤੀਆਂ, ਦੋਹਤੇ ਦੋਹਤੀਆਂ ਦਾ ਭਰਵਾਂ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਲੰਘੇ ਮੰਗਲਵਾਰ ਨੂੰ ਕਰ ਦਿੱਤਾ ਗਿਆ ਹੈ। ਉਨ੍ਹਾਂ ਨਮਿਤ ਅੰਤਿਮ ਅਰਦਾਸ ਗੁਰੂ ਗ੍ਰੰਥ ਸਾਹਿਬ ਸਿੱਖ ਸੁਸਾਇਟੀ ਮੈਕੋਰਡਸਵਿਲ ਵਿਖੇ ਹੋਈ, ਜਿਸ ਵਿਚ ਦੂਰ-ਨੇੜੇ ਦੀਆਂ ਸਟੇਟਾਂ ਅਤੇ ਕੈਨੇਡਾ ਤੋਂ ਮੁਅੱਜਜ ਸ਼ਖਸੀਅਤਾਂ - ਫਲੋਰਿਡਾ ਤੋਂ ਕਾਮਰੇਡ ਪ੍ਰੀਤਮ ਸਿੰਘ, ਮਿਲਵਾਕੀ ਤੋਂ ਦਰਸ਼ਨ ਸਿੰਘ ਧਾਲੀਵਾਲ, ਸ਼ਿਕਾਗੋ ਤੋਂ ਪੰਜਾਬ ਸਪੋਰਟਸ ਕਲੱਬ ਦੇ ਮੈਂਬਰ ਹੈਪੀ ਹੀਰ, ਡਾ. ਹਰਜਿੰਦਰ ਸਿੰਘ ਖਹਿਰਾ, ਲੱਕੀ ਸਹੋਤਾ, ਅਜੈਬ ਸਿੰਘ ਲੱਖਣ, ਇੰਡੀਅਨਐਪੋਲਿਸ ਤੋਂ ਗੁਰਬਖਸ਼ ਸਿੰਘ ਰੰਧਾਵਾ ਅਤੇ ਸਥਾਨਕ ਭਾਈਚਾਰੇ ਦੇ ਲੋਕ ਸ਼ਾਮਲ ਹੋਏ ਅਤੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ। ਸ. ਦਰਸ਼ਨ ਸਿੰਘ ਦਰੜ ਨਾਲ 317-557-4278 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਨੇਪਾਲ ਨੇ ਭਾਰਤ ਨੂੰ ਟਮਾਟਰ ਸਪਲਾਈ ਕਰਨ ਬਾਰੇ ਹਾਮੀ ਭਰੀ

**ਕਾਠਮੰਡੂ:** ਨੇਪਾਲ ਨੇ ਕਿਹਾ ਹੈ ਕਿ ਉਹ ਭਾਰਤ ਨੂੰ ਵੱਡੇ ਪੱਧਰ ਉਤੇ ਲੰਮੇ ਸਮੇਂ ਲਈ ਟਮਾਟਰ ਸਪਲਾਈ ਕਰਨ ਲਈ ਤਿਆਰ ਹੈ। ਜ਼ਿਕਰਯੋਗ ਹੈ ਕਿ ਭਾਰਤ ਵਿਚ ਟਮਾਟਰ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ। ਗੁਆਂਢੀ ਮੁਲਕ ਨੇ ਬਾਜ਼ਾਰ ਤੱਕ ਸੌਖੀ ਪਹੁੰਚ ਤੇ ਹੋਰ ਲੋੜੀਂਦੀਆਂ ਸਹੂਲਤਾਂ ਮੰਗੀਆਂ ਹਨ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਸੰਸਦ ਨੂੰ ਦੱਸਿਆ ਸੀ ਕਿ ਭਾਰਤ ਨੇ ਨੇਪਾਲ ਤੋਂ ਟਮਾਟਰ ਮੰਗਵਾਉਣੇ ਸ਼ੁਰੂ ਕਰ ਦਿੱਤੇ ਹਨ। ਭਾਰਤ ਪਹਿਲੀ ਵਾਰ ਬਾਹਰੋਂ ਟਮਾਟਰ ਮੰਗਵਾ ਰਿਹਾ ਹੈ ਕਿਉਂਕਿ ਘਰੇਲੂ ਪੱਧਰ 'ਤੇ ਇਸ ਦੀ ਕੀਮਤ 242 ਰੁਪਏ ਪ੍ਰਤੀ ਕਿਲੋ ਨੂੰ ਛੂਹ ਗਈ ਸੀ। ਦੇਸ਼ ਵਿਚ ਪਏ ਜ਼ਿਆਦਾ ਮੀਂਹ ਕਾਰਨ ਸਪਲਾਈ ਵਿਚ ਅੜਿੱਕਾ ਪਿਆ ਹੈ। ਨੇਪਾਲ ਦੇ ਖੇਤੀਬਾੜੀ ਮੰਤਰਾਲੇ ਦੇ ਬੁਲਾਰੇ ਸ਼ਬਨਮ ਸ਼ਿਵਕੋਟੀ ਨੇ ਦੱਸਿਆ ਕਿ ਉਹ ਟਮਾਟਰਾਂ ਸਣੇ ਹੋਰ ਸਬਜ਼ੀਆਂ ਬਰਾਮਦ ਕਰਨ ਦੇ ਚਾਹਵਾਨ ਹਨ। ਨੇਪਾਲ ਨੇ ਹਾਲਾਂਕਿ ਪਹਿਲਾਂ ਹੀ ਬਰਾਮਦ ਸ਼ੁਰੂ ਕਰ ਦਿੱਤੀ ਹੈ ਪਰ ਇਹ ਵੱਡੀ ਮਿਕਦਾਰ ਵਿਚ ਨਹੀਂ ਹੈ। ਵੱਡੇ ਪੱਧਰ 'ਤੇ ਬਰਾਮਦ ਲਈ ਇੰਤਜਾਮ ਕਰਨੇ ਬਾਕੀ ਹਨ। ਦੱਸਣਯੋਗ ਹੈ ਕਿ ਕਾਠਮੰਡੂ, ਲਲਿਤਪੁਰ ਤੇ ਭਕਤਾਪੁਰ ਵਿਚ ਵੱਡੇ ਪੱਧਰ 'ਤੇ ਟਮਾਟਰ ਉਗਾਏ ਜਾਂਦੇ ਹਨ।

ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ
ਚਾਹਵਾਨ ਸੰਪਰਕ ਕਰਨ: 469-353-9516

Truck Shop For Lease

Truck Shop Truck Wash Restaurant with 2 Pump huge building is available for lease on Highway 10 Texas

Contact: 469-353-9516

ਕੁੱਕ ਅਤੇ ਵੇਟਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ
ਕੁੱਕ ਅਤੇ ਵੇਟਰ ਦੀ ਫੌਰੀ ਲੋੜ ਹੈ
ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

Restaurant Help

Immediately hiring Cook & Waiter for Indian restaurant in Indiana.
*Good Salary and free accommodation.*

ਸੰਪਰਕ ਕਰੋ; ਟੋਨੀ: 317-340-1470

# Matrimonials

## ਲੜਕੀ ਦੀ ਲੋੜ ਹੈ

USA based Sharma family looking for a suitable match for their son, age 31, 5'9", currently based in Punjab, India. He has done C.Ped and D.Ped from Punjab university. Pure vegetarian, does not smoke, nor drink. He is very loyal and a loving person and looking forward for someone with similar interest. Girl should be from USA or Canada. Contact us at 248-579-3135 or e-mail: Sharmaabpreet@gmail.com

30-33

Wanted suitable match for Ivy League MBA Jatt Sikh divorced man, age 40, height 5'10" settled in the Bay Area (California). Homeowner and working as a Senior Product Manager in big tech. Moved from Chandigarh (India) to the US 12 years ago. Looking in the US only. Caste no bar. Please contact us @ dhillonravi1983@gmail.com or 408-859-5613.

30-33

Ramgarhia Sikh Family looking for a suitable match for their 29 years old, 5' 11" Boy. Education: B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Please Contact us at: (559) 702- 6844.

30-33

Ramgarhia Sikh Family looking for a suitable match for their 29 years old, 5' 11" Boy. B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Contact us at: (559) 702- 6844.

29-32

## ਲੜਕੇ ਦੀ ਲੋੜ ਹੈ

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com

32-35

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only.

30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com

29-32

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or e-mail at: pgrealty@gmail.com

26-29



UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

Call: 773-338-5603

# ਪੰਚਾਇਤੀ ਸੰਸਥਾਵਾਂ ਭੰਗ ਕਰਨ ਦੇ ਫੈਸਲੇ ਨੇ ਸਰਪੰਚ ਕਸੂਤੇ ਫਸਾਏ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੀਆਂ ਪੰਚਾਇਤੀ ਸੰਸਥਾਵਾਂ ਨੂੰ ਭੰਗ ਕਰਕੇ ਦੋ ਪੜਾਵਾਂ ਵਿਚ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਹੈ। ਪੰਚਾਇਤੀ ਰਾਜ ਐਕਟ 1994 ਦੀ ਧਾਰਾ 29-ਏ ਤਹਿਤ ਗ੍ਰਾਮ ਪੰਚਾਇਤਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਭੰਗ ਕਰਕੇ ਉਨ੍ਹਾਂ ਦੇ ਪ੍ਰਬੰਧਕ/ਪ੍ਰਸ਼ਾਸਕ ਲਾਉਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ 25 ਨਵੰਬਰ ਅਤੇ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ 31 ਦਸੰਬਰ, 2023 ਤੱਕ ਕਰਵਾਉਣ ਦਾ ਐਲਾਨ ਕੀਤਾ ਹੈ।

ਸਰਕਾਰੀ ਫੈਸਲੇ ਮਗਰੋਂ ਸੂਬੇ ਵਿਚ ਸਿਆਸੀ ਹਲਚਲ ਸ਼ੁਰੂ ਹੋ ਗਈ ਹੈ। ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਤੁਰਤ ਪ੍ਰਭਾਵ ਤੋਂ ਸੂਬੇ ਦੀਆਂ 13,241 ਗ੍ਰਾਮ ਪੰਚਾਇਤਾਂ, 150 ਪੰਚਾਇਤ ਸਮਿਤੀਆਂ ਅਤੇ 22 ਜ਼ਿਲ੍ਹਾ ਪਰਿਸ਼ਦਾਂ ਭੰਗ ਹੋ ਗਈਆਂ ਹਨ। ਪੰਜਾਬ ਸਰਕਾਰ ਨੇ ਭੰਗ ਕੀਤੀਆਂ ਪੰਚਾਇਤਾਂ ਦੇ ਵਿੱਤੀ ਲੈਣ-ਦੇਣ 'ਤੇ ਰੋਕ ਲਗਾ ਦਿੱਤੀ ਹੈ ਜਿਸ ਨਾਲ ਪਿੰਡਾਂ ਵਿਚ ਚੱਲ ਰਹੇ ਵਿਕਾਸ ਕੰਮ ਠੱਪ ਹੋਣ ਦੇ ਆਸਾਰ ਬਣ ਗਏ ਹਨ। ਇਸ ਫੈਸਲੇ ਮਗਰੋਂ ਸਰਪੰਚ ਕਸੂਤੇ ਫਸ ਗਏ ਹਨ ਜਿਨ੍ਹਾਂ ਵੱਲੋਂ ਪਿੰਡਾਂ ਵਿਚ ਵਿਕਾਸ ਕਾਰਜ ਕਰਾਏ ਜਾ ਰਹੇ ਸਨ। ਨਵੇਂ ਫੈਸਲੇ ਪਿੱਛੋਂ ਹੁਣ ਕੋਈ ਵੀ ਗਰਾਮ ਪੰਚਾਇਤ ਕੋਈ ਦੇਣਦਾਰੀ ਨਹੀਂ ਦੇ ਸਕੇਗੀ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਸਮੂਹ ਗਰਾਮ ਪੰਚਾਇਤਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਭੰਗ ਕਰ ਦਿੱਤਾ ਹੈ ਅਤੇ 31 ਦਸੰਬਰ ਤੱਕ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਕਰਾਈਆਂ ਜਾਣੀਆਂ ਹਨ। ਪੰਚਾਇਤ ਵਿਭਾਗ ਨੇ ਸਮੂਹ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ ਕਿ ਅਗਲੇ ਹੁਕਮਾਂ ਤੱਕ ਪੰਚਾਇਤੀ ਸੰਸਥਾਵਾਂ ਵਿਚ ਸਾਰੇ ਵਿੱਤੀ ਲੈਣ-ਦੇਣ ਬੰਦ ਕਰ ਦਿੱਤੇ ਜਾਣ ਅਤੇ ਉਨ੍ਹਾਂ 'ਤੇ ਸਪੱਸ਼ਟ ਰੂਪ ਵਿਚ ਰੋਕ ਲਗਾ ਦਿੱਤੀ ਹੈ। ਗਰਾਮ ਪੰਚਾਇਤਾਂ ਕੋਲ ਵਿਕਾਸ ਕੰਮਾਂ ਲਈ ਆਈ ਗਰਾਂਟ ਹੁਣ ਵਰਤੀ ਨਹੀਂ ਜਾ ਸਕੇਗੀ। ਇਨ੍ਹਾਂ ਭੰਗ ਕੀਤੀਆਂ ਪੰਚਾਇਤਾਂ ਦੀ ਥਾਂ ਹੁਣ ਪ੍ਰਬੰਧਕ/ਪ੍ਰਸ਼ਾਸਕ ਲਗਾਏ ਗਏ ਹਨ। ਪ੍ਰਬੰਧਕਾਂ ਨੂੰ ਵਿੱਤੀ ਲੈਣ-ਦੇਣ ਦੀ ਇਜਾਜ਼ਤ ਦੇਣ ਬਾਰੇ ਆਉਂਦੇ ਦਿਨਾਂ ਵਿਚ ਫੈਸਲਾ ਲਿਆ ਜਾਵੇਗਾ। ਪੰਜਾਬ ਵਿਚ ਇਨ੍ਹਾਂ ਹੁਕਮਾਂ ਮਗਰੋਂ ਭਾਜੜ ਮੱਚ ਗਈ ਹੈ ਕਿਉਂਕਿ ਸਰਪੰਚਾਂ ਨੇ ਜਿਹੜੇ ਵਿਕਾਸ ਕੰਮ ਕਰਾਏ ਹਨ, ਉਨ੍ਹਾਂ ਦੀਆਂ ਅਦਾਇਗੀਆਂ ਫਰਮਾਂ ਨੂੰ ਕੀਤੀਆਂ ਜਾਣੀਆਂ ਹਨ।

ਮੈਟੀਰੀਅਲ ਸਪਲਾਈ ਕਰਨ ਵਾਲੀਆਂ ਫਰਮਾਂ ਨੂੰ ਤੌਖਲਾ ਖੜ੍ਹਾ ਹੋ ਗਿਆ ਹੈ ਕਿਤੇ ਉਨ੍ਹਾਂ ਦਾ ਪੈਸਾ ਫਸ ਹੀ ਨਾ ਜਾਵੇ। ਭੰਗ ਪੰਚਾਇਤਾਂ ਦੇ ਮੌਜੂਦਾ ਸਰਪੰਚ ਹੁਣ ਕਸੂਤੇ ਫਸ ਗਏ ਹਨ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਸੀ ਕਿ ਉਹ ਅਦਾਲਤ ਜਾਣਗੇ ਤਾਂ ਜੋ ਪੰਚਾਇਤਾਂ ਕੋਲ ਪਿਆ ਪੈਸਾ ਪ੍ਰਬੰਧਕ ਜਾਂ ਪ੍ਰਸ਼ਾਸਕ ਨਾ ਖਰਚ ਕਰ ਸਕਣ। ਸੂਤਰਾਂ ਮੁਤਾਬਕ ਸ਼ਾਇਦ ਇਸੇ ਤਰ੍ਹਾਂ ਸਰਕਾਰ ਨੇ ਫੰਡਾਂ ਦੀ ਵਰਤੋਂ 'ਤੇ ਫਿਲਹਾਲ ਰੋਕ ਲਾ ਦਿੱਤੀ ਹੈ। ਸੂਤਰਾਂ ਨੇ ਕਿਹਾ ਕਿ ਪੰਚਾਇਤ ਵਿਭਾਗ ਆਉਂਦੇ ਦਿਨਾਂ ਵਿਚ ਪ੍ਰਬੰਧਕਾਂ ਜਾਂ ਪ੍ਰਸ਼ਾਸਕਾਂ ਨੂੰ ਸ਼ਰਤਾਂ ਸਮੇਤ ਅਦਾਇਗੀਆਂ ਕਰਨ ਦੀ ਪ੍ਰਵਾਨਗੀ ਦੇ ਸਕਦਾ ਹੈ। ਪੰਚਾਇਤ ਵਿਭਾਗ ਨੂੰ ਪਤਾ ਲੱਗਿਆ ਸੀ ਕਿ ਸਰਪੰਚ ਭੰਗ ਪੰਚਾਇਤਾਂ 'ਚੋਂ ਵਿੱਤੀ ਲੈਣ-ਦੇਣ ਕਰਨ ਦੀ ਕੋਸ਼ਿਸ਼ ਵਿਚ ਸਨ।

## ਸਰਪੰਚਾਂ ਵੱਲੋਂ ਅਦਾਲਤ ਜਾਣ ਦੀ ਤਿਆਰੀ

**ਚੰਡੀਗੜ੍ਹ:** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਤਾੜਨਾ ਕੀਤੀ ਹੈ ਕਿ ਜੇਕਰ ਵਿੱਤੀ ਲੈਣ-ਦੇਣ 'ਤੇ ਰੋਕ ਸਬੰਧੀ ਹਦਾਇਤਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਤੁਰੰਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਵੱਖਰੇ ਸੁਨੇਹੇ ਰਾਹੀਂ ਪੰਚਾਇਤ ਵਿਭਾਗ ਦੇ ਸੀਨੀਅਰ ਅਫਸਰਾਂ ਨੇ ਕਿਹਾ ਹੈ ਕਿ ਜੇਕਰ ਕਿਸੇ ਅਧਿਕਾਰੀ ਜਾਂ ਮੁਲਾਜ਼ਮ ਨੇ ਇਨ੍ਹਾਂ ਹਦਾਇਤਾਂ ਦੇ ਜਾਰੀ ਹੋਣ ਮਗਰੋਂ ਕਿਸੇ ਵੀ ਤਰ੍ਹਾਂ ਦੀ ਅਦਾਇਗੀ ਜਾਂ ਫਿਰ ਬੈਕ ਡੇਟ ਵਿਚ ਕੋਈ ਵਿੱਤੀ ਲੈਣ-ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਸ ਲਈ ਸਬੰਧਤ ਅਧਿਕਾਰੀ ਤੇ ਮੁਲਾਜ਼ਮ ਜ਼ਿੰਮੇਵਾਰ ਹੋਣਗੇ। ਦੱਸਣਯੋਗ ਹੈ ਕਿ ਇਸ ਵੇਲੇ 15ਵੇਂ ਵਿੱਤ ਕਮਿਸ਼ਨ ਦੀਆਂ ਗਰਾਂਟਾਂ ਨਾਲ ਪਿੰਡਾਂ ਵਿਚ ਕੰਮ ਚੱਲ ਰਹੇ ਸਨ। ਸਰਪੰਚ ਯੂਨੀਅਨ ਪੰਜਾਬ ਦੇ ਪ੍ਰਧਾਨ ਰਵਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਗਲਤ ਤਰੀਕੇ ਨਾਲ ਪੰਚਾਇਤਾਂ ਨੂੰ ਭੰਗ ਕੀਤਾ ਹੈ ਜਿਸ ਕਰਕੇ ਉਹ ਅਦਾਲਤ ਵਿਚ ਇਸ ਫੈਸਲੇ ਨੂੰ ਚੁਣੌਤੀ ਦੇਣਗੇ। ਉਨ੍ਹਾਂ ਕਿਹਾ ਕਿ ਪੰਚਾਇਤਾਂ ਭੰਗ ਕੀਤੇ ਜਾਣ ਨਾਲ ਦੇਣਦਾਰੀਆਂ ਫਸ ਗਈਆਂ ਹਨ ਜਿਸ ਨਾਲ ਕੰਮ ਕਰਾਉਣ ਵਾਲੇ ਸਰਪੰਚਾਂ ਨੂੰ ਮੁਸ਼ਕਲ ਖੜ੍ਹੀ ਹੋ ਗਈ ਹੈ।

## ਭਾਰਤੀ ਦੂਤਾਵਾਸ ਨੇ ਸਿੱਖ ਮੁਲਾਜ਼ਮ ਨੂੰ ਦਾੜ੍ਹੀ ਵਧਾਉਣ ਤੋਂ ਰੋਕਣ ਦਾ ਮੁੱਦਾ ਚੁੱਕਿਆ

**ਨਿਊ ਯਾਰਕ:** ਭਾਰਤੀ ਦੂਤਾਵਾਸ ਨੇ ਨਿਊ ਯਾਰਕ ਸੂਬੇ 'ਚ ਇਕ ਸਿੱਖ ਮੁਲਾਜ਼ਮ ਨੂੰ ਦਾੜ੍ਹੀ ਰੱਖਣ ਤੋਂ ਰੋਕੇ ਜਾਣ ਦਾ ਮੁੱਦਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਕੋਲ ਚੁੱਕਿਆ ਹੈ। ਅਮਰੀਕੀ ਸੰਸਦ ਮੈਂਬਰ ਨੇ ਘਟਨਾ 'ਤੇ ਚਿੰਤਾ ਜ਼ਾਹਿਰ ਕਰਦਿਆਂ ਇਸ ਨੂੰ ਧਾਰਮਿਕ ਪੱਖਪਾਤ ਕਰਾਰ ਦਿੱਤਾ ਹੈ। ਨਿਊ ਯਾਰਕ ਸੂਬੇ ਦੇ ਮੁਲਾਜ਼ਮ ਚਰਨਜੋਤ ਟਿਵਾਣਾ ਨੇ ਪਿਛਲੇ ਸਾਲ ਮਾਰਚ 'ਚ ਆਪਣੇ ਵਿਆਹ ਲਈ ਦਾੜ੍ਹੀ ਵਧਾਉਣ ਦੀ ਇਜਾਜ਼ਤ ਮੰਗੀ ਸੀ ਪਰ ਉਸ ਦੀ ਮੰਗ ਇਸ ਆਧਾਰ 'ਤੇ ਸਵੀਕਾਰ ਨਹੀਂ ਕੀਤੀ ਗਈ ਕਿ ਗੈਸ ਮਾਸਕ ਪਹਿਨਣ ਦੀ ਲੋੜ ਹੋਣ ਉਤੇ ਦਾੜ੍ਹੀ ਰੱਖਣ ਨਾਲ ਸੁਰੱਖਿਆ ਨੂੰ ਜੋਖਮ ਹੋ ਸਕਦਾ ਹੈ। ਇੱਥੇ ਭਾਰਤੀ ਅਧਿਕਾਰੀਆਂ ਨੇ ਇਹ ਮੁੱਦਾ ਨਿਊ ਯਾਰਕ ਸੂਬੇ ਦੇ ਗਵਰਨਰ ਦੇ ਦਫਤਰ ਕੋਲ ਚੁੱਕਿਆ ਜਦਕਿ ਅਮਰੀਕਾ 'ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਹ ਮਾਮਲਾ ਬਾਇਡਨ ਪ੍ਰਸ਼ਾਸਨ ਕੋਲ ਚੁੱਕਿਆ ਹੈ।

## ਸਰਕਾਰ ਨੇ ਨੌਜਵਾਨਾਂ ਲਈ ਨਵੀਂ ਨੀਤੀ ਦੀ ਤਿਆਰੀ ਵਿੱਢੀ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਲਈ 'ਨਵੀਂ ਯੂਥ ਪਾਲਿਸੀ' ਦੀ ਤਿਆਰੀ ਵਿੱਢੀ ਗਈ ਹੈ। ਇਸ ਦੇ ਮੁਢਲੇ ਪੜਾਅ 'ਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮੀਟਿੰਗ ਕਰਕੇ ਰੂਪ-ਰੇਖਾ ਉਲੀਕੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣ ਲਈ ਨਵੇਂ ਕਦਮ ਉਠਾਏ ਜਾਣਗੇ ਅਤੇ ਸ਼ਹੀਦ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਲਈ ਚੋਣ ਪ੍ਰਣਾਲੀ ਨੂੰ ਤਰਕਸੰਗਤ ਬਣਾਇਆ ਜਾਵੇਗਾ।

ਇੱਥੇ ਪੰਜਾਬ ਸਿਵਲ ਸਕੱਤਰੇਤ ਵਿਚ ਵਿਭਾਗ ਦੀ ਸਮੀਖਿਆ ਮੀਟਿੰਗ ਕਰਦਿਆਂ ਮੀਤ ਹੇਅਰ ਨੇ ਹਦਾਇਤ ਦਿੱਤੀ ਕਿ ਯੂਥ ਕਲੱਬਾਂ ਨੂੰ ਸਰਗਰਮ ਕਰਨ ਲਈ ਪ੍ਰੋਗਰਾਮ ਉਲੀਕੇ ਜਾਣ। ਮੀਤ ਹੇਅਰ ਨੇ ਇਹ ਵੀ ਕਿਹਾ ਕਿ ਵਿਭਾਗ ਵਿਚ ਸਹਾਇਕ ਡਾਇਰੈਕਟਰ ਦੀਆਂ ਖਾਲੀ ਅਸਾਮੀਆਂ ਨੂੰ ਤੁਰਤ ਭਰਨ ਲਈ ਹੋਰਨਾਂ ਵਿਭਾਗਾਂ ਤੋਂ ਕਾਬਲ ਅਧਿਕਾਰੀਆਂ ਨੂੰ ਡੈਪੂਟੇਸ਼ਨ ਉਤੇ ਲਿਆਉਣ ਦੀ ਯੋਜਨਾ ਬਣਾਈ ਜਾਵੇਗੀ ਅਤੇ ਨਾਲ ਹੀ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਖਾਲੀ ਅਸਾਮੀਆਂ ਭਰਨ ਲਈ ਵੀ ਲਿਖਿਆ ਜਾਵੇਗਾ। ਮੀਟਿੰਗ ਵਿਚ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ, ਵਿਸ਼ੇਸ਼ ਮੁੱਖ ਸਕੱਤਰ ਸਰਵਜੀਤ ਸਿੰਘ, ਯੁਵਕ ਸੇਵਾਵਾਂ ਦੇ ਡਾਇਰੈਕਟਰ ਡਾ. ਕਮਲਜੀਤ ਸਿੰਘ ਸਿੱਧੂ ਹਾਜ਼ਰ ਸਨ। ਉਧਰ, ਰੋਪੜ ਦੇ ਨੌਜਵਾਨ ਸਤਨਾਮ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਪੁਰਸਕਾਰ ਦਿੱਤੇ ਜਾਣ 'ਚ ਹੋਈ ਵਿਤਕਰੇਬਾਜ਼ੀ 'ਤੇ ਉਂਗਲ ਉਠਾਈ ਹੈ। ਉਨ੍ਹਾਂ ਕਿਹਾ ਕਿ ਯੁਵਕ ਸੇਵਾਵਾਂ ਵਿਭਾਗ ਨੇ ਇਸ ਪੁਰਸਕਾਰ ਲਈ 29 ਨੌਜਵਾਨਾਂ ਨੂੰ ਯੋਗ ਪਾਇਆ ਸੀ ਪਰ ਪੁਰਸਕਾਰ ਸਿਰਫ ਛੇ ਜਣਿਆਂ ਨੂੰ ਹੀ ਦਿੱਤਾ ਗਿਆ।

## ਆਪ ਵਿਧਾਇਕ ਖਿਲਾਫ ਗੈਰ-ਜ਼ਮਾਨਤੀ ਵਾਰੰਟ



**ਜਲੰਧਰ:** ਜਲੰਧਰ ਤੋਂ 'ਆਪ' ਦੇ ਵਿਧਾਇਕ ਸ਼ੀਤਲ ਅੰਗੁਰਾਲ 'ਤੇ ਇਕ ਔਰਤ ਨਾਲ ਭੱਦੀ ਸ਼ਬਦਾਵਲੀ ਵਰਤਣ ਦੇ ਦੋਸ਼ ਹੇਠ ਅਦਾਲਤ ਵਿਚ ਪੇਸ਼ ਨਾ ਹੋਣ, ਬਿਨਾਂ ਦੱਸੇ ਵਿਦੇਸ਼ ਜਾਣ ਤੇ ਪਾਸਪੋਰਟ ਦੀ ਕਾਪੀ ਜਮ੍ਹਾਂ ਨਾ ਕਰਵਾਉਣ ਦੇ ਦੋਸ਼ ਹੇਠ ਚੀਫ ਜੁਡੀਸ਼ਲ ਮੈਜਿਸਟਰੇਟ ਵੱਲੋਂ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ। ਇਸ ਦੇ ਨਾਲ ਹੀ ਅਦਾਲਤ ਨੇ ਸ਼ੀਤਲ ਅੰਗੁਰਾਲ ਦੇ ਸਾਰੇ ਜ਼ਮਾਨਤ ਮੁਚੱਲਕੇ ਰੱਦ ਕਰਦਿਆਂ ਉਨ੍ਹਾਂ ਨੂੰ ਜ਼ਬਤ ਕਰਨ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਉਸ ਨੂੰ 24 ਅਗਸਤ ਨੂੰ ਗ੍ਰਿਫਤਾਰ ਕਰ ਕੇ ਪੇਸ਼ ਕਰਨ ਲਈ ਕਿਹਾ ਹੈ। ਸ਼ੀਤਲ ਅੰਗੁਰਾਲ 'ਤੇ ਛੇੜਛਾੜ ਤੇ ਭੱਦੀ ਸ਼ਬਦਾਵਲੀ ਵਰਤਣ ਦੇ ਦੋਸ਼ ਹੇਠ ਚਲਦੇ ਕੇਸ ਦਰਮਿਆਨ ਅਦਾਲਤ ਨੂੰ ਬਿਨਾਂ ਦੱਸੇ ਇੰਗਲੈਂਡ ਜਾਣ ਦਾ ਦੋਸ਼ ਹੈ, ਜਿਸ ਸਬੰਧੀ ਅਦਾਲਤ 'ਚ ਸ਼ਿਕਾਇਤ ਕੀਤੀ ਗਈ ਸੀ। ਅਦਾਲਤ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਵਿਦੇਸ਼ ਜਾਣ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਵੀ ਸ਼ੀਤਲ ਅੰਗੁਰਾਲ ਨੇ ਪਾਸਪੋਰਟ ਦੀ ਕਾਪੀ ਹਾਲੇ ਤੱਕ ਜਮ੍ਹਾਂ ਨਹੀਂ ਕਰਵਾਈ।

## ਪੁਲਿਸ ਮੁਕਾਬਲੇ ਤੋਂ ਬਾਅਦ ਚਾਰ ਗੈਂਗਸਟਰ ਅਸਲੇ ਸਣੇ ਕਾਬੂ

**ਹੰਢਿਆਇਆ:** ਹੰਢਿਆਇਆ ਚੌਕ ਨੇੜੇ ਸੀ.ਆਈ.ਏ. ਸਟਾਫ ਹੰਢਿਆਇਆ ਤੇ ਐਂਟੀ ਗੈਂਗਸਟਰ ਟਾਸਕ ਫੋਰਸ ਸਮੇਤ ਸਥਾਨਕ ਪੁਲਿਸ ਦੇ ਸਾਂਝੇ ਅਪਰੇਸ਼ਨ ਦੌਰਾਨ ਪੁਲਿਸ ਅਤੇ ਸੁੱਖਾ ਤੇ ਬੰਬੀਹਾ ਗੈਂਗ ਦੇ 4 ਗੈਂਗਸਟਰਾਂ ਦਰਮਿਆਨ ਮੁਕਾਬਲਾ ਹੋਇਆ। ਇਸ ਦੌਰਾਨ ਗੈਂਗ ਦੇ ਚਾਰ ਮੈਂਬਰਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲਿਆ ਹੈ, ਜਿਨ੍ਹਾਂ ਵਿਚੋਂ ਇਕ ਦੇ ਗੋਲੀ ਲੱਗਣ ਮਗਰੋਂ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਪੁਲਿਸ ਨੇ ਜਦੋਂ ਹੰਢਿਆਇਆ ਚੌਕ 'ਤੇ ਇਕ ਸਵਿਫਟ ਕਾਰ ਨੂੰ ਘੇਰਿਆ ਤਾਂ ਉਸ 'ਚ ਬੈਠੇ ਗੈਂਗਸਟਰਾਂ ਨੇ ਪੁਲਿਸ 'ਤੇ ਫਾਇਰਿੰਗ ਕਰ ਦਿੱਤੀ। ਇਸ ਮੌਕੇ ਏ.ਜੀ.ਟੀ.ਐਫ. ਤੇ ਜ਼ਿਲ੍ਹਾ ਪੁਲਿਸ ਵੱਲੋਂ ਵੀ ਗੋਲੀਬਾਰੀ ਕੀਤੀ ਗਈ, ਜਿਸ ਦੌਰਾਨ ਇਕ ਗੈਂਗਸਟਰ ਨੂੰ ਗੋਲੀ ਲੱਗੀ ਹੈ। ਇਸ ਮਗਰੋਂ ਪੁਲਿਸ ਨੇ ਸਵਿਫਟ ਕਾਰ ਤੇ ਅਸਲੇ ਸਮੇਤ ਚਾਰ ਗੈਂਗਸਟਰਾਂ ਨੂੰ ਕਾਬੂ ਕਰ ਲਿਆ ਹੈ। ਐਸ.ਐਸ.ਪੀ. ਬਰਨਾਲਾ ਸੰਦੀਪ ਮਲਿਕ ਨੇ ਦੱਸਿਆ ਕਿ ਕਾਰਵਾਈ ਦੌਰਾਨ ਬੰਬੀਹਾ ਗਰੁੱਪ, ਅਰਸ਼ ਡੱਲਾ ਗਰੋਹ ਤੇ ਸੁੱਖਾ ਦੁੱਨੇਕਾ ਗਰੋਹ ਦੇ 4 ਮੈਂਬਰ ਕਾਬੂ ਕੀਤੇ ਗਏ ਹਨ।

ਕਾਬੂ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੁਖਜਿੰਦਰ ਸਿੰਘ ਉਰਫ ਸੁੱਖੀ ਖਾਨ ਵਾਸੀ ਲੌਂਗੋਵਾਲ, ਯਾਦਵਿੰਦਰ ਸਿੰਘ ਮੁੱਲਾਂਪੁਰ, ਹੁਸਨਪ੍ਰੀਤ ਸਿੰਘ ਉਰਫ ਗਿੱਲ ਤੇ ਜਗਸੀਰ ਸਿੰਘ ਉਰਫ ਬਿੱਲਾ ਵਾਸੀ ਲੌਂਗੋਵਾਲ ਵਜੋਂ ਹੋਈ ਹੈ, ਜਿਨ੍ਹਾਂ ਵਿਚੋਂ ਸੁੱਖੀ ਖਾਨ ਦੇ ਗੋਲੀ ਵੱਜੀ ਹੈ। ਉਨ੍ਹਾਂ ਦੱਸਿਆ ਕਿ ਚਾਰੇ ਮੁਲਜ਼ਮ ਅੰਮ੍ਰਿਤਸਰ ਤੋਂ ਜਲੰਧਰ ਪੁੱਜੇ ਸਨ, ਜਿਥੇ ਉਨ੍ਹਾਂ ਇਕ ਗੱਡੀ ਖੋਹੀ ਤੇ ਮਗਰੋਂ ਬਠਿੰਡਾ ਪੁੱਜੇ। ਇਹ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਲਈ ਮੁਹਾਲੀ ਵੱਲ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਸੁੱਖੀ ਖਾਨ 'ਤੇ ਪਹਿਲਾਂ ਵੀ ਕਈ ਕੇਸ ਹਨ।

## ਜਲੰਧਰ ਦੇ ਦੋ ਸਕੇ ਭਰਾਵਾਂ ਦੀ ਹੱਤਿਆ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਵਿਚ ਪੰਜਾਬ ਦੇ ਜਲੰਧਰ ਦੇ ਦੋ ਭਰਾਵਾਂ ਦਾ ਪੈਸੇ ਦੇ ਝਗੜੇ ਕਾਰਨ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਘਟਨਾ ਨਾਲਾਗੜ੍ਹ ਵਿਚ ਵਾਪਰੀ। ਮ੍ਰਿਤਕਾਂ ਦੀ ਪਛਾਣ ਵਰੁਣ, ਜੋ ਜ਼ਿਲ੍ਹੇ ਵਿਚ ਇਲੈਕਟ੍ਰੀਸ਼ੀਅਨ ਸੀ ਅਤੇ ਕੁਨਾਲ ਵਜੋਂ ਹੋਈ ਹੈ। ਮ੍ਰਿਤਕ ਭਰਾਵਾਂ ਦੇ ਮਾਮੇ ਲੋਕੇਸ਼ ਨੇ ਪੁਲਿਸ ਨੂੰ ਦੱਸਿਆ ਕਿ ਪੰਜਾਬ ਦੇ ਨਕੋਦਰ ਇਲਾਕੇ ਦੇ ਰਹਿਣ ਵਾਲੇ ਗੌਰਵ ਗਿੱਲ ਨੇ ਪੈਸਿਆਂ ਦੇ ਵਿਵਾਦ ਕਾਰਨ ਉਸ ਦੇ ਭਾਣਜਿਆਂ ਨੂੰ ਮਿਲਣ ਲਈ ਬੁਲਾਇਆ ਸੀ, ਜਦੋਂ ਦੋਵੇਂ ਭਰਾਵਾਂ ਨੇ ਗਿੱਲ ਨੂੰ ਮਿਲਣ ਲਈ ਨਕੋਦਰ ਜਾਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੂੰ ਨਾਲਾਗੜ੍ਹ-ਰਾਮਸਹਿਰ ਰੋਡ ਉਤੇ ਇਕ ਜਗ੍ਹਾ 'ਤੇ ਆਉਣ ਲਈ ਕਿਹਾ ਗਿਆ, ਜਿੱਥੇ ਤਿੰਨ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਵਰੁਣ ਅਤੇ ਕੁਨਾਲ ਉਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਦੋਵੇਂ ਭਰਾ ਸੜਕ ਉਤੇ ਪਏ ਮਿਲੇ ਅਤੇ ਪੁਲਿਸ ਉਨ੍ਹਾਂ ਨੂੰ ਹਸਪਤਾਲ ਲੈ ਗਈ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

## ਦਿਲਜੀਤ ਦੁਸਾਂਝ ਦੀ ਫਿਲਮ 'ਪੰਜਾਬ 95' ਟੋਰਾਂਟੋ ਕੌਮਾਂਤਰੀ ਫਿਲਮ ਮੇਲੇ 'ਚੋਂ ਬਾਹਰ



**ਮੁੰਬਈ:** ਅਭਿਨੇਤਾ-ਗਾਇਕ ਦਿਲਜੀਤ ਦੁਸਾਂਝ ਦੀ ਫਿਲਮ 'ਪੰਜਾਬ '95', ਜਿਸ ਦਾ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਪ੍ਰੀਮੀਅਰ ਹੋਣਾ ਸੀ, ਨੂੰ ਹਟਾ ਦਿੱਤਾ ਗਿਆ ਹੈ। ਫਿਲਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਉਤੇ ਆਧਾਰਿਤ ਹੈ। ਪੰਜਾਬ '95' ਵਿਚ ਦਿਲਜੀਤ ਦੁਸਾਂਝ ਤੋਂ ਇਲਾਵਾ ਬਾਲੀਵੁੱਡ ਸਟਾਰ ਅਰਜੁਨ ਰਾਮਪਾਲ ਅਤੇ ਸੁਵਿੰਦਰ ਵਿੱਕੀ ਸ਼ਾਮਲ ਹਨ।

ਫੈਸਟੀਵਲ ਦੀ ਵੈੱਬਸਾਈਟ 'ਤੇ ਫਿਲਮ ਦਾ ਕੋਈ ਜ਼ਿਕਰ ਨਹੀਂ ਹੈ। ਫਿਲਮ ਦਾ ਅਸਲ ਵਿਚ ਨਾਂ 'ਘੱਲੂਘਾਰਾ' ਸੀ। ਭਾਰਤ ਦੇ ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ ਨੇ ਫਿਲਮ ਨੂੰ 21 ਕੱਟ ਨਾਲ ਤੇ 'ਪੰਜਾਬ '95' ਦੇ ਨਾਂ ਹੇਠ ਰਿਲੀਜ਼ ਕਰਨ ਲਈ ਝੰਡੀ ਦਿੱਤੀ। ਇਸ ਖਿਲਾਫ ਬੰਬੇ ਹਾਈ ਕੋਰਟ ਵਿਚ ਅਪੀਲ ਕੀਤੀ ਗਈ ਹੈ ਤੇ ਫੈਸਲਾ ਹਾਲੇ ਆਉਣਾ ਹੈ।

## ਭਰਤਇੰਦਰ ਚਾਹਲ ਦੀ ਗ੍ਰਿਫਤਾਰੀ ਲਈ ਸਰਗਰਮੀਆਂ ਵਧਾਈਆਂ

**ਪਟਿਆਲਾ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਰਹੇ ਭਰਤਇੰਦਰ ਸਿੰਘ ਚਾਹਲ ਵਿਰੁੱਧ ਆਮਦਨ ਨਾਲੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕਰਨ ਮਗਰੋਂ ਵਿਜੀਲੈਂਸ ਨੇ ਉਸ ਦੀ ਗ੍ਰਿਫਤਾਰੀ ਲਈ ਸਰਗਰਮੀਆਂ ਵਧਾ ਦਿੱਤੀਆਂ ਹਨ। ਇਸ ਤਹਿਤ ਗਠਿਤ ਕੀਤੀਆਂ ਗਈਆਂ ਟੀਮਾਂ ਵੱਲੋਂ ਉਸ ਦੀ ਭਾਲ 'ਚ ਪੰਜਾਬ ਸਣੇ ਹੋਰਨਾਂ ਸੂਬਿਆਂ ਵਿਚ ਛਾਪੇ ਮਾਰੇ ਜਾ ਰਹੇ ਹਨ। ਵਿਜੀਲੈਂਸ ਵੱਲੋਂ ਜਿਥੇ ਚਹਿਲ ਦੇ ਨੇੜਲੇ ਵਿਅਕਤੀਆਂ 'ਤੇ ਨਿਗਾਹ ਰੱਖੀ ਜਾ ਰਹੀ ਹੈ, ਉਥੇ ਗ੍ਰਿਫਤਾਰੀ ਯਕੀਨੀ ਬਣਾਉਣ ਲਈ ਉਸ ਦੇ ਸਹਿਯੋਗੀਆਂ ਨਾਲ ਰਾਬਤਾ ਬਣਾਇਆ ਹੋਇਆ ਹੈ। ਅਜਿਹੇ ਇੱਕ ਵਿਅਕਤੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਸ੍ਰੀ ਚਹਿਲ ਦੇ ਛੁਪੇ ਹੋਣ ਵਾਲੀਆਂ ਥਾਵਾਂ ਤੇ ਅਜਿਹੇ ਮੌਕੇ ਉਨ੍ਹਾਂ ਦੀ ਮਦਦ ਕਰ ਸਕਣ ਵਾਲੇ ਵਿਅਕਤੀਆਂ ਸਬੰਧੀ ਸੰਭਾਵਨਾਵਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਵਿਜੀਲੈਂਸ ਵੱਲੋਂ ਉਸ ਨਾਲ ਰਾਬਤਾ ਸਾਧਿਆ ਹੋਣ ਦੀ ਪੁਸ਼ਟੀ ਵੀ ਕੀਤੀ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਦੇ ਉੱਚ ਅਧਿਕਾਰੀਆਂ ਵੱਲੋਂ ਇਸ ਮਾਮਲੇ ਦੀ ਜਾਂਚ ਦਾ ਕੰਮ ਵਿਜੀਲੈਂਸ ਦੇ ਡੀ.ਐਸ.ਪੀ. ਸਤਪਾਲ ਸ਼ਰਮਾ (ਸੁਨਾਮ) ਨੂੰ ਸੌਂਪਿਆ ਗਿਆ ਸੀ। ਇਸ ਦੌਰਾਨ ਸ੍ਰੀ ਚਹਿਲ ਨੂੰ ਪੱਖ ਰੱਖਣ ਲਈ ਕਈ ਵਾਰ ਸੰਮਨ ਭੇਜੇ, ਪਰ ਵੱਖ-ਵੱਖ ਕਾਰਨ ਦੱਸਦਿਆਂ, ਉਹ ਬਹੁਤੀ ਵਾਰ ਪੇਸ਼ ਨਾ ਹੋਏ। ਅਖੀਰ ਕਿ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ 2 ਅਗਸਤ 2023 ਨੂੰ ਵਿਜੀਲੈਂਸ ਦੇ ਪਟਿਆਲਾ ਸਥਿਤ ਥਾਣੇ 'ਚ ਸ੍ਰੀ ਚਹਿਲ ਖਿਲਾਫ ਕੇਸ ਦਰਜ ਕਰ ਲਿਆ ਗਿਆ।

# ਕੇਂਦਰ ਵੱਲੋਂ ਅਪਰਾਧਕ ਕਾਨੂੰਨਾਂ ਵਿਚ ਵੱਡੇ ਬਦਲਾਅ ਦੀ ਤਿਆਰੀ

**ਨਵੀਂ ਦਿੱਲੀ:** ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਰਤਾਨਵੀ ਬਸਤੀਵਾਦੀ ਯੁੱਗ ਦੇ ਇੰਡੀਅਨ ਪੀਨਲ ਕੋਡ (ਆਈ.ਪੀ.ਸੀ.), ਕੋਡ ਆਫ ਕ੍ਰਿਮੀਨਲ ਪ੍ਰੋਸੀਜਰ (ਸੀ.ਆਰ.ਪੀ.ਸੀ.) ਅਤੇ ਇੰਡੀਅਨ ਐਵੀਡੈਂਸ ਐਕਟ ਨੂੰ ਬਦਲਣ ਲਈ ਲੋਕ ਸਭਾ ਵਿਚ ਤਿੰਨ ਨਵੇਂ ਬਿੱਲ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਹੁਣ ਦੇਸ਼ਧ੍ਰੋਹ ਦੇ ਕਾਨੂੰਨ ਨੂੰ ਪੂਰੀ ਤਰ੍ਹਾਂ ਖਤਮ ਕੀਤਾ ਜਾ ਰਿਹਾ ਹੈ। ਲਿੰਚਿੰਗ (ਭੀੜ ਵੱਲੋਂ ਕੁੱਟ ਕੁੱਟ ਕੇ ਹੱਤਿਆ ਕਰਨਾ) ਲਈ ਸੱਤ ਸਾਲ ਜਾਂ ਉਮਰ ਕੈਦ ਜਾਂ ਮੌਤ ਦੀ ਸਜਾ ਦਾ ਪ੍ਰਬੰਧ ਹੋਵੇਗਾ। ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ ਤਹਿਤ ਨਾਬਾਲਿਗਾਂ ਨਾਲ ਜਬਰ-ਜਨਾਹ ਦੇ ਮਾਮਲੇ 'ਚ ਵੱਧ ਤੋਂ ਵੱਧ ਮੌਤ ਦੀ ਸਜਾ ਦਾ ਪ੍ਰਬੰਧ ਕੀਤਾ ਗਿਆ ਹੈ। ਸਮੂਹਿਕ ਜਬਰ-ਜਨਾਹ ਦੇ ਮਾਮਲੇ 'ਚ 20 ਸਾਲ ਦੀ ਜੇਲ੍ਹ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਨਵੇਂ ਕਾਨੂੰਨਾਂ ਤਹਿਤ ਭਗੌੜੇ ਮੁਲਜ਼ਮਾਂ ਦੀ ਗੈਰਹਾਜ਼ਰੀ ਵਿਚ ਮੁਕੱਦਮਾ ਚਲਾਉਣ ਅਤੇ ਸਜਾਵਾਂ ਦੇਣ ਸਣੇ ਕਈ ਪ੍ਰਬੰਧ ਹਨ।

ਸ਼ਾਹ ਨੇ ਸਦਨ ਵਿਚ ਭਾਰਤੀ ਨਿਆਂ ਸੰਹਿਤਾ ਬਿੱਲ 2023, ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ ਬਿੱਲ 2023 ਅਤੇ ਭਾਰਤੀ ਸਾਕਸ਼ਿਆ (ਸਬੂਤ) ਬਿੱਲ, 2023 ਪੇਸ਼ ਕਰਦਿਆਂ ਕਿਹਾ ਕਿ ਇਨ੍ਹਾਂ ਨਾਲ ਦੇਸ਼ ਦੀ ਅਪਰਾਧਿਕ ਨਿਆਂ ਪ੍ਰਣਾਲੀ 'ਚ ਸੁਧਾਰ ਹੋਵੇਗਾ ਅਤੇ ਭਾਰਤੀ ਨਾਗਰਿਕਾਂ ਦੇ ਹੱਕਾਂ ਦੀ ਰਾਖੀ ਯਕੀਨੀ ਬਣੇਗੀ। ਸ਼ਾਹ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਪੀਲ ਕੀਤੀ ਕਿ ਉਹ ਤਿੰਨੋਂ ਬਿੱਲ ਗ੍ਰਹਿ ਮਾਮਲਿਆਂ ਬਾਰੇ ਸੰਸਦੀ ਸਟੈਂਡਿੰਗ ਕਮੇਟੀ ਕੋਲ ਭੇਜ ਦੇਣ ਤਾਂ ਜੋ ਉਨ੍ਹਾਂ 'ਤੇ ਵਿਆਪਕ ਚਰਚਾ ਹੋ ਸਕੇ। ਸ਼ਾਹ ਨੇ ਕਿਹਾ ਕਿ ਅੰਗਰੇਜ਼ਾਂ ਨੇ ਦੇਸ਼ਧ੍ਰੋਹ ਦਾ ਕਾਨੂੰਨ ਬਣਾਇਆ ਸੀ ਪਰ ਉਹ ਇਹ ਕਾਨੂੰਨ ਪੂਰੀ ਤਰ੍ਹਾਂ ਖਤਮ ਕਰਨ ਜਾ ਰਹੇ ਹਨ। ਸ਼ਾਹ ਨੇ ਕਿਹਾ ਕਿ ਲੋਕਤੰਤਰ 'ਚ ਸਾਰਿਆਂ ਨੂੰ ਬੋਲਣ ਦਾ ਅਧਿਕਾਰ ਹੈ।

ਗ੍ਰਹਿ ਮੰਤਰੀ ਨੇ ਕਿਹਾ ਕਿ ਭਗੌੜੇ ਮੁਲਜ਼ਮਾਂ ਦੀ ਗੈਰਹਾਜ਼ਰੀ 'ਚ ਉਨ੍ਹਾਂ 'ਤੇ ਮੁਕੱਦਮਾ ਚਲਾਉਣ ਦਾ ਇਤਿਹਾਸਕ ਫੈਸਲਾ ਵੀ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਈ ਮਾਮਲਿਆਂ 'ਚ ਦਾਊਦ ਇਬਰਾਹਿਮ ਲੋੜੀਂਦਾ ਹੈ ਅਤੇ ਉਹ ਦੇਸ਼ ਛੱਡ ਕੇ ਭੱਜ ਚੁੱਕਾ ਹੈ ਪਰ ਉਸ 'ਤੇ ਮੁਕੱਦਮਾ ਨਹੀਂ ਚਲਾ ਸਕਦੇ। ਪਹਿਲਾਂ ਅਤਿਵਾਦ ਦੀ ਕੋਈ ਪਰਿਭਾਸ਼ਾ ਨਹੀਂ ਸੀ ਅਤੇ ਪਹਿਲੀ ਵਾਰ ਅਤਿਵਾਦ ਨੂੰ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਰਕਾਰ 'ਜ਼ੀਰੋ ਐੱਫ.ਆਈ.ਆਰ' ਦੀ ਪ੍ਰਣਾਲੀ ਲਿਆ ਰਹੀ ਹੈ ਜਿਸ ਤਹਿਤ ਦੇਸ਼ 'ਚ ਕਿਤੇ ਵੀ ਅਪਰਾਧ ਹੋਵੇ, ਉਸ ਦੀ ਐੱਫ.ਆਈ.ਆਰ. ਹਿਮਾਲਿਆ ਦੀ ਚੋਟੀ ਤੋਂ ਲੈ ਕੇ ਕੰਨਿਆਕੁਮਾਰੀ ਦੇ ਸਾਗਰ ਤੱਕ ਕਿਤਿਓਂ ਵੀ ਦਰਜ ਕਰਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਬੰਧਤ ਥਾਣੇ ਨੂੰ 15 ਦਿਨਾਂ ਦੇ ਅੰਦਰ ਸ਼ਿਕਾਇਤ ਭੇਜੀ ਜਾਵੇਗੀ। ਇਸ ਦੇ ਨਾਲ ਈ-ਐੱਫ.ਆਈ.ਆਰ. ਦੀ ਵੀ ਸ਼ੁਰੂਆਤ ਕੀਤੀ ਜਾਵੇਗੀ। ਹੁਣ ਹਰੇਕ ਜ਼ਿਲ੍ਹੇ 'ਚ ਇਕ ਪੁਲਿਸ ਅਧਿਕਾਰੀ ਨਾਮਜ਼ਦ ਹੋਵੇਗਾ ਜੋ ਹਿਰਾਸਤ 'ਚ ਲਏ ਗਏ ਮੁਲਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਗੱਲ ਦਾ ਸਬੂਤ ਦੇਵੇਗਾ ਕਿ ਉਨ੍ਹਾਂ ਦੇ ਰਿਸ਼ਤੇਦਾਰ ਪੁਲਿਸ ਹਿਰਾਸਤ 'ਚ ਹਨ। ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਪੀੜਤ ਦਾ ਬਿਆਨ ਅਤੇ ਉਸ ਦੀ ਵੀਡੀਓ ਰਿਕਾਰਡਿੰਗ ਲਾਜ਼ਮੀ ਹੋਵੇਗੀ।



## ਪਹਿਲਾਂ ਵਿਆਪਕ ਸੁਝਾਅ ਲਏ ਜਾਣ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਸੱਦਾ ਦਿੱਤਾ ਕਿ ਭਾਰਤ ਦੇ ਅਪਰਾਧਕ ਨਿਆਂ ਢਾਂਚੇ ਵਿਚ ਤਬਦੀਲੀਆਂ ਲਈ ਲਿਆਂਦੇ ਗਏ ਤਿੰਨ ਬਿੱਲਾਂ ਉਤੇ ਵਿਆਪਕ ਪੱਧਰ ਉਤੇ ਸਲਾਹ-ਮਸ਼ਵਰਾ ਹੋਣਾ ਚਾਹੀਦਾ ਹੈ। ਇਸ ਲਈ ਮਾਹਿਰਾਂ ਤੇ ਆਮ ਲੋਕਾਂ ਤੋਂ ਸੁਝਾਅ ਮੰਗੇ ਜਾਣੇ ਚਾਹੀਦੇ ਹਨ। ਪਾਰਟੀ ਨੇ ਕਿਹਾ ਹੈ ਕਿ ਚਰਚਾ ਤੋਂ ਬਿਨਾਂ 'ਸੰਪੂਰਨ ਅਪਰਾਧਕ ਨਿਆਂ ਢਾਂਚੇ ਨੂੰ ਵਹਿ-ਢੇਰੀ ਕਰਨ ਦੇ ਜਾਲ' ਵਿਚ ਫਸਣ ਤੋਂ ਬਚਣ ਦੀ ਲੋੜ ਹੈ। ਇਕ ਬਿਆਨ ਵਿਚ ਪਾਰਟੀ ਦੇ ਜਨਰਲ ਸਕੱਤਰ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਮੋਦੀ ਸਰਕਾਰ ਨੇ 'ਆਪਣੀ ਕਾਲੇ ਜਾਦੂ ਵਾਲੀ ਟੋਪੀ' ਵਿਚੋਂ 11 ਅਗਸਤ ਨੂੰ ਬਿਨਾਂ ਜਨਤਕ ਸਲਾਹ ਜਾਂ ਨਿਆਇਕ ਮਾਹਿਰਾਂ ਤੇ ਹੋਰ ਹਿੱਤਧਾਰਕਾਂ ਦੇ ਸੁਝਾਅ ਲਏ ਬਿਨਾਂ ਇਹ ਬਿੱਲ ਸੰਸਦ ਵਿਚ ਪੇਸ਼ ਕੀਤੇ ਹਨ।

# ਮੰਦਿਰ ਦੀ ਕੰਧ 'ਤੇ ਹਰਦੀਪ ਸਿੰਘ ਨਿੱਝਰ ਦੀ ਤਸਵੀਰ ਵਾਲਾ ਪੋਸਟਰ ਲਾਇਆ

**ਓਟਵਾ:** ਭਾਰਤ ਦੇ ਆਜ਼ਾਦੀ ਦਿਹਾੜੇ ਤੋਂ ਐਨ ਪਹਿਲਾਂ ਕੱਟੜਵਾਦੀ ਅਨਸਰਾਂ ਵੱਲੋਂ ਬ੍ਰਿਟਿਸ਼ ਕੋਲੰਬੀਆ ਦੇ ਮੰਦਿਰ ਨੂੰ ਨੁਕਸਾਨ ਪਹੁੰਚਾਇਆ ਗਿਆ। ਮੰਦਿਰ ਵਿਚ ਖਾਲਿਸਤਾਨ ਰੈਫਰੈਂਡਮ ਦੇ ਪੋਸਟਰ ਵੀ ਲਾਏ ਗਏ। 'ਆਸਟਰੇਲੀਆ ਟੂਡੇ' ਨੇ ਇਕ ਟਵੀਟ ਵਿਚ ਕਿਹਾ ਕਿ ਮੰਦਿਰ ਵਿਚ ਭੰਨ-ਤੋੜ ਦੀ ਘਟਨਾ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਵਾਪਰੀ। ਇਸ ਪੂਰੇ ਮਾਮਲੇ ਦੀ ਵੀਡੀਓ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵਾਇਰਲ ਹੋ ਗਈ ਹੈ।

'ਆਸਟਰੇਲੀਆ ਟੂਡੇ' ਵੱਲੋਂ ਸਾਂਝੀ ਕੀਤੀ ਗਈ ਵੀਡੀਓ ਵਿਚ ਦੋ ਨਕਾਬਪੋਸ਼ ਭੱਜਣ ਤੋਂ ਪਹਿਲਾਂ ਮੰਦਿਰ ਦੀ ਕੰਧ 'ਤੇ ਪੋਸਟਰ ਲਾਉਂਦੇ ਅਤੇ ਤਸਵੀਰਾਂ ਖਿੱਚਦੇ ਨਜ਼ਰ ਆ ਰਹੇ ਹਨ। ਮੰਦਿਰ ਦੇ ਗੇਟ 'ਤੇ ਲਾਏ ਗਏ ਪੋਸਟਰ ਵਿਚ ਹਰਦੀਪ ਸਿੰਘ ਨਿੱਝਰ ਦੀ ਤਸਵੀਰ ਵੀ ਹੈ, ਜਿਸ ਦੀ ਇਸ ਸਾਲ ਜੂਨ ਵਿਚ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਂਜ ਕੈਨੇਡਾ ਦੇ ਮੰਦਿਰ ਨੂੰ ਖਾਲਿਸਤਾਨੀ ਕੱਟੜਵਾਦੀਆਂ ਵੱਲੋਂ ਨਿਸ਼ਾਨਾ ਬਣਾਉਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ।

ਇਸ ਸਾਲ ਅਪਰੈਲ ਵਿਚ ਕੈਨੇਡਾ ਦੇ ਓਂਟਾਰੀਓ ਵਿਚ ਵਿੰਡਸਰ 'ਚ ਬੀ.ਏ.ਪੀ.ਐੱਸ. ਸਵਾਮੀਨਰਾਇਣ ਮੰਦਿਰ 'ਤੇ ਭਾਰਤ ਵਿਰੋਧੀ ਤਸਵੀਰ ਬਣਾਈ ਗਈ ਸੀ। ਇਸ ਤੋਂ ਪਹਿਲਾਂ ਫਰਵਰੀ ਵਿਚ ਕੈਨੇਡਾ ਦੇ ਮਿਸੀਸਾਗਾ ਵਿਚ ਰਾਮ ਮੰਦਿਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਟੋਰਾਂਟੋ ਸਥਿਤ ਭਾਰਤੀ ਕੌਂਸੂਲੇਟ ਜਨਰਲ ਦੇ ਦਫਤਰ ਨੇ ਮੰਦਿਰ 'ਚ ਕੀਤੀ ਭੰਨ-ਤੋੜ ਦੀ ਨਿਖੇਧੀ ਕਰਦਿਆਂ ਕੈਨੇਡੀਅਨ ਅਥਾਰਿਟੀਜ਼ ਨੂੰ ਇਸ ਘਟਨਾ ਦੀ ਜਾਂਚ ਕਰਨ ਤੇ ਸਾਜ਼ਿਸ਼ਘਾੜਿਆਂ ਖ਼ਿਲਾਫ਼ ਸਖਤ ਕਾਰਵਾਈ ਲਈ ਕਿਹਾ ਹੈ।



# ਭਾਰਤ ਨੇ ਅਸਲ ਕੰਟਰੋਲ ਰੇਖਾ 'ਤੇ ਫੌਜ ਦੀ ਤਾਇਨਾਤੀ ਵਧਾਈ

**ਨਵੀਂ ਦਿੱਲੀ:** ਗਲਵਾਨ ਘਾਟੀ 'ਚ ਝੜਪਾਂ ਮਗਰੋਂ ਅਸਲ ਕੰਟਰੋਲ ਰੇਖਾ 'ਤੇ ਤਾਇਨਾਤੀ ਲਈ ਭਾਰਤੀ ਹਵਾਈ ਸੈਨਾ ਨੇ 68 ਹਜ਼ਾਰ ਸੈਨਿਕਾਂ, 90 ਟੈਂਕਾਂ ਅਤੇ ਹੋਰ ਹਥਿਆਰ ਪ੍ਰਣਾਲੀਆਂ ਨੂੰ ਪੂਰਬੀ ਲੱਦਾਖ ਪਹੁੰਚਾਇਆ ਹੈ। ਭਾਰਤ ਅਤੇ ਚੀਨ ਵਿਚਕਾਰ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੇ ਤਣਾਅ ਨੂੰ ਖਤਮ ਕਰਨ ਲਈ ਦੋਵੇਂ ਮੁਲਕਾਂ ਦੀਆਂ ਫੌਜਾਂ ਵਿਚਕਾਰ ਉੱਚ ਪੱਧਰੀ ਵਾਰਤਾ ਦਾ ਅਗਲਾ ਗੇੜ ਸ਼ੁਰੂ ਹੋਇਆ ਹੈ। ਵਾਰਤਾ ਦੌਰਾਨ ਭਾਰਤ ਪੂਰਬੀ ਲੱਦਾਖ ਦੇ ਬਾਕੀ ਰਹਿੰਦੇ ਇਲਾਕਿਆਂ 'ਚੋਂ ਚੀਨੀ ਫੌਜਾਂ ਦੀ ਫੌਰੀ ਵਾਪਸੀ ਲਈ ਦਬਾਅ ਬਣਾਏਗਾ।

ਰੱਖਿਆ ਅਤੇ ਸੁਰੱਖਿਆ ਅਦਾਰਿਆਂ ਦੇ ਸੂਤਰਾਂ ਨੇ ਦੱਸਿਆ ਕਿ ਖਿੱਤੇ 'ਚ ਦੁਸ਼ਮਣ 'ਤੇ 24 ਘੰਟੇ ਨਜ਼ਰ ਰੱਖਣ ਅਤੇ ਖੁਫੀਆ ਜਾਣਕਾਰੀ ਇਕੱਠੀ ਕਰਨ ਲਈ ਹਵਾਈ ਸੈਨਾ ਨੇ ਸੁਖੋਈ 30 ਐਮ.ਕੇ.ਆਈ ਅਤੇ ਜੈਗੁਆਰ ਜੈੱਟ ਵੀ ਤਾਇਨਾਤ ਕੀਤੇ ਹਨ। ਭਾਰਤ ਅਤੇ ਚੀਨ ਦੇ ਫੌਜੀਆਂ ਵਿਚਕਾਰ 15 ਜੂਨ, 2020 ਨੂੰ ਹੋਈਆਂ ਝੜਪਾਂ ਮਗਰੋਂ ਲੜਾਕੂ ਜਹਾਜ਼ਾਂ ਦੀਆਂ ਕਈ ਸਕੁਐਡਰਨਾਂ ਵੀ ਤਾਇਨਾਤ ਕੀਤੀਆਂ ਗਈਆਂ ਹਨ। ਸੂਤਰਾਂ ਨੇ ਕਿਹਾ ਕਿ ਅਸਲ ਕੰਟਰੋਲ ਰੇਖਾ 'ਤੇ ਤਣਾਅ ਵਾਲੇ ਇਲਾਕਿਆਂ 'ਚ ਵਿਸ਼ੇਸ਼ ਅਪਰੇਸ਼ਨ ਤਹਿਤ ਬਹੁਤ ਹੀ ਥੋੜ੍ਹੇ ਵਕਫੇ ਅੰਦਰ ਹਵਾਈ ਸੈਨਾ ਦੇ ਮਾਲਵਾਹਕ ਬੇੜਿਆਂ ਨੇ ਜਵਾਨ ਅਤੇ ਹਥਿਆਰ ਤਾਇਨਾਤ ਕਰ ਦਿੱਤੇ ਸਨ। ਖਿੱਤੇ 'ਚ ਲਗਾਤਾਰ ਵਧ ਰਹੇ ਤਣਾਅ ਨੂੰ ਦੇਖਦਿਆਂ ਹਵਾਈ ਸੈਨਾ ਨੇ ਚੀਨੀ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣ ਲਈ ਵੱਡੀ ਗਿਣਤੀ 'ਚ ਰਿਮੋਟਲੀ ਪਾਇਲੈਟਿਡ ਏਅਰਕ੍ਰਾਫਟ (ਆਰ.ਪੀ.ਏ.) ਵੀ ਤਾਇਨਾਤ ਕੀਤੇ ਹਨ। ਉਥੇ ਕਰੀਬ 330 ਬੀ.ਐਮ.ਪੀ. ਇਨਫੈਂਟਰੀ ਕੰਬੈਟ ਵਹੀਕਲਜ਼, ਰਡਾਰ ਪ੍ਰਣਾਲੀਆਂ, ਤੋਪਾਂ ਅਤੇ ਹੋਰ ਕਈ ਸਾਜ਼-ਸਾਮਾਨ ਵੀ ਪਹੁੰਚਾਏ ਗਏ ਹਨ। ਸੂਤਰਾਂ ਨੇ ਕਿਹਾ ਕਿ ਹਵਾਈ ਸੈਨਾ ਦੇ ਸੀ-130ਜੇ ਸੁਪਰ ਹਰਕੁਲੀਜ਼ ਅਤੇ ਸੀ-17 ਗਲੋਬਮਾਸਟਰ ਸਮੇਤ ਬੇੜੇ ਦੇ ਹੋਰ ਜਹਾਜ਼ਾਂ ਨੇ ਕੁੱਲ 9 ਹਜ਼ਾਰ ਟਨ ਵਜ਼ਨ ਦੀ ਢੋਆ-ਢੁਆਈ ਕੀਤੀ ਜਿਸ ਨਾਲ ਹਵਾਈ ਸੈਨਾ ਦੀ ਰਣਨੀਤਕ ਤੌਰ 'ਤੇ ਏਅਰਲਿਫਟ ਦੀ ਸਮਰੱਥਾ ਵਧੀ ਹੈ। ਝੜਪਾਂ ਤੋਂ ਬਾਅਦ ਰਾਫਾਲ ਅਤੇ ਮਿਗ-29 ਸਮੇਤ ਕਈ ਲੜਾਕੂ ਜੈੱਟ ਪੂਰਬੀ ਲੱਦਾਖ 'ਚ ਤਾਇਨਾਤ ਕੀਤੇ ਗਏ ਸਨ ਜਦਕਿ ਹਵਾਈ ਸੈਨਾ ਦੇ ਵੱਖ ਵੱਖ ਹੈਲੀਕਾਪਟਰਾਂ ਨੇ ਉੱਚੀ ਚੋਟੀਆਂ 'ਤੇ ਬਣੇ ਫੌਜੀ ਅੱਡਿਆਂ 'ਚ ਗੋਲੀ-ਸਿੱਕਾ ਅਤੇ ਹੋਰ ਸਾਮਾਨ ਪਹੁੰਚਾਇਆ।



# ਰਾਸ਼ਟਰਪਤੀ ਦੇ ਦਸਤਖ਼ਤ ਮਗਰੋਂ ਦਿੱਲੀ ਸੇਵਾਵਾਂ ਬਿੱਲ ਬਣਿਆ ਕਾਨੂੰਨ

**ਨਵੀਂ ਦਿੱਲੀ:** ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਦਸਤਖ਼ਤ ਮਗਰੋਂ ਦਿੱਲੀ ਸੇਵਾਵਾਂ ਬਾਰੇ ਬਿੱਲ ਕਾਨੂੰਨ ਬਣ ਗਿਆ ਹੈ। ਇਸ ਸਬੰਧੀ ਭਾਰਤ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਹਫਤੇ ਦੇ ਸ਼ੁਰੂ ਵਿਚ ਸੰਸਦ ਨੇ ਇਹ ਬਿੱਲ ਪਾਸ ਕਰ ਦਿੱਤਾ ਸੀ। ਰਾਜ ਸਭਾ ਵਿਚ ਇਸ ਬਿੱਲ 'ਤੇ ਜ਼ੋਰਦਾਰ ਬਹਿਸ ਹੋਈ ਸੀ ਅਤੇ ਵੋਟਿੰਗ ਦੇ ਆਧਾਰ 'ਤੇ ਬਿੱਲ ਨੂੰ ਪਾਸ ਕਰ ਦਿੱਤਾ ਗਿਆ ਸੀ। ਦਿੱਲੀ ਵਿਚ 'ਆਪ' ਦੀ ਸਰਕਾਰ ਇਸ ਬਿੱਲ ਦਾ ਵਿਰੋਧ ਕਰ ਰਹੀ ਹੈ ਕਿਉਂਕਿ 'ਆਪ' ਸਰਕਾਰ ਦਾ ਮੰਨਣਾ ਹੈ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਵਜੂਦ ਆਰਡੀਨੈਂਸ ਮਗਰੋਂ ਹੁਣ ਬਿੱਲ ਪਾਸ ਕਰਾ ਲਿਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਿੱਲ ਰਾਹੀਂ ਦਿੱਲੀ ਦੀ ਚੁਣੀ ਹੋਈ ਸਰਕਾਰ ਹੱਥੋਂ ਅਧਿਕਾਰ ਖੋਹ ਕੇ ਕੇਂਦਰ ਆਪਣੇ ਹੱਥਾਂ ਵਿਚ ਲੈ ਰਿਹਾ ਹੈ। ਬਿੱਲ ਦੇ ਕਾਨੂੰਨ ਬਣਨ ਨਾਲ ਅਫਸਰਾਂ ਦੀਆਂ ਨਿਯੁਕਤੀਆਂ, ਤਬਾਦਲੇ ਅਤੇ ਤਰੱਕੀਆਂ ਦਾ ਅਧਿਕਾਰ ਉਪ ਰਾਜਪਾਲ ਕੋਲ ਹੋਵੇਗਾ। ਇਸ ਤੋਂ ਇਲਾਵਾ ਹੁਣ ਵਿਜੀਲੈਂਸ ਸਕੱਤਰ ਵੀ ਸਰਕਾਰ ਪ੍ਰਤੀ ਜਵਾਬਦੇਹ ਨਹੀਂ ਹੋਣਗੇ। ਦਿੱਲੀ ਸੇਵਾਵਾਂ ਕਾਨੂੰਨ ਸਣੇ ਰਾਸ਼ਟਰਪਤੀ ਨੇ ਸੱਤ ਕਾਨੂੰਨਾਂ ਉਤੇ ਸਹੀ ਪਾਈ ਹੈ। ਇਨ੍ਹਾਂ ਵਿਚ ਜਨ ਵਿਸ਼ਵਾਸ (ਸੋਧ) ਐਕਟ, ਨਿੱਜੀ ਡੇਟਾ ਪ੍ਰੋਟੈਕਸ਼ਨ ਐਕਟ, ਜਨਮ ਤੇ ਮੌਤ (ਸੋਧ) ਐਕਟ, ਆਈ.ਆਈ.ਐਮ. ਸੋਧ ਐਕਟ ਤੇ ਡੈਂਟਲ ਕਮਿਸ਼ਨ ਐਕਟ ਸ਼ਾਮਲ ਹਨ।

# ਮਨੀਪੁਰ ਵਿਚ ਹੋ ਰਹੀ ਹਿੰਸਾ ਵਿਰੁੱਧ ਪੰਜਾਬ ਵਿਚ ਰੋਹ ਭਖਿਆ

**ਚੰਡੀਗੜ੍ਹ:** ਪੰਜਾਬ ਵਿਚ ਇਸਾਈ ਜਥੇਬੰਦੀਆਂ ਵੱਲੋਂ ਮਨੀਪੁਰ ਵਿਚ ਪਿਛਲੇ ਸਵਾ ਤਿੰਨ ਮਹੀਨਿਆਂ ਤੋਂ ਚੱਲ ਰਹੀ ਜਾਤੀ ਹਿੰਸਾ ਦੇ ਰੋਸ ਵਜੋਂ ਬੰਦ ਦੇ ਦਿੱਤੇ ਸੱਦੇ ਦੌਰਾਨ ਮੋਗਾ ਸਮੇਤ ਕਈ ਥਾਈਂ ਹਿੰਸਾ ਦੀਆਂ ਮਾਮੂਲੀ ਘਟਨਾਵਾਂ ਵਾਪਰੀਆਂ। ਮੋਗਾ ਜ਼ਿਲ੍ਹੇ ਦੇ ਕੋਟ ਈਸੇ ਖਾਂ ਵਿਚ ਦੁਕਾਨ ਬੰਦ ਕਰਾਉਣ ਨੂੰ ਲੈ ਕੇ ਚੱਲੀ ਗੋਲੀ ਨਾਲ ਇਕ ਵਿਅਕਤੀ ਜ਼ਖ਼ਮੀ ਹੋ ਗਿਆ ਜਿਸ ਕਰ ਕੇ ਕਸਬੇ ਵਿਚ ਸਥਿਤੀ ਤਣਾਅਪੂਰਨ ਬਣ ਗਈ। ਪੁਲਿਸ ਹੈੱਡਕੁਆਰਟਰ ਵੱਲੋਂ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਸੂਬੇ ਦੇ ਜ਼ਿਆਦਾਤਰ ਹਿੱਸੇ ਵਿਚ ਬੰਦ ਨੂੰ ਰਲਿਆ-ਮਿਲਿਆ ਹੁੰਗਾਰਾ ਮਿਲਿਆ। ਦੋਆਬੇ ਤੇ ਮਾਝੇ ਦੇ ਜ਼ਿਆਦਾਤਰ ਹਿੱਸਿਆਂ ਵਿਚ ਬੰਦ ਦਾ ਅਸਰ ਜ਼ਿਆਦਾ ਰਿਹਾ ਜਦੋਂਕਿ ਮਾਲਵੇ ਵਿਚ ਜ਼ਿਆਦਾ ਅਸਰ ਦੇਖਣ ਨੂੰ ਨਹੀਂ ਮਿਲਿਆ। ਪੰਜਾਬ ਵਿਚ ਜਿਨ੍ਹਾਂ ਥਾਵਾਂ 'ਤੇ ਇਸਾਈ ਭਾਈਚਾਰੇ ਦੇ ਲੋਕਾਂ ਦੀ ਆਬਾਦੀ ਜ਼ਿਆਦਾ ਹੈ, ਉਨ੍ਹਾਂ ਥਾਵਾਂ 'ਤੇ ਬੰਦ ਦਾ ਅਸਰ ਜ਼ਿਆਦਾ ਦੇਖਣ ਨੂੰ ਮਿਲਿਆ। ਬੰਦ ਦੇ ਮੱਦੇਨਜ਼ਰ ਜ਼ਿਆਦਾਤਰ ਸ਼ਹਿਰਾਂ ਵਿਚ ਵਿੱਦਿਅਕ ਸੰਸਥਾਵਾਂ ਨੂੰ ਇਹਤਿਆਤ ਵਜੋਂ ਪਹਿਲਾਂ ਹੀ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਇਸਾਈ ਜਥੇਬੰਦੀਆਂ ਨੇ ਸ਼ਹਿਰਾਂ ਅਤੇ ਕਸਬਿਆਂ 'ਚ ਕੇਂਦਰ ਸਰਕਾਰ ਦੇ ਖਿਲਾਫ਼ ਪ੍ਰਦਰਸ਼ਨ ਅਤੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਮਈ ਮਹੀਨੇ ਤੋਂ ਚੱਲ ਰਹੀ ਹਿੰਸਾ ਨੂੰ ਰਾਜ ਤੇ ਮੋਦੀ ਸਰਕਾਰ ਮੂਕ ਦਰਸ਼ਕ ਬਣ ਕੇ ਦੇਖ ਰਹੀਆਂ ਹਨ। ਪ੍ਰਦਰਸ਼ਨਕਾਰੀਆਂ ਨੇ ਮਨੀਪੁਰ ਵਿਚ ਅਮਨ ਬਹਾਲੀ ਦੀ ਮੰਗ ਕਰਦਿਆਂ ਹਿੰਸਾ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਪ੍ਰਾਪਤ ਰਿਪੋਰਟਾਂ ਮੁਤਾਬਕ ਜਲੰਧਰ ਜ਼ਿਲ੍ਹਾ ਪੂਰਨ ਤੌਰ 'ਤੇ ਬੰਦ ਰਿਹਾ। ਇਸਾਈ ਭਾਈਚਾਰੇ ਨਾਲ ਸਬੰਧਤ ਅਤੇ ਸਹਿਯੋਗੀ ਸੰਗਠਨਾਂ ਵਲੋਂ ਪੀ.ਏ.ਪੀ ਚੌਕ, ਅੰਬੇਡਕਰ ਚੌਕ, ਭਗਵਾਨ ਵਾਲਮੀਕਿ ਚੌਕ, ਰਵਿਦਾਸ ਚੌਕ, ਕਪੂਰਥਲਾ ਚੌਕ, ਰਾਮਾਮੰਡੀ ਚੌਕ ਸਮੇਤ ਹੋਰ ਚੌਕਾਂ ਵਿਚ ਧਰਨਾ ਦੇ ਕੇ ਆਵਾਜਾਈ ਠੱਪ ਕੀਤੀ ਗਈ ਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।



## ਮਨੀਪੁਰ ਸਰਕਾਰ ਮੋਬਾਈਲ ਇੰਟਰਨੈੱਟ ਸੇਵਾਵਾਂ ਦੀ ਬਹਾਲੀ ਲਈ ਢੁਕਵਾਂ ਹੱਲ ਲੱਭੇ: ਹਾਈ ਕੋਰਟ

**ਇੰਫਾਲ:** ਮਨੀਪੁਰ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਮੋਬਾਈਲ ਇੰਟਰਨੈੱਟ ਸੇਵਾਵਾਂ ਦੀ ਬਹਾਲੀ ਲਈ ਢੁਕਵਾਂ ਹੱਲ ਲੱਭਣ ਲਈ ਕਿਹਾ ਹੈ। ਅਦਾਲਤ ਸੂਬੇ ਵਿਚ ਮੋਬਾਈਲ ਇੰਟਰਨੈੱਟ ਸੇਵਾਵਾਂ ਬਹਾਲ ਕਰਨ ਦੀ ਮੰਗ ਨਾਲ ਜੁੜੀਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਹੈ। ਸੂਬੇ ਵਿਚ 3 ਮਈ ਨੂੰ ਹਿੰਸਾ ਭੜਕਣ ਮਗਰੋਂ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਸਨ। ਹਾਈ ਕੋਰਟ 31 ਅਗਸਤ ਨੂੰ ਮੁੜ ਇਸ ਮਾਮਲੇ 'ਤੇ ਸੁਣਵਾਈ ਕਰੇਗਾ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਗੀ ਬੀਬੀਆਂ ਨੇ ਸੁਖਬੀਰ ਦੀਆਂ ਮੁਸ਼ਕਿਲਾਂ ਵਧਾਈਆਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਨਵੀਂ ਪ੍ਰਧਾਨ ਲਾਏ ਜਾਣ ਤੋਂ ਬਾਅਦ ਟਕਸਾਲੀ ਮਹਿਲਾ ਆਗੂਆਂ ਵੱਲੋਂ ਵਿਰੋਧ ਕੀਤੇ ਜਾਣ ਕਾਰਨ ਪਾਰਟੀ 'ਚ ਪੈਦਾ ਹੋਈਆਂ ਬਗਾਵਤੀ ਸੁਰਾਂ ਨੂੰ ਮੱਠਾ ਕਰਨ ਲਈ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਮੈਦਾਨ ਵਿਚ ਆ ਗਏ ਹਨ। ਸ੍ਰੀ ਬਾਦਲ ਨੇ ਇੱਥੇ ਪਾਰਟੀ ਦੇ ਮਹਿਲਾ ਵਿੰਗ ਨਾਲ ਸਬੰਧਤ ਮੋਹਰੀ ਦਰਜਨ ਤੋਂ ਵੱਧ ਮਹਿਲਾ ਆਗੂਆਂ ਨਾਲ ਮੀਟਿੰਗ ਕੀਤੀ।

ਸੂਤਰਾਂ ਦਾ ਦੱਸਣਾ ਹੈ ਕਿ ਸੁਖਬੀਰ ਬਾਦਲ ਨੂੰ 'ਬਾਗੀ ਬੀਬੀਆਂ' ਦੇ ਸਖ਼ਤ ਰੁਖ਼ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਬੀਬੀਆਂ ਨੇ ਆਂਗਨਵਾੜੀ ਯੂਨੀਅਨ ਦੀ ਆਗੂ ਹਰਗੋਬਿੰਦ ਕੌਰ ਨੂੰ ਵਿੰਗ ਦੀ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਤਿੱਖਾ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਇਸ ਫੈਸਲੇ ਤੋਂ ਸਪੱਸ਼ਟ ਹੁੰਦਾ ਹੈ ਕਿ ਪਾਰਟੀ ਅੰਦਰ ਜਮਹੂਰੀਅਤ ਨਹੀਂ ਰਹੀ। ਬੀਬੀਆਂ ਨੇ ਕਿਹਾ ਕਿ ਮਹਿਲਾ ਵਿੰਗ ਦੀ ਪ੍ਰਧਾਨ ਨਿਯੁਕਤ ਕੀਤੀ ਜਾ ਰਹੀ ਹੈ ਤੇ ਵਿੰਗ ਦੀ ਕਿਸੇ ਵੀ ਮਹਿਲਾ ਨਾਲ ਸਲਾਹ ਮਸ਼ਵਰਾ ਤਾਂ ਦੂਰ ਦੀ ਗੱਲ ਭਿਣਕ ਤੱਕ ਨਹੀਂ ਪੈਣ ਦਿੱਤੀ। ਸੂਤਰਾਂ ਦਾ ਦੱਸਣਾ ਹੈ ਕਿ ਸੁਖਬੀਰ ਬਾਦਲ ਨਾਲ ਹੋਈ ਇਸ ਮੀਟਿੰਗ ਦੌਰਾਨ ਮਹਿਲਾ ਵਿੰਗ ਦੀਆਂ ਬੀਬੀਆਂ ਨੇ ਇੱਥੋਂ ਤੱਕ ਕਿਹਾ ਕਿ ਜੇਕਰ ਹਰਗੋਬਿੰਦ ਕੌਰ ਨੂੰ ਤੁਰਤ ਪ੍ਰਧਾਨਗੀ ਤੋਂ ਲਾਹਿਆ ਨਹੀਂ ਜਾਂਦਾ ਤਾਂ ਪਾਰਟੀ ਨੂੰ ਇਸ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ। ਸ੍ਰੀ ਬਾਦਲ ਨੇ ਬਾਗੀ ਬੀਬੀਆਂ ਦੀ ਗੱਲ ਸੁਣਨ ਤੋਂ ਬਾਅਦ ਮਾਮਲੇ 'ਤੇ ਵਿਚਾਰ ਕਰਨ ਲਈ ਸਮਾਂ ਮੰਗਿਆ ਹੈ ਤੇ ਇਹ ਮੰਨਿਆ ਕਿ ਨਿਯੁਕਤੀ ਸਮੇਂ ਭਰੋਸੇ 'ਚ ਲਿਆ ਜਾਣਾ ਚਾਹੀਦਾ ਸੀ। ਬੀਬੀਆਂ ਦੇ ਬਾਗੀ ਧੜੇ ਦੀ ਆਗੂ ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਪਾਰਟੀ ਪ੍ਰਧਾਨ ਦੇ ਭਰੋਸੇ ਤੋਂ ਬਾਅਦ 'ਬਾਗੀ ਸਰਗਰਮੀਆਂ' ਦਸ ਕੁ ਦਿਨਾਂ ਲਈ ਮੁਲਤਵੀ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਦਸ ਦਿਨਾਂ ਦੇ ਅੰਦਰ-ਅੰਦਰ ਇਸ ਮਾਮਲੇ ਦਾ ਕੋਈ ਹੱਲ ਨਾ ਕੱਢਿਆ ਤੇ ਪ੍ਰਧਾਨਗੀ ਦਾ ਫੈਸਲਾ ਨਾ ਬਦਲਿਆ ਤਾਂ ਬੀਬੀਆਂ ਦਾ ਧੜਾ ਆਪਣਾ ਆਖਰੀ ਫੈਸਲਾ ਲੈਣ ਲਈ ਮਜਬੂਰ ਹੋਵੇਗਾ।

ਸ਼੍ਰੋਮਣੀ ਅਕਾਲੀ ਦਲ ਦੀਆਂ ਮਹਿਲਾ ਆਗੂਆਂ ਨੇ ਪਿਛਲੇ ਤਿੰਨ ਹਫਤਿਆਂ ਤੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਝੰਡਾ ਚੁੱਕਿਆ ਹੋਇਆ ਹੈ ਤੇ 4 ਦਰਜਨ ਤੋਂ ਵੱਧ ਮਹਿਲਾ ਆਗੂ ਪਾਰਟੀ ਤੋਂ ਅਸਤੀਫ਼ੇ ਵੀ ਦੇ ਚੁੱਕੀਆਂ ਹਨ। ਫਿਲਹਾਲ ਮਹਿਲਾ ਵਿੰਗ ਦੀ ਪ੍ਰਧਾਨਗੀ ਦੇ ਮਾਮਲੇ ਦਾ ਕੋਈ ਸਿੱਟਾ ਨਹੀਂ ਨਿਕਲਿਆ।

# ਕੈਨੇਡਿਆਈ ਕਾਲਜ ਵੱਲੋਂ 500 ਵਿਦਿਆਰਥੀਆਂ ਦਾ ਦਾਖਲਾ ਰੱਦ

**ਟੋਰਾਂਟੋ:** ਕੈਨੇਡਾ ਦੇ ਓਂਟਾਰੀਓ ਸ਼ਹਿਰ ਦੇ ਇਕ ਕਾਲਜ ਨੇ ਪੜ੍ਹਾਈ ਸ਼ੁਰੂ ਹੋਣ ਤੋਂ ਇਕ ਮਹੀਨਾ ਪਹਿਲਾਂ ਘੱਟੋ-ਘੱਟ 500 ਕੌਮਾਂਤਰੀ ਵਿਦਿਆਰਥੀਆਂ ਦਾ ਦਾਖਲਾ ਰੱਦ ਕਰ ਦਿੱਤਾ ਹੈ। ਸੀ.ਬੀ.ਸੀ. ਨਿਊਜ ਦੀ ਖ਼ਬਰ ਮੁਤਾਬਕ ਇਨ੍ਹਾਂ 'ਚੋਂ ਕੁਝ ਵਿਦਿਆਰਥੀ ਪਹਿਲਾਂ ਹੀ ਕੈਨੇਡਾ ਪੁੱਜ ਚੁੱਕੇ ਸਨ, ਜਿਸ ਦੌਰਾਨ ਉਨ੍ਹਾਂ ਨੂੰ ਦਾਖਲਾ ਰੱਦ ਹੋਣ ਬਾਰੇ ਪਤਾ ਲੱਗਾ। ਖ਼ਬਰ ਮੁਤਾਬਕ ਲਗਭਗ 500 ਵਿਦਿਆਰਥੀਆਂ ਨੂੰ ਨੌਰਦਰਨ ਕਾਲਜ ਵੱਲੋਂ ਉਨ੍ਹਾਂ ਦਾ ਦਾਖਲਾ ਰੱਦ ਹੋਣ ਬਾਰੇ ਈ-ਮੇਲ ਕੀਤੀ ਗਈ ਹੈ। ਇਸ ਸਬੰਧੀ ਨੌਰਦਰਨ ਕਾਲਜ ਨੇ ਕਿਹਾ ਕਿ ਕੈਨੇਡਾ ਵੱਲੋਂ ਉਮੀਦ ਨਾਲੋਂ ਵੱਧ ਕੌਮਾਂਤਰੀ ਵਿਦਿਆਰਥੀਆਂ ਨੂੰ ਵੀਜ਼ੇ ਦੇਣ ਕਾਰਨ ਇਹ ਦਿੱਕਤ ਆਈ ਹੈ।

# ਪੰਜਾਬ ਵੱਲੋਂ ਸੋਲਰ ਊਰਜਾ ਵੱਲ ਵੱਡਾ ਕਦਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਜ਼ਾਦੀ ਦਿਹਾੜੇ 'ਤੇ ਸੂਰਜੀ ਊਰਜਾ ਦਾ ਸਭ ਤੋਂ ਵੱਡਾ ਬਿਜਲੀ ਸਮਝੌਤਾ ਕੀਤਾ ਹੈ। ਇਸ ਦੀ ਬਿਜਲੀ ਖਰੀਦ ਦਰ ਕਾਫੀ ਘੱਟ ਦੱਸੀ ਜਾ ਰਹੀ ਹੈ। 1200 ਮੈਗਾਵਾਟ ਦੇ ਇਸ ਸਮਝੌਤੇ ਦੀ ਮਿਆਦ 25 ਸਾਲਾਂ ਦੀ ਹੋਵੇਗੀ।

ਇਸ ਤੋਂ ਪਹਿਲਾਂ ਸੂਰਜੀ ਊਰਜਾ ਦਾ ਸਭ ਤੋਂ ਵੱਡਾ ਬਿਜਲੀ ਖ਼ਰੀਦ ਸਮਝੌਤਾ 500 ਮੈਗਾਵਾਟ ਦਾ ਸੀ ਜੋ ਕਿ 26 ਜੂਨ 2023 ਨੂੰ ਹੋਇਆ ਸੀ। ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ 'ਚ ਸਤਲੁਜ ਜਲ ਬਿਜਲੀ ਨਿਗਮ ਗਰੀਨ ਐਨਰਜੀ ਲਿਮਟਿਡ ਜੋ ਕਿ ਭਾਰਤ ਸਰਕਾਰ ਦੀ ਕੰਪਨੀ ਹੈ, ਨਾਲ ਪਾਵਰਕੌਮ ਨੇ ਸੰਗਰੂਰ 'ਚ ਬਿਜਲੀ ਖ਼ਰੀਦ ਸਮਝੌਤੇ 'ਤੇ ਦਸਤਖ਼ਤ ਕੀਤੇ। ਪਾਵਰਕੌਮ ਨੇ ਸੂਰਜੀ ਊਰਜਾ ਖ਼ਰੀਦ ਵਾਸਤੇ ਗਲੋਬਲ ਟੈਂਡਰ ਜਾਰੀ ਕੀਤੇ ਸਨ। ਗਰੀਨ ਐਨਰਜੀ ਲਿਮਿਟਡ ਵੱਲੋਂ ਬੀਕਾਨੇਰ ਅਤੇ ਭੁਜ ਸਥਿਤ ਪ੍ਰੋਜੈਕਟਾਂ ਤੋਂ ਪੰਜਾਬ ਨੂੰ 2.53 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਨਾਂ ਕਿਸੇ ਸਾਲਾਨਾ ਵਾਧੇ ਤੋਂ 25 ਸਾਲਾਂ ਲਈ ਬਿਜਲੀ ਦਿੱਤੀ ਜਾਵੇਗੀ। ਇਸੇ ਦੌਰਾਨ ਪਾਵਰਕੌਮ ਵੱਲੋਂ ਗਰੀਨ ਐਨਰਜੀ ਲਿਮਿਟਡ ਨੂੰ ਕੋਈ ਟਰਾਂਸਮਿਸ਼ਨ ਚਾਰਜ ਅਤੇ ਟਰਾਂਸਮਿਸ਼ਨ ਲੌਸ ਵੀ ਨਹੀਂ ਦਿੱਤਾ ਜਾਵੇਗਾ। ਗਰੀਨ ਐਨਰਜੀ ਵੱਲੋਂ ਡੇਢ ਸਾਲ ਵਿਚ ਆਪਣੇ ਪ੍ਰੋਜੈਕਟ ਚਾਲੂ ਕੀਤੇ ਜਾਣਗੇ ਅਤੇ ਕਰੀਬ 83 ਲੱਖ ਯੂਨਿਟ ਰੋਜ਼ਾਨਾ ਪੈਦਾ ਹੋਵੇਗੀ। ਮਾਹਿਰਾਂ ਦਾ ਕਹਿਣਾ ਹੈ ਕਿ ਦੋਵੇਂ ਪ੍ਰਾਜੈਕਟਾਂ 'ਚ ਛੇ ਪੈਸੇ ਅਤੇ ਚਾਰ ਪੈਸੇ ਦੀ ਕਟੌਤੀ ਨਾਲ ਪਾਵਰਕੌਮ ਨੂੰ 25 ਸਾਲਾਂ ਅੰਦਰ 431 ਕਰੋੜ ਰੁਪਏ ਦੀ ਬੱਚਤ ਹੋਵੇਗੀ।

# ਕੱਟੜਪੰਥੀਆਂ ਨਾਲ ਨਜਿੱਠਣ ਲਈ ਨਵਾਂ ਫੰਡ ਕਾਇਮ ਕੀਤਾ

**ਨਵੀਂ ਦਿੱਲੀ:** ਬਰਤਾਨੀਆ ਦੇ ਰੱਖਿਆ ਮੰਤਰੀ ਟੌਮ ਟੀ. ਨੇ 'ਖਾਲਿਸਤਾਨ ਪੱਖੀ ਕੱਟੜਪੰਥੀਆਂ' ਨਾਲ ਨਜਿੱਠਣ ਲਈ ਆਪਣੇ ਦੇਸ ਦੀ ਸਮਰੱਥਾ ਵਧਾਉਣ ਲਈ 95000 ਪੌਂਡ (ਕਰੀਬ ਇਕ ਕਰੋੜ ਰੁਪਏ) ਦੇ ਨਵੇਂ ਫੰਡ ਦਾ ਐਲਾਨ ਕੀਤਾ ਹੈ। ਬਰਤਾਨਵੀ ਹਾਈ ਕਮਿਸ਼ਨ ਨੇ ਮੰਤਰੀ ਦੇ ਤਿੰਨ ਦਿਨਾਂ ਭਾਰਤ ਦੌਰੇ ਦੇ ਮੌਕੇ ਉਤੇ ਬਿਆਨ 'ਚ ਇਹ ਜਾਣਕਾਰੀ ਦਿੱਤੀ ਹੈ। ਯੂਕੇ ਵਿਚ ਖਾਲਿਸਤਾਨ ਪੱਖੀਆਂ ਦੀਆਂ ਗਤੀਵਿਧੀਆਂ ਵਿਚ ਵਾਧੇ ਕਾਰਨ ਭਾਰਤ ਵਿਚ ਵਧ ਰਹੀਆਂ ਚਿੰਤਾਵਾਂ ਦੇ ਮੱਦੇਨਜ਼ਰ ਨਵੇਂ ਫੰਡ ਦਾ ਐਲਾਨ ਕੀਤਾ ਗਿਆ ਹੈ।

# ਚੋਣ ਕਮਿਸ਼ਨਰਾਂ ਦੀ ਨਿਯੁਕਤੀ ਬਾਰੇ ਨਵੇਂ ਬਿੱਲ ਪਿੱਛੋਂ ਵਿਰੋਧੀ ਧਿਰਾਂ 'ਚ ਹਲਚਲ

**ਨਵੀਂ ਦਿੱਲੀ:** ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰ (ਨਿਯੁਕਤੀ, ਸੇਵਾ ਸ਼ਰਤਾਂ ਅਤੇ ਅਹੁਦੇ ਦੀ ਮਿਆਦ) ਬਿਲ, 2023 ਨੇ ਵਿਰੋਧੀ ਪਾਰਟੀਆਂ ਵਿਚ ਹਲਚਲ ਪੈਦਾ ਕਰ ਦਿੱਤੀ ਹੈ ਅਤੇ ਉਨ੍ਹਾਂ ਨੇ ਸਰਕਾਰ 'ਤੇ ਇਸ ਬਿਲ ਰਾਹੀਂ ਸਿਖਰਲੀ ਅਦਾਲਤ ਦੇ ਹੁਕਮਾਂ ਨੂੰ 'ਕਮਜ਼ੋਰ ਕਰਨ ਅਤੇ ਉਲਟਾਉਣ' ਦਾ ਦੋਸ਼ ਲਾਇਆ ਹੈ।

ਕੇਂਦਰ ਸਰਕਾਰ ਨੇ ਰਾਜ ਸਭਾ ਵਿਚ ਬਿਲ ਪੇਸ਼ ਕੀਤਾ ਹੈ ਜਿਸ ਤਹਿਤ ਪ੍ਰਸਤਾਵਿਤ ਇਸ ਕਮੇਟੀ ਵਿਚ ਚੀਫ ਜਸਟਿਸ ਨੂੰ ਨਹੀਂ ਲਿਆ ਜਾਵੇਗਾ। ਕਮੇਟੀ ਵਿਚ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦਾ ਆਗੂ ਤੇ ਇਕ ਕੇਂਦਰੀ ਕੈਬਨਿਟ ਮੰਤਰੀ ਸ਼ਾਮਲ ਹੋਣਗੇ। ਕੇਂਦਰ ਦਾ ਦਾਅਵਾ ਹੈ ਕਿ ਇਹ ਬਿਲ ਸੁਪਰੀਮ ਕੋਰਟ ਦੇ ਹੁਕਮ ਦੀ ਸੇਧ ਵਿਚ ਹੀ ਹੈ ਜਿਸ ਤਹਿਤ ਸਰਬਉੱਚ ਅਦਾਲਤ ਨੇ ਸੰਸਦ ਨੂੰ ਇਸ ਸਬੰਧ ਵਿਚ ਕਾਨੂੰਨ ਬਣਾਉਣ ਦੀ ਹਦਾਇਤ ਦਿੱਤੀ ਸੀ। ਅਦਾਲਤ ਨੇ ਆਪਣੇ ਹੁਕਮਾਂ ਵਿਚ ਕਿਹਾ ਸੀ ਕਿ ਜਦੋਂ ਤੱਕ ਕਾਨੂੰਨ ਨਹੀਂ ਬਣ ਜਾਂਦਾ, ਉਦੋਂ ਤੱਕ ਉਸ ਵੱਲੋਂ ਤਜਵੀਜ਼ਤ ਕਮੇਟੀ ਕੰਮ ਕਰੇਗੀ।

ਇਸ ਸਾਲ ਦੇ ਅਖੀਰ ਵਿਚ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਤਿਲੰਗਾਨਾ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਅਤੇ ਨੌਂ ਮਹੀਨੇ ਬਾਅਦ ਹੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਬਿਲ ਜ਼ਾਹਰਾ ਤੌਰ 'ਤੇ ਸਰਕਾਰ ਦੀ ਚੋਣ ਕਮਿਸ਼ਨ ਦੇ ਸਿਖਰਲੇ ਅਧਿਕਾਰੀਆਂ ਦੀ ਨਿਯੁਕਤੀ ਉੱਤੇ ਆਪਣਾ ਦਬਦਬਾ ਬਣਾਈ ਰੱਖਣ ਦੀ ਕੋਸ਼ਿਸ਼ ਹੈ। ਬਿਲ ਮੁਤਾਬਕ ਕਮੇਟੀ ਦੇ ਤਿੰਨ ਮੈਂਬਰਾਂ ਵਿਚੋਂ ਦੋ ਕੇਂਦਰ ਸਰਕਾਰ ਵੱਲੋਂ ਹੋਣਗੇ ਜਿਸ ਨਾਲ ਸਰਕਾਰ ਨੂੰ ਨਾਜਾਇਜ਼ ਫਾਇਦਾ ਹੋਵੇਗਾ।

# ਬਸਪਾ ਵੱਲੋਂ ਆਪਣੇ ਦਮ 'ਤੇ ਲੜਨ ਦਾ ਐਲਾਨ

**ਲਖਨਊ:** ਬਹੁਜਨ ਸਮਾਜ ਪਾਰਟੀ (ਬਸਪਾ) ਸੁਪਰੀਮੋ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਇੱਥੇ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਆਪਣੇ ਦਮ 'ਤੇ ਲੜਨ ਦਾ ਦਾਅਵਾ ਕੀਤਾ। ਉਨ੍ਹਾਂ ਮੱਧ ਪ੍ਰਦੇਸ਼ ਵਿਚ ਭਾਜਪਾ ਅਤੇ ਕਾਂਗਰਸ ਦੀ ਸਿਆਸੀ ਦੂਸ਼ਣਬਾਜ਼ੀ ਅਤੇ ਮੋੜਵੇਂ ਦੋਸ਼ਾਂ ਦੀ ਸਿਆਸਤ ਕਰਨ ਲਈ ਨਿਖੇਧੀ ਕੀਤੀ। ਮਾਇਆਵਤੀ ਨੇ ਕਿਹਾ ਕਿ ਦੋਵਾਂ ਪਾਰਟੀਆਂ ਨੂੰ ਭਖਦੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਮਾਇਆਵਤੀ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਇੰਦੌਰ ਪੁਲਿਸ ਨੇ ਕਿਹਾ ਕਿ ਉਸ ਨੇ ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਲਾਉਣ 'ਤੇ ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਸਮੇਤ ਮੱਧ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕਮਲ ਨਾਥ ਅਤੇ ਸਾਬਕਾ ਕੇਂਦਰੀ ਮੰਤਰੀ ਅਰੁਣ ਯਾਦਵ ਦੇ 'ਐਕਸ' ਅਕਾਊਂਟ ਹੈਂਡਲਰਾਂ ਖਿਲਾਫ ਐੱਫ.ਆਈ.ਆਰ. ਦਰਜ ਕੀਤੀ ਹੈ।

# ਭਾਜਪਾ ਨੇ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਆਪ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਸੂਬੇ ਦੀ ਨਿੱਘਰ ਰਹੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਗੈਂਗਸਟਰਾਂ ਤੇ ਬਦਮਾਸ਼ਾਂ ਦੇ ਡਰ ਕਾਰਨ ਆਮ ਲੋਕਾਂ ਦੀ ਜਾਨ 'ਤੇ ਖਤਰਾ ਬਣਿਆ ਹੋਇਆ ਹੈ। ਇਥੇ ਪਾਰਟੀ ਦਫਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਇਸ਼ਤਿਹਾਰਬਾਜ਼ੀ ਅਤੇ ਫੋਕੀ ਵਾਹ-ਵਾਹ ਰਾਹੀਂ ਭੱਲ ਬਨਾਉਣ 'ਤੇ ਲੱਗੀ ਹੋਈ ਹੈ ਜਦੋਂ ਕਿ ਸੂਬੇ ਦੀ ਅਸਲ ਸਥਿਤੀ ਹੋਰ ਹੈ।

ਸ੍ਰੀ ਜਾਖੜ ਨੇ ਬਠਿੰਡਾ ਜ਼ਿਲ੍ਹੇ ਦੇ ਮੌੜ ਮੰਡੀ ਦੀ ਘਟਨਾ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਪਹਿਲਾਂ ਤਾਂ ਵੱਡੇ ਕਾਰੋਬਾਰੀਆਂ ਜਾਂ ਅਧਿਕਾਰੀਆਂ ਨੂੰ ਫੋਨ ਕਰਕੇ ਫਿਰੌਤੀ ਲਈ ਧਮਕੀਆਂ ਮਿਲਦੀਆਂ ਸਨ, ਪਰ ਹੁਣ ਮੌੜ ਮੰਡੀ ਦੇ ਇਕ ਛੋਟੇ ਜਿਹੇ ਪਿੰਡ ਦੇ ਸਰਪੰਚ ਤੋਂ 50 ਲੱਖ ਰੁਪਏ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਦੋਂ ਸਰਪੰਚ ਨੇ ਥਾਣੇ ਪਹੁੰਚ ਕੇ ਇਸ ਸਬੰਧੀ ਜਾਣਕਾਰੀ ਦਿੱਤੀ ਤਾਂ ਉਸ ਨੂੰ ਦੁਬਾਰਾ ਫ਼ੋਨ ਆਇਆ ਕਿ ਇਨਕਾਰ ਕਰਨ ਦੇ ਬਾਵਜੂਦ ਤੁਸੀਂ ਸੂਚਨਾ ਪੁਲਿਸ ਅਤੇ ਸੀ.ਆਈ.ਏ. ਸਟਾਫ ਨੂੰ ਦੇ ਦਿੱਤੀ ਹੈ, ਹੁਣ ਤੁਸੀਂ ਅਤੇ ਤੁਹਾਡੇ ਪਰਿਵਾਰ ਦਾ ਅੰਤ ਹੋ ਜਾਵੇਗਾ। ਸ੍ਰੀ ਜਾਖੜ ਨੇ ਕਿਹਾ ਕਿ ਗੈਂਗਸਟਰਾਂ ਨੇ ਪੁਲਿਸ ਵਿਭਾਗ ਵਿਚ ਵੀ ਆਪਣੇ ਸੂਹੀਏ ਫਿੱਟ ਕੀਤੇ ਹੋਏ ਹਨ ਜਿਸ ਕਰਕੇ ਲੋਕਾਂ ਦੀ ਜਾਨ 'ਤੇ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਰਾਜਪਾਲ ਨਾਲ ਟਕਰਾਉਣ ਦੀ ਥਾਂ ਸੂਬੇ ਵਿਚ ਬੇਰੁਜ਼ਗਾਰੀ ਅਤੇ ਅਮਨ-ਕਾਨੂੰਨ ਵਰਗੀਆਂ ਵੱਡੀਆਂ ਚੁਣੌਤੀਆਂ ਨਾਲ ਨਜਿੱਠਣ ਵੱਲ ਧਿਆਨ ਦੇਣਾ ਚਾਹੀਦਾ ਹੈ।

# 'ਆਪ' ਵੱਲੋਂ ਪੰਚਾਇਤੀ ਪ੍ਰਬੰਧ 'ਤੇ ਕਬਜ਼ਾ

*(ਪਹਿਲੇ ਸਫੇ ਦੀ ਬਾਕੀ)*

ਹੋਣਗੀਆਂ। ਵੇਰਵਿਆਂ ਅਨੁਸਾਰ ਸਭ ਤੋਂ ਵੱਧ 1405 ਪੰਚਾਇਤਾਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿਚ 1285 ਪੰਚਾਇਤਾਂ ਹਨ। ਮਾਲਵੇ ਵਿਚੋਂ ਸਭ ਤੋਂ ਵੱਧ ਪੰਚਾਇਤਾਂ ਜ਼ਿਲ੍ਹਾ ਪਟਿਆਲਾ 'ਚ 1022 ਹਨ। ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਹਰ ਹਾਲ ਵਿਚ ਪੇਂਡੂ ਤੇ ਸ਼ਹਿਰੀ ਸੰਸਥਾਵਾਂ ਉਤੇ ਆਪਣਾ ਦਬਦਬਾ ਬਣਾਉਣ ਦੀਆਂ ਕੋਸ਼ਿਸ਼ਾਂ ਵਿਚ ਹੈ। ਸਰਕਾਰ ਦੇ ਤਾਜ਼ਾ ਫੈਸਲੇ ਨੂੰ ਵੀ ਇਸੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ।

# ਪੰਜਾਬ ਮੁੜ ਹੜ੍ਹਾਂ ਦੀ ਮਾਰ ਹੇਠ

*(ਪਹਿਲੇ ਸਫੇ ਦੀ ਬਾਕੀ)*

ਕਮਿਸ਼ਨਰਾਂ ਨਾਲ ਐਮਰਜੈਂਸੀ ਮੀਟਿੰਗ ਕਰ ਕੇ ਉਨ੍ਹਾਂ ਨੂੰ ਢੁਕਵੇਂ ਇੰਤਜ਼ਾਮ ਰੱਖਣ ਵਾਸਤੇ ਕਿਹਾ ਹੈ: ਖਾਸ ਤੌਰ 'ਤੇ ਜ਼ਿਲ੍ਹਾ ਹੁਸ਼ਿਆਰਪੁਰ, ਗੁਰਦਾਸਪੁਰ, ਤਰਨ ਤਾਰਨ, ਫ਼ਾਜ਼ਿਲਕਾ, ਫ਼ਿਰੋਜ਼ਪੁਰ, ਰੋਪੜ, ਨਵਾਂ ਸ਼ਹਿਰ, ਲੁਧਿਆਣਾ, ਜਲੰਧਰ, ਸੰਗਰੂਰ ਤੇ ਪਟਿਆਲਾ ਨੂੰ ਹਦਾਇਤਾਂ ਦਿੱਤੀਆਂ ਹਨ। ਇਨ੍ਹਾਂ ਜ਼ਿਲ੍ਹਿਆਂ ਨੂੰ ਮੁੜ ਹੜ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਡੈਮਾਂ ਵਿਚ ਪਾਣੀ ਦੇ ਪੱਧਰ ਦੀ ਸਥਿਤੀ ਦਾ ਜਾਇਜ਼ਾ ਲਿਆ ਹੈ। ਜਲ ਸਰੋਤ ਵਿਭਾਗ ਵੱਲੋਂ ਮੁੱਖ ਮੰਤਰੀ ਦਫਤਰ ਨੂੰ ਇਕ ਇਕ ਘੰਟੇ ਮਗਰੋਂ ਡੈਮਾਂ ਵਿਚ ਪਾਣੀ ਦੇ ਪੱਧਰ ਦੀ ਸੂਚਨਾ ਭੇਜੀ ਜਾ ਰਹੀ ਹੈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਸ ਬਾਰੇ ਚੌਕਸ ਰਹਿਣ ਲਈ ਕਿਹਾ ਹੈ ਅਤੇ ਢੁਕਵੇਂ ਪ੍ਰਬੰਧ ਕਰਨ ਵਾਸਤੇ ਹਦਾਇਤ ਕੀਤੀ ਹੈ।ਪੰਜਾਬ ਵਿਚ ਪਿਛਲੇ ਮਹੀਨੇ ਆਏ ਹੜ੍ਹਾਂ ਕਾਰਨ ਤਕਰੀਬਨ ਸਵਾ ਛੇ ਲੱਖ ਏਕੜ ਫਸਲ ਤਬਾਹ ਹੋਈ ਹੈ। ਇਸ ਦੌਰਾਨ 54 ਜਣਿਆਂ ਦੀ ਜਾਨ ਚਲੀ ਗਈ ਅਤੇ 27 ਹਜ਼ਾਰ ਪਸ਼ੂ ਵੀ ਮਰ ਗਏ। ਪੰਜਾਬ ਸਰਕਾਰ ਨੇ ਫਸਲੀ ਨੁਕਸਾਨ ਦੀ ਭਰਪਾਈ ਲਈ 605 ਕਰੋੜ ਰੁਪਏ ਦਾ ਅਨੁਮਾਨ ਲਾਇਆ ਹੈ। ਰਿਪੋਰਟ ਅਨੁਸਾਰ ਸੂਬੇ ਵਿਚ ਕੁੱਲ 547 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਜਦਕਿ 2645 ਮਕਾਨ ਅੱਧੇ ਡਿੱਗੇ ਹਨ।

ਹਿਮਾਚਲ ਪ੍ਰਦੇਸ਼ ਵਿਚ ਭਾਰੀ ਮੀਂਹ ਮਗਰੋਂ ਢਿੱਗਾਂ ਖਿਸਕਣ ਕਾਰਨ ਸ਼ਿਮਲਾ-ਕਾਲਕਾ ਕੌਮੀ ਮਾਰਗ ਤੇ ਚੰਡੀਗੜ੍ਹ-ਮਨਾਲੀ ਮਾਰਗ ਸਮੇਤ ਸੂਬੇ ਦੀਆਂ 452 ਦੇ ਕਰੀਬ ਅਹਿਮ ਸੜਕਾਂ ਆਵਾਜਾਈ ਲਈ ਬੰਦ ਹੋ ਗਈਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼੍ਰੋਮਣੀ ਕਮੇਟੀ ਗੁਰੂ ਘਰਾਂ 'ਚ ਖਿਡੌਣੇ ਜਹਾਜ਼ ਭੇਟ ਕਰਨ ਦੇ ਰੁਝਾਨ ਨੂੰ ਰੋਕੇਗੀ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਹਵਾਈ ਜਹਾਜ਼ ਵਰਗੇ ਖਿਡੌਣੇ ਭੇਟ ਕਰਨ ਦੇ ਰੁਝਾਨ ਨੂੰ ਰੋਕਣ ਲਈ ਹੁਣ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਨੂੰ ਜਾਗਰੂਕ ਕਰਨ ਲਈ ਪ੍ਰਚਾਰ ਕੀਤਾ ਜਾਵੇਗਾ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਕੱਤਰੇਤ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਇਕ ਪੱਤਰ ਵੀ ਭੇਜਿਆ ਜਾ ਰਿਹਾ ਹੈ।

ਵੇਰਵਿਆਂ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਜਿਸ ਦੌਰਾਨ ਕਈ ਪੰਥਕ ਮਾਮਲਿਆਂ 'ਤੇ ਵਿਚਾਰ ਚਰਚਾ ਹੋਈ। ਦੱਸਣਯੋਗ ਹੈ ਕਿ ਇਕ ਤਸਵੀਰ ਸੋਸ਼ਲ ਮੀਡੀਆ ਰਾਹੀਂ ਸਾਹਮਣੇ ਆਈ ਸੀ, ਜਿਸ ਵਿਚ ਇਕ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਖਿਡੌਣੇ ਦੇ ਰੂਪ ਵਿਚ ਹਵਾਈ ਜਹਾਜ਼ ਭੇਟ ਕਰ ਰਿਹਾ ਸੀ ਜਿਸ ਨੂੰ ਉਥੇ ਬੈਠਾ ਕਰਮਚਾਰੀ ਦੇਖ ਰਿਹਾ ਸੀ। ਇਹ ਤਸਵੀਰ ਸਾਹਮਣੇ ਆਉਣ ਤੋਂ ਬਾਅਦ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਵੱਲੋਂ ਕਰਮਚਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਅਜਿਹੇ ਰੁਝਾਨ ਨੂੰ ਰੋਕਿਆ ਜਾਵੇ। ਦੱਸਣਾ ਬਣਦਾ ਹੈ ਕਿ ਇਸ ਵੇਲੇ ਲੋਕਾਂ ਵਿਚ ਵਿਦੇਸ਼ ਜਾਣ ਦਾ ਰੁਝਾਨ ਵੱਧ ਰਿਹਾ ਹੈ। ਵਿਦੇਸ਼ ਜਾਣ ਦੇ ਚਾਹਵਾਨਾਂ ਵੱਲੋਂ ਇਸ ਸਬੰਧੀ ਗੁਰਧਾਮਾਂ ਤੇ ਹੋਰ ਧਾਰਮਿਕ ਥਾਵਾਂ 'ਤੇ ਮੰਨਤ ਮੰਗਦੇ ਹੋਏ ਹਵਾਈ ਜਹਾਜ਼ ਖਿਡੌਣੇ ਭੇਟ ਕੀਤੇ ਜਾ ਰਹੇ ਹਨ।

## ਟਾਈਟਲਰ ਨੂੰ ਦਸਤਾਵੇਜ਼ਾਂ ਦੀ ਜਾਂਚ ਲਈ 10 ਦਿਨ ਦਾ ਸਮਾਂ ਮਿਲਿਆ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ਹੱਤਿਆ ਕਾਂਡ ਦੇ ਮਾਮਲੇ 'ਚ ਮੁਲਜ਼ਮ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਦੋਸ਼ ਪੱਤਰ ਸਮੇਤ ਸੀ.ਬੀ.ਆਈ. ਵੱਲੋਂ ਸੌਂਪੇ ਗਏ ਦਸਤਾਵੇਜ਼ਾਂ ਦੀ ਜਾਂਚ ਕਰਨ ਲਈ 10 ਦਿਨ ਦਾ ਸਮਾਂ ਦਿੱਤਾ ਹੈ। ਵਧੀਕ ਮੁੱਖ ਮੈਟਰੋਪੌਲੀਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ ਨੇ ਟਾਈਟਲਰ ਦੇ ਵਕੀਲ ਵੱਲੋਂ ਦਾਇਰ ਇਕ ਅਰਜ਼ੀ 'ਤੇ ਹੁਕਮ ਪਾਸ ਕੀਤਾ।

# ਲੰਗਰ ਘਪਲਾ ਮਾਮਲਾ: ਮੁਅੱਤਲ ਕੀਤੇ 23 ਮੁਲਾਜ਼ਮ ਬਹਾਲ



**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਵਿਖੇ ਗੁਰੂ ਰਾਮਦਾਸ ਲੰਗਰ ਘਰ ਵਿਚ ਸੁੱਕੇ ਪ੍ਰਸ਼ਾਦਿਆਂ ਦੇ ਘਪਲੇ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁਅੱਤਲ ਕੀਤੇ ਗਏ 51 ਮੁਲਾਜ਼ਮਾਂ ਵਿਚੋਂ 23 ਦੀਆਂ ਸੇਵਾਵਾਂ ਬਹਾਲ ਹੋ ਗਈਆਂ ਹਨ। ਇਹ ਮੁਲਾਜ਼ਮ ਲਗਭਗ 1 ਕਰੋੜ ਦੇ ਘਪਲੇ ਦੇ ਦੋਸ਼ ਹੇਠ ਮੁਅੱਤਲ ਕੀਤੇ ਗਏ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਮੁਅੱਤਲ ਕੀਤੇ ਗਏ ਮੁਲਾਜ਼ਮਾਂ ਵਿਚੋਂ 23 ਜਣਿਆਂ ਦੀਆਂ ਸੇਵਾਵਾਂ ਬਹਾਲ ਕਰਨ ਦੀ ਪੁਸ਼ਟੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਹੇਠ ਬਣੀ ਇਕ ਜਾਂਚ ਕਮੇਟੀ ਵੱਲੋਂ ਇਸ ਮਾਮਲੇ ਦੀ ਮੁੜ ਜਾਂਚ ਕੀਤੀ ਗਈ, ਜਿਸ ਦੀ ਰਿਪੋਰਟ ਅੰਤ੍ਰਿੰਗ ਕਮੇਟੀ ਨੂੰ ਸੌਂਪੀ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਰਿਪੋਰਟ ਦੇ ਆਧਾਰ 'ਤੇ ਇੰਸਪੈਕਟਰ ਵਜੋਂ ਤਾਇਨਾਤ 23 ਮੁਲਾਜ਼ਮ ਦੀਆਂ ਸੇਵਾਵਾਂ ਬਹਾਲ ਕਰ ਦਿੱਤੀਆਂ ਹਨ। ਇਸ ਸਬੰਧੀ ਗੱਲ ਕਰਦਿਆਂ ਸ੍ਰੀ ਗਰੇਵਾਲ ਨੇ ਆਖਿਆ ਕਿ ਜਾਂਚ ਕਮੇਟੀ ਨੇ ਇਸ ਮਾਮਲੇ ਵਿਚ ਮੁਅੱਤਲ ਕੀਤੇ ਗਏ ਕਰਮਚਾਰੀਆਂ ਦਾ ਪੱਖ ਸੁਣਿਆ ਹੈ ਅਤੇ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਇੰਸਪੈਕਟਰਾਂ ਨੇ ਆਪਣੀ ਡਿਊਟੀ ਨਿਭਾਉਣ 'ਚ ਕੁੱਝ ਲਾਪਰਵਾਹੀ ਵਰਤੀ ਸੀ ਪਰ ਉਹ ਸਿੱਧੇ ਤੌਰ 'ਤੇ ਇਸ ਘਪਲੇ ਵਿਚ ਸ਼ਾਮਲ ਨਹੀਂ ਪਾਏ ਗਏ। ਇਸ ਲਈ ਚਿਤਾਵਨੀ ਦੇ ਕੇ ਦੀਆਂ ਸੇਵਾਵਾਂ ਮੁੜ ਬਹਾਲ ਕੀਤੀਆਂ ਹਨ, ਪਰ ਇਸ ਲਾਪਰਵਾਹੀ ਦੀ ਸਜ਼ਾ ਵਜੋਂ ਉਨ੍ਹਾਂ ਦੀ ਇਕ ਇੰਕਰੀਮੈਂਟ ਰੋਕ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਕੀ ਸਾਰੇ ਮੁਲਾਜ਼ਮ ਅਗਲੇ ਹੁਕਮਾਂ ਤੱਕ ਮੁਅੱਤਲ ਰਹਿਣਗੇ।

# ਮੁਤਵਾਜ਼ੀ ਜਥੇਦਾਰ ਮੰਡ ਦੇ ਸੱਦੇ 'ਤੇ ਮੁੜ ਨਾ ਪਹੁੰਚੇ ਗਿਆਨੀ ਰਘਬੀਰ ਸਿੰਘ

**ਅੰਮ੍ਰਿਤਸਰ:** ਤਖ਼ਤਾਂ ਦੇ ਜਥੇਦਾਰਾਂ ਵਿਚ ਆਪਸੀ ਏਕਤਾ ਕਰਵਾਉਣ ਲਈ ਯਤਨਸ਼ੀਲ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਇੱਥੇ ਸ੍ਰੀ ਅਕਾਲ ਤਖ਼ਤ ਦੇ ਨੇੜੇ ਬੈਠ ਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਉਡੀਕ ਕੀਤੀ ਹੈ ਪਰ ਉਹ ਮੁਲਾਕਾਤ ਲਈ ਨਾ ਪੁੱਜੇ। ਇਸ ਦੌਰਾਨ ਪੰਜਾਬ ਵਿਧਾਨ ਸਭਾ ਵਿਚ ਗੁਰਬਾਣੀ ਸੋਧ ਬਿਲ ਲਿਆਉਣ ਦੇ ਮਾਮਲੇ ਵਿਚ ਮੁਤਵਾਜ਼ੀ ਜਥੇਦਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ 18 ਅਗਸਤ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸੱਦਿਆ ਗਿਆ ਅਤੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਬਾਰੇ ਆਪਣੀ ਸਥਿਤੀ ਸਪਸ਼ਟ ਕਰਨ ਲਈ ਕਿਹਾ ਹੈ।



ਮੀਡੀਆ ਨੂੰ ਜਾਣਕਾਰੀ ਦਿੰਦਿਆਂ ਭਾਈ ਮੰਡ ਨੇ ਦੱਸਿਆ ਕਿ ਪੰਥਕ ਏਕਤਾ ਤੋਂ ਪਹਿਲਾਂ ਜਥੇਦਾਰਾਂ ਦੀ ਆਪਸੀ ਏਕਤਾ ਲਈ ਉਨ੍ਹਾਂ ਨੇ 29 ਜੁਲਾਈ ਅਤੇ 9 ਅਗਸਤ ਨੂੰ ਦੋ ਵਾਰ ਇੱਥੇ ਬੈਠ ਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਉਡੀਕ ਕੀਤੀ ਹੈ, ਪਰ ਉਹ ਨਹੀਂ ਆਏ। ਉਨ੍ਹਾਂ ਕਿਹਾ ਕਿ ਉਹ ਪੰਥਕ ਏਕਤਾ ਦੇ ਉਪਰਾਲੇ ਸਿਰੇ ਚੜ੍ਹਾਉਣ ਲਈ ਆਪਣੇ ਯਤਨ ਜਾਰੀ ਰੱਖਣਗੇ।

# ਬ੍ਰਿਜਿੰਦਰਾ ਕਾਲਜ 'ਚ ਬੀ.ਐਸ.ਸੀ. ਖੇਤੀਬਾੜੀ ਕੋਰਸ ਸ਼ੁਰੂ ਹੋਵੇਗਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਖਿਆ ਹੈ ਕਿ ਫਰੀਦਕੋਟ ਦੇ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਚ ਬੀ.ਐਸ.ਸੀ. (ਖੇਤੀਬਾੜੀ) ਕੋਰਸ ਜਲਦ ਸ਼ੁਰੂ ਹੋ ਜਾਵੇਗਾ ਤੇ ਛੇਤੀ ਹੀ ਇਸ ਸਬੰਧੀ ਲੋੜੀਂਦੀਆਂ ਕਾਰਵਾਈਆਂ ਮੁਕੰਮਲ ਕਰ ਲਈਆਂ ਜਾਣਗੀਆਂ। ਸ੍ਰੀ ਸੰਧਵਾਂ ਨੇ ਇਥੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਖੇਤੀਬਾੜੀ ਤੇ ਉਚੇਰੀ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਸ ਸਬੰਧੀ ਚੱਲ ਰਹੀ ਪ੍ਰਕਿਰਿਆ ਦਾ ਜਾਇਜ਼ਾ ਲਿਆ।



ਸ੍ਰੀ ਸੰਧਵਾਂ ਨੇ ਬ੍ਰਿਜਿੰਦਰਾ ਕਾਲਜ ਮਾਲਵਾ ਖੇਤਰ ਦੀ ਅਹਿਮ ਵਿੱਦਿਅਕ ਸੰਸਥਾ ਹੈ, ਜਿੱਥੇ ਇਲਾਕੇ ਦੇ ਨੌਜਵਾਨ ਵਿਦਿਆਰਥੀ ਹੋਰਨਾਂ ਡਿਗਰੀਆਂ ਦੇ ਨਾਲ ਬੀ.ਐਸ.ਸੀ. (ਖੇਤੀਬਾੜੀ) ਦੀ ਪੜ੍ਹਾਈ ਵੀ ਕਰਦੇ ਰਹੇ ਹਨ। ਉਨ੍ਹਾਂ ਦੱਸਿਆ ਕਿ 2019 ਦੌਰਾਨ ਵਿਦਿਆਰਥੀਆਂ ਦੇ ਆਖਰੀ ਬੈਚ ਨੇ ਬੀ.ਐਸ.ਸੀ. (ਖੇਤੀਬਾੜੀ) ਕੋਰਸ ਲਈ ਕਾਲਜ ਵਿਚ ਦਾਖਲਾ ਲਿਆ ਸੀ ਤੇ ਇਸ ਵਰ੍ਹੇ ਉਸ ਬੈਚ ਦਾ ਆਖਰੀ ਸਾਲ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਕੋਰਸ ਕਰਨ ਦੇ ਚਾਹਵਾਨ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿਚ ਰੱਖਦੇ ਹੋਏ ਛੇਤੀ ਹੀ ਇਹ ਕੋਰਸ ਮੁੜ ਸ਼ੁਰੂ ਕਰਵਾਇਆ ਜਾ ਰਿਹਾ ਹੈ। ਸਪੀਕਰ ਨੇ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਕਾਲਜ ਵਿਚ ਇਸੇ ਸੈਸ਼ਨ ਤੋਂ ਖੇਤੀਬਾੜੀ ਕੋਰਸ ਦੇ ਦਾਖਲੇ ਸ਼ੁਰੂ ਕਰਨ ਲਈ ਵਿਜ਼ਟਿੰਗ ਪ੍ਰੋਫੈਸਰਾਂ ਦੀ ਭਰਤੀ, ਲੈਬਾਂ ਆਦਿ ਵਿਚ ਲੋੜੀਂਦੇ ਉਪਕਰਨ ਮੁਹੱਈਆ ਕਰਵਾਉਣ ਅਤੇ ਹੋਰ ਲੋੜੀਂਦੀਆਂ ਕਾਰਵਾਈਆਂ ਛੇਤੀ ਮੁਕੰਮਲ ਕਰਨੀਆਂ ਯਕੀਨੀ ਬਣਾਉਣ।

## ਰੰਗਕਰਮੀ ਤਰਲੋਚਨ ਦੀ ਸੜਕ ਹਾਦਸੇ 'ਚ ਮੌਤ



**ਸਮਰਾਲਾ:** ਪੰਜਾਬੀ ਸਿਨੇਮਾ ਦੀਆਂ ਸੁਪਰਹਿੱਟ ਫਿਲਮਾਂ 'ਏਕਮ' ਅਤੇ 'ਹਸ਼ਰ' ਸਮੇਤ ਵੱਡੇ ਤੇ ਛੋਟੇ ਪਰਦੇ ਦੀਆਂ ਵੱਡੀ ਗਿਣਤੀ ਫਿਲਮਾਂ ਦੀਆਂ ਕਹਾਣੀਆਂ ਲਿਖਣ ਵਾਲੇ ਸਕ੍ਰਿਪ ਰਾਈਟਰ ਤੇ ਕਈ ਦਹਾਕਿਆਂ ਤੋਂ ਪੰਜਾਬੀ ਸਾਹਿਤਕ ਅਕਾਦਮੀ ਨਾਲ ਜੁੜੇ ਉੱਘੇ ਸਾਹਿਤਕਾਰ ਮਾਸਟਰ ਤਰਲੋਚਨ ਸਿੰਘ (65) ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਉਹ ਸ਼ਾਮ ਕਰੀਬ 4.30 ਵਜੇ ਸਕੂਟਰ 'ਤੇ ਸਥਾਨਕ ਭਗਵਾਨਪੁਰਾ ਸੜਕ ਸਥਿਤ ਆਪਣੀ ਰਿਹਾਇਸ਼ ਵੱਲ ਜਾ ਰਹੇ ਸਨ, ਜਦੋਂ ਇਕ ਲਾਲ ਰੰਗ ਦੀ ਤੇਜ਼ ਰਫ਼ਤਾਰ ਥਾਰ ਨੇ ਉਨ੍ਹਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਤੇ ਲੰਬੀ ਦੂਰੀ ਤੱਕ ਉਨ੍ਹਾਂ ਨੂੰ ਆਪਣੇ ਨਾਲ ਘੜੀਸ ਕੇ ਲੈ ਗਈ। ਗੱਡੀ ਦੂਰ ਤੱਕ ਉਨ੍ਹਾਂ ਨੂੰ ਘੜੀਸਦੀ ਹੋਈ ਲੈ ਗਈ, ਜਿਸ ਕਾਰਨ ਮੌਕੇ 'ਤੇ ਹੀ ਉਨ੍ਹਾਂ ਦੀ ਮੌਤ ਹੋ ਗਈ। ਪੁਲਿਸ ਨੇ ਗੱਡੀ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਚਾਲਕ ਦੀ ਭਾਲ ਆਰੰਭ ਦਿੱਤੀ ਹੈ।

# ਡਾ. ਵਿਜੈ ਸਤਬੀਰ ਸਿੰਘ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕ ਨਿਯੁਕਤ

**ਨਵੀਂ ਦਿੱਲੀ:** ਸਿੱਖ ਜਥੇਬੰਦੀਆਂ ਵੱਲੋਂ ਇਕ ਗੈਰ-ਸਿੱਖ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਾਹਿਬ ਦਾ ਪ੍ਰਬੰਧਕ ਲਾਏ ਜਾਣ ਦਾ ਵਿਰੋਧ ਕਰਨ ਮਗਰੋਂ ਮਹਾਰਾਸ਼ਟਰ ਸਰਕਾਰ ਨੇ ਅਭਿਜੀਤ ਰਾਜਿੰਦਰ ਰਾਊਤ ਦੀ ਥਾਂ ਹੁਣ ਸਾਬਕਾ ਆਈ.ਏ.ਐਸ. ਡਾ. ਵਿਜੈ ਸਤਬੀਰ ਸਿੰਘ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦਾ ਪ੍ਰਬੰਧਕ ਲਾਉਣ ਦਾ ਐਲਾਨ ਕੀਤਾ ਹੈ। ਇਕ ਗੈਰ-ਸਿੱਖ ਨੂੰ ਤਖ਼ਤ ਦਾ ਪ੍ਰਬੰਧਕ ਲਾਉਣ ਦਾ ਸਿਆਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸਣੇ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਸੀ। ਵੱਖ-ਵੱਖ ਜਥੇਬੰਦੀਆਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਉਪ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੂੰ ਫੈਸਲਾ ਵਾਪਸ ਲੈਣ ਲਈ ਪੱਤਰ ਲਿਖੇ ਸਨ। ਇਸੇ ਸਬੰਧੀ ਮਨਜਿੰਦਰ ਸਿੰਘ ਸਿਰਸਾ ਅਤੇ ਹੋਰ ਆਗੂਆਂ ਨੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦਵੇਂਦਰ ਫੜਨਵੀਸ ਨਾਲ ਮੁਲਾਕਾਤ ਕੀਤੀ ਸੀ।

# ਭਾਰਤ ਤੇ ਪਾਕਿਸਤਾਨ ਵੱਲੋਂ ਕੈਦੀ ਰਿਹਾਅ

**ਅਟਾਰੀ:** ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ 'ਚੋਂ ਰਿਹਾਅ ਹੋਏ ਤਿੰਨ ਭਾਰਤੀ ਕੈਦੀ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤ ਆਏ ਹਨ। ਮਿਲੀ ਜਾਣਕਾਰੀ ਅਨੁਸਾਰ ਰਿਹਾਅ ਹੋ ਕੇ ਵਤਨ ਪਰਤੇ ਭਾਰਤੀ ਕੈਦੀਆਂ ਵਿਚ ਨਸੀਬ ਅਹਿਮਦ, ਅਮੀਨਾ ਤੇ ਕਲੀਮ ਸ਼ਾਮਲ ਹਨ, ਜੋ ਉੱਤਰ ਪ੍ਰਦੇਸ਼ ਦੇ ਇਕ ਹੀ ਪਰਿਵਾਰ ਦੇ ਮੈਂਬਰ ਹਨ। ਇਹ 21 ਜੂਨ 2022 ਨੂੰ ਇਕ ਮਹੀਨੇ ਦੇ ਵੀਜ਼ੇ 'ਤੇ ਪਾਕਿਸਤਾਨ ਰਹਿੰਦੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਏ ਸਨ। 30 ਜੁਲਾਈ 2022 ਨੂੰ ਭਾਰਤ ਵਾਪਸੀ ਮੌਕੇ ਕੀਤੀ ਗਈ ਚੈਕਿੰਗ ਦੌਰਾਨ ਪਾਕਿਸਤਾਨ ਕਸਟਮ ਨੂੰ ਇਨ੍ਹਾਂ ਦੇ ਸਾਮਾਨ ਵਿਚੋਂ ਤਿੰਨ ਪਿਸਤੌਲ ਮਿਲੇ ਸਨ। ਇਸੇ ਦੌਰਾਨ ਜੰਮੂ-ਕਸ਼ਮੀਰ ਦੀ ਜੇਲ੍ਹ ਵਿਚ ਕੈਦ ਕੱਟਣ ਮਗਰੋਂ ਤਿੰਨ ਪਾਕਿਸਤਾਨੀ ਕੈਦੀ ਰਿਹਾਅ ਹੋਣ ਮਗਰੋਂ ਅਟਾਰੀ-ਵਾਹਗਾ ਸਰਹੱਦ ਰਸਤੇ ਆਪਣੇ ਵਤਨ ਪਰਤ ਗਏ ਹਨ। ਇਨ੍ਹਾਂ ਕੈਦੀਆਂ ਵਿਚ ਮੁਹੰਮਦ ਬਿਲਾਲ ਖਾਨ, ਸਾਰਾਹ ਰਸੂਲ ਤੇ ਬੇਗਮ ਇਰਸ਼ਾਦ ਰਸੂਲ ਸ਼ਾਮਲ ਹਨ।

# ਜਗਤਾਰ ਹਵਾਰਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ

**ਮੁਹਾਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ਵਿਚ ਨਜ਼ਰਬੰਦ ਜਗਤਾਰ ਸਿੰਘ ਹਵਾਰਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਮੁਹਾਲੀ ਅਦਾਲਤ ਵਿਚ ਪੇਸ਼ੀ ਭੁਗਤੀ। ਜਾਣਕਾਰੀ ਅਨੁਸਾਰ ਜਗਤਾਰ ਸਿੰਘ ਹਵਾਰਾ ਖ਼ਿਲਾਫ਼ ਮੁਹਾਲੀ ਅਦਾਲਤ ਵਿਚ ਦੋ ਵੱਖ-ਵੱਖ ਅਪਰਾਧਕ ਕੇਸ ਚੱਲ ਰਹੇ ਹਨ, ਜਿਨ੍ਹਾਂ ਵਿਚੋਂ ਇਕ ਸੋਹਾਣਾ ਥਾਣੇ ਵਿਚ ਅਸਲਾ ਐਕਟ ਤਹਿਤ ਦਰਜ ਕੇਸ ਹੈ, ਜਦਕਿ ਦੂਜਾ ਕੇਸ ਆਰ.ਡੀ.ਐਕਸ. ਸਬੰਧੀ ਖਰੜ ਥਾਣੇ ਵਿਚ ਦਰਜ ਹੈ।

ਅਦਾਲਤ ਨੇ ਦੋਵੇਂ ਕੇਸਾਂ ਦੀ ਅਗਲੀ ਸੁਣਵਾਈ 28 ਅਗਸਤ ਤੱਕ ਮੁਲਤਵੀ ਕੀਤੀ ਹੈ। ਬਚਾਅ ਪੱਖ ਵੱਲੋਂ ਸੀਨੀਅਰ ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਗੁਰਸ਼ਰਨ ਸਿੰਘ, ਦਿਲਸ਼ੇਰ ਸਿੰਘ ਜੰਡਿਆਲਾ ਤੇ ਬੀਬੀ ਕੁਲਵਿੰਦਰ ਕੌਰ ਹਵਾਰਾ ਕੇਸ ਦੀ ਪੈਰਵੀ ਕਰ ਰਹੇ ਹਨ। ਬਚਾਅ ਪੱਖ ਦੇ ਵਕੀਲ ਮੰਝਪੁਰ ਨੇ ਮੀਡੀਆ ਨੂੰ ਦੱਸਿਆ ਕਿ ਮੁਹਾਲੀ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਕੇ.ਕੇ ਸਿੰਗਲਾ ਨੇ ਉਕਤ ਦੋਵੇਂ ਕੇਸਾਂ ਵਿਚ ਜਗਤਾਰ ਸਿੰਘ ਹਵਾਰਾ ਨੂੰ ਮੁਹਾਲੀ ਅਦਾਲਤ ਵਿਚ ਪੇਸ਼ ਕਰਨ ਲਈ ਕਿਹਾ ਸੀ, ਪਰ ਕੇਂਦਰੀ ਜੇਲ੍ਹ ਮੰਡੋਲੀ, ਦਿੱਲੀ ਦੇ ਜੇਲ੍ਹ ਸੁਪਰਡੈਂਟ ਵੱਲੋਂ ਅਦਾਲਤ ਨੂੰ ਪੱਤਰ ਲਿਖ ਕੇ ਦੱਸਿਆ ਗਿਆ ਕਿ



15 ਅਗਸਤ ਦੇ ਮੱਦੇਨਜ਼ਰ ਜ਼ਿਆਦਾਤਰ ਪੁਲੀਸ ਜਵਾਨਾਂ ਦੀ ਡਿਊਟੀ ਸੁਰੱਖਿਆ ਪ੍ਰਬੰਧਾਂ ਲਈ ਲਗਾਈ ਗਈ ਹੈ, ਜਿਸ ਕਾਰਨ ਪੁਲੀਸ ਫੋਰਸ ਦੀ ਘਾਟ ਦੇ ਚੱਲਦਿਆਂ ਜਗਤਾਰ ਸਿੰਘ ਹਵਾਰਾ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਇਸ ਮਗਰੋਂ ਜਗਤਾਰ ਸਿੰਘ ਹਵਾਰਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ ਅਤੇ ਦੋਵੇਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 28 ਅਗਸਤ 'ਤੇ ਪਾ ਦਿੱਤੀ। ਸ੍ਰੀ ਮੰਝਪੁਰ ਨੇ ਦੇਸ਼ ਦੀ ਸਿਖਰਲੀ ਅਦਾਲਤ ਤੋਂ ਮੰਗ ਕੀਤੀ ਹੈ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਨਜ਼ਰਬੰਦ ਕਰਕੇ ਜੇਲ੍ਹਾਂ ਵਿਚ ਡੱਕੀ ਰੱਖਣ ਸਬੰਧੀ ਗੰਭੀਰ ਨੋਟਿਸ ਲੈ ਕੇ ਤੁਰੰਤ ਰਿਹਾਈ ਦੇ ਆਦੇਸ਼ ਜਾਰੀ ਕੀਤੇ ਜਾਣ।

# ਕਾਂਗਰਸੀਆਂ ਨੇ ਕੈਬਨਿਟ ਮੰਤਰੀ ਕਟਾਰੂਚੱਕ ਖਿਲਾਫ ਮੋਰਚਾ ਖੋਲ੍ਹਿਆ



**ਪਠਾਨਕੋਟ:** ਪਿੰਡ ਗੋਲ ਦੀ 92 ਏਕੜ ਪੰਚਾਇਤੀ ਜ਼ਮੀਨ ਤਬਦੀਲ ਕਰਨ ਦੇ ਚਰਚਿਤ ਮਾਮਲੇ 'ਚ ਪੰਜਾਬ ਪ੍ਰਦੇਸ਼ ਕਾਂਗਰਸ ਨੇ ਕਥਲੌਰ ਪੁਲ 'ਤੇ ਧਰਨਾ ਦੇ ਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਰੈਲੀ ਨੂੰ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੁਖਜਿੰਦਰ ਸਿੰਘ ਰੰਧਾਵਾ, ਸੁਖਪਾਲ ਸਿੰਘ ਖਹਿਰਾ ਤੇ ਸਾਬਕਾ ਮੰਤਰੀ ਅਰੁਣਾ ਚੌਧਰੀ ਹੋਰਨਾਂ ਆਗੂਆਂ ਨੇ ਸੰਬੋਧਨ ਕੀਤਾ।

ਇਸ ਦੌਰਾਨ ਰਾਜਾ ਵੜਿੰਗ ਨੇ 'ਆਪ' ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ 'ਆਪ' ਦੇ ਰਾਜ 'ਚ ਖਣਨ ਮਾਫੀਆ ਅਤੇ ਭੂ-ਮਾਫੀਆ ਵਧ-ਫੁਲ ਰਿਹਾ ਹੈ ਜਿਸ ਦੇ ਸਿੱਟੇ ਵਜੋਂ ਪਿੰਡ ਗੋਲ ਪੰਚਾਇਤ ਦੀ 92 ਏਕੜ ਜ਼ਮੀਨ ਇਕ ਦਿਨ 'ਚ ਹੀ ਏ.ਡੀ.ਸੀ. ਕੁਲਦੀਪ ਸਿੰਘ ਨੇ ਕਥਿਤ ਤੌਰ 'ਤੇ ਨਿੱਜੀ ਵਿਅਕਤੀਆਂ ਦੇ ਨਾਂ ਤਬਦੀਲ ਕਰ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਰਕਾਰ ਵਿਜੀਲੈਂਸ ਦਾ ਡਰਾਵਾ ਦੇ ਕੇ ਕਾਂਗਰਸੀ ਆਗੂਆਂ ਨੂੰ ਅੰਦਰ ਕਰਨ 'ਤੇ ਤੁਲੀ ਹੋਈ ਹੈ, ਪਰ ਉਹ ਡਰਨ ਵਾਲੇ ਨਹੀਂ। ਰਾਜਾ ਵੜਿੰਗ ਨੇ ਕਿਹਾ ਕਿ ਇਸ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਕਈ ਵਾਅਦੇ ਕੀਤੇ ਸਨ ਜੋ ਹਾਲੇ ਤੱਕ ਪੂਰੇ ਨਹੀਂ ਕੀਤੇ। ਇਨ੍ਹਾਂ ਵਾਅਦਿਆਂ ਵਿਚ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਵਾਲਾ ਵਾਅਦਾ ਪ੍ਰਮੁੱਖ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਪੰਜਾਬੀਆਂ ਨਾਲ ਵਾਅਦਾਖ਼ਿਲਾਫ਼ੀ ਕੀਤੀ ਹੈ।

ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਕ ਸੋਚੀ ਸਮਝੀ ਯੋਜਨਾ ਤਹਿਤ ਇਕ ਬੀ.ਡੀ.ਪੀ.ਓ. ਨੂੰ ਤਰੱਕੀ ਦੇ ਕੇ ਡੀ.ਡੀ.ਪੀ.ਓ. ਲਗਾਇਆ ਗਿਆ ਤੇ ਫਿਰ ਏ.ਡੀ.ਸੀ. ਦਾ ਵਾਧੂ ਚਾਰਜ ਦਿੱਤਾ ਗਿਆ ਜਿਸ ਨੇ ਆਪਣੀ ਸੇਵਾਮੁਕਤੀ ਤੋਂ ਇਕ ਦਿਨ ਪਹਿਲਾਂ ਪੰਚਾਇਤ ਦੀ ਕਰੋੜਾਂ ਰੁਪਏ ਦੀ ਭੂਮੀ ਨਿੱਜੀ ਵਿਅਕਤੀਆਂ ਦੇ ਨਾਂ ਕਰ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਇਹ ਵਿਅਕਤੀ ਇਸ ਹਲਕੇ ਦੇ ਮੰਤਰੀ ਦਾ ਕਰੀਬੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਸਿਆਸੀ ਸ਼ਹਿ ਤੋਂ ਬਗੈਰ ਕੋਈ ਅਧਿਕਾਰੀ ਇੰਨਾ ਵੱਡਾ ਘਪਲਾ ਨਹੀਂ ਕਰ ਸਕਦਾ ਹੈ।

## 'ਚੋਣਾਂ ਲੜਨ ਲਈ ਖਰਚੇ ਦਾ ਪ੍ਰਬੰਧ ਕਰ ਰਹੀ ਹੈ ਆਪ'

**ਚੰਡੀਗੜ੍ਹ:** ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ 'ਆਪ' ਸਰਕਾਰ ਦੇ ਵਿਧਾਇਕਾਂ ਅਤੇ ਮੰਤਰੀਆਂ 'ਤੇ ਰੋਜ਼ਾਨਾ ਨਿੱਤ ਨਵੇਂ ਦੋਸ਼ ਲੱਗ ਰਹੇ ਹਨ ਪਰ ਸਰਕਾਰ ਕਿਸੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਇਹ ਜ਼ਮੀਨ ਜੋ ਨਿੱਜੀ ਵਿਅਕਤੀਆਂ ਦੇ ਨਾਂ ਤਬਦੀਲ ਕੀਤੀ ਗਈ ਹੈ, ਇੱਥੋਂ ਕਰੋੜਾਂ ਰੁਪਏ ਦੀ ਹੋਣ ਵਾਲੀ ਆਮਦਨ ਦਾ ਪੰਜਾਬ ਸਰਕਾਰ ਨੂੰ ਚੂਨਾ ਲੱਗਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਸਭ ਕੁਝ ਆਮ ਆਦਮੀ ਪਾਰਟੀ ਵੱਲੋਂ ਆਉਣ ਵਾਲੀਆਂ ਚੋਣਾਂ ਲੜਨ ਲਈ ਕੀਤਾ ਗਿਆ ਹੈ ਅਤੇ ਇੱਥੋਂ ਦਾ ਸਾਰਾ ਪੈਸਾ ਦਿੱਲੀ ਜਾਣਾ ਸੀ।

# ਮੂਸੇਵਾਲਾ ਕਤਲ ਦੇ ਮਾਮਲੇ 'ਚ ਮੁਲਜ਼ਮਾਂ ਖਿਲਾਫ ਸੁਣਵਾਈ ਸ਼ੁਰੂ ਹੋਈ



**ਮਾਨਸਾ:** ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਪਹਿਲੀ ਚਾਰਜਸ਼ੀਟ ਦਾਖਲ ਕਰਨ ਤੋਂ ਕਰੀਬ 12 ਮਹੀਨਿਆਂ ਬਾਅਦ ਮਾਨਸਾ ਜ਼ਿਲ੍ਹਾ ਤੇ ਸੈਸ਼ਨ ਅਦਾਲਤ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਸਮੇਤ 25 ਮੁਲਜ਼ਮਾਂ ਖ਼ਿਲਾਫ਼ ਸੁਣਵਾਈ ਸ਼ੁਰੂ ਹੋ ਗਈ ਹੈ।

ਇਸ ਸੁਣਵਾਈ ਦੌਰਾਨ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 24 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਦੌਰਾਨ ਲਾਰੈਂਸ ਬਿਸ਼ਨੋਈ ਨੂੰ ਮੈਡੀਕਲ ਅਧਾਰ 'ਤੇ ਅਦਾਲਤ 'ਚ ਪੇਸ਼ ਨਹੀਂ ਕੀਤਾ ਗਿਆ। ਕੇਸ ਦੀ ਅਗਲੀ ਸੁਣਵਾਈ 23 ਅਗਸਤ ਨੂੰ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰਨ ਸਬੰਧੀ ਬਹਿਸ ਲਈ ਮੁਲਤਵੀ ਕੀਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਮਹੀਨੇ ਮਾਨਸਾ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਸੁਰਭੀ ਪਰਾਸ਼ਰ ਦੀ ਅਦਾਲਤ ਨੇ ਸੈਸ਼ਨ ਕੋਰਟ ਨੂੰ ਚਾਰਜਸ਼ੀਟ ਸੌਂਪੀ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਆਈ.ਪੀ.ਸੀ. ਦੀਆਂ ਧਾਰਾਵਾਂ 302 (ਕਤਲ) ਅਤੇ 307 (ਕਤਲ ਦੀ ਕੋਸ਼ਿਸ਼) ਅਧੀਨ ਅਪਰਾਧ ਸੈਸ਼ਨ ਅਦਾਲਤ ਦੁਆਰਾ ਵਿਸ਼ੇਸ਼ ਤੌਰ 'ਤੇ ਸੁਣਵਾਈ ਯੋਗ ਹਨ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਸਿੱਧੂ ਦੇ ਵਹਿਸ਼ੀਆਨਾ ਕਤਲ ਦੀ ਸੁਣਵਾਈ ਸ਼ੁਰੂ ਹੋ ਗਈ ਹੈ ਅਤੇ ਉਨ੍ਹਾਂ ਨੂੰ ਆਸ ਹੈ ਕਿ ਮੁਕੱਦਮਾ ਨਿਰਪੱਖ ਅਤੇ ਸਮੇਂ ਸਿਰ ਖਤਮ ਕੀਤਾ ਜਾਵੇਗਾ ਅਤੇ ਇਸ ਕਤਲ ਨਾਲ ਸਬੰਧਤ ਸਾਰੇ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 26 ਅਗਸਤ ਨੂੰ ਜਾਂਚ ਟੀਮ ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਤੇ ਜੱਗੂ ਭਗਵਾਨਪੁਰੀਆ ਸਮੇਤ 24 ਵਿਅਕਤੀਆਂ ਖ਼ਿਲਾਫ਼ 1,850 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ, ਜਦਕਿ ਸੱਤ ਮੁਲਜ਼ਮਾਂ ਖ਼ਿਲਾਫ਼ 5 ਦਸੰਬਰ ਨੂੰ ਸਪਲੀਮੈਂਟਰੀ ਚਾਰਜਸ਼ੀਟ ਦਾਖਲ ਕੀਤੀ ਗਈ ਸੀ। ਕੁੱਲ 31 ਮੁਲਜ਼ਮਾਂ ਵਿਚੋਂ ਪੁਲਿਸ ਨੇ 27 ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਵਿਚੋਂ ਮਨਦੀਪ ਸਿੰਘ ਤੇ ਮਨਮੋਹਨ ਸਿੰਘ ਫਰਵਰੀ 'ਚ ਗੋਇੰਦਵਾਲ ਜੇਲ੍ਹ ਵਿਚ ਝੜਪ ਦੌਰਾਨ ਮਾਰੇ ਗਏ ਸਨ। ਗੋਲਡੀ ਬਰਾੜ ਸਮੇਤ ਤਿੰਨ ਮੁਲਜ਼ਮ ਫ਼ਰਾਰ ਹਨ ਤੇ ਵਿਦੇਸ਼ ਵਿਚ ਦੱਸੇ ਜਾ ਰਹੇ ਹਨ। ਇਕ ਮੁਲਜ਼ਮ ਸਚਿਨ ਥਾਪਨ ਬਿਸ਼ਨੋਈ ਹੈ, ਜਿਸ ਦੀ ਇਸ ਮਹੀਨੇ ਦੇ ਸ਼ੁਰੂ ਵਿਚ ਅਜ਼ਰਬਾਇਜਾਨ ਤੋਂ ਹਵਾਲਗੀ ਹਾਸਲ ਕੀਤੀ ਗਈ ਸੀ ਤੇ ਹੁਣ ਉਹ ਐਨ.ਆਈ.ਏ. ਦੀ ਹਿਰਾਸਤ ਵਿਚ ਹੈ।

# ਨਵੇਂ ਪ੍ਰਧਾਨ ਦੇ ਐਲਾਨ ਪਿੱਛੋਂ ਪੰਜਾਬ ਯੂਥ ਕਾਂਗਰਸ ਵਿਚ ਬਗਾਵਤ



**ਚੰਡੀਗੜ੍ਹ:** ਪੰਜਾਬ ਯੂਥ ਕਾਂਗਰਸ ਵਿਚ ਨਵੇਂ ਪ੍ਰਧਾਨ ਮੋਹਿਤ ਮਹਿੰਦਰਾ ਦੇ ਨਾਂ ਦੇ ਐਲਾਨ ਨਾਲ ਹੀ ਪਾਰਟੀ 'ਚ ਬਗਾਵਤ ਸ਼ੁਰੂ ਹੋ ਗਈ ਹੈ।

ਯੂਥ ਕਾਂਗਰਸ ਹੁਣ ਦੋਫਾੜ ਹੋ ਗਈ ਜਾਪਦੀ ਹੈ ਨਵੇਂ ਪ੍ਰਧਾਨ ਮੋਹਿਤ ਮਹਿੰਦਰਾ ਨੇ ਆਪਣੇ ਸਾਥੀਆਂ ਨਾਲ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਮੂੰਹ ਮਿੱਠਾ ਕਰਾਇਆ, ਜਦੋਂ ਕਿ ਵਿਰੋਧ ਕਰਨ ਵਾਲੇ ਅਕਸ਼ੈ ਸ਼ਰਮਾ ਅਤੇ ਚਸਵਿੰਦਰ ਚਾਹਲ ਨੇ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਇੰਚਾਰਜ ਨੂੰ ਨਾਲ ਲੈ ਕੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨਾਲ ਮੁਲਾਕਾਤ ਕੀਤੀ। ਬੀਤੇ ਦਿਨੀਂ ਅਕਸ਼ੈ ਸ਼ਰਮਾ ਨੇ ਆਪਣੇ ਸਾਥੀਆਂ ਨੂੰ ਲੈ ਕੇ ਦਿੱਲੀ ਵਿਚ ਵੀ ਪਾਰਟੀ ਦਫਤਰ ਦੇ ਅੱਗੇ ਰੋਸ ਮੁਜ਼ਾਹਰਾ ਕੀਤਾ ਸੀ।

ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨਾਂ ਨੇ ਮੰਗ ਉਠਾਈ ਹੈ ਕਿ ਅਕਸ਼ੈ ਸ਼ਰਮਾ ਨੂੰ ਵਰਕਿੰਗ ਪ੍ਰਧਾਨ ਲਗਾਇਆ ਜਾਵੇ। ਦੱਸਣਯੋਗ ਹੈ ਥੋੜਾ ਸਮਾਂ ਪਹਿਲਾਂ ਹੋਈਆਂ ਯੂਥ ਕਾਂਗਰਸ ਦੀਆਂ ਚੋਣਾਂ ਦੌਰਾਨ ਅਕਸ਼ੇ ਸ਼ਰਮਾ ਦੇ ਪੈਨਲ ਦੇ ਬਾਕੀ ਆਗੂ ਜਿੱਤ ਗਏ ਪਰ ਉਹ ਖੁਦ ਚੋਣ ਹਾਰ ਗਏ ਸਨ। ਅਕਸ਼ੇ ਸ਼ਰਮਾ ਕਿਹਾ ਕਿ ਉਨ੍ਹਾਂ ਦੇ ਪੈਨਲ ਦੇ 18 ਜ਼ਿਲ੍ਹਾ ਪ੍ਰਧਾਨ ਅਤੇ 92 ਹਲਕਾ ਇੰਚਾਰਜ ਚੋਣ ਜਿੱਤ ਸਕਦੇ ਹਨ ਤਾਂ ਉਸ ਦੀ ਹਾਰ ਕਿਸ ਤਰ੍ਹਾਂ ਹੋ ਸਕਦੀ ਹੈ? ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਪਰਿਵਾਰ ਵੱਲੋਂ ਚੋਣਾਂ ਵਿਚ ਮੋਹਿਤ ਮਹਿੰਦਰਾ ਦੀ ਹਮਾਇਤ ਕੀਤੀ ਗਈ ਸੀ। ਪੰਜਾਬ ਦੀ ਕਾਂਗਰਸ ਵਿਚ ਤਾਂ ਪਹਿਲਾਂ ਹੀ ਕਈ ਧੜੇ ਹਨ ਅਤੇ ਹੁਣ ਪੰਜਾਬ ਯੂਥ ਕਾਂਗਰਸ ਵਿਚ ਵੀ ਧੜੇਬੰਦੀ ਬਣ ਗਈ ਹੈ। ਆਉਂਦੇ ਦਿਨਾਂ ਵਿਚ ਇਹ ਗੁੱਟਬੰਦੀ ਹੋਰ ਤੇਜ਼ ਹੋ ਸਕਦੀ ਹੈ।

## ਵਿਜੀਲੈਂਸ ਨੇ ਕਾਂਗਰਸੀਆਂ ਖਿਲਾਫ ਚੁੱਪ ਵੱਟੀ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਆਮ ਆਦਮੀ ਪਾਰਟੀ ਤੇ ਕਾਂਗਰਸ 'ਤੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਕੌਮੀ ਪੱਧਰ 'ਤੇ 'ਇੰਡੀਆ' ਗੱਠਜੋੜ ਬਣਨ ਤੋਂ ਬਾਅਦ ਸੂਬੇ ਵਿਚ ਵਿਜੀਲੈਂਸ ਨੇ ਕਾਂਗਰਸੀ ਆਗੂਆਂ ਖ਼ਿਲਾਫ਼ ਚੁੱਪ ਵੱਟ ਲਈ ਹੈ। ਅਕਾਲੀ ਦਲ ਦੇ ਲੀਗਲ ਵਿੰਗ ਦੇ ਪ੍ਰਧਾਨ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਭਾਵੇਂ ਪਹਿਲਾਂ ਵਿਜੀਲੈਂਸ ਬਿਊਰੋ ਨੂੰ ਕਾਂਗਰਸੀ ਆਗੂਆਂ ਖ਼ਿਲਾਫ਼ ਵਰਤਿਆ ਜਾ ਰਿਹਾ ਸੀ ਪਰ ਹੁਣ ਕੌਮੀ ਪੱਧਰ 'ਤੇ ਗੱਠਜੋੜ ਮਗਰੋਂ ਇਸ ਦੀ ਵਰਤੋਂ ਨੂੰ ਮੁਕੰਮਲ ਬਰੇਕਾਂ ਲੱਗ ਗਈਆਂ ਹਨ ਕਿਉਂਕਿ ਦੋਵੇਂ ਪਾਰਟੀਆਂ ਗੱਠਜੋੜ ਦੀਆਂ ਮੈਂਬਰ ਹਨ। ਅਕਾਲੀ ਆਗੂ ਨੇ ਕਿਹਾ ਕਿ ਕੁਝ ਮਹੀਨੇ ਪਹਿਲਾਂ ਤੱਕ ਵਿਜੀਲੈਂਸ ਵੱਲੋਂ ਕਾਂਗਰਸ ਦੇ ਸਾਬਕਾ ਮੰਤਰੀਆਂ ਖ਼ਿਲਾਫ਼ ਕਾਰਵਾਈ ਤੇਜ਼ ਕੀਤੀ ਹੋਈ ਸੀ ਤੇ 'ਇੰਡੀਆ' ਗੱਠਜੋੜ ਦੇ ਗਠਨ ਤੋਂ ਬਾਅਦ ਵਿਜੀਲੈਂਸ ਤੇ ਸਰਕਾਰ ਇਸ ਮਾਮਲੇ 'ਤੇ ਚੁੱਪ ਹੈ।

# ਇਮੀਗ੍ਰੇਸ਼ਨ ਦਾ ਗੈਰ-ਕਾਨੂੰਨੀ ਕਾਰੋਬਾਰ ਕਰਨ ਵਾਲਿਆਂ ਦੀਆਂ ਸਰਗਰਮੀਆਂ ਵਧੀਆਂ




**ਚੰਡੀਗੜ੍ਹ:** ਪੰਜਾਬ ਵਿਚ ਇਮੀਗ੍ਰੇਸ਼ਨ ਦਾ ਕਾਰੋਬਾਰ ਕਰਨ ਵਾਲੀਆਂ ਲਗਭਗ ਸੱਤ ਹਜ਼ਾਰ ਟਰੈਵਲ ਏਜੰਟ ਅਤੇ ਏਜੰਸੀਆਂ ਦੀ ਸ਼ਨਾਖ਼ਤ ਹੋਈ ਹੈ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਕੁੱਲ 7179 ਏਜੰਟਾਂ ਤੇ ਏਜੰਸੀਆਂ ਸਮੇਤ 3547 ਦਫਤਰਾਂ ਦੀ ਚੈਕਿੰਗ ਕੀਤੀ ਗਈ ਹੈ, ਜਿਨ੍ਹਾਂ ਵਿਚੋਂ 271 ਏਜੰਸੀਆਂ ਗੈਰਕਾਨੂੰਨੀ ਨਿਕਲੀਆਂ ਹਨ। ਇਨ੍ਹਾਂ ਗੈਰ ਕਾਨੂੰਨੀ ਏਜੰਸੀਆਂ ਵਿਚੋਂ 25 ਖ਼ਿਲਾਫ਼ ਪੁਲਿਸ ਕੇਸ ਦਰਜ ਕੀਤੇ ਗਏ ਹਨ।

ਐਨ.ਆਰ.ਆਈ. ਮਾਮਲੇ ਅਤੇ ਪ੍ਰਬੰਧਕੀ ਸੁਧਾਰ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਕੀਤੀ ਗਈ ਸਮੀਖਿਆ ਮੀਟਿੰਗ ਵਿਚ ਇਹ ਵੇਰਵੇ ਸਾਂਝੇ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਮੂਹ ਜ਼ਿਲ੍ਹਿਆਂ 'ਚ ਲਾਇਸੈਂਸਾਂ ਤੇ ਹੋਰ ਲੋੜੀਂਦੀਆਂ ਪ੍ਰਵਾਨਗੀਆਂ ਆਦਿ ਦੀ ਚੈਕਿੰਗ ਜਾਰੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਐਨ.ਆਰ.ਆਈ. ਮਿਲਣੀ ਸਮਾਗਮਾਂ ਦੌਰਾਨ ਪ੍ਰਾਪਤ ਹੋਈਆਂ ਕੁੱਲ 609 ਸ਼ਿਕਾਇਤਾਂ 'ਚੋਂ 588 ਦਾ ਨਿਪਟਾਰਾ ਹੋ ਚੁੱਕਾ ਹੈ ਤੇ ਬਕਾਇਆ 21 ਮਾਮਲੇ ਕਾਰਵਾਈ ਅਧੀਨ ਹਨ।

ਉਨ੍ਹਾਂ ਸਮੂਹ ਜ਼ਿਲ੍ਹਿਆਂ ਵਿਚ ਤਾਇਨਾਤ ਐਸ.ਡੀ.ਐਮ-ਕਮ-ਐਨ.ਆਰ.ਆਈ. ਨੋਡਲ ਅਫ਼ਸਰਾਂ ਨੂੰ ਸਬੰਧਤ ਜ਼ਿਲ੍ਹਿਆਂ 'ਚ 10 ਸਤੰਬਰ ਤੱਕ ਕਾਰਜਸ਼ੀਲ ਟਰੈਵਲ ਏਜੰਟਾਂ, ਏਜੰਸੀਆਂ, ਦਫ਼ਤਰਾਂ ਆਦਿ ਦੀ ਚੈਕਿੰਗ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜੋ ਸੰਸਥਾਵਾਂ, ਏਜੰਸੀਆਂ ਸਹੀ ਤਰੀਕੇ ਨਾਲ ਭਾਵ ਕਾਨੂੰਨ ਅਤੇ ਨਿਰਧਾਰਿਤ ਸ਼ਰਤਾਂ ਤਹਿਤ ਕੰਮ ਕਰਨ ਦੀਆਂ ਇੱਛੁਕ ਹਨ, ਉਨ੍ਹਾਂ ਨੂੰ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਨ ਦਾ ਮੌਕਾ ਦਿੱਤਾ ਜਾਵੇਗਾ। ਕੈਬਨਿਟ ਮੰਤਰੀ ਨੇ ਨੋਡਲ ਅਫਸਰਾਂ ਨੂੰ ਹਦਾਇਤ ਕੀਤੀ ਹੈ ਕਿ ਐਨ.ਆਰ.ਆਈਜ਼. ਨਾਲ ਸਬੰਧਤ ਮਾਮਲੇ ਪਹਿਲ ਦੇ ਆਧਾਰ 'ਤੇ ਹੱਲ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਇਮੀਗਰੇਸ਼ਨ ਦਾ ਗ਼ੈਰਕਾਨੂੰਨੀ ਕਾਰੋਬਾਰ ਚੱਲਣ ਨਹੀਂ ਦਿੱਤਾ ਜਾਵੇਗਾ ਤੇ ਅਜਿਹੇ ਮਾਮਲਿਆਂ ਵਿਚ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਔਰਤਾਂ ਲਈ ਸ਼ਰਾਬ ਦੇ ਠੇਕੇ ਖੋਲ੍ਹਣ 'ਤੇ ਪੰਜਾਬ ਸਰਕਾਰ ਦੀ ਤਿੱਖੀ ਆਲੋਚਨਾ




**ਲੁਧਿਆਣਾ:** ਕੇਂਦਰੀ ਰਾਜ ਮੰਤਰੀ ਅਸ਼ਵਨੀ ਕੁਮਾਰ ਚੌਬੇ ਨੇ ਕਿਹਾ ਕਿ ਪੰਜਾਬ 'ਚ ਨਸ਼ਿਆਂ ਦੇ ਖ਼ਾਤਮੇ ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ ਵੱਲੋਂ ਔਰਤਾਂ ਲਈ ਵੱਖਰੇ ਸ਼ਰਾਬ ਠੇਕੇ ਖੋਲ੍ਹਣੇ ਗੌਰਵਮਈ ਸੂਬੇ ਦੇ ਮੱਥੇ 'ਤੇ ਕਲੰਕ ਹਨ।

ਉਹ ਦੁੱਗਰੀ ਸਥਿਤ ਭਾਜਪਾ ਦਫਤਰ ਵਿਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਸ੍ਰੀ ਚੌਬੇ ਨੇ ਮਾਨ ਸਰਕਾਰ ਵੱਲੋਂ ਪੰਜਾਬ ਵਿਚ ਨਸ਼ੇ ਖ਼ਤਮ ਕਰਨ ਲਈ ਕੀਤੇ ਜਾ ਰਹੇ ਪ੍ਰਚਾਰ ਨੂੰ ਮੰਦਭਾਗਾ ਕਰਾਰ ਦਿੰਦਿਆਂ ਦੱਸਿਆ ਕਿ ਪੰਜਾਬ ਵਿਚ ਹਰ ਗਲੀ-ਮਹੱਲੇ ਵਿਚ ਖੁੱਲ੍ਹੇ ਸ਼ਰਾਬ ਦੇ ਠੇਕੇ ਨੌਜਵਾਨ ਵਰਗ ਨੂੰ ਕੁਰਾਹੇ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਤਾਂ ਔਰਤਾਂ ਲਈ ਵੀ ਸ਼ਰਾਬ ਦੇ ਵੱਖਰੇ ਠੇਕੇ ਖੋਲ੍ਹੇ ਜਾ ਰਹੇ ਹਨ, ਜੋ ਪੰਜਾਬ ਦੀ ਪਵਿੱਤਰ ਧਰਤੀ ਦੇ ਮੱਥੇ 'ਤੇ ਕਲੰਕ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਤੋਂ ਪੰਜਾਬ ਦੀ ਜਨਤਾ ਦਾ ਮੋਹ ਭੰਗ ਹੋ ਚੁੱਕਾ ਹੈ ਕਿਉਂਕਿ ਇਹ ਸਰਕਾਰ ਸਿਰਫ ਝੂਠੇ ਪ੍ਰਚਾਰ ਅਤੇ ਇਸ਼ਤਿਹਾਰਾਂ ਵਾਲੀ ਸਰਕਾਰ ਬਣ ਕੇ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੀ ਜਨਤਾ ਦੇ ਹਿੱਤ ਵਿਚ ਕਈ ਲੋਕ ਭਲਾਈ ਯੋਜਨਾਵਾਂ ਤਿਆਰ ਕੀਤੀਆਂ ਗਈਆਂ ਹਨ ਜਿਸ ਨੂੰ ਵੇਖਦੇ ਹੋਏ ਜਨਤਾ ਭਾਜਪਾ ਹੱਥ ਸੱਤਾ ਸੌਂਪਣਾ ਚਾਹੁੰਦੀ ਹੈ।

ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਦੀ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਪੰਜਾਬ ਵਿਚ ਕਥਿਤ ਤੌਰ 'ਤੇ ਔਰਤਾਂ ਲਈ ਸ਼ਰਾਬ ਦੇ ਠੇਕੇ ਖੋਲ੍ਹੇ ਜਾਣ ਦਾ ਦੋਸ਼ ਲਾਉਂਦਿਆਂ ਇਸ ਨੂੰ 'ਆਪ' ਸਰਕਾਰ ਵੱਲੋਂ ਪੰਜਾਬ ਦੇ ਸਭਿਆਚਾਰ 'ਤੇ ਸਾਜ਼ਿਸ਼ੀ ਹਮਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਪੰਜਾਬ 'ਚੋਂ ਨਸ਼ਿਆਂ ਦਾ ਖ਼ਾਤਮਾ ਕੀਤਾ ਜਾਵੇਗਾ, ਪਰ ਇਸ ਦੇ ਉਲਟ ਹੁਣ ਔਰਤਾਂ ਲਈ ਵੀ ਸ਼ਰਾਬ ਦੇ ਠੇਕੇ ਖੋਲ੍ਹੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਵੱਡੀ ਗਿਣਤੀ ਨੌਜਵਾਨ ਮੌਤ ਦੇ ਮੂੰਹ ਜਾ ਰਹੇ ਹਨ, ਪਰ ਸਰਕਾਰ ਨੂੰ ਇਸ ਗੱਲ ਤੋਂ ਕੋਈ ਫਰਕ ਨਹੀਂ ਪੈ ਰਿਹਾ। ਉਨ੍ਹਾਂ ਕਿਹਾ ਕਿ ਦਿੱਲੀ ਦੇ ਆਗੂ ਹੀ ਪੰਜਾਬ ਸਰਕਾਰ ਨੂੰ ਚਲਾ ਰਹੇ ਹਨ, ਜਿਨ੍ਹਾਂ ਨੂੰ ਪੰਜਾਬ ਦੇ ਸਭਿਆਚਾਰ ਅਤੇ ਵਿਰਸੇ ਦਾ ਕੋਈ ਗਿਆਨ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਔਰਤਾਂ ਆਪਣੇ ਵਿਰਸੇ 'ਤੇ ਇਹ ਹਮਲਾ ਬਰਦਾਸ਼ਤ ਨਹੀਂ ਕਰਨਗੀਆਂ ਅਤੇ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।

# ਸਾਹਿਤਕ ਬੈਠਕ ਵਿਚ ਚਲਿਆ ਰਚਨਾਵਾਂ ਦਾ ਦੌਰ

**ਨਿਊਯਾਰਕ:** ਇੱਥੇ ਵੱਸਦੇ ਸਾਹਿਤਕਾਰਾਂ ਵਲੋਂ ਲੰਘੇ ਸ਼ਨਿਚਰਵਾਰ ਈਸਟ ਮੈਡੋ ਇਲਾਕੇ ਵਿਚਲੇ ਆਈਜ਼ਨ ਹਾਵਰ ਪਾਰਕ ਵਿਚ ਸਾਹਿਤਕ ਬੈਠਕ ਕੀਤੀ ਗਈ, ਜਿਸ ਦਾ ਸਭਨਾਂ ਨੇ ਭਰਪੂਰ ਅਨੰਦ ਮਾਣਿਆ। ਇਸ ਬੈਠਕ ਦਾ ਮੰਤਵ ਕੁਦਰਤ ਦੇ ਨਜ਼ਦੀਕ ਹੋ ਕੇ ਕੁਦਰਤ ਨਾਲ ਇੱਕ ਮਿੱਕ ਹੋਣ ਦਾ ਲੁਤਫ ਲੈਣਾ ਸੀ। ਕੁਝ ਸਰਸਰੀ ਗੱਲਬਾਤ ਤੋਂ ਬਾਅਦ ਪਹਿਲੇ ਕਾਵਿਕ ਦੌਰ ਦੀ ਸ਼ੁਰੂਆਤ ਮੋਹਨ ਸਿੰਘ ਭੰਵਰਾ ਦੀ ਕਵਿਤਾ

ਟੁੱਟ ਗਏ ਸਭ ਖ਼ੁਆਬ ਨੇ ਮੇਰੇ
ਟੁੱਟ ਗਏ ਸਭ ਵਿਸ਼ਵਾਸ
ਅਰਮਾਨ ਮੇਰੇ ਸਭ ਰਾਖ਼ ਹੋ ਗਏ
ਰਿਸ਼ਤੇ ਰਹੇ ਨਾ ਖ਼ਾਸ।

ਨਾਲ ਹੋਈ। ਦੂਸਰੀ ਕਵਿਤਾ ਅੱਜ ਦੇ ਮਾਹੌਲ ਦੇ ਸੰਧਰਭ ਵਿਚੋਂ ਨਿਕਲਦੀਆਂ ਹੂਕਾਂ ਬਾਰੇ ਸੀ ਕਿ ਕਿਵੇਂ ਹਰ ਪਾਸੇ ਮਾਹੌਲ ਵਿਗੜਦਾ ਜਾ ਰਿਹਾ ਹੈ ਤੇ ਹਰ ਵਰਗ ਦਾ ਜੀਣਾ ਦੁੱਭਰ ਹੋ ਰਿਹਾ ਹੈ। ਜਿਸ ਦਾ ਸਭਨਾਂ ਨੇ ਤਾੜੀਆਂ ਨਾਲ ਸੁਆਗਤ ਕੀਤਾ। ਜੱਸੀ ਢਿੱਲੋਂ ਨੇ ਦੋ ਕਵਿਤਾਵਾਂ ਸੁਣਾ ਕੇ ਆਪਣਾ ਮਨ ਹੌਲਾ ਕੀਤਾ।

"ਲੋਕਾਂ ਮੈਨੂੰ ਕਮਲ਼ਾ ਕਹਿੰਦੇ
ਤੇਰੇ ਪਿਆਰ 'ਚ ਢਲ਼ਿਆ ਕਹਿੰਦੇ
ਕਦੇ ਕਦੇ ਮੈਨੂੰ ਚੁੱਪ ਜਿਹਾ ਤੱਕ ਕੇ
ਮੈਨੂੰ ਇਸ਼ਕ 'ਚ ਰੁਲ਼ਿਆ ਕਹਿੰਦੇ।"

"ਕਦ ਕਿਹਾ ਸੀ ਫੇਰ ਨ ਆਵੀਂ
ਕਦ ਕਿਹਾ ਸੀ ਜੀਰੇ ਭੁੱਲ ਜਾਵੀਂ
ਸੁੰਨਾ ਵਿਹੜਾ ਤੈਨੂੰ ਭਾਲ਼ੇ
ਹਾੜਾ ਹੁਣ ਘਰ ਮੁੜ ਮੁੜ ਆਵੀਂ।"

ਡਾਕਟਰ ਸੰਦੀਪ ਸਿੰਘ ਨੇ ਦੋ ਕਵਿਤਾਵਾਂ ਜੀਵਨ ਦੇ ਫਲਸਫ਼ੇ ਨਾਲ ਭਰਪੂਰ ਸਾਰਿਆਂ ਦੇ ਰੂਬਰੂ ਕੀਤੀਆਂ। ਬਲਵਿੰਦਰ ਸਿੰਘ ਜੰਡਿਆਲਵੀ ਨੇ ਪ੍ਰੋਫੈਸਰ ਮੋਹਨ ਸਿੰਘ ਦੀਆਂ ਲਿਖੀਆਂ ਕੁਝ ਕਵਿਤਾਵਾਂ ਦੀਆਂ ਸਤਰਾਂ ਪੜ੍ਹੀਆਂ। ਅੰਜੂ ਰੱਤੀ ਨੇ ਆਪਣੀ ਹਿੰਦੀ ਵਿਚ ਕੀਤੀ ਰਚਨਾ ਸਾਰਿਆਂ ਦੇ



ਗੋਚਰੀਂ ਕੀਤੀ:

"ਬਹੁਤ ਦੇਰ ਕਰਦੀ ਮੇਹਰਵਾ ਆਤੇ ਆਤੇ
ਅਬ ਤੋ ਜਾਤੀ ਹੂਈ ਬਹਾਰ ਹੈ
ਦੇਖੋ ਜੇਹ ਚਾਂਦ ਠਹਿਰੇ ਪੱਤੇ
ਸਹਿਮ ਜਾਤੇ ਹੈਂ ਜ਼ਰਾ ਸੀ ਬਹਾਰ ਮੇਂ।

ਇਹ ਰਚਨਾ ਰੱਤੀ ਹੋਰਾਂ ਨੇ ਖ਼ੂਬਸੂਰਤ ਅੰਦਾਜ਼ ਵਿਚ ਸੁਣਾ ਕੇ ਵਾਹ-ਵਾਹ ਖੱਟੀ। ਇਸ ਤੋਂ ਬਾਅਦ ਅਮਰੀਕ ਗ਼ਾਫ਼ਲ ਹੋਰਾਂ ਇਕ ਗਜ਼ਲ

"ਜੀਣ ਲਈ ਇਕ ਅੰਤਿਮ ਹੀਲਾ ਹੁੰਦਾ ਸੀ
ਹੁਣ ਹੈ ਨਈਂ।
ਉਹ ਜੋ ਮੇਰੀ ਧੌਣ 'ਚ ਕੀਲਾ ਹੁੰਦਾ ਸੀ
ਹੁਣ ਹੈ ਨਈਂ। "

ਸੁਣਾਈ, ਦੂਸਰੀ ਗਜ਼ਲ

"ਰੰਗ ਤੇ ਰੋਸ਼ਨੀ ਚਾਰ ਦਿਨ ਵਾਸਤੇ
ਫਿਰ ਕਹਾਣੀ ਖ਼ਤਮ"

ਤਰੰਨੁਮ ਵਿਚ ਸੁਣਾਈ, ਜਿਸ ਵਿਚ ਜੀਵਨ ਦੀ ਅਸਲੀਅਤ ਨੂੰ ਬਹੁਤ ਸੰਵੇਦਨਸ਼ੀਲ ਢੰਗ ਨਾਲ ਬਿਆਨ ਕੀਤਾ। ਇਸ ਬੈਠਕ ਵਿਚ ਪ੍ਰੋਫੈਸਰ ਸ਼ਸ਼ੀ ਕਾਂਤ ਉਪਲ ਨੇ ਆਪਣੇ ਕੁੱਝ ਦੋਹੇ ਸੁਣਾਏ, ਇਕ ਗਜ਼ਲ ਦਾ ਮਤਲਾ

ਡੋਲਦੀ ਰੱਸੀ 'ਤੇ ਨੱਟ ਦੇ ਵਾਂਗ ਤੁਰਿਆ ਜਾ ਰਿਹਾ
ਇਸ ਦਾ ਨਾਮ ਹੈ ਜ਼ਿੰਦਗੀ ਖ਼ੁਦ ਨੂੰ ਸਮਝਾ ਰਿਹਾ।

ਨੂੰ ਸਭਨਾਂ ਨੇ ਪਸੰਦ ਕੀਤਾ। ਉਸ ਤੋਂ ਬਾਅਦ ਬਲਵੀਰ ਸਿੰਘ ਡੁਮਲੀ ਨੇ ਗਜ਼ਲ

ਜ਼ਖ਼ਮ ਡੂੰਘੇ ਸਨ ਭਰ ਨਾ ਸਕਿਆ।
ਮੌਤੋਂ ਪਹਿਲਾਂ ਮਰ ਨਾ ਸਕਿਆ।

ਤੇ ਆਪਣੀ ਕਿਤਾਬ "ਮੈ ਮਿੱਟੀ ਦਾ ਰੂਪ" ਦੋਹਾ ਸੰਗ੍ਰਹਿ ਵਿਚੋਂ ਕੁੱਝ ਦੋਹੇ ਸੁਣਾਏ

"ਰੱਬਾ ਜੇ ਤੂੰ ਜਾਨਣੈ, ਕੀ ਔਰਤ ਦੇ ਲੇਖ।
ਇੱਕ ਔਰਤ ਦੀ ਕੁੱਖ ਵਿਚ, ਔਰਤ ਬਣ ਕੇ ਵੇਖ।

ਇਸ ਦੇ ਬਾਅਦ ਕਹਾਣੀ ਤੇ ਹੋਰ ਵਾਰਤਕ ਪੜ੍ਹਨ ਸੁਣਨ ਦਾ ਦੌਰ ਆਇਆ। ਸਭ ਤੋਂ ਪਹਿਲਾਂ ਬਲਦੇਵ ਸਿੰਘ ਗਰੇਵਾਲ ਹੋਰਾਂ ਆਪਣੀ ਕਹਾਣੀ "ਸੂਹਾ ਸਾਲੂ" ਸੁਣਾਈ ਜਿਹੜੀ ਪਰਵਾਨ ਨਾ ਚੜ੍ਹੀ। ਮੁਹੱਬਤ ਦੇ ਇਰਦ ਗਿਰਦ ਬਹੁਤ ਸੰਵੇਦਨਸ਼ੀਲ ਢੰਗ ਨਾਲ ਘੁਮਾਈ ਗਈ। ਕਹਾਣੀ ਸੰਪੂਰਨ ਹੁੰਦਿਆਂ ਸਾਰ ਹੀ ਕਹਾਣੀਕਾਰ ਸਣੇ ਸਾਰੇ ਜਣੇ ਇਕ ਪਲ ਲਈ ਚੁੱਪ ਜਿਹੇ ਹੋ ਗਏ। ਮਨਮੋਹਨ ਪੂਨੀ ਹੋਰਾਂ ਨੇ ਸ਼ਹੀਦ ਊਧਮ ਸਿੰਘ ਬਾਰੇ ਤਾਰੀਫ ਨਾਲ ਭਰਪੂਰ ਸਤਰਾਂ ਸੁਣਾਈਆਂ ਤੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਜਾਦੀਆਂ। ਇਕ ਨਾ ਇਕ ਦਿਨ ਇਨ੍ਹਾਂ ਨੂੰ ਬੂਰ ਜ਼ਰੂਰ ਪਵੇਗਾ। ਜਸਵੀਰ ਸਿੰਘ ਪ੍ਰੋਫੈਸਰ ਨੇ ਕਹਾਣੀ "ਸ਼ਮਾ" ਸੁਣਾਈ। ਇਸ ਕਹਾਣੀ ਤੋਂ ਬਾਅਦ ਰੀਟਾ ਕੋਹਲੀ ਨੇ ਗੁਲਾਮ ਅਲੀ ਦੀ ਗਾਈ ਇਕ ਗਜ਼ਲ "ਚੁਪਕੇ ਚੁਪਕੇ ਰਾਤ ਦਿਨ ਆਸੂ ਬਹਾਨਾ ਯਾਦ ਹੈ" ਸੁਣਾਈ। ਇਹ ਇਸ ਬੈਠਕ ਦੀ ਆਖ਼ਰੀ ਪੇਸ਼ਕਸ਼ ਸੀ। ਸਾਰਿਆਂ ਨੇ ਆਪਣੀ ਆਪਣੀ ਪਸੰਦ ਦਾ ਹਲਕਾ ਜਿਹਾ ਸਨੈਕ ਲਿਆ ਕੇ ਇਕ ਦੂਸਰੇ ਨਾਲ ਸਾਂਝਾ ਕੀਤਾ ਜਿਸ ਦਾ ਸਭਨਾਂ ਨੇ ਭਰਪੂਰ ਅਨੰਦ ਮਾਣਿਆ। ਵੱਡੀ ਤੇ ਵਧੀਆ ਗੱਲ ਇਹ ਸੀ ਕਿ ਕੁਦਰਤ ਦੀ ਗਲਵੱਕੜੀ ਦਾ ਲੁਤਫ ਸਾਰਿਆਂ ਨੇ ਰੱਜ ਕੇ ਮਾਣਿਆ ਤੇ ਅਗਲੇ ਮਹੀਨੇ ਫਿਰ ਇਕੱਠੇ ਹੋਣ ਦੇ ਵਾਅਦੇ ਨਾਲ ਇਕ ਦੂਜੇ ਨੂੰ ਸ਼ੱਬਾ ਖ਼ੈਰ ਕਹੀ।

# ਹੜ੍ਹਾਂ ਦੀ ਮਾਰ: ਪੰਜਾਬ 'ਚ ਸਵਾ ਛੇ ਲੱਖ ਏਕੜ ਫਸਲ ਤਬਾਹ ਹੋਈ, 54 ਮੌਤਾਂ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਕਾਰਨ ਤਕਰੀਬਨ ਸਵਾ ਛੇ ਲੱਖ ਏਕੜ ਫਸਲ ਤਬਾਹ ਹੋਈ ਹੈ। ਇਸ ਦੌਰਾਨ 54 ਜਣਿਆਂ ਦੀ ਜਾਨ ਚਲੀ ਗਈ ਅਤੇ 27 ਹਜ਼ਾਰ ਪਸ਼ੂ ਵੀ ਮਰ ਗਏ। ਪੰਜਾਬ ਸਰਕਾਰ ਵੱਲੋਂ ਕੇਂਦਰੀ ਅੰਤਰ ਮੰਤਰਾਲਾ ਟੀਮ ਕੋਲ ਪੇਸ਼ ਰਿਪੋਰਟ 'ਚ ਇਹ ਤੱਥ ਸਾਹਮਣੇ ਆਏ ਹਨ। ਬੇਸ਼ੱਕ ਫਸਲਾਂ ਦੀ ਗਿਰਦਾਵਰੀ ਮੁਕੰਮਲ ਹੋਣੀ ਬਾਕੀ ਹੈ ਪਰ ਇਹ ਤਸਵੀਰ ਉੱਭਰੀ ਹੈ ਕਿ 6.25 ਲੱਖ ਏਕੜ ਰਕਬੇ ਦਾ ਫਸਲੀ ਨੁਕਸਾਨ ਹੋਇਆ ਹੈ ਜਦਕਿ ਹੁਣ ਤੱਕ ਫਸਲੀ ਨੁਕਸਾਨ ਸਿਰਫ 2.59 ਲੱਖ ਏਕੜ ਹੀ ਦੱਸਿਆ ਜਾ ਰਿਹਾ ਸੀ।

ਪੰਜਾਬ ਸਰਕਾਰ ਨੇ ਫਸਲੀ ਨੁਕਸਾਨ ਦੀ ਭਰਪਾਈ ਲਈ 605 ਕਰੋੜ ਰੁਪਏ ਦਾ ਅਨੁਮਾਨ ਲਾਇਆ ਹੈ। ਕੇਂਦਰ ਸਰਕਾਰ ਵੱਲੋਂ ਨਿਯਮਾਂ ਵਿਚ ਢਿੱਲ ਦਿੱਤੀ ਜਾਂਦੀ ਹੈ ਤਾਂ ਕਿਸਾਨਾਂ ਨੂੰ ਮੁੱਢਲੇ ਅਨੁਮਾਨਾਂ ਮੁਤਾਬਕ 1210 ਕਰੋੜ ਰੁਪਏ ਮੁਆਵਜ਼ੇ ਵਜੋਂ ਮਿਲਣਗੇ। ਸੂਬੇ ਵਿਚ ਝੋਨੇ ਦੀ ਫ਼ਸਲ ਜ਼ਿਆਦਾ ਪ੍ਰਭਾਵਿਤ ਹੋਈ ਹੈ ਅਤੇ ਕੰਢੀ ਖੇਤਰ ਵਿਚ ਮੱਕੀ ਦੀ ਫ਼ਸਲ ਦਾ ਨੁਕਸਾਨ ਹੋਇਆ ਹੈ। ਕੇਂਦਰੀ ਨਿਯਮਾਂ ਅਨੁਸਾਰ ਨੁਕਸਾਨੀ ਖੜ੍ਹੀ ਫ਼ਸਲ ਦਾ ਮੁਆਵਜ਼ਾ ਹੀ ਦਿੱਤਾ ਜਾ ਸਕਦਾ ਹੈ ਜਦੋਂ ਕਿ ਝੋਨੇ ਦੀ ਫ਼ਸਲ ਦੀ ਹਾਲੇ ਲੁਆਈ ਹੀ ਹੋਈ ਸੀ। ਕੇਂਦਰੀ ਨਿਯਮ ਮੁੱਢਲੇ ਪੜਾਅ ਦੇ ਪੌਦਿਆਂ ਨੂੰ ਫ਼ਸਲ ਨਹੀਂ ਮੰਨਦੇ ਹਨ।



ਰਿਪੋਰਟ ਅਨੁਸਾਰ ਸੂਬੇ ਵਿਚ ਕੁੱਲ 547 ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਜਦਕਿ 2645 ਮਕਾਨ ਅੱਧੇ ਡਿੱਗੇ ਹਨ। ਪੰਜਾਬ ਨੇ ਕੇਂਦਰ ਤੋਂ ਘਰਾਂ ਵਾਸਤੇ ਪ੍ਰਤੀ ਘਰ 2.40 ਲੱਖ ਰੁਪਏ ਦੀ ਮੰਗ ਕੀਤੀ ਹੈ। ਪੰਜਾਬ ਵਿਚ ਹੜ੍ਹਾਂ ਦੌਰਾਨ ਜੋ 54 ਮੌਤਾਂ ਹੋਈਆਂ ਹਨ, ਉਨ੍ਹਾਂ ਦੇ ਵਾਰਸਾਂ ਨੂੰ ਨਿਯਮਾਂ ਅਨੁਸਾਰ 4 ਲੱਖ ਰੁਪਏ ਦੀ ਵਿੱਤੀ ਮਦਦ ਮਿਲਣੀ ਹੈ ਜਦੋਂ ਕਿ ਨਿਯਮਾਂ ਵਿਚ ਛੋਟ ਮਿਲਣ 'ਤੇ ਅੱਠ ਲੱਖ ਰੁਪਏ ਦੀ ਸਹਾਇਤਾ ਮਿਲੇਗੀ। ਇਸੇ ਤਰ੍ਹਾਂ ਸੂਬੇ ਵਿਚ ਹੜ੍ਹਾਂ ਵਿਚ 27,640 ਪਸ਼ੂਆਂ ਦੀ ਮੌਤ ਹੋਈ ਹੈ ਜਿਨ੍ਹਾਂ ਦੇ ਮਾਲਕਾਂ ਨੂੰ ਵੀ ਮੁਆਵਜ਼ਾ ਰਾਸ਼ੀ ਆਫ਼ਤ ਰਾਹਤ ਫ਼ੰਡਾਂ ਵਿਚੋਂ ਮਿਲੇਗੀ।

ਹੜ੍ਹਾਂ ਕਾਰਨ ਬੁਨਿਆਦੀ ਢਾਂਚੇ ਦਾ ਵੱਡਾ ਨੁਕਸਾਨ ਹੋਇਆ ਹੈ। ਹੜ੍ਹਾਂ ਕਰਕੇ ਪੰਜਾਬ ਦੇ ਦਰਿਆਵਾਂ/ਚੋਆਂ ਅਤੇ ਨਹਿਰਾਂ ਵਿਚ ਕੁੱਲ 488 ਪਾੜ ਪਏ ਹਨ। ਇਨ੍ਹਾਂ ਵਿਚੋਂ 254 ਪਾੜ ਇਕੱਲੇ ਨਹਿਰਾਂ ਵਿਚ ਪਏ ਹਨ, ਇਨ੍ਹਾਂ ਲਈ 159 ਕਰੋੜ ਦੀ ਲੋੜ ਹੈ। ਪੰਜਾਬ ਵਿਚ ਸੜਕਾਂ ਦੀ ਮੁਰੰਮਤ ਪਹਿਲਾਂ ਹੀ ਕੇਂਦਰ ਵੱਲੋਂ ਦਿਹਾਤੀ ਵਿਕਾਸ ਫ਼ੰਡਾਂ ਨੂੰ ਰੋਕੇ ਜਾਣ ਕਰਕੇ ਲਟਕੀ ਹੋਈ ਹੈ ਪਰ ਹੜ੍ਹਾਂ ਨੇ ਸੜਕਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ। ਇਨ੍ਹਾਂ ਹੜ੍ਹਾਂ ਨਾਲ 2251 ਕਿੱਲੋਮੀਟਰ ਸੜਕਾਂ ਟੁੱਟੀਆਂ ਹਨ ਜਿਨ੍ਹਾਂ ਵਿਚੋਂ 1733 ਕਿੱਲੋਮੀਟਰ ਲਿੰਕ ਸੜਕਾਂ ਹਨ। ਸੜਕਾਂ ਟੁੱਟਣ ਕਰਕੇ ਰਾਹਗੀਰਾਂ ਨੂੰ ਵੱਡੀ ਮੁਸ਼ਕਲ ਬਣੀ ਹੋਈ ਹੈ।

ਹੜ੍ਹਾਂ ਕਾਰਨ ਸਰਕਾਰੀ ਸਕੂਲਾਂ ਨੂੰ ਵੀ ਮਾਰ ਪਈ ਹੈ। ਸਮੁੱਚੇ ਪੰਜਾਬ ਵਿਚ ਕੁੱਲ 1097 ਸਰਕਾਰੀ ਸਕੂਲ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ। ਰੂਪਨਗਰ ਜ਼ਿਲ੍ਹੇ ਵਿਚ ਸਭ ਤੋਂ ਜ਼ਿਆਦਾ 277 ਸਕੂਲ ਪ੍ਰਭਾਵਿਤ ਹੋਏ ਹਨ ਜਦੋਂ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ 187 ਸਕੂਲ ਅਤੇ ਮੁਹਾਲੀ ਜ਼ਿਲ੍ਹੇ ਵਿਚ 163 ਸਕੂਲਾਂ ਨੂੰ ਮੀਹਾਂ ਨੇ ਮਾਰ ਮਾਰੀ ਹੈ। ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਸਭ ਤੋਂ ਵੱਧ ਮਾਰ ਝੱਲਣੀ ਪਈ ਹੈ। 668 ਪ੍ਰਾਇਮਰੀ ਸਕੂਲ, 185 ਮਿਡਲ ਸਕੂਲ, 132 ਹਾਈ ਸਕੂਲ ਅਤੇ 112 ਸੀਨੀਅਰ ਸੈਕੰਡਰੀ ਸਕੂਲਾਂ ਨੂੰ ਮੀਹਾਂ ਨੇ ਪ੍ਰਭਾਵਿਤ ਕੀਤਾ ਹੈ। ਇਸੇ ਦੌਰਾਨ ਹੜ੍ਹਾਂ ਨਾਲ ਕਰੀਬ ਅੱਠ ਜ਼ਿਲ੍ਹਿਆਂ ਵਿਚ 41 ਸਿਹਤ ਕੇਂਦਰ ਵੀ ਪ੍ਰਭਾਵਿਤ ਹੋਏ ਹਨ ਜਿਨ੍ਹਾਂ ਦੀ ਮੁਰੰਮਤ ਲਈ ਫ਼ੌਰੀ ਫ਼ੰਡਾਂ ਦੀ ਲੋੜ ਹੈ।

ਪੰਜਾਬ ਸਰਕਾਰ ਨੇ ਆਪਣੀ ਰਿਪੋਰਟ ਵਿੱਚ ਆਖਿਆ ਕਿ ਹੈ ਐਤਕੀਂ ਹੜ੍ਹਾਂ ਕਾਰਨ ਝੋਨੇ ਦੀ ਪੈਦਾਵਾਰ ਵਿੱਚ ਕਮੀ ਆ ਸਕਦੀ ਹੈ। ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਪੰਜਾਬ ਕੇਂਦਰੀ ਪੂਲ ਵਿਚ 21.2 ਚੌਲਾਂ ਦੀ ਹਿੱਸੇਦਾਰੀ ਪਾਉਂਦਾ ਹੈ। ਦੂਜੇ ਪਾਸੇ ਬਾਸਮਤੀ ਦੀ ਫਸਲ ਵੀ ਬਿਮਾਰੀ ਦੀ ਲਪੇਟ ਵਿੱਚ ਆਈ ਹੈ ਹੈ, ਜਿਸ ਕਾਰਨ ਬਾਸਮਤੀ ਦਾ ਝਾੜ ਵੀ ਘੱਟ ਜਾਣ ਸੰਭਾਵਨਾ ਹੈ।

## ਹੜ੍ਹਾਂ ਦੇ ਮੁਆਵਜ਼ੇ ਲਈ ਸਖਤ ਹੋਈਆਂ ਕਿਸਾਨ ਜਥੇਬੰਦੀਆਂ

**ਜਲੰਧਰ:** ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਚ ਮੀਟਿੰਗ ਹੋਈ। ਇਸ ਵਿਚ ਫੈਸਲਾ ਕੀਤਾ ਗਿਆ ਕਿ ਹੜ੍ਹਾਂ ਵਿਚ ਕਿਸਾਨਾਂ ਦੀਆਂ ਤਬਾਹ ਹੋਈਆਂ ਫਸਲਾਂ ਦਾ ਅਜੇ ਤੱਕ ਮੁਆਵਜ਼ਾ ਨਾ ਦੇਣ 'ਤੇ 19 ਅਗਸਤ ਨੂੰ ਪੰਜਾਬ ਵਿਚ ਆਮ ਆਦਮੀ ਪਾਰਟੀ ਅਤੇ ਭਾਜਪਾ ਦੇ ਸਾਰੇ ਵਿਧਾਇਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ। ਕਿਸਾਨ ਆਗੂ ਹਰਮੀਤ ਸਿੰਘ ਕਾਦੀਆਂ, ਬਲਵਿੰਦਰ ਸਿੰਘ ਮੱਲੀ ਨੰਗਲ ਅਤੇ ਮੇਜਰ ਸਿੰਘ ਪੁੰਨਾਂਵਾਲ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਕੇਂਦਰ ਤੇ ਪੰਜਾਬ ਸਰਕਾਰਾਂ ਵੱਲੋਂ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ।

# ਫਸਲੀ ਮੁਆਵਜ਼ਾ: ਪੰਜਾਬ ਸਰਕਾਰ ਨੇ ਗੇਂਦ ਹੁਣ ਕੇਂਦਰ ਦੇ ਪਾਲੇ 'ਚ ਸੁੱਟੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਕੇਸ ਕੇਂਦਰੀ ਅੰਤਰ-ਮੰਤਰਾਲਾ ਟੀਮ ਦੇ ਅੱਗੇ ਰੱਖਿਆ ਤੇ ਤਕਰੀਬਨ 1320 ਕਰੋੜ ਰੁਪਏ ਦੇ ਨੁਕਸਾਨ ਦੇ ਵੇਰਵੇ ਸਾਂਝੇ ਕਰਦਿਆਂ ਵਿਸਥਾਰਤ ਰਿਪੋਰਟ ਸੌਂਪੀ।

ਸੂਬਾ ਸਰਕਾਰ ਨੇ ਕੁੱਲ ਮਿਲਾ ਕੇ ਹੁਣ ਗੇਂਦ ਕੇਂਦਰ ਦੇ ਪਾਲੇ ਵਿਚ ਸੁੱਟ ਦਿੱਤੀ ਹੈ। ਪੰਜਾਬ ਦੇ ਪੰਜ ਜ਼ਿਲ੍ਹਿਆਂ 'ਚ ਹੋਏ ਨੁਕਸਾਨ ਦਾ ਜਾਇਜ਼ਾ ਲੈ ਕੇ ਆਈ ਕੇਂਦਰੀ ਟੀਮ ਨਾਲ ਸਾਂਝੀ ਮੀਟਿੰਗ ਵਿਚ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸਪੱਸ਼ਟ ਕੀਤਾ ਕਿ ਪੰਜਾਬ ਕੋਲ ਮੁਆਵਜ਼ਾ ਦੇਣ ਲਈ ਫੰਡ ਹਨ ਪਰ ਕੇਂਦਰੀ ਗ੍ਰਹਿ ਮੰਤਰਾਲੇ ਦੇ ਨਿਰਧਾਰਤ ਮਾਪਦੰਡ ਇਨ੍ਹਾਂ ਦੀ ਵੰਡ ਦੇ ਰਾਹ 'ਚ ਅੜਿੱਕਾ ਹਨ।

ਮੁੱਖ ਸਕੱਤਰ ਨੇ ਕੇਂਦਰੀ ਟੀਮ ਕੋਲ ਮੰਗ ਰੱਖੀ ਕਿ ਸੂਬੇ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ੇ ਦੇ ਨਿਯਮਾਂ ਵਿਚ ਛੋਟ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਸੂਬੇ ਦੇ ਆਫਤ ਰਾਹਤ ਫ਼ੰਡਾਂ ਵਿਚ ਕੋਈ ਕਮੀ ਨਹੀਂ ਪ੍ਰੰਤੂ ਨੁਕਸਾਨ ਦੀ ਭਰਪਾਈ ਵਾਸਤੇ ਨਿਯਮਾਂ ਵਿਚ ਤਬਦੀਲੀ ਦੀ ਲੋੜ ਹੈ। ਮੁੱਖ ਸਕੱਤਰ ਨੇ ਕੇਂਦਰੀ ਟੀਮ ਨੂੰ ਜਾਨੀ-ਮਾਲੀ ਨੁਕਸਾਨ ਦੀ ਮੁਆਵਜ਼ਾ ਰਾਸ਼ੀ ਵਧਾਉਣ ਦੀ ਮੰਗ ਵੀ ਰੱਖੀ।

ਮੀਟਿੰਗ ਦੌਰਾਨ ਕੇਂਦਰੀ ਟੀਮ ਦੇ ਮੁਖੀ ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਦੇ ਵਿੱਤ ਸਲਾਹਕਾਰ ਰਵਨੀਸ਼ ਕੁਮਾਰ ਨੇ ਮੰਨਿਆ ਕਿ ਹਿਮਾਚਲ ਪ੍ਰਦੇਸ਼ ਤੋਂ ਬਾਅਦ ਸਭ ਤੋਂ ਵੱਧ ਨੁਕਸਾਨ ਪੰਜਾਬ ਵਿਚ ਹੋਇਆ ਹੈ। ਮੁੱਖ ਸਕੱਤਰ ਵਰਮਾ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਲਿਖੇ ਪੱਤਰ ਵਿਚ ਪੀੜਤਾਂ ਨੂੰ ਦਿੱਤੀ ਜਾਣ ਵਾਲੀ ਮੁਆਵਜ਼ਾ ਰਾਸ਼ੀ ਕਰੀਬ ਦੁੱਗਣੀ ਕਰਨ ਦੀ ਮੰਗ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਮ੍ਰਿਤਕਾਂ ਦੇ ਪਰਿਵਾਰ ਨੂੰ ਦਿੱਤੀ ਜਾਣ ਵਾਲੀ ਮੁਆਵਜ਼ਾ ਰਾਸ਼ੀ 4 ਲੱਖ ਰੁਪਏ ਤੋਂ ਵਧਾ ਕੇ 8 ਲੱਖ ਰੁਪਏ, ਫ਼ਸਲ ਦੇ ਨੁਕਸਾਨ ਲਈ 17 ਹਜ਼ਾਰ ਰੁਪਏ ਤੋਂ ਵਧਾ ਕੇ 34 ਹਜ਼ਾਰ ਰੁਪਏ, ਦੁਧਾਰੂ ਪਸ਼ੂਆਂ ਲਈ 37,500 ਤੋਂ ਵਧਾ ਕੇ 75 ਹਜ਼ਾਰ ਰੁਪਏ, ਨੁਕਸਾਨੇ ਘਰਾਂ ਲਈ 1,20,000 ਰੁਪਏ ਤੋਂ ਵਧਾ ਕੇ 2.40 ਲੱਖ ਰੁਪਏ ਕੀਤੀ ਜਾਵੇ।

## ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਵੇ ਸਰਕਾਰ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹੜ੍ਹ ਪੀੜਤਾਂ ਲਈ ਰਾਹਤ ਪੈਕੇਜ ਐਲਾਨਣ ਦੀ ਇਮਾਨਦਾਰੀ 'ਤੇ ਬੇਭਰੋਸਗੀ ਜ਼ਾਹਿਰ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੂੰ ਬਹਾਨੇ ਬਣਾਉਣ ਦੀ ਬਜਾਏ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ। ਬਾਜਵਾ ਨੇ ਕਿਹਾ ਕਿ ਹੁਣ ਪੰਜਾਬ ਸਰਕਾਰ ਮੁਆਵਜ਼ੇ ਨੂੰ ਦੁੱਗਣਾ ਕਰਨ ਲਈ ਨਿਯਮਾਂ ਵਿਚ ਤਬਦੀਲੀ ਦੀ ਮੰਗ ਕਰ ਰਹੀ ਹੈ, ਜਿਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਪੱਤਰ ਵੀ ਲਿਖਿਆ ਹੈ।

## ਪੰਜਾਬ ਸਰਕਾਰ ਨੇ ਹੜ੍ਹ ਪੀੜਤਾਂ ਦੀ ਬਾਂਹ ਨਹੀਂ ਫੜੀ: ਵੜਿੰਗ

**ਪਾਤੜਾਂ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ਼ੁਤਰਾਣਾ ਵਿਚ ਪੱਕਾ ਮੋਰਚਾ ਲਗਾ ਕੇ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਮੁਲਾਕਾਤ ਕੀਤੀ। ਰਾਜਾ ਵੜਿੰਗ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਉਹ ਇਹ ਮਾਮਲਾ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਉਣ ਦੇ ਨਾਲ-ਨਾਲ ਕੇਂਦਰੀ ਮੰਤਰੀ ਨੂੰ ਪੱਤਰ ਲਿਖ ਕੇ ਸਮਾਂ ਲੈਣਗੇ।

# ਐਨ.ਆਰ.ਆਈਜ਼ ਦੀ ਸਹੂਲਤ ਲਈ ਦਿੱਲੀ ਅੱਡੇ 'ਤੇ ਬਣੇਗਾ ਵਿਸ਼ੇਸ਼ ਕੇਂਦਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਕਈ ਅਹਿਮ ਫੈਸਲੇ ਲਏ ਗਏ ਜਿਨ੍ਹਾਂ ਵਿਚ ਸੂਬੇ ਦੀਆਂ ਜੇਲ੍ਹਾਂ ਵਿਚ ਬੰਦ 45 ਕੈਦੀਆਂ ਦੀ ਸਜ਼ਾ ਵਿਚ ਵਿਸ਼ੇਸ਼ ਛੋਟ, ਹਰੇਕ ਜ਼ਿਲ੍ਹੇ ਦੇ ਪ੍ਰਮੁੱਖ ਪਾਰਕ ਵਿਚ ਸ਼ਹੀਦੀ ਸਮਾਰਕ ਦੀ ਉਸਾਰੀ, ਸ਼ਾਸਨ ਵਿਚ ਹੋਰ ਸੁਧਾਰ ਲਈ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਅਤੇ ਐਨ.ਆਰ.ਆਈਜ਼. ਦੀ ਸਹੂਲਤ ਲਈ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਵਿਸ਼ੇਸ਼ ਕੇਂਦਰ ਸਥਾਪਤ ਕਰਨ ਦੀ ਪ੍ਰਵਾਨਗੀ ਆਦਿ ਸ਼ਾਮਲ ਹੈ।

ਮੰਤਰੀ ਮੰਡਲ ਨੇ ਇੰਟਰਨੈਸ਼ਨਲ ਟਰਮੀਨਲ ਦੇ ਅਰਾਈਵਲ ਹਾਲ (ਪਹੁੰਚ ਹਾਲ) ਵਿਚ ਸਹੂਲਤ ਪ੍ਰਦਾਨ ਕਰਨ ਵਾਲਾ ਕੇਂਦਰ (ਫੈਸਿਲੀਟੇਸ਼ਨ ਸੈਂਟਰ) ਸਥਾਪਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਕੇਂਦਰ 24 ਘੰਟੇ ਖੁੱਲ੍ਹਾ ਰਹੇਗਾ ਅਤੇ ਟਰਮੀਨਲ 'ਤੇ ਪਹੁੰਚਣ ਵਾਲੇ ਸਾਰੇ ਐਨ.ਆਰ.ਆਈਜ਼. ਅਤੇ ਹੋਰ ਮੁਸਾਫਰਾਂ ਨੂੰ ਸਹਾਇਤਾ ਪ੍ਰਦਾਨ ਕਰੇਗਾ। ਇਸ ਵਿਸ਼ੇਸ਼ ਕੇਂਦਰ ਵਿਚ ਮੁਸਾਫਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਬੈਠਣ ਲਈ ਢੁਕਵੀਂ ਸਹੂਲਤ ਹੋਵੇਗੀ। ਇਹ ਕੇਂਦਰ ਮੁਸਾਫਰ ਦੀ ਇੱਛਾ ਮੁਤਾਬਕ ਵਾਜਬ ਕੀਮਤਾਂ ਉਤੇ ਟੈਕਸੀ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੰਮ ਕਰੇਗਾ। ਇਸ ਤੋਂ ਇਲਾਵਾ ਇਸ ਕੇਂਦਰ ਕੋਲ ਮੁਸਾਫਰਾਂ ਨੂੰ ਪੰਜਾਬ ਭਵਨ ਜਾਂ ਨੇੜੇ ਦੀਆਂ ਥਾਵਾਂ ਉਤੇ ਲਿਜਾਣ ਵਿਚ ਮਦਦ ਲਈ ਵਾਹਨ ਵੀ ਹੋਣਗੇ।



ਪੰਜਾਬ ਮੰਤਰੀ ਮੰਡਲ ਨੇ ਸੜਕ ਹਾਦਸਿਆਂ ਵਿਚ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਦੇ ਉਦੇਸ਼ ਨਾਲ ਫੈਸਲਾ ਲੈਂਦਿਆਂ ਸੂਬੇ ਵਿਚ 'ਸੜਕ ਸੁਰੱਖਿਆ ਫੋਰਸ' ਬਣਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ 'ਸੜਕ ਸੁਰੱਖਿਆ ਫੋਰਸ' 5500 ਕਿਲੋਮੀਟਰ ਰਾਜ ਤੇ ਕੌਮੀ ਮਾਰਗਾਂ ਦੀ ਸੁਰੱਖਿਆ ਕਰੇਗੀ। ਵਜ਼ਾਰਤ ਦਾ ਮੰਨਣਾ ਹੈ ਕਿ ਪੰਜਾਬ ਵਿਚ ਪਿਛਲੇ ਕੁਝ ਦਹਾਕਿਆਂ ਵਿਚ ਸੜਕਾਂ ਦਾ ਬੁਨਿਆਦੀ ਢਾਂਚਾ ਵਧਿਆ ਹੈ ਅਤੇ ਆਵਾਜਾਈ ਵਿਚ ਵੀ ਕਾਫੀ ਵਾਧਾ ਹੋਇਆ ਹੈ। ਸਰਕਾਰ ਵੱਲੋਂ ਇਨ੍ਹਾਂ ਰੂਟਾਂ ਉਤੇ 144 ਪੈਟਰੋਲਿੰਗ ਵਾਹਨ ਤਾਇਨਾਤ ਕੀਤੇ ਜਾਣਗੇ, ਜੋ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਅਤੇ ਓਵਰਸਪੀਡ ਦੀ ਜਾਂਚ ਕਰਨ ਲਈ ਵਿਸ਼ੇਸ਼ ਉਪਕਰਨਾਂ ਨਾਲ ਲੈਸ ਹੋਣਗੇ। ਹਰੇਕ ਵਾਹਨ 30 ਕਿਲੋਮੀਟਰ ਦੇ ਘੇਰੇ ਵਿਚ ਗਸ਼ਤ ਕਰੇਗਾ। ਇਹ ਵਾਹਨ ਖਰੀਦਣ ਅਤੇ ਇਨ੍ਹਾਂ ਉਪਰ ਲਾਏ ਜਾਣ ਵਾਲੇ ਆਧੁਨਿਕ ਉਪਕਰਨਾਂ ਦੀ ਖਰੀਦ ਉਤੇ 30 ਕਰੋੜ ਰੁਪਏ ਖਰਚ ਆਉਣਗੇ। ਸੜਕ ਸੁਰੱਖਿਆ ਫੋਰਸ ਵਿਚ 5000 ਪੁਲਿਸ ਜਵਾਨ ਤਾਇਨਾਤ ਕੀਤੇ ਜਾਣਗੇ ਜਿਨ੍ਹਾਂ ਵਿਚੋਂ 1200 ਤੋਂ 1500 ਪੁਲਿਸ ਜਵਾਨ ਨਵੇਂ ਭਰਤੀ ਹੋਏ ਪੁਲਿਸ ਮੁਲਾਜ਼ਮਾਂ ਵਿਚੋਂ ਹੀ ਤਾਇਨਾਤ ਕੀਤੇ ਜਾਣਗੇ। ਆਜ਼ਾਦੀ ਦੇ ਸੰਘਰਸ਼ ਦੌਰਾਨ ਮਾਤ ਭੂਮੀ ਦੀ ਰਾਖੀ ਕਰਦੇ ਹੋਏ ਜਾਨਾਂ ਵਾਰਨ ਵਾਲੇ ਮਹਾਨ ਸੁਤੰਤਰਤਾ ਸੈਨਾਨੀਆਂ ਅਤੇ ਕੌਮੀ ਨਾਇਕਾਂ ਦੇ ਸਤਿਕਾਰ ਵਿਚ ਮੰਤਰੀ ਮੰਡਲ ਨੇ ਹਰੇਕ ਜ਼ਿਲ੍ਹੇ ਦੇ ਪ੍ਰਮੁੱਖ ਪਾਰਕ ਵਿਚ ਸ਼ਹੀਦੀ ਸਮਾਰਕ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਸਮਾਰਕ ਉਤੇ ਸਬੰਧਤ ਜ਼ਿਲ੍ਹੇ ਦੇ ਸ਼ਹੀਦਾਂ ਅਤੇ ਸੁਤੰਤਰਤਾ ਸੰਗਰਾਮੀਆਂ ਦੇ ਨਾਮ ਲਿਖੇ ਜਾਣਗੇ।

## 'ਸੜਕ ਸੁਰੱਖਿਆ ਫੋਰਸ' ਬਣਾਉਣ ਨੂੰ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਸੜਕ ਹਾਦਸਿਆਂ ਵਿਚ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਦੇ ਉਦੇਸ਼ ਨਾਲ ਫੈਸਲਾ ਲੈਂਦਿਆਂ ਸੂਬੇ ਵਿਚ 'ਸੜਕ ਸੁਰੱਖਿਆ ਫੋਰਸ' ਬਣਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ 'ਸੜਕ ਸੁਰੱਖਿਆ ਫੋਰਸ' 5500 ਕਿਲੋਮੀਟਰ ਰਾਜ ਤੇ ਕੌਮੀ ਮਾਰਗਾਂ ਦੀ ਸੁਰੱਖਿਆ ਕਰੇਗੀ। ਸੜਕ ਸੁਰੱਖਿਆ ਫੋਰਸ ਵਿਚ 5000 ਪੁਲਿਸ ਜਵਾਨ ਤਾਇਨਾਤ ਕੀਤੇ ਜਾਣਗੇ ਜਿਨ੍ਹਾਂ ਵਿਚੋਂ 1200 ਤੋਂ 1500 ਪੁਲਿਸ ਜਵਾਨ ਨਵੇਂ ਭਰਤੀ ਹੋਏ ਪੁਲਿਸ ਮੁਲਾਜ਼ਮਾਂ ਵਿਚੋਂ ਹੀ ਤਾਇਨਾਤ ਕੀਤੇ ਜਾਣਗੇ।

## ਖੇਡਦੇ ਸਮੇਂ ਸੱਟ ਲੱਗਣ ਕਾਰਨ ਕਬੱਡੀ ਖਿਡਾਰੀ ਦੀ ਮੌਤ

**ਚੇਤਨਪੁਰਾ:** ਪਿੰਡ ਖਤਰਾਏ ਖੁਰਦ ਵਿਖੇ ਬਾਬਾ ਬਹਾਦਰ ਸਿੰਘ ਦੀ ਸਾਲਾਨਾ ਬਰਸੀ ਮੌਕੇ ਕਰਵਾਏ ਜਾ ਰਹੇ ਕਬੱਡੀ ਕੱਪ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੇ ਖਿਡਾਰੀ ਦੀ ਮੌਤ ਹੋ ਗਈ। ਜ਼ਿਲ੍ਹਾ ਗੁਰਦਾਸਪੁਰ ਦੇ ਕਬੱਡੀ ਖਿਡਾਰੀ ਮੰਨੂ ਮਸਾਣੀਆਂ ਖੇਡਦੇ ਵਕਤ ਰੇਡ ਪਾਉਣ ਗਿਆ ਜਿਸ ਦੌਰਾਨ ਉਹ ਇਕਦਮ ਜ਼ਮੀਨ 'ਤੇ ਡਿੱਗ ਗਿਆ ਤੇ ਉਸ ਦੇ ਸਿਰ 'ਤੇ ਸੱਟ ਲੱਗ ਗਈ। ਉਸ ਨੂੰ ਤੁਰਤ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ।

# ਸਿਆਸੀ ਸਰਗਰਮੀਆਂ 'ਚ ਸ਼ਾਮਲ ਆਂਗਣਵਾੜੀ ਵਰਕਰਾਂ 'ਤੇ ਕਾਰਵਾਈ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਸਿਆਸੀ ਸਰਗਰਮੀਆਂ ਵਿਚ ਸ਼ਾਮਲ ਹੋਣ ਵਾਲੀਆਂ 150 ਦੇ ਕਰੀਬ ਆਂਗਣਵਾੜੀ ਵਰਕਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ।

ਇਸ ਵਿਚ ਸਰਪੰਚ, ਕੌਂਸਲਰ, ਪੰਚਾਇਤ ਮੈਂਬਰ ਤੇ ਹੋਰਨਾਂ ਅਹੁਦਿਆਂ 'ਤੇ ਤਾਇਨਾਤ ਆਂਗਣਵਾੜੀ ਵਰਕਰ ਸ਼ਾਮਲ ਹਨ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਆਂਗਣਵਾੜੀ ਵਰਕਰਾਂ ਸਰਕਾਰੀ ਤਨਖਾਹ ਜਾਂ ਮਾਣਭੱਤਾ ਲੈਣ ਦੇ ਨਾਲ-ਨਾਲ ਸਿਆਸੀ ਖੇਤਰ 'ਚ ਨਹੀਂ ਨਿੱਤਰ ਸਕਦੀਆਂ। ਇਸੇ ਕਰਕੇ ਵਿਭਾਗ ਨੇ ਅਹੁਦਿਆਂ 'ਤੇ ਤਾਇਨਾਤ ਆਂਗਣਵਾੜੀ ਵਰਕਰਾਂ ਨੂੰ ਇਕ ਅਹੁਦਾ ਛੱਡਣ ਦੇ ਹੁਕਮ ਦਿੱਤੇ ਹਨ। ਵਿਭਾਗ ਨੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਸਭ ਤੋਂ ਵੱਧ 14 ਜਣਿਆਂ ਨੂੰ, ਗੁਰਦਾਸਪੁਰ 'ਚ 12, ਰੂਪਨਗਰ 'ਚ 11, ਫਤਹਿਗੜ੍ਹ ਸਾਹਿਬ, ਜਲੰਧਰ ਤੇ ਤਰਨ ਤਾਰਨ 'ਚ 9-9, ਪਟਿਆਲਾ, ਲੁਧਿਆਣਾ ਤੇ ਫਿਰੋਜ਼ਪੁਰ 'ਚ 7-7, ਨਵਾਂ ਸ਼ਹਿਰ ਤੇ ਸੰਗਰੂਰ 'ਚ 6-6, ਮੁਹਾਲੀ ਤੇ ਸ੍ਰੀ ਮੁਕਤਸਰ ਸਾਹਿਬ 'ਚ 5-5, ਅੰਮ੍ਰਿਤਸਰ ਤੇ ਕਪੂਰਥਲਾ 'ਚ 4-4, ਮੋਗਾ 'ਚ 3, ਬਰਨਾਲਾ ਤੇ ਫਾਜ਼ਿਲਕਾ 'ਚ 2-2 ਅਤੇ ਬਠਿੰਡਾ, ਮਾਨਸਾ ਤੇ ਪਠਾਨਕੋਟ 'ਚ ਇਕ-ਇਕ ਜਣੇ ਨੂੰ ਨੋਟਿਸ ਜਾਰੀ ਕੀਤਾ ਹੈ। ਜ਼ਿਲ੍ਹਾ ਫਰੀਦਕੋਟ 'ਚ ਕੋਈ ਵੀ ਨੋਟਿਸ ਜਾਰੀ ਨਹੀਂ ਕੀਤਾ ਗਿਆ। ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਅਜਿਹੇ ਹੋਰਨਾਂ ਵਰਕਰਾਂ ਦੀ ਪਛਾਣ ਕੀਤੀ ਜਾ ਰਹੀ ਹੈ, ਜੋ ਸਿਆਸੀ ਸਰਗਰਮੀਆਂ ਵਿਚ ਹਿੱਸਾ ਲੈ ਰਹੀਆਂ ਹਨ। ਜ਼ਿਕਰਯੋਗ ਹੈ ਕਿ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ



ਵਿਭਾਗ ਦੇ ਇਹ ਮਸਲਾ ਉਸ ਸਮੇਂ ਧਿਆਨ 'ਚ ਆਇਆ ਜਦੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਤਾਇਨਾਤ ਆਂਗਣਵਾੜੀ ਵਰਕਰ ਹਰਗੋਬਿੰਦ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦਾ ਪ੍ਰਧਾਨ ਲਗਾ ਦਿੱਤਾ ਸੀ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਮੰਤਰੀ ਡਾ. ਬਲਜੀਤ ਕੌਰ ਨੇ 150 ਆਂਗਣਵਾੜੀ ਵਰਕਰਾਂ ਨੂੰ ਨੋਟਿਸ ਜਾਰੀ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਨਿਯਮਾਂ ਅਨੁਸਾਰ ਸਰਕਾਰੀ ਖਜ਼ਾਨੇ ਵਿਚੋਂ ਤਨਖਾਹ, ਮਾਣਭੱਤਾ ਲੈਣ ਵਾਲੇ ਵਿਅਕਤੀ ਦਾ ਕਿਸੇ ਵੀ ਰਾਜਸੀ ਪਾਰਟੀ ਵਿਚ ਸ਼ਾਮਲ ਹੋਣਾ ਸਰਕਾਰੀ ਨਿਯਮਾਂ ਦੀ ਉਲੰਘਣਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਆਂਗਣਵਾੜੀ ਵਰਕਰ ਵੱਲੋਂ ਕਿਸੇ ਵੀ ਰਾਜਸੀ ਪਾਰਟੀ ਨਾਲ ਜੁੜਨ ਕਾਰਨ ਵਿਭਾਗ ਵੱਲੋਂ ਸੌਂਪੀਆਂ ਗਈਆਂ ਸੇਵਾਵਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਣ ਵਿਚ ਰੁਕਾਵਟ ਪੈਦਾ ਹੋ ਸਕਦੀ ਹੈ।

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਮਿਲਿਆ ਏ ਪਲੱਸ-ਪਲੱਸ

**ਚੰਡੀਗੜ੍ਹ:** ਨੈਸ਼ਨਲ ਅਸੈੱਸਮੈਂਟ ਐਂਡ ਐਕਰੀਡੀਸ਼ਨ ਕੌਂਸਲ (ਨੈਕ) ਵੱਲੋਂ ਹਾਲ ਹੀ ਵਿਚ ਕੀਤੇ ਗਏ ਸਰਵੇਖਣ ਦੌਰਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ 4 ਵਿਚੋਂ 3.68 ਦੇ ਸਕੋਰ ਨਾਲ 'ਏ ਪਲੱਸ-ਪਲੱਸ' ਗਰੇਡ ਨਾਲ ਨਿਵਾਜਿਆ ਗਿਆ ਹੈ ਜੋ ਕਿ 'ਵਰਸਿਟੀ ਲਈ ਵੱਡੇ ਮਾਣ ਵਾਲੀ ਗੱਲ ਹੈ ਕਿਉਂਕਿ 'ਵਰਸਿਟੀ ਨੂੰ ਹੁਣ ਤੱਕ ਮਿਲੀ ਗਰੇਡਿੰਗ ਵਿਚ ਇਹ ਸਭ ਤੋਂ ਵਧੀਆ ਗਰੇਡ ਹਾਸਲ ਹੋਇਆ ਹੈ।

ਇਸ ਪ੍ਰਾਪਤੀ ਲਈ ਪੀ.ਯੂ. ਦਾ ਹਰੇਕ ਵਰਗ ਖੁਸ਼ੀ ਤੇ ਮਾਣ ਮਹਿਸੂਸ ਕਰ ਰਿਹਾ ਹੈ। ਦਿਲਚਸਪ ਗੱਲ ਇਹ ਹੈ ਕਿ ਪਹਿਲੀ ਮਹਿਲਾ ਵਾਈਸ ਚਾਂਸਲਰ ਪ੍ਰੋਫੈਸਰ ਰੇਣੂ ਵਿੱਗ ਦੀ ਅਗਵਾਈ ਹੇਠ ਪੰਜਾਬ ਯੂਨੀਵਰਸਿਟੀ ਨੇ ਨੈਕ ਵੱਲੋਂ ਜਾਰੀ ਕੀਤੇ ਤਾਜ਼ਾ ਸਕੋਰ ਵਿਚ ਇਹ ਗ੍ਰੇਡ ਪ੍ਰਾਪਤ ਕੀਤਾ ਹੈ।

ਇਹ ਨੈਕ ਮੁਲਾਂਕਣ ਵਿਚ ਪੰਜਾਬ ਯੂਨੀਵਰਸਿਟੀ ਵੱਲੋਂ ਪ੍ਰਾਪਤ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਉੱਚਾ ਸਕੋਰ ਹੈ। ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰੇਣੂ ਵਿੱਗ ਨੇ ਇਸ ਪ੍ਰਾਪਤੀ ਲਈ 'ਵਰਸਿਟੀ ਦੇ ਸਾਰੇ ਫੈਕਲਟੀ, ਸਟਾਫ਼ ਅਤੇ ਹੋਰ ਹਿੱਸੇਦਾਰਾਂ ਦਾ ਧੰਨਵਾਦ ਕੀਤਾ। ਦੱਸਣਯੋਗ ਹੈ ਕਿ ਨੈਕ ਦੀ ਟੀਮ ਵੱਲੋਂ 2 ਤੋਂ 4 ਅਗਸਤ ਤੱਕ ਪੰਜਾਬ ਯੂਨੀਵਰਸਿਟੀ ਦਾ ਦੌਰਾ ਕੀਤਾ ਗਿਆ ਸੀ ਜਿਸ ਵਿਚ ਟੀਮ ਵੱਲੋਂ ਸੱਤ ਮਾਪਦੰਡਾਂ ਦਾ ਮੁਲਾਂਕਣ ਕੀਤਾ ਗਿਆ ਸੀ। ਸਕੋਰ ਮੁਤਾਬਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਪਾਠਕ੍ਰਮ ਵਿਚ 3.87, ਅਧਿਆਪਨ-ਸਿਖਲਾਈ ਤੇ ਮੁਲਾਂਕਣ ਵਿਚ 3.40, ਖੋਜ, ਨਵੀਨਤਾਵਾਂ ਤੇ ਵਿਸਥਾਰ ਵਿਚ 3.73, ਬੁਨਿਆਦੀ ਢਾਂਚਾ ਤੇ ਸਿਖਲਾਈ ਸਰੋਤ 'ਚ 3.60, ਵਿਦਿਆਰਥੀ ਸਹਾਇਤਾ ਤੇ ਤਰੱਕੀ ਵਿਚ 3.74, ਗਵਰਨੈਂਸ, ਲੀਡਰਸ਼ਿਪ ਅਤੇ ਮੈਨੇਜਮੈਂਟ ਵਿਚ 3.57, ਸੰਸਥਾਗਤ ਮੁੱਲ ਤੇ ਵਧੀਆ ਅਭਿਆਸ ਵਿਚ 4 ਸਕੋਰ ਹਾਸਲ ਕੀਤੇ ਹਨ।

# ਪ੍ਰਾਇਮਰੀ ਅਧਿਆਪਕਾਂ ਦੀ ਰੈਸ਼ਨੇਲਾਈਜੇਸ਼ਨ ਨੀਤੀ ਦਾ ਵਿਰੋਧ

**ਚੰਡੀਗੜ੍ਹ:** ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਸੂਬੇ ਦੇ ਸਿੱਖਿਆ ਵਿਭਾਗ ਵੱਲੋਂ ਪ੍ਰਾਇਮਰੀ ਅਧਿਆਪਕਾਂ ਦੀ ਕੀਤੀ ਜਾ ਰਹੀ ਰੈਸ਼ਨੇਲਾਈਜੇਸ਼ਨ ਨੀਤੀ ਦਾ ਸਖ਼ਤ ਵਿਰੋਧ ਕੀਤਾ ਹੈ। ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਵਰਤਮਾਨ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਰੈਸ਼ਨੇਲਾਈਜੇਸ਼ਨ ਦੇ ਨਾਂ 'ਤੇ ਵੱਡੀ ਗਿਣਤੀ 'ਚ ਪ੍ਰਾਇਮਰੀ ਅਧਿਆਪਕਾਂ ਦੀਆਂ ਅਸਾਮੀਆਂ ਖਤਮ ਕਰਨ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਸਿੱਖਿਆ ਵਿਭਾਗ ਦੇ ਈ-ਪੰਜਾਬ ਪੋਰਟਲ ਤੋਂ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਦੇ ਹਜ਼ਾਰਾਂ ਈ.ਟੀ.ਟੀ. ਅਧਿਆਪਕਾਂ ਦੀਆਂ ਅਸਾਮੀਆਂ ਨੂੰ ਘਟਾ ਦਿੱਤਾ ਸੀ ਜਿਸ ਕਾਰਨ 500 ਤੋਂ ਵੱਧ ਪ੍ਰਾਇਮਰੀ ਸਕੂਲ ਅਧਿਆਪਕ ਵਿਹੂਣੇ ਹੋ ਗਏ ਸਨ। ਇਸ ਉਪਰੰਤ 3265 ਦੇ ਕਰੀਬ ਪ੍ਰਾਇਮਰੀ ਸਕੂਲਾਂ ਵਿਚ ਸਿਰਫ ਇਕ-ਇਕ ਹੀ ਅਧਿਆਪਕ ਰਹਿ ਗਿਆ ਸੀ ਜੋ ਪਿਛਲੇ ਲਗਭਗ ਪੰਜ ਸਾਲਾਂ ਤੋਂ ਇਨ੍ਹਾਂ ਪ੍ਰਾਇਮਰੀ ਸਕੂਲ ਦੀਆਂ ਕੁੱਲ ਸੱਤ-ਸੱਤ ਜਮਾਤਾਂ ਨੂੰ ਇਕੱਲਿਆਂ ਹੀ ਸੰਭਾਲ ਰਹੇ ਹਨ। ਪੰਜਾਬ ਦੇ ਪ੍ਰਾਇਮਰੀ ਸਕੂਲਾਂ ਨੂੰ ਨਵੇਂ ਅਧਿਆਪਕ ਦੇਣ ਦੀ ਬਜਾਏ ਹੁਣ ਚੁੱਪ-ਚੁਪੀਤੇ ਇਨ੍ਹਾਂ ਸਕੂਲਾਂ ਵਿਚ ਪੜ੍ਹਾ ਰਹੇ ਪ੍ਰਾਇਮਰੀ ਅਧਿਆਪਕਾਂ ਦੀ ਸ਼ਿਫਟਿੰਗ ਕਰ ਕੇ ਡੰਗ ਟਪਾਉਣ ਦੀ ਨੀਤੀ ਅਪਣਾਉਣ ਜਾ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਪ੍ਰਾਇਮਰੀ ਅਧਿਆਪਕਾਂ ਦੀ ਅਸਾਮੀਆਂ ਘਟਾਉਣ ਲਈ ਕੀਤੀ ਜਾ ਰਹੀ ਰੈਸ਼ਨੇਲਾਈਜੇਸ਼ਨ 'ਤੇ ਤੁਰਤ ਰੋਕ ਲਾਈ ਜਾਵੇ ਤੇ ਈ-ਪੰਜਾਬ ਪੋਰਟਲ ਉਤੋਂ ਖਤਮ ਕੀਤੀਆਂ ਈ.ਟੀ.ਟੀ. ਅਧਿਆਪਕਾਂ ਦੀਆਂ ਅਸਾਮੀਆਂ ਨੂੰ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਪੁਨਰ-ਸੁਰਜੀਤ ਕਰਦਿਆਂ ਲੋੜੀਂਦੇ ਅਧਿਆਪਕਾਂ ਦੀ ਭਰਤੀ ਕੀਤੀ ਜਾਵੇ।

## ਪੰਜਾਬ ਦੇ 40 ਸਰਕਾਰੀ ਹਸਪਤਾਲਾਂ ਦਾ ਹੋਵੇਗਾ ਨਵੀਨੀਕਰਨ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ 40 ਹਸਪਤਾਲਾਂ ਜਾਂ ਸੈਕੰਡਰੀ ਸਿਹਤ ਸਹੂਲਤਾਂ ਨੂੰ ਅਪਗ੍ਰੇਡ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇੱਥੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਨ੍ਹਾਂ 40 ਹਸਪਤਾਲਾਂ ਵਿਚ 19 ਜ਼ਿਲ੍ਹਾ ਹਸਪਤਾਲ, 6 ਸਬ-ਡਿਵੀਜ਼ਨ ਹਸਪਤਾਲ ਅਤੇ 15 ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀ.) ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸਿਹਤ ਮੰਤਰੀ ਬਲਬੀਰ ਸਿੰਘ ਇੱਥੇ ਪੰਜਾਬ ਭਵਨ ਵਿਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ.ਸੀ), ਆਰਕੀਟੈਕਚਰ ਵਿਭਾਗ, ਲੋਕ ਨਿਰਮਾਣ ਵਿਭਾਗ, ਪੰਜਾਬ ਮੰਡੀ ਬੋਰਡ, ਪੁੱਡਾ ਸਮੇਤ ਸਾਰੀਆਂ ਕਾਰਜਕਾਰੀ ਏਜੰਸੀਆਂ ਦੇ ਇੰਜੀਨੀਅਰਾਂ ਅਤੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

# ਪੁਲਿਸ ਅਧਿਕਾਰੀਆਂ ਦੇ ਅਪਰਾਧਿਕ ਗੱਠਜੋੜ ਸਬੰਧੀ ਕਾਰਵਾਈ ਦਾ ਅਮਲ 'ਸਿਟ' ਉਤੇ ਛੱਡਿਆ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਬਰਖਾਸਤ ਏ.ਆਈ.ਜੀ. ਰਾਜਜੀਤ ਸਿੰਘ ਅਤੇ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਦੇ ਮਾਮਲੇ 'ਤੇ ਪੰਜਾਬ ਪੁਲਿਸ ਵੱਲੋਂ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਦਾ ਕੰਮ ਵਿਸ਼ੇਸ਼ ਟਾਸਕ ਫੋਰਸ ਦੀ ਐਸ.ਆਈ.ਟੀ. ਉਤੇ ਛੱਡ ਦਿੱਤਾ ਹੈ। ਪੁਲਿਸ ਸੂਤਰਾਂ ਮੁਤਾਬਕ ਪੁਲਿਸ ਗ੍ਰਹਿ ਵਿਭਾਗ ਨੂੰ ਭੇਜੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਦੀ ਤਰੱਕੀ ਜਾਂ ਤਾਇਨਾਤੀ ਲਈ ਕਿਸੇ ਵੀ ਪੁਲਿਸ ਅਧਿਕਾਰੀ (ਸਿਵਾਏ ਰਾਜਜੀਤ ਸਿੰਘ) ਵੱਲੋਂ ਸਿਫਾਰਸ਼ ਨਹੀਂ ਕੀਤੀ ਗਈ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਨੂੰ ਤਰੱਕੀ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੇ ਹੀ ਦਿੱਤੀ ਸੀ ਅਤੇ ਇਸ ਸਬੰਧੀ ਰਿਪੋਰਟ ਗ੍ਰਹਿ ਵਿਭਾਗ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ। ਪੁਲਿਸ ਵਿਭਾਗ ਦੇ ਰਿਕਾਰਡ ਵਿਚ ਅਜਿਹਾ ਕੋਈ ਦਸਤਾਵੇਜ਼ ਉਪਲਬਧ ਨਹੀਂ ਹੈ ਜਿਸ ਤੋਂ ਇੰਦਰਜੀਤ ਸਿੰਘ ਦੀ ਪੁਸ਼ਤ ਪਨਾਹੀ ਕਰਨ, ਤਰੱਕੀ ਦੇਣ ਜਾਂ ਹੋਰ ਲਾਭ ਦੇਣ ਦਾ ਮਾਮਲਾ ਸਾਹਮਣੇ ਆਉਂਦਾ ਹੋਵੇ। ਇਸ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਜੇਕਰ ਵਿਭਾਗੀ ਜਾਂਚ ਦੇ ਮਾਮਲੇ ਵਿਚ ਜ਼ਿਲ੍ਹਾ



ਪੱਧਰ ਦੇ ਅਫਸਰ ਨੇ ਕੋਈ ਕਾਰਵਾਈ ਕੀਤੀ ਹੈ ਤਾਂ ਇਸ ਦਾ ਰਿਕਾਰਡ ਜ਼ਿਲ੍ਹਾ ਪੱਧਰ ਤੋਂ ਹੀ ਮਿਲ ਸਕਦਾ ਹੈ।

ਇਕ ਤਰ੍ਹਾਂ ਨਾਲ ਪੰਜਾਬ ਪੁਲਿਸ ਵੱਲੋਂ ਉਨ੍ਹਾਂ ਸਾਰੇ ਪੁਲਿਸ ਅਧਿਕਾਰੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ ਜਿਨ੍ਹਾਂ ਅਧਿਕਾਰੀਆਂ ਦੇ ਸਮੇਂ ਇੰਦਰਜੀਤ ਸਿੰਘ ਦੀ ਤਾਇਨਾਤੀ ਸਬੰਧਤ ਜ਼ਿਲ੍ਹਿਆਂ ਵਿਚ ਰਹੀ ਹੈ। ਪੰਜਾਬ ਪੁਲਿਸ ਦੇ ਇਸ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਐਸ.ਟੀ.ਐਫ. ਦੇ ਵਧੀਕ ਡੀ.ਜੀ.ਪੀ. ਦੀ ਅਗਵਾਈ ਹੇਠ ਐਸ.ਆਈ.ਟੀ. ਦਾ ਗਠਨ ਕੀਤਾ ਗਿਆ ਹੈ। ਇਸ ਲਈ ਜੇਕਰ ਰਾਜਜੀਤ ਸਿੰਘ ਅਤੇ ਇੰਦਰਜੀਤ ਸਿੰਘ ਦੇ ਮਾਮਲੇ ਵਿਚ ਕਿਸੇ ਆਈ.ਪੀ.ਐੱਸ. ਜਾਂ ਪੀ.ਪੀ.ਐੱਸ. ਅਧਿਕਾਰੀ ਦੀ ਅਪਰਾਧਿਕ ਭੂਮਿਕਾ ਸਾਹਮਣੇ ਆਉਂਦੀ ਹੈ ਤਾਂ ਐਸ.ਆਈ.ਟੀ. ਕਾਨੂੰਨ ਮੁਤਾਬਕ ਕਾਰਵਾਈ ਅਮਲ ਵਿਚ ਲਿਆ ਸਕਦੀ ਹੈ।

## ਰਾਜਜੀਤ ਦਾ ਪੁਲਿਸ ਦੇ ਕਾਬੂ ਨਾ ਆਉਣਾ ਰਹੱਸ ਬਣਿਆ

**ਚੰਡੀਗੜ੍ਹ:** ਰਾਜਜੀਤ ਸਿੰਘ ਦਾ ਪੁਲਿਸ ਦੇ ਕਾਬੂ ਨਾ ਆਉਣਾ ਇਕ ਰਹੱਸ ਬਣਿਆ ਹੋਇਆ ਹੈ ਜੋ 5 ਮਹੀਨਿਆਂ ਤੋਂ ਰੂਪੋਸ਼ ਚੱਲ ਰਿਹਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੀ.ਜੀ.ਪੀ. (ਸੇਵਾਮੁਕਤ) ਸਿਧਾਰਥ ਚਟੋਪਾਧਿਆਏ 'ਤੇ ਆਧਾਰਿਤ ਸਿਟ ਵੱਲੋਂ ਤਿਆਰ ਰਿਪੋਰਟਾਂ ਸਰਕਾਰ ਨੂੰ ਸੌਂਪੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੇ 17 ਅਪਰੈਲ ਨੂੰ ਏ.ਆਈ.ਜੀ. (ਬਰਖਾਸਤ) ਰਾਜਜੀਤ ਸਿੰਘ ਖ਼ਿਲਾਫ਼ ਕਾਰਵਾਈ ਦੇ ਹੁਕਮ ਦਿੱਤੇ ਸਨ। ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਵੱਲੋਂ ਰਾਜਜੀਤ ਸਿੰਘ ਵਿਰੁੱਧ ਧਾਰਾ 120 ਬੀ, 218 ਅਤੇ 384 ਸਮੇਤ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ 59 ਅਤੇ 39 ਵੀ ਲਾਈਆਂ ਗਈਆਂ ਹਨ। ਇਨ੍ਹਾਂ ਧਾਰਾਵਾਂ ਤਹਿਤ ਉਸ ਵੱਲੋਂ ਮੁੱਢਲੇ ਤੌਰ 'ਤੇ ਫਿਰੌਤੀ ਲੈਣ ਅਤੇ ਅਪਰਾਧੀਆਂ ਨੂੰ ਸਜ਼ਾ ਤੋਂ ਬਚਾਉਣ ਵਿਚ ਸਹਿਯੋਗ ਕਰਨ ਦੇ ਦੋਸ਼ ਹਨ।

# ਪੰਜਾਬ ਦੀ ਕਿਸਾਨੀ ਬਹੁਤ ਬੁਰੀ ਤਰ੍ਹਾਂ ਕਰਜ਼ੇ ਹੇਠ ਦੱਬੀ ਗਈ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ 'ਤੇ ਕਰਜ਼ੇ ਦੀ ਪੰਡ ਦੇਸ਼ ਭਰ ਵਿਚੋਂ ਸਭ ਤੋਂ ਭਾਰੀ ਹੈ। ਬਾਕੀ ਸੂਬਿਆਂ ਦੇ ਮੁਕਾਬਲੇ ਪੰਜਾਬ 'ਚ ਪ੍ਰਤੀ ਕਿਸਾਨ ਔਸਤ ਕਰਜ਼ਾ ਵੱਧ ਹੈ। ਪੰਜਾਬ ਦਾ ਇਸ ਮਾਮਲੇ 'ਚ ਮੁਲਕ 'ਚੋਂ ਪਹਿਲਾ ਨੰਬਰ ਹੈ ਜੋ ਕਿ ਪੰਜਾਬ ਦੀ ਕਿਸਾਨੀ ਨੂੰ ਸੰਕਟ ਵਿਚ ਦਰਸਾਉਣ ਲਈ ਕਾਫੀ ਹੈ। ਪੰਜਾਬ ਵਿਚ ਪ੍ਰਤੀ ਕਿਸਾਨ ਔਸਤ ਕਰਜ਼ਾ 2.95 ਲੱਖ ਰੁਪਏ ਹੈ। ਨਾਬਾਰਡ ਦੇ ਤਾਜ਼ਾ ਅੰਕੜਿਆਂ ਮੁਤਾਬਕ ਪੰਜਾਬ ਦੇ 24.92 ਲੱਖ ਕਿਸਾਨਾਂ ਨੇ ਵਪਾਰਕ ਅਤੇ ਸਹਿਕਾਰੀ ਬੈਂਕਾਂ ਤੋਂ 73673.62 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ। ਹਾਲਾਂਕਿ, ਸ਼ਾਹੂਕਾਰਾਂ ਦਾ ਕਰਜ਼ਾ ਇਸ ਨਾਲੋਂ ਵੱਖਰਾ ਹੈ।

ਸੰਸਦ ਵਿਚ ਵਿੱਤ ਮੰਤਰਾਲੇ ਨੇ ਇਕ ਸਵਾਲ ਦੇ ਜਵਾਬ ਵਿਚ ਖੁਲਾਸਾ ਕੀਤਾ ਹੈ ਕਿ ਪੰਜਾਬ ਦੇ ਵਪਾਰਕ ਬੈਂਕਾਂ ਤੋਂ 21.42 ਲੱਖ ਕਿਸਾਨ ਖਾਤਾਧਾਰਕਾਂ ਨੇ 64694.03 ਕਰੋੜ ਦਾ ਕਰਜ਼ਾ ਲਿਆ ਹੈ ਜਦੋਂ ਕਿ ਸਹਿਕਾਰੀ ਬੈਂਕਾਂ ਤੋਂ 50635 ਖਾਤਾਧਾਰਕਾਂ ਨੇ ਖੇਤੀ ਲਈ 1130.13 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਇਸੇ ਤਰ੍ਹਾਂ ਖੇਤਰੀ ਦਿਹਾਤੀ ਬੈਂਕਾਂ ਤੋਂ 2.99 ਲੱਖ ਕਿਸਾਨ ਖਾਤਾਧਾਰਕਾਂ ਨੇ 7849.46 ਕਰੋੜ ਰੁਪਏ ਦਾ



ਕਰਜ਼ਾ ਲਿਆ ਹੋਇਆ ਹੈ। ਸ਼ਾਹੂਕਾਰਾਂ ਦੇ ਕਰਜ਼ੇ ਨੂੰ ਸ਼ਾਮਲ ਕਰ ਲਈਏ ਤਾਂ ਇਹ ਕਰਜ਼ਾ ਇਕ ਲੱਖ ਕਰੋੜ ਰੁਪਏ ਨੂੰ ਪਾਰ ਕਰ ਸਕਦਾ ਹੈ। ਸੂਬੇ ਵਿਚ ਕਰੀਬ 23 ਹਜ਼ਾਰ ਰਜਿਸਟਰਡ ਆੜ੍ਹਤੀਏ ਹਨ। ਗੁਆਂਢੀ ਸੂਬੇ ਹਰਿਆਣਾ ਵਿਚ ਪ੍ਰਤੀ ਕਿਸਾਨ ਔਸਤ ਕਰਜ਼ਾ 2.11 ਲੱਖ ਰੁਪਏ ਹੈ ਅਤੇ ਗੁਜਰਾਤ ਵਿਚ ਇਹੋ ਕਰਜ਼ਾ ਪ੍ਰਤੀ ਕਿਸਾਨ 2.28 ਲੱਖ ਰੁਪਏ ਹੈ। ਦੂਸਰੇ ਸੂਬਿਆਂ ਵੱਲ ਦੇਖੀਏ ਤਾਂ ਮੱਧ ਪ੍ਰਦੇਸ਼ ਵਿਚ ਪ੍ਰਤੀ ਕਿਸਾਨ ਔਸਤ ਕਰਜ਼ਾ 1.40 ਲੱਖ ਰੁਪਏ, ਆਂਧਰਾ ਪ੍ਰਦੇਸ਼ ਵਿਚ ਇਹੋ ਕਰਜ਼ਾ ਔਸਤ 1.72 ਲੱਖ ਰੁਪਏ, ਕੇਰਲਾ ਵਿਚ ਔਸਤ ਕਰਜ਼ਾ 1.47 ਲੱਖ ਰੁਪਏ ਪ੍ਰਤੀ ਕਿਸਾਨ, ਉੱਤਰ ਪ੍ਰਦੇਸ਼ ਵਿਚ ਔਸਤ 1.13 ਲੱਖ ਰੁਪਏ ਪ੍ਰਤੀ ਕਿਸਾਨ ਅਤੇ ਪੱਛਮੀ ਬੰਗਾਲ ਵਿਚ ਔਸਤ 80 ਹਜ਼ਾਰ ਰੁਪਏ ਪ੍ਰਤੀ ਕਿਸਾਨ ਕਰਜ਼ਾ ਹੈ। ਖੇਤੀ ਸਰਵੇਖਣ 2015-16 ਮੁਤਾਬਕ ਪੰਜਾਬ ਵਿਚ 10.53 ਲੱਖ ਕਿਸਾਨ ਪਰਿਵਾਰ ਹਨ। ਛੋਟੀ ਕਿਸਾਨੀ 'ਚੋਂ ਕਰੀਬ ਦੋ ਲੱਖ ਕਿਸਾਨਾਂ ਵੱਲੋਂ ਖੇਤੀ ਛੱਡੇ ਜਾਣ ਦਾ ਅੰਕੜਾ ਵੀ ਬਾਹਰ ਆਇਆ ਹੈ। ਇਸ ਸੰਕਟ ਦੇ ਬਾਵਜੂਦ ਸਰਕਾਰੀ ਪੱਧਰ 'ਤੇ ਉਪਰਾਲੇ ਨਾਕਾਫ਼ੀ ਹਨ। ਸੂਬੇ ਵਿਚਲੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਕੁੱਝ ਸਮੇਂ ਤੋਂ ਨਵੀਂ ਖੇਤੀ ਨੀਤੀ ਦੀ ਤਿਆਰੀ ਅਰੰਭੀ ਹੋਈ ਹੈ। ਉਸ ਤੋਂ ਪਹਿਲਾਂ ਵੀ ਦੋ ਵਾਰ ਖੇਤੀ ਨੀਤੀ ਦਾ ਖਰੜਾ ਤਿਆਰ ਹੋਇਆ ਸੀ ਜੋ ਕਿ ਲਾਗੂ ਨਹੀਂ ਹੋਇਆ।

ਗੈਰ ਖੇਤੀ ਵਾਲੇ ਕੰਮਾਂ ਲਈ ਚੁੱਕੇ ਕਰਜ਼ੇ ਵੀ ਕਿਸਾਨਾਂ ਦੇ ਬੋਝ ਵਧਾ ਰਹੇ ਹਨ। ਪੰਜਾਬ ਦੇ ਨੌਜਵਾਨਾਂ ਵਿਚ ਜਦੋਂ ਤੋਂ ਵਿਦੇਸ਼ਾਂ ਵਿੱਚ ਜਾ ਕੇ ਪੜ੍ਹਾਈ ਕਰਨ ਮਤਲਬ ਸਟੱਡੀ ਵੀਜ਼ੇ ਦਾ ਰੁਝਾਨ ਵਧਿਆ ਹੈ, ਉਦੋਂ ਤੋਂ ਕਿਸਾਨਾਂ ਨੂੰ ਬੱਚੇ ਵਿਦੇਸ਼ ਭੇਜਣ ਲਈ ਵੀ ਕਰਜ਼ੇ ਚੁੱਕਣੇ ਪੈ ਰਹੇ ਹਨ। ਇਸੇ ਤਰ੍ਹਾਂ ਜ਼ਮੀਨੀ ਪਾਣੀ ਡੂੰਘੇ ਹੋਣ ਕਰ ਕੇ ਕਿਸਾਨਾਂ ਨੂੰ ਹਰ ਸਾਲ ਟਿਊਬਵੈੱਲ ਡੂੰਘੇ ਕਰਨ ਵਾਸਤੇ ਕਰੋੜਾਂ ਰੁਪਏ ਖ਼ਰਚ ਕਰਨੇ ਪੈ ਰਹੇ ਹਨ। ਕਰਜ਼ੇ ਦਾ ਸੰਕਟ ਇਕੱਲੀ ਕਿਸਾਨੀ ਦਾ ਨਹੀਂ ਹੈ ਬਲਕਿ ਮਜ਼ਦੂਰਾਂ ਨੂੰ ਵੀ ਕਰਜ਼ੇ ਨੇ ਨਪੀੜਿਆ ਹੋਇਆ ਹੈ।

### ਖੇਤੀ ਤੋਂ ਮੂੰਹ ਫੇਰਨ ਲੱਗੀ ਛੋਟੀ ਕਿਸਾਨੀ

**ਚੰਡੀਗੜ੍ਹ:** ਖੇਤੀ ਸਰਵੇਖਣ 2015-16 ਮੁਤਾਬਕ ਪੰਜਾਬ ਵਿਚ 10.53 ਲੱਖ ਕਿਸਾਨ ਪਰਿਵਾਰ ਹਨ। ਛੋਟੀ ਕਿਸਾਨੀ 'ਚੋਂ ਕਰੀਬ ਦੋ ਲੱਖ ਕਿਸਾਨਾਂ ਵੱਲੋਂ ਖੇਤੀ ਛੱਡੇ ਜਾਣ ਦਾ ਅੰਕੜਾ ਵੀ ਬਾਹਰ ਆਇਆ ਹੈ। ਇਸ ਸੰਕਟ ਦੇ ਬਾਵਜੂਦ ਸਰਕਾਰੀ ਪੱਧਰ 'ਤੇ ਉਪਰਾਲੇ ਨਾਕਾਫ਼ੀ ਹਨ। ਸੂਬੇ ਵਿਚਲੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਕੁੱਝ ਸਮੇਂ ਤੋਂ ਨਵੀਂ ਖੇਤੀ ਨੀਤੀ ਦੀ ਤਿਆਰੀ ਅਰੰਭੀ ਹੋਈ ਹੈ। ਉਸ ਤੋਂ ਪਹਿਲਾਂ ਵੀ ਦੋ ਵਾਰ ਖੇਤੀ ਨੀਤੀ ਦਾ ਖਰੜਾ ਤਿਆਰ ਹੋਇਆ ਸੀ ਜੋ ਕਿ ਲਾਗੂ ਨਹੀਂ ਹੋਇਆ।

## ਹੜ੍ਹਾਂ ਦੀ ਮਾਰ ਪਿੱਛੋਂ ਹੁਣ ਬਿਮਾਰੀਆਂ ਦਾ ਸਹਿਮ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਤੋਂ ਬਾਅਦ ਪੈਦਾ ਹੋਣ ਵਾਲੀਆਂ ਬਿਮਾਰੀਆਂ- ਡੇਂਗੂ, ਹੈਪੇਟਾਈਟਸ, ਪੇਚਸ਼ ਆਦਿ ਸਰਕਾਰ ਲਈ ਵੱਡੀ ਚੁਣੌਤੀ ਬਣ ਖੜ੍ਹੀਆਂ ਹਨ। ਸੂਬੇ ਵਿਚ ਮੀਂਹ ਦਾ ਸਿਲਸਲਾ ਅਜੇ ਜਾਰੀ ਹੈ, ਅਜਿਹੇ ਵਿਚ ਲੋਕਾਂ ਤੱਕ ਪਹੁੰਚ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਇਨ੍ਹਾਂ ਵਿਚੋਂ ਡੇਂਗੂ ਸਭ ਤੋਂ ਖਤਰਨਾਕ ਹੈ ਅਤੇ ਕਈ ਕੇਸਾਂ ਵਿਚ ਜਾਨਲੇਵਾ ਸਾਬਤ ਹੋ ਸਕਦਾ ਹੈ।

ਪੰਜਾਬ ਸਰਕਾਰ ਨੇ ਇਸ ਬਾਰੇ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਸ਼ੁਰੂ ਕੀਤੀ ਹੈ। ਪਿਛਲੇ ਦਿਨਾਂ ਦੌਰਾਨ ਰੁਕ ਰੁਕ ਕੇ ਪਏ ਮੀਂਹ ਕਾਰਨ ਡੇਂਗੂ ਦੇ ਕੇਸਾਂ ਵਿਚ ਕਾਫੀ ਵਾਧਾ ਹੋਇਆ ਹੈ। ਇਸ ਸਬੰਧੀ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਕੀਤੀ ਜਾ ਰਹੀ ਜਾਂਚ ਦੌਰਾਨ ਕਈ ਥਾਈਂ ਡੇਂਗੂ ਦਾ ਲਾਰਵਾ ਵੀ ਮਿਲਿਆ ਹੈ। ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਸਿਵਲ ਸਰਜਨ ਡਾ. ਰਮਿੰਦਰ ਕੌਰ ਦਾ ਕਹਿਣਾ ਹੈ ਕਿ ਡੇਂਗੂ ਦਾ ਪਾਸਾਰ ਰੋਕਣ ਲਈ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਿਛਲੇ ਦਿਨੀਂ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ, ਜਿਸ ਮਗਰੋਂ ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਦੀਆਂ ਕਈ ਟੀਮਾਂ ਹਰ ਸ਼ੁੱਕਰਵਾਰ ਘਰ-ਘਰ ਜਾ ਕੇ ਡੇਂਗੂ ਦੇ ਲਾਰਵੇ ਦੀ ਜਾਂਚ ਕਰ ਰਹੀਆਂ ਹਨ।

## ਵਿਜੀਲੈਂਸ ਨੇ ਸਾਬਕਾ ਡਿਪਟੀ ਡਾਇਰੈਕਟਰ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ

**ਲੁਧਿਆਣਾ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਰਾਕੇਸ਼ ਕੁਮਾਰ ਸਿੰਗਲਾ ਤੇ ਉਸ ਦੀ ਪਤਨੀ ਰਚਨਾ ਸਿੰਗਲਾ ਦੀਆਂ ਲੁਧਿਆਣਾ ਸਥਿਤ ਚਾਰ ਜਾਇਦਾਦਾਂ ਜ਼ਬਤ (ਅਟੈਚ) ਕੀਤੀਆਂ ਗਈਆਂ ਹਨ।

ਇਹ ਕਾਰਵਾਈ ਡਾ. ਅਜੀਤ ਅੱਤਰੀ ਸਪੈਸ਼ਲ ਜੱਜ ਦੀ ਅਦਾਲਤ ਵੱਲੋਂ 8 ਅਗਸਤ 2023 ਨੂੰ ਜਾਰੀ ਕੀਤੇ ਹੁਕਮਾਂ ਤਹਿਤ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਨੇੜਲੇ ਰਾਕੇਸ਼ ਕੁਮਾਰ ਸਿੰਗਲਾ ਤੇ ਹੋਰਾਂ ਵਿਰੁੱਧ ਸਾਲ 2020-21 ਲਈ ਵੱਖ-ਵੱਖ ਠੇਕੇਦਾਰਾਂ ਨੂੰ ਲੇਬਰ, ਢੋਆ-ਢੋਆਈ ਦੇ ਟੈਂਡਰਾਂ ਦੀ ਗ਼ੈਰ-ਕਾਨੂੰਨੀ ਅਲਾਟਮੈਂਟ ਦੇ ਸਬੰਧ ਵਿਚ ਥਾਣਾ ਵਿਜੀਲੈਂਸ ਬਿਊਰੋ, ਲੁਧਿਆਣਾ ਰੇਂਜ ਵਿਚ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਇਸ ਮਾਮਲੇ ਵਿਚ ਮੁਲਜ਼ਮ ਰਾਕੇਸ਼ ਕੁਮਾਰ ਸਿੰਗਲਾ ਨੂੰ 3 ਦਸੰਬਰ 2022 ਨੂੰ ਭਗੌੜਾ ਐਲਾਨਿਆ ਗਿਆ ਸੀ ਤੇ ਉਸ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਰਾਕੇਸ਼ ਕੁਮਾਰ ਸਿੰਗਲਾ ਨੇ ਵਿਭਾਗ ਵਿਚ




ਆਪਣੀ ਤਾਇਨਾਤੀ ਦੌਰਾਨ ਅਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਕੇਂਦਰੀ ਵਿਜੀਲੈਂਸ ਕਮੇਟੀ (ਸੀ.ਵੀ.ਸੀ.) ਦੇ ਚੇਅਰਮੈਨ ਵਜੋਂ ਆਪਣੇ ਕਾਰਜਕਾਲ ਵਿਚ ਕਈ ਜਾਇਦਾਦਾਂ ਖਰੀਦੀਆਂ ਸਨ। ਇਹ ਸਾਰੀਆਂ ਜਾਇਦਾਦਾਂ ਉਸ ਨੇ ਪਹਿਲੀ ਅਪਰੈਲ 2011 ਤੋਂ 31 ਜੁਲਾਈ 2022 ਦਰਮਿਆਨ ਆਪਣੀ ਪਤਨੀ ਰਚਨਾ ਸਿੰਗਲਾ ਦੇ ਨਾਂ 'ਤੇ ਖਰੀਦੀਆਂ ਸਨ। ਇਨ੍ਹਾਂ ਵਿਚੋਂ ਲੁਧਿਆਣਾ ਵਾਲੀਆਂ ਚਾਰ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ।

## ਵਿਦੇਸ਼ੀਂ ਪੱਕੇ ਹੋਣ ਲਈ ਕਾਹਲੇ ਪਏ ਪੰਜਾਬੀ

### ਹਰ ਵਰ੍ਹੇ ਔਸਤਨ 3124 ਨੇ ਆਪਣੀ ਧਰਤੀ ਛੱਡੀ

**ਚੰਡੀਗੜ੍ਹ:** ਬੀਤੇ ਨੌਂ ਵਰ੍ਹਿਆਂ ਦਾ ਰੁਝਾਨ ਦੱਸਦਾ ਹੈ ਕਿ ਹਰ ਵਰ੍ਹੇ ਔਸਤਨ 3124 ਪੰਜਾਬੀਆਂ ਨੇ ਆਪਣੀ ਧਰਤੀ ਨੂੰ ਪੱਕੇ ਤੌਰ 'ਤੇ ਛੱਡਿਆ ਹੈ। ਦਿੱਲੀ ਇਸ ਮਾਮਲੇ 'ਤੇ ਪਹਿਲੇ ਨੰਬਰ 'ਤੇ ਹੈ, ਜਦਕਿ ਪੰਜਾਬੀ ਤੇ ਗੁਜਰਾਤੀ ਪੱਕੇ ਤੌਰ ਉਤੇ ਵਿਦੇਸ਼ੀ ਬਾਸ਼ਿੰਦੇ ਬਣਨ ਲਈ ਸਭ ਤੋਂ ਅੱਗੇ ਹਨ।



ਕੇਂਦਰੀ ਵਿਦੇਸ਼ ਮੰਤਰਾਲੇ ਨੇ 2014 ਤੋਂ 2022 ਦਾ ਅੰਕੜਾ ਨਸ਼ਰ ਕੀਤਾ ਹੈ ਤੇ ਇਸ ਵਕਫ਼ੇ ਦੌਰਾਨ ਕੁਲ 2,46,580 ਭਾਰਤੀਆਂ ਨੇ ਵਿਦੇਸ਼ੀ ਨਾਗਰਿਕਤਾ ਹਾਸਲ ਕਰਕੇ ਆਪਣਾ ਭਾਰਤੀ ਪਾਸਪੋਰਟ ਤਿਆਗ ਦਿੱਤਾ ਹੈ। ਇਸ ਵਿਚ ਸਭ ਤੋਂ ਵੱਡੀ ਗਿਣਤੀ ਦਿੱਲੀ ਵਾਸੀਆਂ (60,414) ਦੀ ਹੈ। ਦੂਸਰੇ ਨੰਬਰ 'ਤੇ ਪੰਜਾਬੀ (28,717) ਆਉਂਦੇ ਹਨ। ਇਸ ਤੋਂ ਬਿਨਾਂ ਤੀਸਰੇ ਨੰਬਰ 'ਤੇ 22,300 ਗੁਜਰਾਤੀਆਂ ਨੇ ਭਾਰਤੀ ਪਾਸਪੋਰਟ ਨੂੰ ਛੱਡਿਆ ਹੈ। ਗੁਆਂਢੀ ਸੂਬੇ ਹਰਿਆਣਾ ਦੇ ਸਿਰਫ਼ 7226 ਵਸਨੀਕ ਇਸ ਸ਼੍ਰੇਣੀ ਵਿਚ ਆਉਂਦੇ ਹਨ, ਜਦਕਿ ਚੰਡੀਗੜ੍ਹ ਵਿਚੋਂ ਸਿਰਫ 1904 ਵਸਨੀਕਾਂ ਨੇ ਭਾਰਤੀ ਨਾਗਰਿਕਤਾ ਛੱਡੀ ਹੈ।

ਭਾਰਤੀ ਨਾਗਰਿਕਤਾ ਐਕਟ 1955 ਅਨੁਸਾਰ ਭਾਰਤੀ ਮੂਲ ਦਾ ਨਾਗਰਿਕ ਇਕੋ ਵੇਲੇ ਦੋ ਮੁਲਕਾਂ ਦੀ ਨਾਗਰਿਕਤਾ ਨਹੀਂ ਰੱਖ ਸਕਦਾ ਹੈ, ਜਿਸ ਕਰਕੇ ਉਸ ਨੂੰ ਇਕ ਮੁਲਕ ਦੀ ਨਾਗਰਿਕਤਾ ਛੱਡਣੀ ਪੈਂਦੀ ਹੈ। ਪਿਛਲੇ ਨੌਂ ਵਰ੍ਹਿਆਂ ਦੇ ਅੰਕੜਿਆਂ ਅਨੁਸਾਰ ਔਸਤਨ ਰੋਜ਼ਾਨਾ 8 ਪੰਜਾਬੀ ਵਿਦੇਸ਼ਾਂ ਦੇ ਬਾਸ਼ਿੰਦੇ ਬਣਦੇ ਹਨ। ਬਿਊਰੋ ਆਫ ਇਮੀਗਰੇਸ਼ਨ ਦੇ ਤੱਥ ਹਨ ਕਿ ਪਹਿਲੀ ਜਨਵਰੀ 2016 ਤੋਂ ਮਾਰਚ 2021 ਤੱਕ ਪੰਜਾਬ 'ਚੋਂ 2.62 ਲੱਖ ਪੰਜਾਬੀ ਸਟੱਡੀ ਵੀਜ਼ਾ 'ਤੇ ਅਤੇ 4.78 ਲੱਖ ਵਿਅਕਤੀ ਰੁਜ਼ਗਾਰ ਵੀਜ਼ਾ 'ਤੇ ਵਿਦੇਸ਼ ਗਏ ਹਨ, ਜੋ ਔਸਤਨ 7750 ਵਿਅਕਤੀ ਪ੍ਰਤੀ ਮਹੀਨਾ ਬਣਦੇ ਹਨ।

## ਅਦਾਕਾਰ ਸਨੀ ਦਿਓਲ ਨੇ ਸੰਸਦ ਵਿਚ ਹਾਜ਼ਰੀ ਤੋਂ ਵੀ ਪਾਸਾ ਵੱਟਿਆ

**ਚੰਡੀਗੜ੍ਹ:** ਗੁਰਦਾਸਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਅਤੇ ਫਿਲਮੀ ਕਲਾਕਾਰ ਸਨੀ ਦਿਓਲ ਇਕੱਲੇ ਆਪਣੇ ਹਲਕੇ ਤੋਂ ਹੀ ਗ਼ੈਰਹਾਜ਼ਰ ਨਹੀਂ ਹਨ ਬਲਕਿ ਉਹ ਸੰਸਦ ਤੋਂ ਵੀ ਦੂਰ ਹਨ। ਪਿਛਲੇ ਦਿਨੀਂ ਸਨੀ ਦਿਓਲ ਅੰਮ੍ਰਿਤਸਰ ਵਿਖੇ ਆਪਣੀ ਨਵੀਂ ਫਿਲਮ 'ਗਦਰ 2' ਪ੍ਰਚਾਰ ਲਈ ਆਏ ਸਨ ਪਰ ਉਨ੍ਹਾਂ ਨੇ ਗੁਰਦਾਸਪੁਰ ਹਲਕੇ ਵੱਲ ਮੂੰਹ ਨਹੀਂ ਕੀਤਾ। ਇਕੱਲੇ ਗੁਰਦਾਸਪੁਰ 'ਚ ਹੀ ਨਹੀਂ ਬਲਕਿ ਸਮੁੱਚੇ ਪੰਜਾਬ ਵਿਚ ਸਨੀ ਦਿਓਲ ਦੀ ਇਸ ਗੱਲੋਂ ਆਲੋਚਨਾ ਹੋ ਰਹੀ ਹੈ ਅਤੇ ਸੋਸ਼ਲ ਮੀਡੀਆ 'ਤੇ ਸਨੀ ਦਿਓਲ ਦੀ ਨਵੀਂ ਫਿਲਮ ਦਾ ਬਾਈਕਾਟ ਕੀਤੇ ਜਾਣ ਦੀ ਚਰਚਾ ਚੱਲ ਰਹੀ ਹੈ।

ਵੇਰਵਿਆਂ ਅਨੁਸਾਰ ਸਨੀ ਦਿਓਲ ਦੀ ਪਾਰਲੀਮੈਂਟ ਸੈਸ਼ਨਾਂ ਵਿਚ ਪਹਿਲੀ ਜੂਨ 2019 ਤੋਂ ਲੈ ਕੇ ਪਹਿਲੀ ਅਗਸਤ 2023 ਤੱਕ ਸਿਰਫ਼ 19 ਫ਼ੀਸਦੀ ਹਾਜ਼ਰੀ ਰਹੀ ਹੈ ਜਦਕਿ ਹਾਜ਼ਰੀ ਦੀ ਕੌਮੀ ਔਸਤ 79 ਫ਼ੀਸਦੀ ਅਤੇ ਸੂਬਾਈ ਔਸਤ 73 ਫ਼ੀਸਦੀ ਬਣਦੀ ਹੈ। ਸਨੀ ਦਿਓਲ ਨੇ ਸੰਸਦ ਦੇ ਚਾਰ ਸੈਸ਼ਨਾਂ ਵਿਚ ਤਾਂ ਪੈਰ ਹੀ ਨਹੀਂ ਧਰਿਆ। ਇਸੇ ਤਰ੍ਹਾਂ ਸਨੀ ਦਿਓਲ ਨੇ ਇਸ ਅਰਸੇ ਦੌਰਾਨ ਸੰਸਦ ਵਿਚ ਸਿਰਫ਼ ਇਕ ਸੁਆਲ ਲਾਇਆ ਹੈ ਅਤੇ ਉਨ੍ਹਾਂ ਕਦੇ ਬਹਿਸ ਦੌਰਾਨ ਕਦੇ ਇਕ ਵੀ ਸ਼ਬਦ ਨਹੀਂ ਬੋਲਿਆ। ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕਰਨਾ ਤਾਂ ਦੂਰ ਦੀ ਗੱਲ। ਗੁਰਦਾਸਪੁਰ ਹਲਕੇ 'ਚੋਂ ਉਹ ਕਰੀਬ ਤਿੰਨ ਸਾਲ ਤੋਂ ਗ਼ੈਰਹਾਜ਼ਰ ਦੱਸੇ ਜਾ ਰਹੇ ਹਨ। ਹਾਲਾਂਕਿ ਦਿਓਲ ਪਰਿਵਾਰ ਦੀਆਂ ਫ਼ਿਲਮਾਂ ਪ੍ਰਤੀ ਪੰਜਾਬ ਚੰਗਾ ਹੁੰਗਾਰਾ ਭਰਦਾ ਰਿਹਾ ਹੈ। ਬੈਸਟ ਵਿਧਾਨਕਾਰ ਰਹੇ ਕਾਮਰੇਡ ਹਰਦੇਵ ਅਰਸ਼ੀ ਦਾ ਕਹਿਣਾ ਹੈ ਕਿ ਅਸਲ ਵਿਚ ਲੋਕ ਚਮਕ-ਦਮਕ ਦੇਖ ਕੇ ਫ਼ਿਲਮੀ ਸਿਤਾਰਿਆਂ ਨੂੰ ਜਿਤਾ ਦਿੰਦੇ ਹਨ ਅਤੇ ਮਗਰੋਂ ਪਛਤਾਉਂਦੇ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਲੋਕ ਸ਼ਾਇਦ ਹੁਣ ਅਜਿਹਾ ਨਹੀਂ ਕਰਨਗੇ ਕਿਉਂਕਿ ਸਨੀ ਦਿਓਲ ਵਾਲਾ ਤਜਰਬਾ ਮਾੜਾ ਰਿਹਾ ਹੈ। ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਦੀ ਸੰਸਦ ਵਿਚ ਹਾਜ਼ਰੀ 47 ਫ਼ੀਸਦੀ ਹੀ ਹੈ ਅਤੇ ਇਸੇ ਤਰ੍ਹਾਂ ਲੋਕ ਸਭਾ ਮੈਂਬਰ ਹੰਸ ਰਾਜ ਹੰਸ ਦੀ ਹਾਜ਼ਰੀ ਵੀ 38 ਫ਼ੀਸਦੀ ਹੀ ਹੈ। ਰਾਜ ਸਭਾ ਮੈਂਬਰ ਹਰਭਜਨ ਸਿੰਘ ਦੀ ਹਾਜ਼ਰੀ 63 ਫ਼ੀਸਦੀ ਹੈ। ਸਚਿਨ ਤੇਂਦੁਲਕਰ ਦੀ ਹਾਜ਼ਰੀ ਵੀ ਸੰਸਦ ਵਿਚ ਸਿਰਫ਼ 8 ਫ਼ੀਸਦੀ ਹੀ ਰਹੀ ਸੀ।

## ਅਗਸਤ ਮਹੀਨੇ ਉੱਤਰ ਭਾਰਤ 'ਚ ਕਮਜ਼ੋਰ ਪਈ ਮਾਨਸੂਨ

**ਚੰਡੀਗੜ੍ਹ:** ਉੱਤਰ ਭਾਰਤ ਵਿਚ ਅਗਸਤ ਮਹੀਨੇ 'ਚ ਮਾਨਸੂਨ ਕਮਜ਼ੋਰ ਹੋ ਗਈ ਹੈ। ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚ ਮਹੀਨੇ ਦੇ ਪਹਿਲੇ ਦੋ ਹਫਤਿਆਂ ਵਿਚ ਮੀਂਹ ਆਮ ਨਾਲੋਂ ਘੱਟ ਪਿਆ ਹੈ। ਪੰਜਾਬ 'ਚ ਇਨ੍ਹਾਂ ਦਿਨਾਂ ਦੌਰਾਨ ਮੀਂਹ ਆਮ ਨਾਲੋਂ 62 ਪ੍ਰਤੀਸ਼ਤ ਤੇ ਹਰਿਆਣਾ ਵਿਚ 56 ਪ੍ਰਤੀਸ਼ਤ ਘੱਟ ਦਰਜ ਕੀਤਾ ਗਿਆ ਹੈ।



ਭਾਰਤੀ ਮੌਸਮ ਵਿਭਾਗ ਵੱਲੋਂ ਉਪਲਬਧ ਜਾਣਕਾਰੀ ਮੁਤਾਬਕ ਪਹਿਲੀ ਅਗਸਤ ਤੋਂ 13 ਅਗਸਤ ਤੱਕ ਪੰਜਾਬ ਵਿਚ 29.90 ਐਮ.ਐਮ. ਮੀਂਹ ਪਿਆ ਹੈ ਜਦਕਿ ਔਸਤਨ ਇਸ ਸਮੇਂ ਦੌਰਾਨ 77.10 ਐਮ.ਐਮ. ਮੀਂਹ ਪੈਂਦਾ ਹੈ। ਜਦਕਿ ਹਰਿਆਣਾ ਵਿਚ ਔਸਤਨ 76 ਐਮ.ਐਮ. ਦੇ ਮੁਕਾਬਲੇ 29.70 ਐਮ.ਐਮ. ਮੀਂਹ ਹੀ ਪਿਆ ਹੈ। ਹਿਮਾਚਲ ਪ੍ਰਦੇਸ਼ ਵਿਚ ਇਨ੍ਹਾਂ ਦਿਨਾਂ 'ਚ 129.20 ਐਮ.ਐਮ. ਮੀਂਹ ਪੈਂਦਾ ਹੈ, ਪਰ ਇਸ ਸਾਲ 97.80 ਐਮ.ਐਮ. ਮੀਂਹ ਹੀ ਦਰਜ ਕੀਤਾ ਗਿਆ ਹੈ। ਹਾਲਾਂਕਿ ਇਨ੍ਹਾਂ ਤਿੰਨਾਂ ਰਾਜਾਂ ਵਿਚ ਪਹਿਲੀ ਜੂਨ ਤੋਂ ਪੂਰੇ ਮਾਨਸੂਨ ਸੀਜ਼ਨ ਦੌਰਾਨ ਮੀਂਹ ਔਸਤ ਤੋਂ ਵੱਧ ਹੀ ਪਿਆ ਹੈ। ਹਿਮਾਚਲ ਵਿਚ 35, ਹਰਿਆਣਾ ਵਿਚ 28 ਤੇ ਪੰਜਾਬ ਵਿਚ 12 ਪ੍ਰਤੀਸ਼ਤ ਵੱਧ ਮੀਂਹ ਦਰਜ ਹੋਇਆ ਹੈ। ਹਿਮਾਚਲ 'ਚ ਸਥਿਤ ਤਿੰਨ ਡੈਮਾਂ 'ਚ ਇਸ ਦੌਰਾਨ ਆਮ ਨਾਲੋਂ 26 ਪ੍ਰਤੀਸ਼ਤ ਵੱਧ ਪਾਣੀ ਆਇਆ ਹੈ। ਜਦਕਿ ਪੰਜਾਬ 'ਚ ਸਥਿਤ ਇਕੋ-ਇਕ ਡੈਮ 'ਚ 32 ਪ੍ਰਤੀਸ਼ਤ ਵੱਧ ਪਾਣੀ ਇਕੱਠਾ ਹੋਇਆ ਹੈ। ਕੇਂਦਰੀ ਜਲ ਕਮਿਸ਼ਨ ਮੁਤਾਬਕ ਹਿਮਾਚਲ ਵਿਚ ਸਤਲੁਜ ਉਤੇ ਬਣਿਆ ਭਾਖੜਾ ਡੈਮ ਆਪਣੀ ਪੂਰੀ ਸਮਰੱਥਾ ਦੇ 80 ਪ੍ਰਤੀਸ਼ਤ ਤੱਕ ਭਰਿਆ ਹੈ। ਪਿਛਲੇ ਸਾਲ ਇਸ ਸਮੇਂ ਇਹ 55 ਪ੍ਰਤੀਸ਼ਤ ਤੱਕ ਭਰਿਆ ਸੀ। ਹਿਮਾਚਲ ਵਿਚ ਬਿਆਸ 'ਤੇ ਬਣਿਆ ਪੌਂਗ ਡੈਮ ਆਪਣੀ ਸਮਰੱਥਾ ਦੇ 75 ਪ੍ਰਤੀਸ਼ਤ ਤੱਕ ਭਰਿਆ ਹੈ ਜਦਕਿ ਪਿਛਲੇ ਸਾਲ ਇਸ ਸਮੇਂ ਇਹ 52 ਪ੍ਰਤੀਸ਼ਤ ਭਰਿਆ ਸੀ। ਪੰਜਾਬ ਵਿਚ ਰਾਵੀ 'ਤੇ ਬਣਿਆ ਥੀਨ ਡੈਮ ਆਪਣੀ ਸਮਰੱਥਾ ਦੇ 84 ਪ੍ਰਤੀਸ਼ਤ ਤੱਕ ਭਰਿਆ ਹੋਇਆ ਹੈ। ਹਿਮਾਚਲ ਪ੍ਰਦੇਸ਼ ਵਿਚ ਪਿਛਲੇ ਕੁਝ ਦਿਨਾਂ ਤੋਂ ਭਰਵਾਂ ਮੀਂਹ ਪੈ ਰਿਹਾ ਹੈ।

### ਅਸਾਮ ਵਿਚ ਹੜ੍ਹਾਂ ਕਾਰਨ 75 ਹਜ਼ਾਰ ਤੋਂ ਵੱਧ ਲੋਕ ਪ੍ਰਭਾਵਿਤ

**ਗੁਹਾਟੀ:** ਅਸਾਮ 'ਚ ਹੜ੍ਹਾਂ ਕਾਰਨ ਸਥਿਤੀ ਹੋਰ ਵਿਗੜ ਗਈ ਅਤੇ ਇਸ ਕਾਰਨ 75,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਇਹ ਜਾਣਕਾਰੀ ਇਕ ਅਧਿਕਾਰਤ ਬੁਲੇਟਿਨ 'ਚ ਦਿੱਤੀ ਗਈ। ਇਕ ਅਧਿਕਾਰੀ ਨੇ ਦੱਸਿਆ ਕਿ ਅਸਾਮ ਰਾਜ ਆਫਤ ਪ੍ਰਬੰਧਨ ਅਥਾਰਟੀ ਦੀ ਰਿਪੋਰਟ ਮੁਤਾਬਕ ਹੜ੍ਹਾਂ ਕਾਰਨ ਸ਼ਿਵਸਾਗਰ ਜ਼ਿਲ੍ਹੇ ਵਿਚ ਇਕ ਮੌਤ ਹੋਈ ਹੈ। ਇਸ ਨਾਲ ਹੜ੍ਹਾਂ ਕਾਰਨ ਮੌਤਾਂ ਦੀ ਗਿਣਤੀ ਵਧ ਕੇ 12 ਹੋ ਗਈ ਹੈ। ਅਧਿਕਾਰੀਆਂ ਮੁਤਾਬਕ ਬ੍ਰਹਮਪੁੱਤਰ, ਦਿਸਾਂਗ, ਦਿਖੋਊ ਸਣੇ ਘੱਟੋ ਘੱਟ ਚਾਰ ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗ ਰਹੀਆਂ ਹਨ ਅਤੇ ਕਈ ਥਾਵਾਂ 'ਤੇ ਬੰਨ੍ਹਾਂ ਨੂੰ ਨੁਕਸਾਨ ਪੁੱਜਿਆ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 19 ਅਗਸਤ, 2023

## ਸਿਆਸੀ ਹਕੀਕਤ

ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਪੰਚਾਇਤੀ ਸੰਸਥਾਵਾਂ ਭੰਗ ਕਰਨ ਤੋਂ ਬਾਅਦ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਅਸਲ ਮਨਸ਼ਾ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਪੰਚਾਇਤੀ ਸੰਸਥਾਵਾਂ ਭਾਵੇਂ ਪੰਚਾਇਤੀ ਰਾਜ ਐਕਟ-1994 ਦੀ ਧਾਰਾ 29-ਏ ਤਹਿਤ ਸਮੇਂ ਤੋਂ ਛੇ ਮਹੀਨੇ ਪਹਿਲਾਂ ਭੰਗ ਕੀਤੀਆਂ ਜਾ ਸਕਦੀਆਂ ਹਨ ਪਰ ਸਿਆਸੀ ਵਿਸ਼ਲੇਸ਼ਕਾਂ ਵੱਲੋਂ ਸਰਕਾਰ ਦੀ ਇਸ ਕਾਰਵਾਈ ਨੂੰ ਸੂਬੇ ਦੀ ਸਿਆਸਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਸਰਕਾਰ ਨੇ ਪੰਚਾਇਤੀ ਸੰਸਥਾਵਾਂ ਦੇ ਪ੍ਰਸ਼ਾਸਕ ਲਾ ਕੇ ਸਮੁੱਚਾ ਪ੍ਰਬੰਧ ਆਪਣੇ ਹੱਥਾਂ ਹੇਠ ਕਰ ਲਿਆ ਹੈ। ਸਰਕਾਰ ਦੇ ਇਸ ਫੈਸਲੇ ਤੋਂ ਤੁਰੰਤ ਬਾਅਦ ਗ੍ਰਾਮ ਪੰਚਾਇਤਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਭੰਗ ਕਰ ਕੇ ਉਨ੍ਹਾਂ ਦੇ ਪ੍ਰਬੰਧਕ/ਪ੍ਰਸ਼ਾਸਕ ਲਾ ਦਿੱਤੇ ਹਨ। ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰ ਕੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ 25 ਨਵੰਬਰ ਅਤੇ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ 31 ਦਸੰਬਰ 2023 ਤੱਕ ਕਰਵਾਉਣ ਦਾ ਐਲਾਨ ਕੀਤਾ ਹੈ। ਸਰਕਾਰ ਦੇ ਇਸ ਫ਼ੈਸਲੇ ਨਾਲ 13,241 ਗ੍ਰਾਮ ਪੰਚਾਇਤਾਂ, 150 ਪੰਚਾਇਤ ਸਮਿਤੀਆਂ ਅਤੇ 22 ਜ਼ਿਲ੍ਹਾ ਪ੍ਰੀਸ਼ਦਾਂ ਭੰਗ ਹੋ ਗਈਆਂ ਹਨ। ਕਾਂਗਰਸ ਸਰਕਾਰ ਸਮੇਂ ਪਹਿਲੇ ਪੜਾਅ 'ਚ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ 19 ਸਤੰਬਰ, 2018 ਨੂੰ ਹੋਈ ਸੀ। ਉਧਰ, ਸਰਕਾਰ ਵੱਲੋਂ ਸਮੇਂ ਤੋਂ ਪਹਿਲਾਂ ਪੰਚਾਇਤੀ ਸੰਸਥਾਵਾਂ ਭੰਗ ਕਰਨ ਖਿਲਾਫ ਪੰਚਾਇਤ ਯੂਨੀਅਨ ਨੇ ਲਾਮਬੰਦੀ ਆਰੰਭ ਦਿੱਤੀ ਹੈ। ਯੂਨੀਅਨ ਵੱਲੋਂ ਭੰਗ ਕੀਤੀਆਂ ਪੰਚਾਇਤਾਂ ਕੋਲੋਂ ਸਰਕਾਰੀ ਫ਼ੈਸਲੇ ਦੇ ਵਿਰੋਧ ਵਿਚ ਮਤੇ ਹਾਸਲ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਹਾਈ ਕੋਰਟ ਵਿਚ ਅਪੀਲ ਕੀਤੀ ਜਾਵੇਗੀ।

ਸਰਕਾਰੀ ਨੁਮਾਇੰਦੇ ਅਨੁਸਾਰ ਪੰਚਾਇਤਾਂ ਪੰਚਾਇਤੀ ਰਾਜ ਐਕਟ-1994 ਦੀ ਧਾਰਾ 29-ਏ ਤਹਿਤ ਭੰਗ ਕੀਤੀਆਂ ਹਨ। ਇਸ ਐਕਟ ਵਿਚ ਮਿਆਦ ਪੂਰੀ ਹੋਣ ਤੋਂ ਛੇ ਮਹੀਨੇ ਪਹਿਲਾਂ ਪੰਚਾਇਤਾਂ ਨੂੰ ਭੰਗ ਕੀਤੇ ਜਾਣ ਦਾ ਇੰਤਜ਼ਾਮ ਹੈ। ਇਸ ਕਾਨੂੰਨੀ ਨੁਕਤੇ ਤਹਿਤ ਹੀ ਗਰਾਮ ਪੰਚਾਇਤਾਂ ਦੇ ਪ੍ਰਬੰਧਕ ਲਗਾਏ ਜਾ ਰਹੇ ਹਨ। ਪੰਜਾਬ ਸਰਕਾਰ ਦਾ ਇਹ ਤਰਕ ਵੀ ਹੈ ਕਿ ਪੰਚਾਇਤੀ ਚੋਣਾਂ ਦੀ ਤਿਆਰੀ ਲਈ ਪਹਿਲਾਂ ਵੋਟਰ ਸੂਚੀਆਂ ਦੀ ਸੁਧਾਈ, ਵਾਰਡਬੰਦੀ, ਜ਼ੋਨਾਂ ਦਾ ਗਠਨ ਅਤੇ ਰਾਖਵੇਂਕਰਨ ਵਰਗੀ ਪ੍ਰਕਿਰਿਆ ਮੁਕੰਮਲ ਕੀਤੀ ਜਾਣੀ ਹੈ ਜਿਸ 'ਤੇ ਲੰਮਾ ਸਮਾਂ ਲੱਗਣਾ ਹੈ। ਇਸ ਤਿਆਰੀ ਲਈ ਕੁਝ ਸਮੇਂ ਦੀ ਲੋੜ ਸੀ। ਪੰਜਾਬ ਸਰਕਾਰ ਨੇ ਭੰਗ ਕੀਤੀਆਂ ਪੰਚਾਇਤਾਂ ਦੇ ਵਿੱਤੀ ਲੈਣ-ਦੇਣ 'ਤੇ ਰੋਕ ਲਗਾ ਦਿੱਤੀ ਹੈ। ਨਾਲ ਹੀ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਤਾੜਨਾ ਕੀਤੀ ਹੈ ਕਿ ਜੇਕਰ ਵਿੱਤੀ ਲੈਣ-ਦੇਣ 'ਤੇ ਰੋਕ ਸਬੰਧੀ ਹਦਾਇਤਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਤੁਰੰਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਅਸਲ ਵਿਚ ਸਰਕਾਰ ਦੀ ਤਾੜਨਾ ਤੋਂ ਹੀ ਪੰਚਾਇਤੀ ਸੰਸਥਾਵਾਂ ਭੰਗ ਕੀਤੇ ਜਾਣ ਦੀ ਸਿਆਸਤ ਜ਼ਾਹਿਰ ਹੋ ਰਹੀ ਹੈ। ਆਮ ਆਦਮੀ ਪਾਰਟੀ ਦੀ ਅੱਖ ਅਸਲ ਵਿਚ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਹੈ। ਇਸ ਵਕਤ ਸੂਬੇ ਦੇ ਹਾਲਾਤ ਇਹ ਹਨ ਕਿ ਕਾਂਗਰਸ ਪਾਟੋਧਾੜ ਦੀ ਸ਼ਿਕਾਰ ਹੈ ਅਤੇ ਕੇਂਦਰੀ ਲੀਡਰਸ਼ਿਪ ਨਾਲ ਨਾਰਾਜ਼ਗੀ ਕਾਰਨ ਪਾਰਟੀ ਦੇ ਕਈ ਵੱਡੇ ਲੀਡਰ ਪਾਰਟੀ ਛੱਡ ਨੇ ਭਾਰਤੀ ਜਨਤਾ ਪਾਰਟੀ ਵਿਚ ਜਾ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਜੋ ਆਪਣੇ ਸਮੇਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਪਛਾੜ ਝੱਲ ਰਿਹਾ ਹੈ, ਨੂੰ ਲੋਕਾਂ ਵੱਲੋਂ ਬਹੁਤਾ ਹੁੰਗਾਰਾ ਨਹੀਂ ਭਰਿਆ ਜਾ ਰਿਹਾ ਹੈ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਭਾਵੇਂ ਉਤਸ਼ਾਹ ਵਿਚ ਨਜ਼ਰ ਆ ਰਹੀ ਹੈ ਪਰ ਹਕੀਕਤ ਇਹ ਹੈ ਕਿ ਇਸ ਪਾਰਟੀ ਦੇ ਪੰਜਾਬ ਵਿਚ ਓਨੇ ਪੈਰ ਨਹੀਂ ਲੱਗ ਰਹੇ ਜਿੰਨੀ ਇਹ ਉਮੀਦ ਲਾਈ ਬੈਠੀ ਹੈ। ਉਂਝ ਵੀ ਕਾਂਗਰਸ ਪਾਰਟੀ ਵਿਚੋਂ ਆਏ ਲੀਡਰਾਂ ਨੂੰ ਇਕਾਈ ਦੀ ਵਾਗਡੋਰ ਸੰਭਾਲੇ ਜਾਣ ਤੋਂ ਬਾਅਦ ਪਾਰਟੀ ਦੇ ਟਕਸਾਲੀ ਲੀਡਰ ਵਾਹਵਾ ਨਾਰਾਜ਼ ਹਨ ਅਤੇ ਉਹ ਆਪਣੀ ਨਾਰਾਜ਼ਗੀ ਖੁੱਲ੍ਹ ਕੇ ਜ਼ਾਹਿਰ ਵੀ ਕਰ ਰਹੇ ਹਨ। ਇਨ੍ਹਾਂ ਤਿੰਨਾਂ ਮੁੱਖ ਸਿਆਸੀ ਧਿਰਾਂ ਦੇ ਅਜਿਹੇ ਹਾਲਾਤ ਤੋਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਜਾਪਦਾ ਹੈ ਕਿ ਥੋੜ੍ਹਾ ਜਿਹਾ ਜ਼ੋਰ ਮਾਰਨ ਨਾਲ ਅਗਲੀਆਂ ਲੋਕ ਸਭਾ ਚੋਣਾਂ ਵਿਚ ਵੱਡੀ ਮੱਲ ਮਾਰੀ ਜਾ ਸਕਦੀ ਹੈ।

ਤਰਦੀ ਨਜ਼ਰੇ ਦੇਖਿਆਂ ਤੱਥ ਵੀ ਅਜਿਹੇ ਹੀ ਜਾਪਦੇ ਹਨ। 2022 ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਵੀ ਸਪਸ਼ਟ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੀ ਮਿਸਾਲੀ ਜਿੱਤ ਵਿਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਨਾਲਾਇਕੀਆਂ ਦਾ ਵੀ ਵੱਡਾ ਯੋਗਦਾਨ ਰਿਹਾ ਸੀ। ਉਦੋਂ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਵੋਟਾਂ ਪਾਉਣ ਦੀ ਥਾਂ ਆਮ ਆਦਮੀ ਪਾਰਟੀ ਨੂੰ ਪਹਿਲ ਦਿੱਤੀ। ਸ਼ਾਇਦ ਇਸੇ ਕਰ ਕੇ ਇਨ੍ਹਾਂ ਪਾਰਟੀਆਂ ਦੇ ਕਹਿੰਦੇ-ਕਹਾਉਂਦੇ ਲੀਡਰ ਵੀ ਚੋਣ ਹਾਰ ਗਏ ਅਤੇ ਪਾਰਟੀ ਨੇ ਰਿਕਾਰਡ 92 ਸੀਟਾਂ ਉਤੇ ਜਿੱਤ ਹਾਸਲ ਕੀਤੀ। ਇਹ ਵੱਖਰੀ ਗੱਲ ਹੈ ਕਿ ਇਹ ਚੋਣਾਂ ਜਿੱਤਣ ਤੋਂ ਬਾਅਦ ਆਮ ਆਦਮੀ ਪਾਰਟੀ ਵੀ ਇਨ੍ਹਾਂ ਪਾਰਟੀਆਂ ਵਰਗੀ ਹੀ ਸਾਬਤ ਹੋਈ। ਅਸਲ ਵਿਚ ਸਮੁੱਚੇ ਮੁਲਕ ਅੰਦਰ ਹੁਣ ਜਿਸ ਤਰ੍ਹਾਂ ਦਾ ਸਿਆਸੀ ਮਾਹੌਲ ਹੈ, ਉਸ ਮੁਤਾਬਿਕ ਤਕਰੀਬਨ ਸਾਰੀਆਂ ਸਿਆਸੀ ਪਾਰਟੀ ਦਾ ਜ਼ੋਰ ਕਿਸੇ ਵੀ ਹਾਲਤ ਵਿਚ ਚੋਣ ਜਿੱਤਣ 'ਤੇ ਹੀ ਲੱਗਿਆ ਹੁੰਦਾ ਹੈ। ਚੋਣਾਂ ਜਿੱਤਣ ਲਈ ਇਹ ਪਾਰਟੀਆਂ ਮੁਫਤ ਸਹੂਲਤਾਂ ਦੇ ਉਹ ਵਾਅਦੇ ਕਰ ਲੈਂਦੀਆਂ ਹਨ ਜੋ ਹਕੀਕਤ ਵਿਚ ਸੰਭਵ ਨਹੀਂ ਹੁੰਦੇ। ਇਹੀ ਕਾਰਨ ਹੈ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਜਿੱਤ ਜਿੰਨੀ ਵੱਡੀ ਸੀ, ਓਨੀ ਛੇਤੀ ਹੀ ਲੋਕਾਂ ਦਾ ਇਸ ਤੋਂ ਮੋਹ-ਭੰਗ ਹੋ ਗਿਆ। ਇਸ ਪਾਰਟੀ ਦੀ ਸਰਕਾਰ ਦੇ ਸਵਾ ਕੁ ਸਾਲ ਦੇ ਅਰਸੇ ਦੌਰਾਨ ਤਕਰੀਬਨ ਹਰ ਵਰਗ ਸਰਕਾਰ ਤੋਂ ਨਾਰਾਜ਼ ਜਾਪ ਰਿਹਾ ਹੈ। ਜ਼ਾਹਿਰ ਹੈ ਕਿ ਇਸ ਚੋਣ ਸਿਆਸਤ ਦਾ ਸਬੰਧ ਲੋਕਾਂ ਦੀਆਂ ਸਮੱਸਿਆਵਾਂ ਨਜਿੱਠਣ ਦੀ ਥਾਂ ਆਪੋ-ਆਪਣੀ ਸਿਆਸਤ ਚਮਕਾਉਣ ਨਾਲ ਵਧੇਰੇ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਿਆਸੀ ਪਾਰਟੀਆਂ ਦੀ ਇਸ ਸਿਆਸਤ ਨੂੰ ਸਮਝਣ ਅਤੇ ਇਨ੍ਹਾਂ ਨੂੰ ਇਨ੍ਹਾਂ ਮਸਲਿਆਂ 'ਤੇ ਘੇਰਨ ਲਈ ਜਾਗਰੂਕ ਹੋਣ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਫੇਸ-ਬੁੱਕ 'ਤੇ ਫੁੱਫੜ ਵੀ!

ਮਹਿੰਗੇ ਜਿਹਾ ਫੋਨ ਹੁਣ ਰੱਖਣਾ ਜ਼ਰੂਰ ਹੈਗਾ, ਕੋਈ ਨਾ ਫਿਕਰ ਭਾਵੇਂ ਸਿਰ ਚੜ੍ਹੇ 'ਲੋਨ' ਜੀ।
ਰੱਖਦੇ ਝੁਕਾਈ ਧੌਣ ਸਾਰਾ ਦਿਨ ਇਹਦੇ ਉਤੇ, ਵਿੰਗੀ-ਟੇਢੀ ਹੋਜੇ ਭਾਵੇਂ ਰੀੜ੍ਹ ਵਾਲੀ 'ਬੋਨ' ਜੀ।
'ਕੀ-ਪੈਡ' ਉਤੇ ਨਾਚ ਉਂਗਲਾਂ ਦਾ ਹੋਈ ਜਾਂਦਾ, ਲਿਖਦੇ 'ਸੁਨੇਹੇ' ਉਂਜ ਧਾਰ ਲੈਂਦੇ 'ਮੋਨ' ਜੀ।
ਖਾਣਾ-ਪੀਣਾ ਸਾਰਾ ਕੁੱਝ ਛੱਡ ਭੱਜ ਉਠਦੇ ਐ, ਕੰਨੀਂ ਜਦੋਂ ਪੈ ਜਾਂਦੀ ਏ ਫੋਨ ਵਾਲੀ 'ਟੋਨ' ਜੀ।
ਕਰਦੇ ਕਮੈਂਟ ਐਸੇ 'ਔਤ-ਘੌਤ-ਸਿਰਾ' ਲਾ'ਤਾ, ਮਾਰਦੇ 'ਲਾਈਕ' ਇੱਕ-ਦੂਸਰੇ ਦੀ 'ਲੁੱਕ' 'ਤੇ
ਚਾਚੇ ਤਾਏ ਮਾਮੇ ਭੂਆ ਕੋਈ ਪਿੱਛੇ ਰਿਹਾ ਹੈਨੀ, ਫੁੱਫੜ ਵੀ ਆ ਗਿਆ ਏ ਹੁਣ 'ਫੇਸ-ਬੁੱਕ' 'ਤੇ!

# ਖੇਤੀ ਸੰਕਟ: ਪੰਜ ਸਾਲ ਖੇਤੀ ਦੇ ਲੇਖੇ ਲਾਏ ਜਾਣ

*ਭਾਰਤ ਅੰਦਰ ਖੇਤੀਬਾੜੀ ਇਸ ਵਕਤ ਸੰਕਟ ਵਿਚੋਂ ਲੰਘ ਰਹੀ ਹੈ। ਉਂਝ ਇਹ ਵੀ ਇਕ ਤੱਥ ਹੈ ਕਿ ਜਦੋਂ ਕੋਵਿਡ-19 ਵਾਲੇ ਲੌਕਡਾਊਨ ਦੌਰਾਨ ਭਾਰਤ ਦੇ ਸਭ ਖੇਤਰ ਡਾਵਾਂਡੋਲ ਹੋ ਗਏ ਸਨ, ਖੇਤੀ ਹੀ ਇਕ ਅਜਿਹਾ ਖੇਤਰ ਸੀ ਜਿਥੇ ਵਿਕਾਸ ਦਰ ਨੋਟ ਕੀਤੀ ਗਈ। ਇਸੇ ਲਈ ਕੁਝ ਮਾਹਿਰਾਂ ਦੀ ਰਾਇ ਹੈ ਕਿ ਖੇਤੀਬਾੜੀ ਦੇ ਮੁੜ ਨਿਰਮਾਣ ਲਈ ਕੁਝ ਕੀਤਾ ਜਾਵੇ। ਜਿਸ ਤਰ੍ਹਾਂ ਆਰਥਿਕ ਸੁਧਾਰਾਂ ਦੇ ਸਮੇਂ ਤੋਂ ਹੀ ਸਨਅਤ ਨੂੰ ਲਾਭਾਂ ਦਿੱਤੇ ਜਾ ਰਹੇ ਹਨ, ਐਨ ਉਸੇ ਤਰਜ਼ 'ਤੇ ਖੇਤੀਬਾੜੀ ਨੂੰ ਓਨੇ ਹੀ ਸਾਧਨ ਅਤੇ ਰਾਹਤ ਪੈਕੇਜ ਮੁਹੱਈਆ ਕੀਤੇ ਜਾਣ। ਸਿਹਤਮੰਦ, ਦੌਲਤਮੰਦ ਅਤੇ ਮੁੜ ਪੈਦਾਵਾਰ ਦੇ ਸੁਧਾਰਾਂ ਦੇ ਨਵੇਂ ਦੌਰ ਵਿਚ ਵਧਣ ਫੁੱਲਣ ਲਈ ਛੋਟੀ ਕਿਸਾਨੀ ਅਤੇ ਵਾਤਾਵਰਨ ਦੇ ਲਿਹਾਜ਼ ਤੋਂ ਹੰਢਣਸਾਰ ਖੇਤੀਬਾੜੀ ਨੂੰ ਨਵੇਂ ਸਿਰਿਓਂ ਖੜ੍ਹਾ ਕੀਤਾ ਜਾਵੇ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਗੰਭੀਰ ਚਰਚਾ ਉਘੇ ਵਿਦਵਾਨ ਦਵਿੰਦਰ ਸ਼ਰਮਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*

ਕਦੇ ਕਦਾਈਂ ਜੋ ਗੱਲ ਸ਼ਬਦਾਂ ਵਿਚ ਨਹੀਂ ਆਖੀ ਜਾ ਸਕਦੀ, ਚੁੱਪ ਉਹ ਕਹਿ ਦਿੰਦੀ ਹੈ। ਦਿੱਲੀ ਦੀ ਆਜ਼ਾਦਪੁਰ ਸਬਜ਼ੀ ਮੰਡੀ ਵਿਚ ਇਕ ਫੜ੍ਹੀ ਵਾਲੇ ਦੀ ਦਿਲ ਨੂੰ ਤਾਰ ਤਾਰ ਕਰਨ ਵਾਲੀ ਵੀਡੀਓ ਕਲਿਪ ਵਾਇਰਲ ਹੋਈ ਹੈ। ਜਦੋਂ ਉਸ ਫੜ੍ਹੀ ਵਾਲੇ ਤੋਂ ਪੁੱਛਿਆ ਗਿਆ ਕਿ ਜੇ ਉਹ ਕੀਮਤਾਂ ਵਿਚ ਉਛਾਲ ਕਾਰਨ ਟਮਾਟਰ ਨਾ ਖਰੀਦ ਸਕਿਆ ਤਾਂ ਕੀ ਉਹ ਅੱਜ ਦੇ ਦਿਨ ਖਾਲੀ ਰੇਹੜੀ ਲੈ ਕੇ ਚਲਿਆ ਜਾਵੇਗਾ ਤਾਂ ਉਸ ਦੇ ਲਬ ਥਰਥਰਾ ਗਏ ਅਤੇ ਹੰਝੂ ਛਲਕ ਪਏ- ਇਹ ਇਕ ਪਲ ਹੀ ਉਸ ਦੀ ਬੇਵਸੀ ਦੀ ਜ਼ੁਬਾਨ ਬਣ ਗਿਆ। ਵੈਸੇ ਤਾਂ ਅਕਸਰ ਅਸੀਂ ਲੋਕ




**ਦਵਿੰਦਰ ਸ਼ਰਮਾ**

ਬਾਜ਼ਾਰ ਵਿਚ ਕਾਰਾਂ ਦੇ ਨਵੇਂ ਮਾਡਲਾਂ ਅਤੇ ਸੁਪਰ ਸਟੋਰਾਂ ਵਿਚ ਨਵੇਂ ਨਕੋਰ ਬਿਜਲਈ ਯੰਤਰਾਂ ਨੂੰ ਲੈ ਕੇ ਹੀ ਮਸਤ ਰਹਿੰਦੇ ਹਾਂ ਪਰ ਸਬਜ਼ੀ ਮੰਡੀ ਦੀ ਇਹ ਛੋਟੀ ਜਿਹੀ ਵੀਡੀਓ ਕਲਿਪ ਦੇਸ਼ ਦੀ ਰੂਹ ਨੂੰ ਝੰਜੋੜਦੀ ਹੈ। ਟੀਵੀ ਸ਼ੋਆਂ ਵਿਚ ਇਨ੍ਹਾਂ ਮਾਡਲਾਂ ਅਤੇ ਯੰਤਰਾਂ ਬਾਰੇ ਖ਼ਬਰਾਂ ਆਉਂਦੀਆਂ ਹਨ ਜਾਂ ਫਿਰ ਤੇਜ਼ੀ ਨਾਲ ਵਧਦੇ ਹੋਏ ਅਰਥਚਾਰੇ ਬਾਰੇ ਰਹਿ ਰਹਿ ਕੇ ਰਿਪੋਰਟਾਂ 'ਤੇ ਚਰਚਾ ਹੁੰਦੀ ਰਹਿੰਦੀ ਹੈ ਪਰ ਅਚਾਨਕ ਹੀ ਅਜਿਹੀ ਕੋਈ ਵੀਡੀਓ ਕਲਿਪ ਸੁੱਤੇ ਪਏ ਮੱਧ ਵਰਗ ਨੂੰ ਝੰਜੋੜ ਕੇ ਤਲਖ਼ ਹਕੀਕਤਾਂ ਦੇ ਸਨਮੁੱਖ ਕਰਾਉਂਦੀ ਹੈ।

ਨਵੀਂ ਦਿੱਲੀ ਵਿਚ ਕਿਰਾਏ ਦੇ ਮਕਾਨ 'ਚ ਰਹਿੰਦੇ ਰਮੇਸ਼ਵਰ ਦੀ ਇਹ ਵੀਡੀਓ ਕਲਿਪ ਅਜਿਹੀ ਹੀ ਇਕ ਮਿਸਾਲ ਹੈ। ਉਸ ਦੀ ਆਰਥਿਕ ਮੰਦਹਾਲੀ ਨੂੰ ਉਸ ਦੇ ਹੰਝੂ ਸਾਫ਼ ਬਿਆਨ ਕਰਦੇ ਹਨ। ਜਦੋਂ ਉਸ ਦੀ ਕਮਾਈ ਬਾਰੇ ਪੁੱਛਿਆ ਜਾਂਦਾ ਹੈ ਤਾਂ ਉਸ ਦਾ ਕਹਿਣਾ ਸੀ ਕਿ ਮਸਾਂ 100-200 ਰੁਪਏ ਦਿਹਾੜੀ ਬਣਦੀ ਹੈ। ਇਸ ਤੋਂ ਸਾਡੇ ਦੇਸ਼ ਅੰਦਰ ਗੁਰਬਤ ਦੇ ਪੱਧਰਾਂ ਅਤੇ ਨਾ-ਬਰਾਬਰੀ ਦੇ ਪਾੜੇ ਦਾ ਵੀ ਪਤਾ ਲੱਗਦਾ ਹੈ। ਬਹੁਤੇ ਲੋਕ ਮਹਾਰਾਸ਼ਟਰ ਦੇ ਠਿਕਪੁਰਲੀ ਦੇ 45 ਸਾਲਾ ਗੰਨਾ ਕਿਸਾਨ/ਖੇਤ ਮਜ਼ਦੂਰ ਭਾਰਤੀ ਪਾਟਿਲ ਨੂੰ ਨਹੀਂ ਜਾਣਦੇ ਹੋਣਗੇ। ਇਕ ਖੋਜ ਮੰਚ ਨਾਲ ਗੱਲਬਾਤ ਕਰਦਿਆਂ ਉਸ ਨੇ ਦੱਸਿਆ: "ਪਿਛਲੇ ਪੰਜ ਸਾਲਾਂ ਤੋਂ ਸਾਡੀ ਉਜਰਤ ਵਿਚ ਕੋਈ ਖਾਸ ਫ਼ਰਕ ਨਹੀਂ ਆਇਆ। ਨੋਟਬੰਦੀ ਤੋਂ ਪਹਿਲਾਂ ਅਸੀਂ 100 ਰੁਪਏ ਦਿਹਾੜੀ ਕਮਾਉਂਦੇ ਸਾਂ ਅਤੇ ਹੁਣ ਜੇ ਅਸੀਂ ਸ਼ਾਮ ਨੂੰ ਪੰਜ ਵਜੇ ਤੱਕ ਕੰਮ ਕਰੀਏ ਤਾਂ ਵੀ 150 ਰੁਪਏ ਹੀ ਪੱਲੇ ਪੈ ਰਹੇ ਹਨ।" ਦੂਜੇ ਸ਼ਬਦਾਂ ਵਿਚ ਗੰਨਾ ਕਿਸਾਨ/ਖੇਤ ਮਜ਼ਦੂਰ ਦੇ ਦੱਸਣ ਮੁਤਾਬਕ ਮਹਾਰਾਸ਼ਟਰ ਦੀ ਗੰਨਾ ਪੱਟੀ ਵਿਚ ਪਿਛਲੇ ਪੰਜ ਸਾਲਾਂ ਵਿਚ ਦਿਹਾੜੀ ਵਿਚ ਸਿਰਫ਼ 50 ਰੁਪਏ ਵਾਧਾ ਹੋਇਆ ਹੈ। ਸਾਰੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਇਆ ਹੈ ਅਤੇ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸਾਲਾਂ ਬਾਅਦ ਵੀ ਉਜਰਤਾਂ ਨਾ ਵਧਣ ਕਰ ਕੇ ਸੀਮਾਂਤ ਕਿਸਾਨ ਅਤੇ ਖੇਤ ਮਜ਼ਦੂਰ ਆਪਣੇ ਪਰਿਵਾਰ ਦਾ ਪੇਟ ਕਿਵੇਂ ਭਰਦੇ ਹੋਣਗੇ।

ਅਸਲ ਉਜਰਤਾਂ ਵਿਚ ਵਾਧੇ ਦਾ ਜਦੋਂ ਮਹਿੰਗਾਈ ਨਾਲ ਮਿਲਾਨ ਕੀਤਾ ਜਾਂਦਾ ਹੈ ਤਾਂ ਇਹ ਵਾਧਾ ਜ਼ੀਰੋ ਦੇ ਨੇੜੇ ਤੇੜੇ ਹੋਵੇਗਾ ਅਤੇ ਕਿਸੇ ਲਿਹਾਜ਼ ਤੋਂ ਵਾਧਾ ਨਹੀਂ ਅਖਵਾ ਸਕੇਗਾ।

ਦਰਅਸਲ, ਕੁਝ ਅਧਿਐਨਾਂ ਵਿਚ ਇਹ ਦਿਖਾਇਆ ਗਿਆ ਸੀ ਕਿ 2013 ਤੋਂ 2017 ਤੱਕ ਅਸਲ ਉਜਰਤਾਂ ਵਿਚ ਕਮੀ ਆ ਰਹੀ ਸੀ ਜਾਂ ਇਹ ਖੜੋਤ ਦੀ ਸਥਿਤੀ ਵਿਚ ਸਨ। ਸੈਂਟਰ ਫਾਰ ਮੌਨੀਟ੍ਰਿੰਗ ਇੰਡੀਅਨ ਇਕੌਨੋਮੀ (ਸੀਐਮਆਈਈ) ਨੇ ਅਪਰੈਲ 2022 ਵਿਚ ਆਖਿਆ ਸੀ ਕਿ ਕੰਮ ਦੇ ਯੋਗ ਦੇਸ਼ ਦੇ 90 ਕਰੋੜ ਕਾਮਿਆਂ 'ਚੋਂ ਬਹੁਗਿਣਤੀ ਕਾਮੇ ਉਪਲਬਧ



ਰੁਜ਼ਗਾਰ ਅਵਸਰਾਂ ਤੋਂ ਇੰਨੇ ਅਵਾਜ਼ਾਰ ਹੋ ਚੁੱਕੇ ਸਨ ਕਿ ਉਨ੍ਹਾਂ ਨੌਕਰੀ ਦੀ ਤਲਾਸ਼ ਹੀ ਬੰਦ ਕਰ ਦਿੱਤੀ ਹੈ।

ਮੁੱਖ ਤੌਰ 'ਤੇ ਇਸੇ ਕਾਰਨ ਦੇਸ਼ ਦੇ ਰੁਜ਼ਗਾਰ ਵਿਚ ਖੇਤੀਬਾੜੀ ਖੇਤਰ ਦੀ ਹਿੱਸੇਦਾਰੀ 2021-22 ਵਿਚ ਵਧ ਕੇ 45.5 ਫ਼ੀਸਦ (ਪੀਰੀਆਡਿਕ ਲੇਬਰ ਫੋਰਸ ਸਰਵੇ ਮੁਤਾਬਕ) ਹੋ ਗਈ ਸੀ ਜੋ ਕੋਵਿਡ ਮਹਾਮਾਰੀ ਤੋਂ ਪਹਿਲਾਂ 42.5 ਫ਼ੀਸਦ ਸੀ।

ਮਹਾਮਾਰੀ ਦੀ ਆਮਦ ਤੋਂ ਬਾਅਦ ਲੌਕਡਾਊਨ ਲਾਉਣ ਕਰ ਕੇ ਸ਼ਹਿਰਾਂ ਤੋਂ ਆਪਣੇ ਜੱਦੀ ਪਿੰਡਾਂ ਵੱਲ ਚਾਲੇ ਪਾਉਣ ਵਾਲੇ ਅੰਦਾਜ਼ਨ 10 ਕਰੋੜ ਕਾਮਿਆਂ ਦਾ ਵੱਡਾ ਹਿੱਸਾ ਸ਼ਹਿਰਾਂ ਵਿਚ ਵਾਪਸ ਨਹੀਂ ਆਇਆ। ਇਸੇ ਤਰ੍ਹਾਂ ਬੰਗਲਾਦੇਸ਼ ਵਿਚ ਵੀ ਇਸ ਸਾਲ ਖੇਤੀਬਾੜੀ ਖੇਤਰ 'ਚ ਰੁਜ਼ਗਾਰ ਵਿਚ ਵਾਧਾ ਹੋਇਆ ਹੈ। ਬੰਗਲਾਦੇਸ਼ ਬਿਊਰੋ ਆਫ ਸਟੈਟਿਸਟਿਕਸ ਮੁਤਾਬਕ 2023 ਦੀ ਅਪਰੈਲ ਤੋਂ ਜੂਨ ਤਿਮਾਹੀ ਦੌਰਾਨ ਸਾਲਾਨਾ ਲਿਹਾਜ਼ ਤੋਂ ਨੌਕਰੀਆਂ ਵਿਚ ਹੋਏ ਵਾਧੇ ਵਿਚ ਵੱਡਾ ਹਿੱਸਾ ਖੇਤੀਬਾੜੀ ਦਾ ਹੀ ਹੈ। ਕੁਝ ਆਰਥਿਕ ਮਾਹਿਰਾਂ ਦਾ ਖਿਆਲ ਹੈ ਕਿ ਇਹ ਸ਼ੁਭ ਸੰਕੇਤ ਨਹੀਂ ਹੈ ਕਿਉਂਕਿ ਇਸ ਤੋਂ ਪਤਾ ਲੱਗਦਾ ਹੈ ਕਿ ਸ਼ਹਿਰਾਂ ਵਿਚ ਰਸਮੀ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ।

> *ਅਰਥਸ਼ਾਸਤਰੀਆਂ ਨੂੰ ਇਹ ਚੁਣੌਤੀ ਸਵੀਕਾਰ ਕਰਨੀ ਚਾਹੀਦੀ ਹੈ ਕਿ ਦਿਹਾਤੀ ਉਦਮ ਨੂੰ ਹੱਲਾਸ਼ੇਰੀ ਦੇ ਕੇ ਖੇਤੀਬਾੜੀ ਨੂੰ ਲਾਹੇਵੰਦ ਕਿਵੇਂ ਬਣਾਇਆ ਜਾ ਸਕੇ। ਹੇਠਲੇ ਵਰਗਾਂ ਕੋਲੋਂ ਧਨ-ਦੌਲਤ ਸੋਖਣ ਦੀ ਬਜਾਇ ਕਿਸਾਨਾਂ ਦੇ ਹੱਥਾਂ ਵਿਚ ਹੋਰ ਆਮਦਨ ਦਿੱਤੀ ਜਾਵੇ, ਭਾਵੇਂ ਇਸ ਨੂੰ ਭਾਰੂ ਆਰਥਿਕ ਚੌਖਟੇ ਦੀ ਨਾ-ਫਰਮਾਨੀ ਵਜੋਂ ਹੀ ਕਿਉਂ ਨਾ ਲਿਆ ਜਾਵੇ। ਮਜ਼ਬੂਤ ਖੇਤੀਬਾੜੀ ਖੇਤਰ ਸਮੇਂ ਦੀ ਅਣਸਰਦੀ ਲੋੜ ਹੈ।*

ਆਓ, ਪਹਿਲਾਂ ਦੇਖੀਏ ਕਿ ਨਾ-ਬਰਾਬਰੀ ਦੀ ਕਿਹੋ ਜਿਹੀ ਹਾਲਤ ਹੈ। ਆਲਮੀ ਪੱਧਰ 'ਤੇ ਸੱਜਰੀ ਸੰਸਾਰ ਨਾ-ਬਰਾਬਰੀ ਰਿਪੋਰਟ (ਵਰਲਡ ਇਨਇਕੁਐਲਿਟੀ ਰਿਪੋਰਟ) ਵਿਚ ਕਿਹਾ ਗਿਆ ਹੈ ਕਿ ਦੁਨੀਆ ਦੇ 10 ਫ਼ੀਸਦ ਸਭ ਤੋਂ ਵੱਧ ਅਮੀਰ ਲੋਕਾਂ ਕੋਲ ਕੁੱਲ 76 ਫ਼ੀਸਦ ਧਨ-ਦੌਲਤ ਹੈ ਜਦਕਿ ਹੇਠਲੇ ਪੰਜਾਹ ਫ਼ੀਸਦ ਲੋਕਾਂ ਕੋਲ ਮਹਿਜ਼ 3 ਫ਼ੀਸਦ ਧਨ-ਦੌਲਤ ਹੀ ਹੈ। ਔਕਸਫੈਮ ਰਿਪੋਰਟ ਮੁਤਾਬਕ ਭਾਰਤ ਵਿਚ ਉਪਰਲੇ 1 ਫ਼ੀਸਦ ਅਮੀਰ ਲੋਕਾਂ ਕੋਲ ਦੇਸ਼ ਦੀ 40.5 ਫ਼ੀਸਦ ਧਨ-ਦੌਲਤ ਹੈ। ਆਰਥਿਕ ਡਿਜ਼ਾਈਨ ਇਸੇ ਤਰ੍ਹਾਂ ਬੁਣਿਆ ਗਿਆ ਹੈ ਕਿ ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ। ਨਾ-ਬਰਾਬਰੀ ਖ਼ਤਮ ਕਰਨ ਦੀਆਂ ਗੱਲਾਂ ਦੇ ਬਾਵਜੂਦ ਪੂੰਜੀਵਾਦੀ ਪ੍ਰਣਾਲੀ ਦੀਆਂ ਜੜ੍ਹਾਂ ਐਨੀਆਂ ਗਹਿਰੀਆਂ ਉੱਤਰ ਚੁੱਕੀਆਂ ਹਨ ਕਿ ਦੁਨੀਆ ਭਰ ਵਿਚ 500 ਧਨਾਢ ਲੋਕਾਂ ਨੇ ਇਸ ਸਾਲ ਦੇ ਪਹਿਲੇ ਛੇਆਂ ਮਹੀਨਿਆਂ ਵਿਚ ਆਪਣੀ ਧਨ-ਦੌਲਤ ਵਿਚ 852 ਅਰਬ ਡਾਲਰ ਦਾ ਇਜ਼ਾਫਾ ਕਰ ਲਿਆ ਸੀ।

ਬ੍ਰਿਕਸ ਦੇਸ਼ਾਂ ਵਿਚ ਚਾਰ ਡਾਲਰ ਦੀ ਰੋਜ਼ਾਨਾ ਆਮਦਨ 'ਤੇ ਗੁਜ਼ਰ ਬਸਰ ਕਰਨ ਵਾਲੇ ਲੋਕਾਂ ਦਾ ਸਰਵੇਖਣ ਕਰਨ ਲਈ ਵਿਸ਼ਵ ਬੈਂਕ ਦੇ ਮਾਪ ਦੀ ਵਰਤੋਂ ਕੀਤੀ ਗਈ ਤਾਂ ਇਸ ਮਾਮਲੇ ਵਿਚ ਭਾਰਤ ਦਾ ਨੰਬਰ ਸਭ ਤੋਂ ਉਪਰ ਆਇਆ। ਦੇਸ਼ ਦੀ 91 ਫ਼ੀਸਦ ਆਬਾਦੀ ਇਸ ਪੱਧਰ ਤੋਂ ਹੇਠਾਂ ਰਹਿ ਰਹੀ ਸੀ ਜਦਕਿ ਦੂਜੇ ਸਥਾਨ 'ਤੇ ਰਹੇ ਦੱਖਣੀ ਅਫ਼ਰੀਕਾ ਵਿਚ 50.3 ਫ਼ੀਸਦ ਆਬਾਦੀ ਇਸ ਦਾਇਰੇ ਵਿਚ ਆਉਂਦੀ ਹੈ। ਹੁਣ ਜਦੋਂ ਸਭ ਤੋਂ ਵੱਧ ਰੁਜ਼ਗਾਰ ਦੇਣ ਵਾਲਾ ਸਭ ਤੋਂ ਵੱਡਾ ਖੇਤੀਬਾੜੀ ਹੈ ਤਾਂ ਵਧਦੀ ਨਾ-ਬਰਾਬਰੀ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਸਰੋਤ ਉਥੇ ਲਾਏ ਜਾਣ ਜਿੱਥੇ ਵਾਕਈ ਇਨ੍ਹਾਂ ਦੀ ਲੋੜ ਹੈ। ਲਾਭ ਰਿਸਣ ਵਾਲੇ (ਟ੍ਰਿਕਲ ਡਾਊਨ) ਅਰਥਚਾਰੇ ਨੂੰ ਜਾਰੀ ਰੱਖਣ ਦੀ ਬਜਾਇ ਹੇਠਲੇ ਅਤੇ ਦਰਮਿਆਨੇ ਵਰਗਾਂ ਦੇ ਉਥਾਨ 'ਤੇ ਧਿਆਨ ਕੇਂਦਰਤ ਕੀਤਾ ਜਾਣਾ ਚਾਹੀਦਾ ਹੈ। ਭਾਰਤ ਅਤੇ ਬੰਗਲਾਦੇਸ਼ ਵਿਚ ਬਹੁਤੇ ਲੋਕਾਂ ਦੀ ਰੋਜ਼ੀ ਰੋਟੀ ਦਾ ਜ਼ਰੀਆ ਖੇਤੀਬਾੜੀ ਹੋਣ ਕਰ ਕੇ ਮੁੱਖਧਾਰਾ ਦੇ ਅਰਥਸ਼ਾਸਤਰੀਆਂ ਨੂੰ ਇਹ ਚੁਣੌਤੀ ਸਵੀਕਾਰ ਕਰਨੀ ਚਾਹੀਦੀ ਹੈ ਕਿ ਦਿਹਾਤੀ ਉਦਮਸ਼ੀਲਤਾ ਨੂੰ ਹੱਲਾਸ਼ੇਰੀ ਦੇ ਕੇ ਖੇਤੀਬਾੜੀ ਨੂੰ ਲਾਹੇਵੰਦ ਕਿਵੇਂ ਬਣਾਇਆ ਜਾ ਸਕੇ। ਹੇਠਲੇ ਵਰਗਾਂ ਕੋਲੋਂ ਧਨ-ਦੌਲਤ ਸੋਖਣ ਦੀ ਬਜਾਇ ਕਿਸਾਨਾਂ ਦੇ ਹੱਥਾਂ ਵਿਚ ਹੋਰ ਆਮਦਨ ਦਿੱਤੀ ਜਾਵੇ, ਭਾਵੇਂ ਇਸ ਨੂੰ ਭਾਰੂ ਆਰਥਿਕ ਚੌਖਟੇ ਦੀ ਨਾ-ਫਰਮਾਨੀ ਵਜੋਂ ਹੀ ਕਿਉਂ ਨਾ ਲਿਆ ਜਾਵੇ। ਮਜ਼ਬੂਤ ਖੇਤੀਬਾੜੀ ਖੇਤਰ ਸਮੇਂ ਦੀ ਅਣਸਰਦੀ ਲੋੜ ਹੈ। ਹਰ ਇੱਕ ਕਿਸਾਨ ਅਤੇ ਦਿਹਾੜੀਦਾਰ ਦੇ ਹੰਝੂ ਪੂੰਝਣ ਦਾ ਹੋਰ ਕੋਈ ਰਾਹ ਨਹੀਂ ਹੈ।

ਮੇਰਾ ਸੁਝਾਅ ਇਹ ਹੋਵੇਗਾ ਕਿ ਖੇਤੀਬਾੜੀ ਦੇ ਮੁੜ ਨਿਰਮਾਣ ਲਈ ਅਗਲੇ ਪੰਜ ਸਾਲ ਦਿੱਤੇ ਜਾਣ। ਆਰਥਿਕ ਸੁਧਾਰਾਂ ਦੇ ਸਮੇਂ ਤੋਂ ਹੀ ਸਨਅਤ ਨੂੰ ਦਿੱਤੇ ਜਾਂਦੇ ਲਾਭਾਂ ਦੀ ਤਰਜ਼ 'ਤੇ ਖੇਤੀਬਾੜੀ ਨੂੰ ਓਨੇ ਸਾਧਨ, ਪ੍ਰੇਰਕ ਅਤੇ ਰਾਹਤ ਪੈਕੇਜ ਦਿੱਤੇ ਜਾਣ। ਮੇਰੀ ਤਵੱਕੋ ਸਿਰਫ਼ ਇੰਨੀ ਹੈ ਕਿ ਸਿਹਤਮੰਦ, ਦੌਲਤਮੰਦ ਅਤੇ ਮੁੜ ਪੈਦਾਵਾਰ ਦੇ ਸੁਧਾਰਾਂ ਦੇ ਨਵੇਂ ਦੌਰ ਵਿਚ ਵਧਣ ਫੁੱਲਣ ਲਈ ਛੋਟੀ ਕਿਸਾਨੀ ਅਤੇ ਵਾਤਾਵਰਨ ਦੇ ਲਿਹਾਜ਼ ਤੋਂ ਹੰਢਣਸਾਰ ਖੇਤੀਬਾੜੀ ਨੂੰ ਨਵੇਂ ਸਿਰਿਓਂ ਖੜ੍ਹਾ ਕੀਤਾ ਜਾਵੇ।

# ਗੀਤ ਤੇ ਗ਼ਦਰ



**ਗੁਮਾਡੀ ਵਿਠਲ ਰਾਓ ਉਰਫ ਗਦਰ ਭਾਵੇਂ ਸਰੀਰਕ ਤੌਰ 'ਤੇ ਇਸ ਜਹਾਨ ਤੋਂ ਰੁਖਸਤ ਹੋ ਗਿਆ ਹੈ ਪਰ ਆਪਣੇ ਜੀਵਨ ਦੌਰਾਨ ਅਵਾਮ ਲਈ ਉਸ ਨੇ ਜੋ ਕੁਝ ਕੀਤਾ, ਉਹ ਸਦਾ ਲੋਕਾਂ ਦੇ ਚੇਤਿਆਂ ਵਿਚ ਰਹੇਗਾ। ਉਹਨੇ ਸੱਤਾ ਦੇ ਜ਼ੁਲਮ ਅਤੇ ਜਬਰ ਖਿਲਾਫ ਪੂਰੇ ਤਾਣ ਨਾਲ ਆਪਣੀ ਆਵਾਜ਼ ਬੁਲੰਦ ਕੀਤੀ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਇਸ ਇਨਕਲਾਬੀ ਸ਼ਖਸੀਅਤ ਅਤੇ ਉਸ ਨਾਲ ਡੂੰਘੀ ਜੁੜੀ ਸਿਆਸਤ ਬਾਰੇ ਵਿਸਥਾਰ ਸਹਿਤ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।**

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

6 ਅਗਸਤ ਨੂੰ ਇਨਕਲਾਬੀ ਗਾਇਕ ਅਤੇ ਬਹੁਪੱਖੀ ਲੋਕ ਕਲਾਕਾਰ ਗ਼ਦਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਆਪਣੀ 74 ਸਾਲ ਦੀ ਜ਼ਿੰਦਗੀ ਦਾ ਵੱਡਾ ਹਿੱਸਾ ਇਨਕਲਾਬੀ ਗੀਤਾਂ ਤੇ ਪੇਸ਼ਕਾਰੀਆਂ ਰਾਹੀਂ ਦੱਬੇ-ਕੁਚਲੇ ਅਵਾਮ ਨੂੰ ਸੰਘਰਸ਼ਾਂ ਲਈ ਪ੍ਰੇਰਨ ਤੇ ਉਭਾਰਨ ਦੇ ਲੇਖੇ ਲਾਇਆ।

1949 'ਚ ਮੇਡਕ ਜ਼ਿਲ੍ਹੇ ਦੇ ਇਕ ਦਲਿਤ ਪਰਿਵਾਰ 'ਚ ਜਨਮੇ ਗੁਮਡੀ ਵਿਠਲ ਰਾਓ ਤਿਲੰਗਾਨਾ ਦੀ ਉਸ ਨੌਜਵਾਨ ਪੀੜ੍ਹੀ 'ਚੋਂ ਸਨ ਜੋ ਉਸ ਸਮੇਂ ਅਣਵੰਡੇ ਆਂਧਰਾ ਪ੍ਰਦੇਸ਼ 'ਚ ਨਕਸਲੀ ਲਹਿਰ ਦੇ ਜ਼ਬਰਦਸਤ ਇਨਕਲਾਬੀ ਉਭਾਰ ਤੋਂ ਪ੍ਰਭਾਵਿਤ ਹੋਏ ਅਤੇ ਜਿਨ੍ਹਾਂ ਨੇ ਦੂਰ-ਦਰਾਜ ਜੰਗਲਾਂ-ਪਹਾੜਾਂ ਨੂੰ ਆਪਣੀ ਇਨਕਲਾਬੀ ਕਰਮ ਭੂਮੀ ਬਣਾਇਆ। ਉਹ ਆਪਣੇ ਭਵਿੱਖ ਦੇ ਸੁਪਨੇ, ਨੌਕਰੀਆਂ ਅਤੇ ਸਭ ਕੁਝ ਦਾਅ 'ਤੇ ਲਾ ਕੇ ਦੱਬੇ-ਕੁਚਲੇ ਲੋਕਾਂ ਨੂੰ ਇਨਕਲਾਬ ਦੇ ਝੰਡੇ ਹੇਠ ਲਾਮਬੰਦ ਕਰਨ 'ਚ ਜੁੱਟ ਗਏ ਅਤੇ ਅੱਜ ਵੀ ਆਪਣੇ ਅਕੀਦੇ ਉੱਪਰ ਅਡੋਲ ਹਨ। 1913-15 ਦੇ ਗ਼ਦਰੀ ਇਨਕਲਾਬੀਆਂ ਦੀਆਂ ਕੁਰਬਾਨੀਆਂ ਤੋਂ ਪ੍ਰਭਾਵਿਤ ਨੌਜਵਾਨ ਗੁਮਡੀ ਵਿਠਲ ਰਾਓ ਨੇ ਆਪਣਾ ਨਵਾਂ ਨਾਮ ਗ਼ਦਰ ਰੱਖ ਲਿਆ। ਰਵਾਇਤੀ ਚਿੱਟੀ ਧੋਤੀ, ਗਲ 'ਚ ਲਾਲ ਪਰਨਾ, ਮੋਢੇ 'ਤੇ ਕਾਲੀ ਕੰਬਲੀ, ਪੈਰਾਂ 'ਚ ਘੁੰਗਰੂ, ਹੱਥ 'ਚ ਡਫਲੀ, ਸੋਟਾ ਤੇ ਲਾਲ ਝੰਡਾ ਉਸ ਦੀ ਖ਼ਾਸ ਪਛਾਣ ਬਣ ਗਏ। ਤਿਲੰਗਾਨਾ ਦੇ ਲੋਕ ਗੀਤਾਂ ਨੂੰ ਇਨਕਲਾਬੀ ਰੰਗ 'ਚ ਰੰਗ ਕੇ ਗ਼ਦਰ ਦੇ ਲਿਖੇ ਗੀਤ ਤੇ ਗੀਤ-ਨਾਟ ਨਵੇਂ ਯੁਗ ਦੇ ਲੋਕ ਗੀਤ ਬਣ ਗਏ। ਜਿੱਥੇ ਵੀ ਗ਼ਦਰ ਜਾਂਦਾ, ਹਜ਼ਾਰਾਂ ਲੋਕਾਂ ਦੀ ਆਵਾਜ਼ ਉਸ ਦੇ ਗੀਤਾਂ ਉੱਪਰ ਝੂਮ ਕੇ ਉਸ ਦੇ ਨਾਲ ਨੱਚਣ ਗਾਉਣ ਲੱਗ ਜਾਂਦੀ। ਗ਼ਦਰ ਨੇ 'ਮਾ ਭੂਮੀ', 'ਰੰਗੁਲਾ ਕਲਾ' ਸਮੇਤ ਕੁਝ ਫਿਲਮਾਂ 'ਚ ਵੀ ਕੰਮ ਕੀਤਾ। 'ਅਰੇ ਰਿਕਸ਼ਾ' 'ਚ ਗਾਏ ਗੀਤ 'ਨੀ ਪਦਮ ਪਾਈ ਪੁਟੂਮਾਚਨਾਈ' ਨੂੰ ਨੰਦੀ ਪੁਰਸਕਾਰ ਵੀ ਮਿਲਿਆ। ਦੰਡਕਾਰਣੀਆ ਲਹਿਰ ਬਾਰੇ ਫਿਲਮ 'ਦੰਡਕਾਰਣੀਅਮ' ਵਿਚ ਵੀ ਉਸ ਦੇ ਮਕਬੂਲ ਗੀਤ ਹਨ।

ਨਕਸਲੀ ਪਾਰਟੀ ਦੀ 1972 'ਚ ਬਣਾਈ 'ਜਨ ਨਾਟਯਾ ਮੰਡਲੀ' ਪਿੰਡ-ਪਿੰਡ, ਗਲੀ-ਗਲੀ ਦੱਬੇ-ਕੁਚਲੇ ਅਵਾਮ ਨੂੰ ਗੀਤਾਂ ਰਾਹੀਂ ਜਗਾ ਰਹੀ ਸੀ। ਜਨ ਨਾਟਯ ਮੰਡਲੀ' ਦੇ ਗੀਤ ਲੋਕਾਂ ਦੇ ਦੁੱਖਾਂ-ਦਰਦਾਂ ਤੇ ਲੋਕ ਮੁੱਦਿਆਂ ਨੂੰ ਜ਼ੁਬਾਨ ਦੇਣ ਦਾ ਮੁੱਖ ਹਥਿਆਰ ਬਣ ਗਏ। ਐਸੀ ਹੀ ਇਕ ਜੋਸ਼ੀਲੀ ਆਵਾਜ਼ 23 ਸਾਲ ਦੇ ਨੌਜਵਾਨ ਕਲਾਕਾਰ ਪੀ. ਸ਼ੰਕਰ ਨੂੰ ਕਤਲ ਕਰ ਦਿੱਤੇ ਜਾਣ ਨਾਲ ਗੀਤਾਂ ਦੀ ਗੂੰਜ ਹੋਰ ਵੀ ਰੋਹਲੀ ਹੋ ਗਈ। ਗ਼ਦਰ ਦੀ ਬੇਜੋੜ ਗਾਇਨ ਕਲਾ ਅਤੇ ਗੀਤ ਦੀ ਤਾਕਤ ਉੱਪਰ ਉਸ ਦੀ ਲਾਸਾਨੀ ਪਕੜ ਨੇ ਇਸ ਨੂੰ ਵਿਸ਼ਾਲ ਸਭਿਆਚਾਰਕ ਕਾਫ਼ਲੇ 'ਚ ਬਦਲ ਦਿੱਤਾ।


1969 'ਚ ਵੱਖਰਾ ਤਿਲੰਗਾਨਾ ਰਾਜ ਬਣਾਏ ਜਾਣ ਲਈ ਲੋਕ ਅੰਦੋਲਨ ਸੱਤਾ ਦੀ ਖ਼ੂੰਖ਼ਾਰ ਤਾਕਤ ਨਾਲ ਕੁਚਲ ਦਿੱਤਾ ਗਿਆ ਸੀ। ਆਂਧਰਾ ਦੇ ਰਾਜਨੀਤਕ ਗ਼ਲਬੇ ਤੇ ਸਭਿਆਚਾਰਕ ਧੌਂਸ ਨੇ ਤਿਲੰਗਾਨਾ ਦੇ ਸਭਿਆਚਾਰ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਸੀ ਅਤੇ ਦੱਬੇ-ਕੁਚਲੇ ਲੋਕਾਂ ਵਿਰੁੱਧ ਜਾਤ-ਹੰਕਾਰੀ ਜਗੀਰੂ ਜਬਰ ਵੀ ਪੂਰੇ ਜ਼ੋਰਾਂ 'ਤੇ ਸੀ। ਰਾਜਕੀ ਪੁਸ਼ਤ-ਪਨਾਹੀ ਵਾਲਾ ਸਮਾਜੀ ਤੇ ਰਾਜਸੀ ਦਾਬਾ ਅਤੇ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੀ ਆਰਥਕ ਬਦਹਾਲੀ ਕਾਰਨ ਤਿਲੰਗਾਨਾ 'ਚ ਨਕਸਲੀ ਲਹਿਰ ਨੂੰ ਹੁੰਗਾਰਾ ਦੇਣ ਲਈ ਹਾਲਾਤ ਬੇਹੱਦ ਸਾਜ਼ਗਰ ਸਨ। ਸ੍ਰੀਕਾਕੁਲਮ ਦੇ ਜੰਗਲਾਂ 'ਚ ਨਕਸਲੀ ਅਗਵਾਈ ਹੇਠ ਆਦਿਵਾਸੀ ਵਿਦਰੋਹ ਨੂੰ ਬੇਤਹਾਸ਼ਾ ਜਬਰ ਨਾਲ ਕੁਚਲਿਆ ਜਾ ਰਿਹਾ ਸੀ। ਤਿਲੰਗਾਨਾ ਕੋਲ ਹੈਦਰਾਬਾਦ ਦੇ ਨਿਜ਼ਾਮ ਵਿਰੁੱਧ 1946-51 ਦੇ ਹਥਿਆਰਬੰਦ ਕਿਸਾਨ ਸੰਘਰਸ਼ ਦੀ ਸ਼ਾਨਾਮੱਤੀ ਵਿਰਾਸਤ ਸੀ ਜੋ ਪਿੰਡਾਂ 'ਚ ਰਹਿ ਗਏ ਕਮਿਊਨਿਸਟਾਂ ਵੱਲੋਂ ਅਗਲੀਆਂ ਪੀੜ੍ਹੀਆਂ ਨੂੰ ਦਿੱਤੀ ਜਾ ਰਹੀ ਸੀ। ਤੇਲਗੂ ਸਾਹਿਤ ਦੇ ਪਿੜ ਅੰਦਰ ਨਕਸਲਬਾੜੀ ਅਤੇ ਸ੍ਰੀਕਾਕੁਲਮ ਲਹਿਰਾਂ ਦੇ ਪ੍ਰਭਾਵ ਹੇਠ ਇਨਕਲਾਬੀ ਕਵੀ ਵਰਾਵਰਾ ਰਾਓ ਤੇ ਹੋਰ ਲੇਖਕਾਂ-ਬੁੱਧੀਜੀਵੀਆਂ ਦੀ ਅਗਵਾਈ ਹੇਠ ਇਨਕਲਾਬੀ ਸਾਹਿਤ ਦੀ ਜ਼ਬਰਦਸਤ ਧਾਰਾ ਪੂਰੇ ਜ਼ੋਰਾਂ 'ਤੇ ਸੀ। ਇਨਕਲਾਬੀ ਲਹਿਰ ਦੇ ਵਧ ਰਹੇ ਉਭਾਰ ਨੂੰ ਰੋਕਣ ਲਈ ਤਿਲੰਗਾਨਾ ਦੀ ਜਗੀਰੂ ਜਮਾਤ ਆਂਧਰਾ ਦੀ ਹੁਕਮਰਾਨ ਜਮਾਤ ਨਾਲ ਮਿਲ ਕੇ ਲੋਕ ਸੰਘਰਸ਼ਾਂ ਨੂੰ ਬੇਕਿਰਕੀ ਨਾਲ ਕੁਚਲ ਰਹੀ ਸੀ। ਇਹ ਪਿਛੋਕੜ ਸੀ ਜਦੋਂ ਗ਼ਦਰ ਨੇ ਇਨਕਲਾਬੀ ਰਾਜਨੀਤਕ ਤੇ ਸੱਭਿਆਚਾਰ ਦਾ ਮੋਰਚਾ ਮੱਲਿਆ, ਜਦੋਂ ਉਹ ਇੰਜਨੀਅਰਿੰਗ ਦੀ ਪੜ੍ਹਾਈ ਕਰਨ ਤੋਂ ਬਾਅਦ ਤੇ ਬੈਂਕ ਦੀ ਨੌਕਰੀ ਛੱਡ ਕੇ ਨਕਸਲੀ ਲਹਿਰ 'ਚ ਸ਼ਾਮਲ ਹੋਏ। ਉਨ੍ਹਾਂ ਨੇ ਲੋਕ ਗੀਤਾਂ ਨੂੰ ਅਵਾਮ ਨੂੰ ਇਨਕਲਾਬੀ ਰਾਜਨੀਤਕ ਚੇਤਨਾ ਦੇਣ ਦੇ ਐਸੇ ਹਥਿਆਰ ਵਿਚ ਬਦਲ ਦਿੱਤਾ ਜਿਸ ਨੂੰ ਹਕੂਮਤ ਹਥਿਆਰਬੰਦ ਛਾਪਾਮਾਰਾਂ ਤੋਂ ਵੀ ਵਧੇਰੇ ਖ਼ਤਰਨਾਕ ਸਮਝਦੀ ਹੈ। ਪ੍ਰੋਫੈਸਰ ਵਰਾਵਰਾ ਰਾਓ ਗ਼ਦਰ ਦੀ ਇਸ ਇਨਕਲਾਬੀ ਕਾਇਆਪਲਟੀ ਬਾਰੇ ਕਹਿੰਦੇ ਹਨ, "ਗ਼ਦਰ ਨੇ ਲੋਕਾਂ ਦੇ ਇਨਕਲਾਬੀ ਗੀਤਾਂ ਦੀ ਵਿਰਾਸਤ ਨੂੰ ਅੰਗੀਕਾਰ ਕੀਤਾ, ਉਸ ਦਾ ਅਨਿੱਖਵਾਂ ਅੰਗ ਬਣ ਗਏ ਅਤੇ ਉਨ੍ਹਾਂ ਦੀ ਬੋਲੀ ਤੇ ਪਹਿਰਾਵੇ ਨੂੰ ਆਪਣਾ ਹਿੱਸਾ ਬਣਾ ਲਿਆ।"

ਜਦੋਂ ਇਨਕਲਾਬੀ ਲਹਿਰ ਉੱਪਰ ਜਬਰ ਤਿੱਖਾ ਹੋ ਗਿਆ ਅਤੇ ਜਨ ਨਾਟਯਾ ਮੰਡਲੀ ਸਮੇਤ ਜਨਤਕ ਜਥੇਬੰਦੀਆਂ ਉੱਪਰ ਪਾਬੰਦੀ ਲਗਾ ਦਿੱਤੀ ਗਈ ਤਾਂ ਗ਼ਦਰ ਦੀ ਅਗਵਾਈ ਹੇਠ 'ਜਨ ਨਾਟਯਾ ਮੰਡਲੀ' ਰੂਪੋਸ਼ ਹੋ ਕੇ ਤਿਲੰਗਾਨਾ ਦੇ ਜੰਗਲਾਂ ਤੇ ਖੇਤਾਂ 'ਚ ਇਨਕਲਾਬ ਦਾ ਹੋਕਾ ਦਿੰਦੀ ਰਹੀ। ਗ਼ਦਰ ਨੇ ਜਿੱਥੇ ਸੈਂਕੜੇ ਕੁਲ-ਵਕਤੀ ਸੱਭਿਆਚਾਰਕ ਕਾਮੇ ਪੈਦਾ ਕੀਤੇ ਉੱਥੇ ਉਸ ਦੇ ਗੀਤ ਹਜ਼ਾਰਾਂ ਨੌਜਵਾਨਾਂ ਨੂੰ ਲਹਿਰ ਵਿਚ ਖਿੱਚ ਲਿਆਏ।

1980ਵਿਆਂ ਅਤੇ 1990ਵਿਆਂ ਦੇ ਦਹਾਕੇ ਪੀਪਲਜ਼ ਵਾਰ ਗਰੁੱਪ ਦੀ ਅਗਵਾਈ ਹੇਠ ਉੱਤਰੀ ਤਿਲੰਗਾਨਾ ਵਿਚ ਲਾਸਾਨੀ ਇਨਕਲਾਬੀ ਚੜ੍ਹਤ ਦਾ ਸਮਾਂ ਸੀ। ਕਾਲਜਾਂ, ਯੂਨੀਵਰਸਿਟੀਆਂ 'ਚ ਇਨਕਲਾਬੀ ਵਿਦਿਆਰਥੀ ਲਹਿਰ ਬੁਲੰਦੀ 'ਤੇ ਸੀ। ਦਹਿ-ਹਜ਼ਾਰਾਂ ਨੌਜਵਾਨ ਵਿਦਿਆਰਥੀ ਪੜ੍ਹਾਈ ਛੱਡ ਕੇ ਇਨਕਲਾਬ ਦਾ ਸੁਪਨਾ ਅੱਖਾਂ 'ਚ ਸੰਜੋਈ 'ਪਿੰਡਾਂ ਨੂੰ ਚੱਲੋ' ਮੁਹਿੰਮ ਦੇ ਸੱਦੇ ਨੂੰ ਹੁੰਗਾਰਾ ਦਿੰਦੇ ਹੋਏ ਇਨਕਲਾਬੀ ਸਫ਼ਾਂ 'ਚ ਸ਼ਾਮਿਲ ਹੋ ਰਹੇ ਸਨ। ਸਮਾਂਤਰ ਮੁਕਾਮੀ ਸੱਭਿਆਚਾਰ ਭਾਰੂ ਆਂਧਰਾ ਸੱਭਿਆਚਾਰ ਨੂੰ ਟੱਕਰ ਦੇ ਰਿਹਾ ਸੀ। ਦਲਿਤਾਂ ਉੱਪਰ ਜਬਰ ਦੇ ਹੌਲਨਾਕ ਕਾਂਡ ਸਟੇਟ ਵਿਰੁੱਧ ਲੋਕਾਂ ਦੇ ਗੁੱਸੇ ਨੂੰ ਹੋਰ ਜ਼ਰਬਾਂ ਦੇ ਰਹੇ ਸਨ। ਇਨ੍ਹਾਂ ਸਮਿਆਂ 'ਚ ਗ਼ਦਰ ਨੇ ਲੋਕ ਵੇਦਨਾ, ਲੋਕ ਸਰੋਕਾਰਾਂ ਨੂੰ ਗੀਤਾਂ ਦੀ ਜ਼ੁਬਾਨ ਦਿੱਤੀ। 'ਜਨ ਨਾਟਯਾ ਮੰਡਲੀ' ਦੀਆਂ ਟੀਮਾਂ ਦੀ ਜ਼ੁਬਾਨੀ ਅਤੇ ਟੇਪ ਰਿਕਾਰਡਰਾਂ ਰਾਹੀਂ ਗ਼ਦਰ ਦੇ ਗੀਤ ਲਹਿਰਾਂ ਬਣਕੇ ਤਿਲੰਗਾਨਾ ਤੇ ਆਂਧਰਾ ਦੇ ਦੂਰ-ਦਰਾਜ ਇਲਾਕਿਆਂ 'ਚ ਗੂੰਜ ਉੱਠੇ। ਉਸ ਦੇ ਗੀਤਾਂ ਦੀਆਂ 30 ਟੇਪਾਂ ਦੀ ਰਿਕਾਰਡ ਤੋੜ ਵਿਕਰੀ ਹੋਈ। ਹਿੰਦੀ ਤੇ ਹੋਰ ਭਾਸ਼ਾਵਾਂ 'ਚ ਵੀ ਉਸ ਦੇ ਗੀਤ ਬਹੁਤ ਮਕਬੂਲ ਹੋਏ।

1980ਵਿਆਂ ਦੇ ਦਹਾਕੇ 'ਚ ਗ਼ਦਰ ਦੀ ਜ਼ਿੰਦਗੀ ਦਾ ਇਕੋ-ਇਕ ਭਾਵ ਸੀ ਗੀਤ, ਗੀਤ ਤੇ ਗੀਤ: ਖ਼ੂਨ-ਪਸੀਨਾ ਵਹਾ ਰਹੇ ਮਜ਼ਦੂਰ ਬਾਰੇ ਗੀਤ, ਖੇਤਾਂ ਬਾਰੇ ਗੀਤ, ਜਨਮ ਬਾਰੇ ਗੀਤ, ਮੌਤ ਬਾਰੇ ਗੀਤ, ਸ਼ਹੀਦ ਦੀ ਸ਼ਹਾਦਤ ਬਾਰੇ ਗੀਤ, ਪਿਆਰ ਬਾਰੇ ਗੀਤ। ਉਸ ਦੇ ਆਪਣੇ ਸ਼ਬਦਾਂ 'ਚ, 'ਕਿਰਤ ਹੀ ਗੀਤ ਹੈ, ਕਿਰਤ 'ਚ ਲੈਅ ਹੈ। ਜਿਸ ਨੂੰ ਕੰਮ ਕਰਨਾ ਨਹੀਂ ਆਉਂਦਾ, ਉਹ ਕੰਮ ਵਿਗਾੜ ਦੇਵੇਗਾ। ਕਿਰਤ 'ਚ ਨਿਖ਼ਾਰ ਆਉਂਦਾ ਹੈ ਤਾਂ ਲੈਅ 'ਚ ਨਿਖ਼ਾਰ ਆਉਂਦਾ ਹੈ, ਗੀਤਾਂ 'ਚ ਨਿਖ਼ਾਰ ਆਉਂਦਾ ਹੈ। ਲੋਕ ਆਪਣੇ ਰੋਜ਼ਮੱਰਾ ਕੰਮਕਾਰ ਰਾਹੀਂ ਗੀਤ ਨੂੰ ਨਿਖ਼ਾਰਦੇ ਹਨ।'

ਉੱਤਰੀ ਤਿਲੰਗਾਨਾ 'ਚ ਨਕਸਲੀਆਂ ਦੀ ਸਮਾਂਤਰ ਸੱਤਾ ਨੇ ਪਿੰਡਾਂ 'ਚ ਹਕੂਮਤੀ ਮਸ਼ੀਨਰੀ ਇਕ ਤਰ੍ਹਾਂ ਨਾਲ ਨਕਾਰਾ ਕਰ ਦਿੱਤੀ ਸੀ। ਬੁਖਲਾਈ ਹਕੂਮਤ 'ਘੇਰੋ ਤੇ ਕੁਚਲੋ' ਮੁਹਿੰਮਾਂ ਰਾਹੀਂ ਬੇਕਿਰਕ ਜਬਰ, ਝੂਠੇ ਕੇਸਾਂ 'ਚ ਜੇਲ੍ਹਬੰਦੀ ਅਤੇ ਝੂਠੇ ਪੁਲਿਸ ਮੁਕਾਬਲਿਆਂ 'ਚ ਇਨਕਲਾਬੀਆਂ ਦਾ ਕਤਲੇਆਮ ਕਰ ਰਹੀ ਸੀ। ਇਸ ਦੇ ਨਾਲ-ਨਾਲ ਗਰੇ-ਹਾਊਂਡਜ਼ ਤੇ ਹੋਰ ਨਾਵਾਂ ਹੇਠ ਗ਼ੈਰ-ਕਾਨੂੰਨੀ ਕਾਤਲ ਗਰੋਹ ਬਣਾ ਕੇ ਮਨੁੱਖੀ ਹੱਕਾਂ ਦੇ ਕਾਰਕੁਨਾਂ, ਲੇਖਕਾਂ ਤੇ ਕਲਾਕਾਰਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ ਗਿਆ। ਲੋਕਾਂ ਦੇ ਬੇਹੱਦ ਹਰਮਨਪਿਆਰੇ ਡਾ. ਰਾਮਾਨਾਥਨ ਕਲੀਨਿਕ ਵਿਚ ਗੋਲੀਆਂ ਮਾਰ ਕੇ ਮਾਰ ਦਿੱਤੇ ਗਏ ਜੋ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ ਦੇ ਆਗੂ ਸਨ। ਵਰਾਵਰਾ ਰਾਓ ਉੱਪਰ ਕਈ ਕਾਤਲਾਨਾ ਹਮਲੇ ਹੋਏ। ਇਸੇ ਸਿਲਸਿਲੇ 'ਚ ਅਪਰੈਲ 1997 'ਚ 'ਗਰੀਨ ਟਾਈਗਰਜ਼' ਵੱਲੋਂ ਗ਼ਦਰ ਨੂੰ ਸਿਕੰਦਰਾਬਾਦ ਵਿਚ ਉਸ ਦੇ ਘਰ ਦੇ ਅੰਦਰ ਗੋਲੀਆਂ ਮਾਰ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਹਕੂਮਤ ਦੀ ਇਸ ਬੌਖਲਾਹਟ ਦੀ ਇਕ ਵੱਡੀ ਵਜ੍ਹਾ ਮਨੁੱਖੀ ਹੱਕਾਂ ਦੇ ਘਾਣ ਵਿਰੁੱਧ ਸ਼ਹਿਰੀ ਆਜ਼ਾਦੀਆਂ ਦੇ ਕਾਰਕੁਨਾਂ ਵੱਲੋਂ ਉਠਾਈ ਜਾ ਰਹੀ ਆਵਾਜ਼ ਸੀ। ਦੂਜੀ ਵਜ੍ਹਾ,



ਇਨਕਲਾਬੀ ਕਵੀ ਵਰਾਵਰਾ ਰਾਓ ਨਾਲ ਗੁਮਾਡੀ ਵਿਠਲ ਰਾਓ ਉਰਫ ਗਦਰ।



ਇਨਕਲਾਬੀ ਗਾਇਕ ਗਦਰ।

ਮੁਕਾਬਲਿਆਂ 'ਚ ਮਾਰੇ ਜਾ ਰਹੇ ਇਨਕਲਾਬੀਆਂ ਦੀਆਂ ਲਾਸ਼ਾਂ ਅੰਤਮ ਸਸਕਾਰ ਲਈ ਉਨ੍ਹਾਂ ਦੇ ਵਾਰਿਸਾਂ ਨੂੰ ਦਿਵਾਉਣ ਲਈ ਹੋ ਰਹੇ ਵਿਸ਼ਾਲ ਇਕੱਠ ਸਨ ਜਿਨ੍ਹਾਂ ਵਿਚ ਵਰਾਵਰਾ ਰਾਓ ਤੇ ਗ਼ਦਰ ਦੀ ਮਿਕਨਾਤੀਸੀ ਸ਼ਖ਼ਸੀਅਤ ਦੀ ਵੱਡੀ ਭੂਮਿਕਾ ਸੀ। ਗ਼ਦਰ ਦੀ ਜਾਨ ਤਾਂ ਬਚ ਗਈ ਪਰ ਰੀੜ੍ਹ ਦੀ ਹੱਡੀ 'ਚ ਲੱਗੀ ਇਕ ਗੋਲੀ ਕੱਢੀ ਨਾ ਜਾ ਸਕੀ।

ਜਦੋਂ 2004 'ਚ ਸਿਵਲ ਸੁਸਾਇਟੀ ਦੇ ਦਬਾਅ ਹੇਠ ਸਰਕਾਰ ਨੂੰ ਪਹਿਲੀ ਵਾਰ ਰੂਪੋਸ਼ ਨਕਸਲੀ ਆਗੂਆਂ ਨਾਲ ਗੱਲਬਾਤ ਕਰਨੀ ਪਈ ਤਾਂ ਉਸ ਵਿਚ ਨਕਸਲੀ ਧਿਰ ਦੇ ਏਲਚੀਆਂ ਵਜੋਂ ਵਰਾਵਰਾ ਰਾਓ, ਗ਼ਦਰ ਅਤੇ ਲੇਖਕ ਕਲਿਆਣ ਰਾਓ ਨੇ ਗੱਲਬਾਤ ਕੀਤੀ ਜਦੋ ਇਨਕਲਾਬੀ ਲਹਿਰ 'ਚ ਉਸ ਦੀ ਮਕਬੂਲੀਅਤ ਦਾ ਸਬੂਤ ਸੀ। ਗੱਲਬਾਤ ਦੌਰਾਨ ਰੂਪੋਸ਼ ਇਨਕਲਾਬੀਆਂ ਦੀ ਸ਼ਨਾਖ਼ਤ ਅਤੇ ਨਿਸ਼ਾਨਦੇਹੀ ਦੇ ਆਧਾਰ 'ਤੇ ਅਗਲੇ ਸਾਲਾਂ 'ਚ ਵਿਸ਼ਵਾਸਘਾਤੀ ਹਕੂਮਤ ਨੇ ਵੱਡੇ ਪੈਮਾਨੇ 'ਤੇ ਕਤਲੇਆਮ ਕੀਤਾ ਅਤੇ ਤਿਲੰਗਾਨਾ ਵਿਚ ਇਨਕਲਾਬੀ ਲਹਿਰ ਨੂੰ ਬੇਕਿਰਕੀ ਨਾਲ ਕੁਚਲ ਦਿੱਤਾ।

ਦਹਾਕਿਆਂ ਤੱਕ ਨਿਧੜਕ ਕੁਲ-ਵਕਤੀ ਭੂਮਿਕਾ ਨਿਭਾਉਣ ਤੋਂ ਬਾਦ 2010 'ਚ ਗ਼ਦਰ ਨੇ ਨਕਸਲੀ/ਮਾਓਵਾਦੀ ਲਹਿਰ ਦੂਰੀ ਬਣਾ ਲਈ ਅਤੇ ਉਸ ਦਾ ਝੁਕਾਅ ਵੱਖਰਾ ਰਾਜ ਬਣਾਏ ਜਾਣ ਤੇ ਸਮਾਜੀ ਨਿਆਂ ਦੇ ਸਵਾਲਾਂ ਵੱਲ ਹੋ ਗਿਆ। ਇਸ ਦੀ ਵਜ੍ਹਾ ਜਾਤਪਾਤ ਵਰਗੇ ਸਵਾਲਾਂ ਉੱਪਰ ਮੱਤਭੇਦ ਅਤੇ ਲਹਿਰ ਤੋਂ ਮੋਹ-ਭੰਗ ਹੋਣਾ ਸੀ। ਫਿਰ ਉਸ ਨੇ 'ਤਿਲੰਗਾਨਾ ਪਰਜਾ ਫਰੰਟ' ਬਣਾ ਕੇ ਵੱਖਰੇ ਤਿਲੰਗਾਨਾ ਲਈ ਲਹਿਰ ਵਿਚ ਵੱਡੀ ਭੂਮਿਕਾ ਨਿਭਾਈ। ਅਗਲੇ ਸਾਲਾਂ 'ਚ ਉਸ ਨੇ ਬਹੁਤ ਸਾਰੀਆਂ ਜਥੇਬੰਦੀਆਂ ਅਤੇ ਪਾਰਟੀਆਂ ਬਣਾਈਆਂ ਪਰ ਕਿਤੇ ਵੀ ਉਸ ਨੂੰ ਉਹ ਚੀਜ਼ ਹਾਸਲ ਨਾ ਹੋਈ ਜਿਸ ਲਈ ਉਸ ਦਾ ਮਨ ਭਟਕ ਰਿਹਾ ਸੀ

ਜਦੋਂ 2014 'ਚ ਲੋਕ ਦਬਾਅ ਹੇਠ ਵੱਖਰਾ ਤਿਲੰਗਾਨਾ ਬਣਾਇਆ ਗਿਆ ਤਾਂ ਸੱਤਾ ਪੁਰਾਣੀ ਜਾਤ-ਹੰਕਾਰੀ ਹਾਕਮ ਜਮਾਤ ਨੇ ਹਥਿਆ ਲਈ ਅਤੇ ਜੂਝ ਮਰਨ ਤੇ ਕੁਰਬਾਨੀਆਂ ਕਰਨ ਵਾਲੇ ਅਵਾਮ ਇਕ ਵਾਰ ਫਿਰ ਹਾਸ਼ੀਏ 'ਤੇ ਧੱਕ ਦਿੱਤੇ ਗਏ। ਇਹ ਅਵਾਮ ਦੇ ਖ਼ਵਾਬਾਂ ਦਾ ਜਮਹੂਰੀ ਤਿਲੰਗਾਨਾ ਨਹੀਂ ਸੀ। ਇਸੇ ਮਾਯੂਸੀ ਦੇ ਆਲਮ 'ਚ ਗ਼ਦਰ ਦਾ ਝੁਕਾਅ ਹਾਕਮ ਜਮਾਤੀ ਸਿਆਸਤ ਵੱਲ ਹੋ ਗਿਆ ਅਤੇ 2018 ਦੀਆਂ ਚੋਣਾਂ 'ਚ ਉਸ ਨੇ ਪਹਿਲੀ ਵਾਰ ਚੋਣ ਸਿਆਸਤ 'ਚ ਹਿੱਸਾ ਲਿਆ ਜਿਸ ਦੇ ਬਾਈਕਾਟ ਲਈ ਉਹ ਦਹਾਕਿਆਂ ਤੋਂ ਪੁਰਜ਼ੋਰ ਲਾਮਬੰਦੀ ਕਰਦਾ ਰਿਹਾ ਸੀ। ਉਸ ਨੇ ਕਿਹਾ, "ਦੁਨੀਆ 'ਚ ਲੋਕਾਂ ਨੂੰ ਅੰਤਮ ਸੰਘਰਸ਼ ਲਾਲ ਝੰਡੇ ਹੇਠ ਕਰਨਾ ਪਵੇਗਾ। ਵਿਚਕਾਰਲੇ ਦੌਰ ਵਿਚ ਉਨ੍ਹਾਂ ਨੂੰ ਅੰਬੇਡਕਰ ਦਾ ਰਾਹ ਅਖ਼ਤਿਆਰ ਕਰਨਾ ਪਵੇਗਾ... ਲੋਕਾਂ ਦੀ, ਨਾ ਕਿ ਕਿਸੇ ਪਾਰਟੀ ਦੀ, ਰੱਖਿਆਤਮਕ ਰਣਨੀਤੀ ਵੋਟ ਹੈ। ਮੈਂ ਸੰਵਿਧਾਨ ਅਤੇ ਭਾਰਤ ਬਚਾਓ, ਧਰਮਨਿਰਪੱਖਤਾ ਦੇ ਨਾਅਰੇ ਅਖ਼ਤਿਆਰ ਕੀਤੇ ਹਨ ਅਤੇ ਮੈਂ ਬਤੌਰ ਇਕ ਕਵੀ ਕੋਨੇ-ਕੋਨੇ 'ਚ ਜਾ ਸਕਦਾ ਹਾਂ। ਮੈਂ ਹਥਿਆਰਾਂ ਬਾਰੇ ਗਾਉਂਦਾ ਸੀ ਤਾਂ ਪਹੁੰਚ ਸਿਰਫ਼ ਥੋੜ੍ਹੇ ਲੋਕਾਂ ਤੱਕ ਹੀ ਹੁੰਦੀ ਸੀ।" ਬੇਸ਼ੱਕ ਉਸ ਦਾ ਕਹਿਣਾ ਸੀ ਕਿ ਉਹ ਹਰ ਮੰਚ ਤੋਂ ਉਨ੍ਹਾਂ ਹੀ ਮੁੱਦਿਆਂ ਨੂੰ ਉਠਾਉਣ ਦੇ ਉਦੇਸ਼ ਨਾਲ ਇਨ੍ਹਾਂ ਪਾਰਟੀਆਂ 'ਚ ਜਾ ਰਿਹਾ ਹੈ ਜਿਨ੍ਹਾਂ ਮੁੱਦਿਆਂ ਲਈ ਉਹ ਹਮੇਸ਼ਾ ਲੜਦਾ ਰਿਹਾ ਹੈ ਪਰ ਇਸ ਸਮੇਂ ਦੇ ਉਸ ਦੇ ਵਿਵਾਦਪੂਰਨ ਬਿਆਨਾਂ, ਰਾਜਨੀਤਕ ਪੁਜੀਸ਼ਨਾਂ ਅਤੇ ਕਾਂਗਰਸ ਤੇ ਹੋਰ ਪਾਰਟੀਆਂ ਨਾਲ ਉਸ ਦੀ ਨੇੜਤਾ ਦਾ ਹਾਕਮ ਜਮਾਤ ਨੇ ਇਨਕਲਾਬੀ ਲਹਿਰ ਨੂੰ ਭੰਡਣ ਲਈ ਰੱਜ ਕੇ ਲਾਹਾ ਲਿਆ। ਜਦੋਂ ਉਸ ਦੀ ਮੌਤ ਹੋਈ ਤਾਂ ਮੀਡੀਆ ਵਿਚ ਰਾਹੁਲ ਗਾਂਧੀ ਨਾਲ ਉਸ ਦੀ ਤਸਵੀਰ ਵੀ ਕਾਫ਼ੀ ਚਰਚਿਤ ਹੋਈ। ਵਜ੍ਹਾ ਇਹ ਹੈ ਕਿ ਗ਼ਦਰ ਮਹਿਜ਼ ਇਕ ਨਾਮ ਨਹੀਂ ਹੈ, ਇਸ ਦਾ ਮਹੱਤਵ ਰਾਹੁਲ ਗਾਂਧੀ ਵਰਗੇ ਸਿਆਸਤਦਾਨ ਬਾਖ਼ੂਬੀ ਜਾਣਦੇ ਹਨ। ਇਸ ਦਾ ਦੂਜਾ ਪਾਸਾ ਇਹ ਹੈ ਕਿ ਉਸ ਦੇ ਪਿੱਛੇ ਜੋ ਸ਼ਾਨਾਮੱਤੀ ਵਿਰਾਸਤ ਜੋ ਅਵਾਮ ਹੈ ਉਹ ਬਹੁਤ ਪਿੱਛੇ ਰਹਿ ਗਏ ਹਨ। ਇਹ ਹਕੀਕਤ ਗ਼ਦਰ ਨੂੰ ਪਤਾ ਸੀ।

ਹਸਪਤਾਲ 'ਚ ਦਾਖ਼ਲ ਹੋਣ ਵੇਲੇ ਉਸ ਨੂੰ ਆਪਣੀ ਗੰਭੀਰ ਬਿਮਾਰੀ ਦਾ ਅਹਿਸਾਸ ਸੀ। ਮੌਤ ਤੋਂ ਚਾਰ ਦਿਨ ਪਹਿਲਾਂ ਉਸ ਵੱਲੋਂ ਲਿਖੀ ਚਿੱਠੀ 'ਚ ਇਹ ਅਹਿਸਾਸ ਵੀ ਝਲਕਦਾ ਹੈ ਅਤੇ ਆਸ਼ਾਵਾਦ ਵੀ ਹੈ: "ਮੇਰਾ ਨਾਮ ਗੁਮਾਡੀ ਵਿਠਲ ਰਾਓ ਹੈ। ਗ਼ਦਰ ਮੇਰੇ ਗੀਤਾਂ ਦਾ ਨਾਮ ਹੈ। ਮੇਰੀ ਜ਼ਿੰਦਗੀ ਨਿਆਂ ਲਈ ਲਗਾਤਾਰ ਸੰਘਰਸ਼ ਕਰਦਿਆਂ ਗੁਜ਼ਰੀ। ਮੈਂ 74 ਸਾਲ ਦਾ ਹੋ ਗਿਆ ਹਾਂ। ਮੇਰੀ ਰੀੜ੍ਹ ਦੀ ਹੱਡੀ 'ਚ ਫਸੀ ਗੋਲੀ ਨੂੰ 25 ਸਾਲ ਹੋ ਗਏ। ਮੇਰਾ ਦਿਲ ਧੜਕਣੋਂ ਨਹੀਂ ਰੁਕੇਗਾ ਪਰ ਕੁਝ ਕਾਰਨਾਂ ਕਰ ਕੇ ਦਿਲ ਨੂੰ ਤਕਲੀਫ਼ ਹੁੰਦੀ ਹੈ। ਹਾਲ ਹੀ ਵਿਚ ਮੈਂ ਅਪੋਲੋ ਹਸਪਤਾਲ 'ਚ ਭਰਤੀ ਹੋਇਆ। ਮੈਂ 20 ਜੁਲਾਈ ਤੋਂ ਲੈ ਕੇ ਕਈ ਤਰ੍ਹਾਂ ਦੇ ਟੈਸਟਾਂ ਅਤੇ ਇਲਾਜ 'ਚੋਂ ਗੁਜ਼ਰਿਆ। ਦਿਲ ਦੇ ਮਾਹਰ ਮੇਰੇ ਇਲਾਜ 'ਚ ਜੁਟੇ ਹੋਏ ਹਨ। ਮੈਂ ਲੋਕਾਂ ਨੂੰ ਹਾਜ਼ਰ-ਨਾਜ਼ਰ ਮੰਨ ਕੇ ਵਾਅਦਾ ਕਰ ਰਿਹਾ ਹਾਂ ਮੈਂ ਪੂਰੀ ਤਰ੍ਹਾਂ ਤੰਦਰੁਸਤ ਹੋ ਕੇ ਤੁਹਾਡੇ ਦਰਮਿਆਨ ਆਵਾਂਗਾ। ਇਕ ਵਾਰ ਫਿਰ ਸੱਭਿਆਚਾਰਕ ਲਹਿਰ ਸ਼ੁਰੂ ਕਰਾਂਗਾ ਅਤੇ ਲੋਕਾਂ ਦਾ ਕਰਜ਼ਾ ਲਾਹਾਂਗਾ।" ਉਸ ਨੂੰ ਇਹ ਮੌਕਾ ਨਾ ਮਿਲਿਆ ਅਤੇ ਲੋਕਾਂ ਦਾ ਕਲਾਕਾਰ ਇਸ ਅਧੂਰੇ ਸੁਪਨੇ ਦੀ ਟੀਸ ਦਿਲ 'ਚ ਲੈ ਕੇ ਚਲ ਵਸਿਆ।

ਬੇਸ਼ੱਕ ਗ਼ਦਰ ਆਖ਼ਰੀ ਸਾਲਾਂ 'ਚ ਇਨਕਲਾਬੀ ਲੋਕ ਲਹਿਰ ਤੋਂ ਨਿੱਖੜ ਗਏ ਪਰ ਕਮਿਊਨਿਸਟ ਇਨਕਲਾਬੀ ਲਹਿਰ 'ਚ ਸੱਭਿਆਚਾਰਕ ਮੁਹਾਜ਼ ਉੱਪਰ ਉਨ੍ਹਾਂ ਦੀ ਦੇਣ ਦਾ ਕੋਈ ਸਾਨੀ ਨਹੀਂ ਹੈ। ਉਨ੍ਹਾਂ ਨੇ ਲੋਕਾਂ ਦੇ ਗੀਤ ਲੋਕ ਵੇਦਨਾ ਨੂੰ ਵਿਦਰੋਹ ਦੀ ਸਮੂਹਿਕ ਆਵਾਜ਼ ਦਾ ਰੂਪ ਦੇ ਕੇ ਮੁੜ ਉਨ੍ਹਾਂ ਦੀ ਝੋਲੀ 'ਚ ਪਾਏ। ਉਸ ਦੇ ਗੀਤਾਂ 'ਚ ਕਲਾ ਦੀ ਸਿਖ਼ਰ ਇਸ ਕਦਰ ਸੀ ਕਿ ਹੋਰ ਰਾਜਾਂ ਦੇ ਜੋ ਲੋਕ ਤੇਲਗੂ ਜ਼ੁਬਾਨ ਨਹੀਂ ਸੀ ਸਮਝਦੇ, ਉਹ ਵੀ ਉਸ ਦੀ ਆਵਾਜ਼ ਦੇ ਜਾਦੂ ਤੇ ਗੀਤਾਂ ਦੀ ਲੈਅ ਉੱਪਰ ਆਪ-ਮੁਹਾਰੇ ਨੱਚ ਉੱਠਦੇ ਸਨ। ਕਰਮਚੇਡੂ ਵਰਗੇ ਖ਼ੌਫ਼ਨਾਕ ਜਾਤਪਾਤੀ ਕਤਲੇਆਮਾਂ (1985) ਦੇ ਸਮਿਆਂ 'ਚ ਵੀ ਉਸ ਦੇ ਗੀਤਾਂ ਨੇ ਜਗੀਰੂ ਜਾਬਰਾਂ ਦੇ ਹਮਲੇ ਅੱਗੇ ਦਲਿਤਾਂ ਨੂੰ ਹਿੱਕਾਂ ਤਾਣ ਕੇ ਜੂਝਣ ਦਾ ਹੋਕਾ ਦਿੱਤਾ। ਜਦੋਂ ਸੱਤਾ ਦੀਆਂ ਅੱਗ ਉਗਲਦੀਆਂ ਬੰਦੂਕਾਂ ਪੁਲਿਸ ਮੁਕਾਬਲਿਆਂ 'ਚ ਇਨਕਲਾਬੀਆਂ ਦੇ ਸੱਥਰ ਵਿਛਾ ਰਹੀਆਂ ਸਨ, ਉਦੋਂ ਵੀ ਰਾਜਕੀ ਦਹਿਸ਼ਤਵਾਦ ਦਾ ਜਵਾਬ ਗ਼ਦਰ ਦੇ ਗੀਤਾਂ ਨੇ ਜਾਬਰ ਪ੍ਰਬੰਧ ਨੂੰ ਹੋਰ ਗਰਜਵੀਂ ਲਲਕਾਰ ਬਣ ਕੇ ਦਿੱਤਾ।

ਇਹ ਅਮਿੱਟ ਪੈੜਾਂ ਪਾਉਣ ਵਾਲਾ ਗ਼ਦਰ ਅੱਜ ਭਾਵੇਂ ਜਿਸਮਾਨੀ ਤੌਰ 'ਤੇ ਨਹੀਂ ਰਿਹਾ ਪਰ ਜਿਸ ਵਿਸ਼ਾਲ ਇਨਕਲਾਬੀ ਲੋਕ ਸੱਭਿਆਚਾਰਕ ਲਹਿਰ ਨੂੰ ਉਸਾਰਨ ਲਈ ਉਸ ਨੇ ਦਿਨ-ਰਾਤ ਇਕ ਕਰ ਦਿੱਤਾ ਸੀ, ਉਹ ਮੁਲਕ ਦੇ ਜੰਗਲਾਂ-ਪਹਾੜਾਂ ਦੀਆਂ ਵਿਸ਼ਾਲ ਪੱਟੀਆਂ ਅੰਦਰ ਇਨਕਲਾਬੀ ਤਰਜ਼ੇ-ਜ਼ਿੰਦਗੀ ਦੀ ਕਾਇਆਪਲਟੀ ਕਰਨ 'ਚ ਮਸਰੂਫ਼ ਯੁਗ-ਪਲਟਾਊ ਸੱਭਿਆਚਾਰਕ ਤਾਕਤ ਬਣ ਚੁੱਕੀ ਹੈ। ਬੇਸ਼ੁਮਾਰ ਇਨਕਲਾਬੀ ਸੱਭਿਆਚਾਰਕ ਟੋਲੀਆਂ ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਵਿਸ਼ਾਲ ਖੇਤਰਾਂ ਅੰਦਰ ਸਰਗਰਮ ਹਨ ਜਿਨ੍ਹਾਂ ਦਾ ਲੋਕਾਂ ਨਾਲ ਮੱਛੀ ਤੇ ਪਾਣੀ ਵਾਲਾ ਰਿਸ਼ਤਾ ਹੈ ਅਤੇ ਜਿਨ੍ਹਾਂ ਨੇ ਯੁੱਧ ਦੇ ਮੈਦਾਨ 'ਚ ਸ਼ਹਾਦਤਾਂ ਦਾ ਸ਼ਾਨਦਾਰ ਇਤਿਹਾਸ ਸਿਰਜਿਆ ਹੈ। ਪਿਛਲੇ ਡੇਢ ਦਹਾਕੇ ਤੋਂ ਆਪਣੇ ਹੀ ਮੁਲਕ ਦੇ ਆਦਿਵਾਸੀਆਂ ਵਿਰੁੱਧ ਭਾਰਤੀ ਰਾਜ ਵੱਲੋਂ ਲੜੇ ਜਾ ਰਹੇ ਧਾੜਵੀ ਯੁੱਧ ਦੀ ਫਾਸ਼ੀਵਾਦੀ ਦਹਿਸ਼ਤ ਦੇ ਅੰਦਰ ਵੀ ਇਨਕਲਾਬੀ ਦਸਤਿਆਂ ਨਾਲ ਇਕਮਿੱਕ ਜੁਝਾਰੂ ਆਦਿਵਾਸੀਆਂ ਦੇ ਸਮੂਹਿਕ ਗਾਇਣ 'ਰੇਲਾ ਰੇ, ਰੇਲਾ ਰੇ, ਰੇਲਾ ਰੇ' ਦੀ ਗੂੰਜ ਰਾਤਾਂ ਦੇ ਹਨੇਰਿਆਂ ਦੀ ਹਿੱਕ ਚੀਰਦੀ ਸੁਣੀ ਜਾ ਸਕਦੀ ਹੈ।

ਗ਼ਦਰ ਦੀ ਹਸਤੀ ਇਸ ਸਮੂਹਿਕ ਗਾਇਨ ਤੋਂ ਵੱਖਰੀ ਨਹੀਂ ਹੈ। ਗੀਤ ਅਤੇ ਗ਼ਦਰ ਇੰਝ ਅਭੇਦ ਹਨ ਕਿ ਜਦੋਂ ਵੀ ਗੀਤ ਦੀ ਗੱਲ ਹੋਵੇਗੀ, ਗ਼ਦਰ ਦਾ ਨਾਮ ਅਤੇ ਪੇਸ਼ਕਾਰੀ ਮੁਦਰਾ 'ਚ ਉਸ ਦੀ ਤਸਵੀਰ ਆਪ-ਮੁਹਾਰੇ ਅੱਖਾਂ ਅੱਗੇ ਆ ਜਾਇਆ ਕਰੇਗੀ।

# 20ਵੀਂ ਸਦੀ ਦੇ 'ਮਹਾਂ-ਦੁਖਾਂਤ ਨੂੰ ਜਸ਼ਨ ਵਜੋਂ ਮਨਾਉਣਾ' ਬੌਧਿਕ ਦੀਵਾਲੀਆਪਣ

ਵੀਹਵੀਂ ਸਦੀ ਦੇ ਆਰੰਭ ਵਿਚ ਗ਼ਦਰ ਪਾਰਟੀ ਨੇ ਕੈਨੇਡਾ-ਅਮਰੀਕਾ ਦੀ ਧਰਤੀ ਤੋਂ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਦਾ ਬਿਗਲ ਵਜਾਇਆ ਸੀ। ਗ਼ਦਰੀ ਬਾਬਿਆਂ ਨੇ ਆਜ਼ਾਦ ਦੇਸ਼ ਲਈ ਨਾਂ 'ਯੂਨਾਈਟਿਡ ਸਟੇਟਸ ਆਫ਼ ਇੰਡੀਆ' ਦਿੱਤਾ ਸੀ, ਜਿਸ ਦਾ ਭਾਵ ਸੀ 'ਮਜ਼ਬੂਤ ਸੰਘੀ ਢਾਂਚਾ' ਭਾਵ ਦੇਸ਼ ਦੇ ਸਮੂਹ ਰਾਜ, ਉਥੋਂ ਦੇ ਭਾਈਚਾਰੇ, ਮੂਲਵਾਸੀ ਤੇ ਘੱਟ ਗਿਣਤੀਆਂ ਆਪਣਾ ਸਭਿਆਚਾਰ, ਪਹਿਰਾਵੇ, ਖਾਣ-ਪੀਣ, ਬੋਲ-ਚਾਲ ਅਤੇ ਰਹਿਣ-ਸਹਿਣ ਦਾ ਪੂਰਨ ਆਨੰਦ ਮਾਣ ਸਕਣ। ਇਸ ਦਾ ਭਾਵ ਇਹ ਵੀ ਸੀ ਕਿ ਨਾ ਤਾਂ ਸੱਤਾ ਦਾ ਭਾਰੀ 'ਕੇਂਦਰੀਕਰਨ' ਹੋਵੇ ਅਤੇ ਨਾ ਹੀ ਰਾਜਨੀਤੀ ਦਾ 'ਧਰੁਵੀਕਰਨ'। ਸੰਘੀ ਢਾਂਚੇ 'ਚ ਕੇਂਦਰ ਆਪਣੇ ਸੂਬਿਆਂ ਦੀਆਂ ਸਰਕਾਰਾਂ ਨਾਲ ਧੱਕੇਸ਼ਾਹੀ ਨਾ ਕਰੇ ਅਤੇ ਕੇਂਦਰੀ ਸਰਕਾਰ ਸੁਆਰਥ ਲਈ, ਸਿਆਸੀ ਵਿਰੋਧੀਆਂ ਦਾ ਅੰਤ ਨਾ ਕਰੇ। ਗ਼ਦਰੀ ਬਾਬਿਆਂ ਦੀ ਇਸ ਸੋਚ ਨਾਲ ਅੱਜ ਜਿਵੇਂ ਖਿਲਵਾੜ

ਡਾ. ਗੁਰਵਿੰਦਰ ਸਿੰਘ

ਹੋ ਰਿਹਾ ਹੈ, ਜਿਸ ਦੀਆਂ ਅਨੇਕਾਂ ਮਿਸਾਲਾਂ ਮੌਜੂਦਾ ਆਜ਼ਾਦ ਭਾਰਤ ਦੇ ਸੰਘੀ ਢਾਂਚੇ 'ਤੇ ਸੁਆਲ ਖੜੇ ਕਰਦੀਆਂ ਹਨ। ਸਿਆਸੀ ਵਿਰੋਧ ਕਾਰਨ ਵੱਖ-ਵੱਖ ਸੂਬੇ ਅਤੇ ਸਿਆਸੀ ਪਾਰਟੀਆਂ ਕੇਂਦਰੀ ਹਕੂਮਤ ਵੱਲੋਂ ਕੁਚਲੇ ਜਾ ਰਹੇ ਰਹੇ ਹਨ। ਮਨੀਪੁਰ ਦੀ ਸਥਿਤੀ ਇਸਦੀ ਮੂੰਹ ਬੋਲਦੀ ਤਸਵੀਰ ਹੈ, ਜਿੱਥੇ ਘੱਟ ਗਿਣਤੀ ਕੂਕੀ ਇਸਾਈ ਭਾਈਚਾਰੇ ਦੀਆਂ ਔਰਤਾਂ ਦੀ ਨਗਨ ਪਰੇਡ, ਸਮੂਹਿਕ ਬਲਾਤਕਾਰ ਅਤੇ ਪੀੜਤਾ ਦੇ ਪਿਤਾ ਅਤੇ ਭਰਾ ਦਾ ਸ਼ਰੇ-ਬਾਜ਼ਾਰ ਕਤਲ ਬਹੁਗਿਣਤੀਵਾਦ ਦੀ ਸਿਆਸੀ ਚਾਲ ਅਤੇ ਫਿਰਕੂਵਾਦ ਦਾ ਨਤੀਜਾ ਹੈ।

ਸੱਚ ਤਾਂ ਇਹ ਹੈ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਨਾਲ ਉਦੋਂ ਹੀ ਖਿਲਵਾੜ ਹੋ ਗਿਆ ਸੀ, ਜਦੋਂ 14-15 ਅਗਸਤ 1947 ਨੂੰ ਦੇਸ਼ ਪੰਜਾਬ ਦੇ ਦੋ ਟੁਕੜੇ ਹੋਏ ਸਨ। ਲੱਖਾਂ ਲੋਕ ਮਾਰੇ ਗਏ ਸਨ। ਪੰਜਾਬ ਦੋ ਹਿੱਸਿਆਂ 'ਚ ਵੰਡਣ ਦਾ ਦਰਦ ਪਾਕਿਸਤਾਨੀ ਪੰਜਾਬ ਦੇ ਕਵੀ ਉਸਤਾਦ 'ਦਾਮਨ' ਇਉਂ ਮਹਿਸੂਸ ਕਰਦੇ ਹਨ;


"ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਹਾਂ।
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
ਜਿਊਂਦੀ ਜਾਨ ਈ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।"

ਅੰਗਰੇਜ਼ਾਂ ਖ਼ਿਲਾਫ਼ ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਸ਼ਹੀਦੀਆਂ ਪਾਉਣ, ਉਮਰ ਕੈਦ ਕੱਟਣ ਅਤੇ ਕਾਲੇ ਪਾਣੀਆਂ ਦਾ ਦਰਦ ਝੱਲਣ ਵਾਲੇ ਪੰਜਾਬੀਆਂ ਨੂੰ ਹੀ ਦੇਸ਼ ਦੀ ਵੰਡ ਦਾ ਦਰਦ, ਸਭ ਤੋਂ ਵੱਧ ਹੰਢਾਉਣਾ ਪਿਆ। ਇਕ ਅੰਦਾਜ਼ੇ ਅਨੁਸਾਰ ਫ਼ਿਰਕੂ ਨਫ਼ਰਤ ਦੇ ਭਾਂਬੜ ਬਾਲ ਕੇ, ਪੰਜਾਬ ਨੂੰ ਦੋ ਟੋਟਿਆਂ 'ਚ ਵੰਡੇ ਜਾਣ ਦੌਰਾਨ ਕਰੀਬ 2 ਮਿਲੀਅਨ ਪੰਜਾਬੀਆਂ ਦੇ ਕਤਲ ਹੋਏ।

ਸਦੀ ਦੇ ਮਹਾਂ-ਦੁਖਾਂਤ ਨੂੰ ਜਸ਼ਨ ਵਜੋਂ ਮਨਾਉਣਾ ਬੌਧਿਕ ਦੀਵਾਲੀਆਪਣ ਨਹੀਂ, ਤਾਂ ਹੋਰ ਕੀ ਹੈ? ਅਜਿਹੇ ਦੁਖਾਂਤ 'ਤੇ ਮਾਤਮ ਮਨਾਉਣ ਦੀ ਲੋੜ ਹੈ, ਨਾ ਕਿ ਜਸ਼ਨ ਮਨਾਉਣ ਦੀ, ਜਿਵੇਂ ਕਿ ਮਹਾਨ ਸ਼ਾਇਰ ਡਾ ਹਰਭਜਨ ਸਿੰਘ ਇਸ ਦਰਦ ਨੂੰ ਇੰਝ ਬਿਆਨ ਕਰਦੇ ਹਨ;

"ਸੌਂ ਜਾ ਮੇਰੇ ਮਾਲਕਾ ਵੇ ਵਰਤਿਆ ਹਨੇਰ
ਵੇ ਕਾਲਖਾਂ 'ਚ ਤਾਰਿਆਂ ਦੀ ਡੁੱਬ ਗਈ ਸਵੇਰ।
ਹੈ ਖੂਹਾਂ ਵਿਚ ਆਦਮੀ ਦੀ ਜਾਗਦੀ ਸੜ੍ਹਾਂਦ
ਤੇ ਸੌਂ ਗਏ ਨੇ ਆਦਮੀ ਤੋਂ ਸੱਖਣੇ ਗਵਾਂਢ।
ਵੇ ਸੀਤ ਨੇ ਮੁਆਤੇ ਤੇ ਗਸ਼ ਹੈ ਜ਼ਮੀਨ,
ਵੇ ਸੀਨਿਆਂ ਵਿਚ ਸੁੰਨ ਦੋਵੇਂ ਖ਼ੂਨ ਤੇ ਸੰਗੀਨ।
ਵੇ ਜ਼ਿੰਦਗੀ ਬੇਹੋਸ਼ ਤੇ ਖ਼ਾਮੋਸ਼ ਕਾਇਨਾਤ
ਵਿਹਲਾ ਹੋ ਕੇ ਸੌਂ ਗਿਆ ਐ ਲੋਹਾ ਇਸਪਾਤ।
ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ।"

'ਆਜ਼ਾਦੀ' ਅਜਿਹਾ ਸ਼ਬਦ ਹੈ, ਜੋ ਆਪਣੇ ਵਿਸ਼ਾਲ ਕਲਾਵੇ ਵਿਚ ਅਨੇਕਾਂ ਮਹੱਤਵਪੂਰਨ ਸੰਕਲਪਾਂ ਨੂੰ ਸਮੋਈ ਬੈਠਾ ਹੈ। ਬਹੁ ਪੱਖੀ ਤੇ ਬਹੁ-ਪਸਾਰੀ ਸ਼ਬਦ ਆਜ਼ਾਦੀ ਦਾ ਲਫ਼ਜ਼ੀ ਅਰਥ ਹੈ-'ਸਰੀਰਕ, ਮਾਨਸਿਕ, ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਪੱਖੋਂ ਕਿਸੇ ਵਿਅਕਤੀ, ਸਮਾਜ ਅਤੇ ਦੇਸ਼ ਦੀ ਪੂਰਨ ਸੁਤੰਤਰਤਾ, ਸੰਸਾਰ ਦੇ ਹਰ ਪ੍ਰਾਣੀ ਦਾ ਜਮਾਂਦਰੂ ਹੱਕ ਹੈ। ਜ਼ਿੰਦਗੀ ਵਾਸਤੇ ਆਜ਼ਾਦੀ ਉਨੀ ਹੀ ਲਾਜ਼ਮੀ ਹੈ,



ਜਿੰਨੇ ਸਰੀਰ ਲਈ ਅੰਨ, ਪਾਣੀ ਅਤੇ ਹਵਾ ਆਦਿ। ਜਿਥੇ ਅਧਿਆਤਮਕ ਸ਼ੈਲੀ ਵਿਚ ਬਾਬਾ ਫ਼ਰੀਦ 'ਬਾਰਿ ਪਰਾਇਐ ਬੈਸਣਾ'' ਵਿਚ ਆਤਮਿਕ ਗੁਲਾਮੀ ਦੀ ਸਥਿਤੀ ਨਾਲੋਂ ਮੌਤ ਨੂੰ ਪਹਿਲ ਦਿੰਦੇ ਹਨ, ਉਥੇ ਵਿਸ਼ਵ ਦੇ ਪ੍ਰਸਿੱਧ ਫਿਲਾਸਫ਼ਰ ਪੈਟਰਿਕ ਹੈਨਰੀ ਦੇ ਸ਼ਬਦ ਹਨ ''ਜੇ ਤੁਸੀ ਮੈਨੂੰ ਆਜ਼ਾਦੀ ਨਹੀਂ ਦੇ ਸਕਦੇ, ਤਾਂ ਇਸ ਨਾਲੋਂ ਬਿਹਤਰ ਹੈ ਕਿ ਤੁਸੀ ਮੈਨੂੰ ਮੌਤ ਦੇ ਦਿਓ।'' ਦੁਨੀਆ ਦੇ ਹਰ ਮੁਲਕ ਵਿਚ ਹਰ ਕੌਮ ਵੱਲੋਂ, ਆਜ਼ਾਦੀ ਪ੍ਰਾਪਤੀ ਲਈ ਨਿਰੰਤਰ ਜਦੋ-ਜਹਿਦ ਹੁੰਦੀ ਰਹੀ ਹੈ ਅਤੇ ਤਦ ਤੱਕ ਜਾਰੀ ਰਹੀ ਹੈ, ਜਦ ਪੂਰਨ ਆਜ਼ਾਦੀ ਪ੍ਰਾਪਤ ਨਹੀਂ ਹੋਈ।

ਭਾਰਤ ਨੂੰ ਗੁਲਾਮੀ ਦੇ ਸ਼ਿਕੰਜੇ ਤੋਂ ਖਲਾਸੀ ਦਿਵਾਉਣ ਦੀ ਗੌਰਵਮਈ ਇਤਿਹਾਸਕ ਗਾਥਾ ਵਿਚ ਵੀ ਪੰਜਾਬੀਆਂ, 'ਖਾਸਕਰ ਸਿੱਖਾਂ' ਵੱਲੋਂ ਸਭ ਤੋਂ ਵੱਧ ਦਿੱਤੀਆਂ ਗਈਆਂ ਕੁਰਬਾਨੀਆਂ ਦੀ ਦਾਸਤਾਨ ਮੌਜੂਦ ਹੈ। ਮਹਾਨ ਸਿੱਖ ਸੂਰਵੀਰਾਂ ਦੀਆਂ ਸ਼ਹੀਦੀਆਂ ਦੇ ਸਿੱਟੇ ਵਜੋਂ ਹੀ ਕਦੇ ਨਾ ਅਸਤ ਹੋਣ ਵਾਲਾ 'ਬ੍ਰਿਟਿਸ਼ ਸਾਮਰਾਜ ਦਾ ਸੂਰਜ', ਸਦਾ ਲਈ ਛਿਪ ਗਿਆ ਸੀ। ਬਦਲੇ ਵਿਚ ਸਿੱਖਾਂ ਨੂੰ ਕੀ ਮਿਲਿਆ-'ਗੁਲਾਮੀ'। ਧੱਕੇਸ਼ਾਹੀਆਂ ਅਤੇ ਜਬਰ ਤੋਂ ਤੰਗ ਆ ਕੇ ਸਿੱਖ ਆਪਣੇ ਆਜ਼ਾਦ ਦੇਸ਼ ਦੀ ਮੰਗ ਨਾ ਕਰਨ ਤਾਂ ਹੋਰ ਕੀ ਕਰਨ?

ਵਰਤਮਾਨ ਸਮੇਂ ਆਖਣ ਨੂੰ ਤਾਂ ਭਾਰਤ ਨੂੰ ਆਜ਼ਾਦੀ ਹੋਇਆਂ 76 ਵਰ੍ਹੇ ਬੀਤ ਚੁੱਕੇ ਹਨ, ਪਰ ਵਿਚਾਰਯੋਗ ਗੱਲ ਇਹ ਹੈ ਕਿ ਇਸ ਸਮੇਂ ਦੌਰਾਨ ਦੇਸਵਾਸੀਆਂ ਨੇ 'ਆਜ਼ਾਦੀ ਦਾ ਨਿੱਘ' ਮਾਣਿਆ ਵੀ ਹੈ ਕਿ ਨਹੀਂ? ਕੁਰਬਾਨੀਆਂ ਦੇ ਇਤਿਹਾਸ ਪੱਖੋਂ ਦੇਸ਼ ਲਈ 95 ਫੀਸਦੀ ਸ਼ਹਾਦਤਾਂ ਦੇਣ ਵਾਲੀ ਪੰਜਾਬੀਆਂ ਨੂੰ 5 ਫੀਸਦੀ ਆਜ਼ਾਦ ਵਾਯੂ-ਮੰਡਲ ਵੀ ਨਸੀਬ ਨਹੀਂ ਹੋਇਆ। ਬੀਤੀ ਪੌਣੀ ਸਦੀ ਦੌਰਾਨ ਪੰਜਾਬੀਆਂ, 'ਖਾਸਕਰ ਸਿੱਖਾਂ' ਨੇ ਆਪਣੇ ਪਿੰਡੇ 'ਤੇ ਜੋ ਦਰਦ ਹੰਢਾਇਆ, ਉਸ ਬਾਰੇ ਸੋਚਦਿਆਂ ਉਹ ਕਿਵੇਂ ਤਿਰੰਗੇ ਨੂੰ ਸਲਾਮੀ ਦੇ ਸਕਦੇ ਹਨ? ਸੱਚ ਤਾਂ ਇਹ ਹੈ:

ਨਸਲਕੁਸ਼ੀ ਜੋ ਕਰ ਰਹੇ, ਸੱਤਾ ਵਿਚ ਮਗ਼ਰੂਰ।
ਕਹਿਣ 'ਤਿਰੰਗਾ ਚਾੜ੍ਹਿਓ', ਸਾਨੂੰ ਨਾ ਮਨਜ਼ੂਰ।

ਅੱਜ ਭਾਰਤ ਦੀ ਦਸ਼ਾ ਇਹ ਹੈ ਕਿ ਆਰਥਿਕ ਪੱਖੋਂ ਦੇਸ਼ ਦਾ 5 ਫੀਸਦੀ ਵਸਿਸ਼ਟ ਤੇ ਅਮੀਰ (ਅਡਾਨੀ, ਅੰਬਾਨੀ) ਵਰਗ 95 ਫੀਸਦੀ ਧਨ 'ਤੇ ਕਾਬਜ਼ ਹੋਇਆ ਬੈਠਾ ਹੈ, ਜਦ ਕਿ ਮੁਲਕ ਦੀ ਪਚਾਨਵੇਂ ਫੀਸਦੀ ਆਬਾਦੀ ਪੰਜ ਫੀਸਦੀ ਸਰੋਤਾਂ 'ਤੇ ਜ਼ਿੰਦਗੀ ਬਸਰ ਕਰ ਰਹੀ ਹੈ। ਕੁੱਲੀ, ਗੁੱਲੀ ਤੇ ਜੁੱਲੀ ਲਈ ਤਰਸਦੇ ਗਰੀਬੀ ਦਾ ਸ਼ਿਕਾਰ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ ਤੇ ਮਾਸੂਮ ਬੱਚੇ ਭੁੱਖੇ ਪੇਟ ਰੋਂਦਿਆਂ ਸੌਂ ਜਾਂਦੇ ਹਨ, ਅਜਿਹੇ ਦੁਖਿਆਰਿਆਂ ਲਈ ਆਜ਼ਾਦੀ ਕੋਈ ਅਰਥ ਨਹੀਂ ਰੱਖਦੀ। ਸੱਚ ਤਾਂ ਇਹ ਹੈ ਕਿ ਬਹੁਤੇ ਦੇਸ਼-ਵਾਸੀਆਂ ਨੂੰ ਤਾਂ ਇਲਮ ਹੀ ਨਹੀਂ ਕਿ ਆਜ਼ਾਦੀ ਕਿਸ ਸ਼ੈਅ ਦਾ ਨਾਂ ਹੈ, ਬਲਕਿ ਹੈਰਾਨੀ ਭਰੇ ਲਹਿਜੇ 'ਚ ਉਹ ਕਵੀ ਗੁਰਦਾਸ ਰਾਮ 'ਆਲਮ' ਵਾਂਗ ਇਉਂ ਸੁਆਲ-ਜੁਆਬ ਕਰਦੇ ਹਨ

''ਕਿਉਂ ਬਈ ਨਿਹਾਲਿਆ! ਆਜ਼ਾਦੀ ਨਹੀਂ ਵੇਖੀ?
ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ।
ਆਈ ਨੂੰ ਭਾਵੇਂ ਕਈ ਸਾਲ ਬੀਤੇ,
ਪਰ ਅਸੀਂ ਤਾਂ ਅਜੇ ਤੱਕ ਦਰਸ਼ਨ ਨਹੀਂ ਕੀਤੇ।
ਅਖ਼ਬਾਰਾਂ 'ਚੋਂ ਪੜ੍ਹਿਆ ਜਰਵਾਣੀ ਜਿਹੀ ਏ,
ਕੋਈ ਸੋਹਣੀ ਨਹੀਂ, ਐਵੇਂ 'ਕਾਣੀ ' ਜਿਹੀ ਏ।''

1947 ਵਿਚ ਪਾਕਿਸਤਾਨ ਤੇ ਹਿੰਦੁਸਤਾਨ ਦੀ ਫ਼ਿਰਕੂ ਵੰਡ ਦੌਰਾਨ ਲੱਖਾਂ ਬੇਗੁਨਾਹ ਮਾਰੇ ਗਏ, ਪਰ 'ਆਜ਼ਾਦੀ' ਮਗਰੋਂ ਦੇਸ਼ ਦੀ ਫਿਰਕੂ ਰਾਜਨੀਤੀ ਦੇ ਸਿੱਟੇ ਵਜੋਂ ਇਹ ਫਸਾਦ ਘਟੇ ਨਹੀਂ, ਲਗਾਤਾਰ ਵੱਧਦੇ ਰਹੇ ਹਨ। ਦੇਸ਼ ਵਿਚ ਜੂਨ 1984 ਵਿਚ ਦੁਖਾਂਤ ਤੇ ਮਗਰੋਂ ਬਾਬਰੀ ਮਸਜਿਦ ਦੁਖਾਂਤ ਅਜਿਹੀਆ ਫ਼ਿਰਕੂ ਅਤੇ ਦਰਦਨਾਕ ਘਟਨਾਵਾਂ ਹਨ, ਜੋ ਭਾਰਤ ਦੇ ਇਤਿਹਾਸ ਵਿਚ ਵੀਹਵੀਂ ਸਦੀ ਦੇ ਸਭ ਤੋਂ ਵੱਡੇ ਦੁਖਾਂਤ ਵਜੋਂ ਜਾਣੀਆਂ ਜਾਂਦੀਆਂ ਰਹਿਣਗੀਆਂ। ਸੱਤਾ ਦੇ ਧਰੁਵੀਕਰਨ ਦੀ ਕੋਝੀ ਤਸਵੀਰ ਦੇਖਣੀ ਹੋਵੇ, ਤਾਂ ਨਵੰਬਰ 1984 ਵਿਚ 'ਸਿੱਖ ਨਸਲਕੁਸ਼ੀ' ਦੇ ਦੁਖਾਂਤ ਹੋ ਸਪੱਸ਼ਟ ਹੋ ਜਾਂਦੀ ਹੈ। ਆਜ਼ਾਦ ਭਾਰਤ 'ਚ ਸਰਕਾਰੀ-ਤੰਤਰ ਦੀ ਆੜ 'ਚ ਹਜ਼ਾਰਾਂ ਸਿੱਖਾਂ ਦਾ ਕਤਲ ਹੋਇਆ, ਪਰ ਜਵਾਬ 'ਚ ਬਹੁਗਿਣਤੀ ਵੱਲੋਂ ਉਸ ਸਮੇਂ ਦੀ 'ਕਾਂਗਰਸ' ਨੂੰ ਸਭ ਤੋਂ ਵੱਡਾ ਬਹੁਮਤ ਹਾਸਿਲ ਹੋਇਆ। ਇਸ ਵਰਤਾਰੇ ਨੂੰ ਦੁਹਰਾਉਂਦੇ ਹੋਏ, ਸੰਨ 2002 ਵਿਚ ਗੁਜਰਾਤ ਅੰਦਰ ਮੁਸਲਿਮ ਕਤਲੇਆਮ ਹੋਇਆ, ਉਸ ਮਗਰੋਂ 'ਭਾਰਤੀ ਜਨਤਾ ਪਾਰਟੀ' ਨੂੰ ਬਹੁ-ਗਿਣਤੀ ਵੱਲੋਂ ਭਾਰੀ ਬਹੁਮਤ ਨਾਲ ਨਿਵਾਜਿਆ ਗਿਆ। ਅੱਜ ਦੇ ਸਮੇਂ ਮਨੀਪੁਰ ਵਿਚ ਵਾਪਰਿਆ ਦੁਖਾਂਤ ਵੀ 2024 ਦੀਆਂ ਚੋਣਾਂ ਵਿਚ ਮੁਸਲਿਮ ਬਨਾਮ ਹਿੰਦੂ ਪੱਤਾ ਖੇਡਣ ਦੀ ਸਾਜਿਸ਼ ਕਹੀ ਜਾ ਸਕਦੀ ਹੈ। ਹਿੰਦੁਤਵ ਦੇ ਏਜੰਡੇ ਅਧੀਨ 'ਹਿੰਦੀ, ਹਿੰਦੂ ਅਤੇ ਹਿੰਦੁਸਤਾਨ' ਦਾ ਢੰਡੋਰਾ ਪਿਟਦੇ ਦੇਸ਼ ਦੇ ਹਾਕਮ ਘੱਟ ਗਿਣਤੀਆਂ ਤੇ ਅੱਤਿਆਚਾਰ, ਧਾਰਾ 370 ਦਾ ਖਾਤਮਾ, ਸੀ.ਏ.ਏ. ਵਰਗੇ ਐਕਟਾਂ ਰਾਹੀਂ ਵੋਟਾਂ ਦੇ ਧਰੁਵੀਕਰਨ ਲਈ ਜ਼ਮੀਨ ਤਿਆਰ ਕਰ ਰਹੇ ਹਨ, ਜੋ ਕਿ ਦੇਸ਼ ਨੂੰ 'ਟੁਕੜੇ-ਟੁਕੜੇ' ਕਰਨ ਲਈ ਜ਼ਿੰਮੇਵਾਰ ਸਾਬਿਤ ਹੋਣਗੇ।

''ਬਸ ਏਕ ਹੀ ਉੱਲੂ ਕਾਫ਼ੀ ਥਾ,
ਬਰਬਾਦ ਗੁਲਸਿਤਾਂ ਕਰਨੇ ਕੋ
ਹਰ ਸ਼ਾਖ਼ ਪੇ ਉਲੂ ਬੈਠਾ ਹੈ,
ਅੰਜਾਮ-ਏ-ਗੁਲਸਿਤਾਂ ਕਿਆ ਹੋਗਾ?''

ਸ਼ਾਇਰ ਸ਼ੌਕ ਬਹਿਰਾਇਚੀ ਦਾ ਇਹ ਮਸ਼ਹੂਰ ਸ਼ੇਅਰ 'ਆਜ਼ਾਦੀ ਦੇ 76 ਸਾਲ' ਗੁਜ਼ਰ ਜਾਣ ਮਗਰੋਂ ਨਜ਼ਰ ਆ ਰਹੇ ਹਾਲਾਤ 'ਤੇ ਪੂਰਾ ਢੁਕਦਾ ਹੈ। ਦੇਸ਼ ਵਿਚ ਸਿਆਸਤਦਾਨਾਂ ਵੱਲੋਂ ਮਾਨਵਵਾਦ ਉੱਤੇ ਫਿਰਕੂਵਾਦ ਅਤੇ ਲੋਕਤੰਤਰ ਉਤੇ ਫਾਸ਼ੀਵਾਦ ਦੀ ਜਿੱਤ ਦਾ ਨੰਗਾ-ਚਿੱਟਾ ਪ੍ਰਚਾਰ ਕੀਤਾ ਜਾ ਰਿਹਾ ਹੈ। ਵਧਾਊਂਦਾ ਨਸਲਵਾਦ ਦਾ ਬੋਲਬਾਲਾ ਸਿਖਰਾਂ ਨੂੰ ਛੂਹ ਰਿਹਾ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਆਪਣੇ ਵਿਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ 'ਤੇ ਤੁਲੀ ਹੋਈ ਹੈ। ਸਰਕਾਰ ਦੀ ਆਲੋਚਨਾ ਕਰਨਾ ਸਭ ਤੋਂ ਵੱਡਾ ਜੁਰਮ ਹੈ। ਸੰਵਿਧਾਨ ਵਿਚਲੇ 'ਸੈਕੂਲਰਿਜ਼ਮ' ਭਾਵ ਧਰਮ ਨਿਰਪੱਖਤਾ ਦੇ ਸ਼ਬਦ ਚਾਹੇ ਲਿਖਤੀ ਰੂਪ 'ਚ ਅਜੇ ਹਟਾਏ ਨਹੀਂ ਗਏ, ਪਰ ਸੱਤਾ ਤੇ ਸਥਾਪਤੀ ਨੇ ਆਪਣੇ ਵਿਹਾਰ ਤੇ ਕਿਰਦਾਰ ਵਿਚੋਂ ਇਹ ਕਦੋਂ ਦੇ ਖ਼ਤਮ ਕਰ ਦਿੱਤੇ ਹਨ। ਜਦੋਂ 'ਵਾੜ ਹੀ ਖੇਤ ਨੂੰ ਖਾਣ' ਲੱਗ ਪਵੇ ਅਤੇ ਰੱਖਿਅਕ ਹੀ ਭੱਖਿਅਕ ਬਣ ਜਾਣ, ਤਾਂ ਪੀੜਤ ਦੇ ਬਚ ਸਕਣ ਦੀ ਆਸ ਮੁੱਕ ਜਾਂਦੀ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਹੋਰਨਾਂ ਕੌਮਾਂ ਦੀ ਜ਼ੁਬਾਨ ਅਤੇ ਪਛਾਣ ਨੂੰ ਆਪਣੇ ਵਿਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ 'ਤੇ ਤੁਲੀ ਹੋਈ ਹੈ। ਦੇਸ਼ ਦੇ ਸੈਂਕੜੇ ਬੁੱਧੀਜੀਵੀ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਅਧੀਨ ਜੇਲ੍ਹਾਂ 'ਚ ਡੱਕੇ ਹੋਏ ਹਨ। ਸਿੱਖ ਕੈਦੀ ਉਮਰ ਕੈਦਾਂ ਕੱਟਣ ਮਗਰੋਂ ਵੀ ਜੇਲ੍ਹਾਂ 'ਚ ਧੱਕੇ ਨਾਲ ਬੰਦ ਹਨ, ਜਿਨ੍ਹਾਂ ਦੀਆਂ ਰਿਹਾਈਆਂ ਨਹੀਂ ਹੋ ਰਹੀਆਂ।

ਚਿੰਤਕ ਜੇਲ੍ਹੀਂ ਬੰਦ ਨੇ, ਬੋਲਣ ਦਾ ਵੀ ਦੋਸ਼।
ਜਨਤਾ ਕੀਤੀ ਹਾਕਮਾਂ, ਸਿਵਿਆਂ ਵਾਂਗ ਖ਼ਮੋਸ਼।

1975 ਵਿਚ ਭਾਰਤ 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾ ਕੇ ਲੋਕਰਾਜੀ ਤਾਕਤਾਂ ਨਸ਼ਟ ਕਰਨਾ ਅਜਿਹੀ ਮੰਦਭਾਗੀ ਕਾਰਵਾਈ ਸੀ, ਜਿਸਨੇ ਆਜ਼ਾਦੀ ਦਾ ਸਿਧਾਂਤ ਹੀ ਬਰਬਾਦ ਕਰ ਦਿੱਤਾ। ਅੱਜ ਵੀ ਦੇਸ਼ 'ਚ ਵੱਖ-ਵੱਖ ਸੂਬਿਆਂ ਅੰਦਰ ਕੇਂਦਰ ਦੇ ਨੁਮਾਇੰਦੇ ਰਾਜਪਾਲਾਂ ਰਾਹੀਂ, ਸਰਕਾਰਾਂ ਤੋੜਨ ਅਤੇ ਸਿਆਸੀ ਖ਼ਰੀਦੋ-ਫ਼ਰੋਖ਼ਤ ਦਾ ਧੰਦਾ ਜ਼ੋਰਾਂ 'ਤੇ ਚਲ ਰਿਹਾ ਹੈ। ਅੱਜ ਦੀ 'ਅਣ-ਐਲਾਨੀ ਐਮਰਜੈਂਸੀ' ਹੋਰ ਵੀ ਵਧੇਰੇ ਖ਼ਤਰਨਾਕ ਹੈ। ਐਮਰਜੈਂਸੀ ਵੇਲੇ ਇੰਦਰਾ ਗਾਂਧੀ ਬਾਰੇ ਪ੍ਰਸਿੱਧ ਸ਼ਾਇਰ ਡਾ ਦੁਸ਼ਯੰਤ ਕੁਮਾਰ ਤਿਆਗੀ ਨੇ ਜੋ ਲਿਖਿਆ ਸੀ, ਅੱਜ ਉਹ ਮੋਦੀ ਸਰਕਾਰ 'ਤੇ ਵੀ ਪੂਰਾ ਢੁੱਕਦਾ ਹੈ;

''ਏਕ 'ਗੁੜੀਆ' ਕੀ ਕਈ ਕਠਪੁਤਲੀਓਂ ਮੇਂ ਜਾਨ ਹੈ।
ਆਜ ਸ਼ਾਇਰ ਯੇਹ ਤਮਾਸ਼ਾ ਦੇਖ ਕੇ ਹੈਰਾਨ ਹੈ।
ਮਸਲ ਹਤ ਆਮੇਜ਼ ਹੋਤੇ ਹੈ ਸਿਆਸਤ ਕੇ ਕਦਮ
ਤੂ ਨਾ ਸਮਝੇਗਾ ਅਭੀ ਤੂ ਅਭੀ ਇਨਸਾਨ ਹੈ।
ਕੱਲ੍ਹ ਨੁਮਾਇਸ਼ ਮੇਂ ਮਿਲਾ ਵੋਹ ਚੀਥੜੇ ਪਹਿਨੇ ਹੋਏ
ਮੈਨੇ ਪੂਛਾ ਨਾਮ ਬੋਲਾ 'ਹਿੰਦੋਸਤਾਨ' ਹੈ।''

ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ, ਇਕ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਪੁੱਛਿਆ ਇਹ ਸਵਾਲ ਕਿ ਬਾਬਾ ਜੀ, ਤੁਹਾਡੀ ਕਮਰ ਝੁਕ ਗਈ ਹੈ, ਦੇ ਜਵਾਬ 'ਚ ਬਾਬਾ ਭਕਨਾ ਨੇ ਕਿਹਾ ਸੀ ਕਿ ਅੰਗਰੇਜ਼ ਤਾਂ ਉਨ੍ਹਾਂ ਦੀ ਪਿੱਠ 'ਚ ਕੁੱਬ ਨਾ ਪਾ ਸਕੇ, ਪਰ ਆਜ਼ਾਦ ਦੇਸ਼ ਦੀ ਆਪਣੀ ਸਰਕਾਰ ਨੇ ਜ਼ਰੂਰ ਪਾ ਦਿੱਤਾ। ਅੱਜ 76 ਵਰ੍ਹੇ ਬੀਤਣ ਮਗਰੋਂ ਜੇਲ੍ਹਾਂ ਅੰਦਰ ਤਾੜੇ ਬੁੱਧੀਜੀਵੀ, ਅਪਾਹਜ ਵਿਅਕਤੀ ਅਤੇ ਸਿਆਸੀ ਆਲੋਚਕ ਵੀ ਬਾਬਾ ਭਕਨਾ ਵਾਂਗ ਹੀ ਮਹਿਸੂਸ ਕਰ ਰਹੇ ਹਨ। 'ਸ਼ੇਰਾਂ ਦੀ ਮਾਰਾਂ ਤੇ ਗਿੱਦੜਾਂ ਦੀਆਂ ਕਲੋਲਾਂ' ਵਾਂਗ ਜਿਹੜੇ ਕੋੜਮੇ ਨੇ ਆਜ਼ਾਦੀ 'ਚ ਹਿੱਸਾ ਪਾਉਣ ਦੀ ਥਾਂ, ਅੰਗਰੇਜ਼ਪ੍ਰਸਤੀ ਕੀਤੀ, ਅੱਜ ਉਹ ਆਜ਼ਾਦੀ ਦੇ ਪ੍ਰਵਾਨਿਆਂ ਤੋਂ 'ਦੇਸ਼ ਪਿਆਰ' ਦੇ ਪ੍ਰਮਾਣ ਮੰਗ ਰਹੇ ਹਨ। ਦੇਸ਼ ਅੰਦਰ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਸਿਆਸਤ ਦਾ ਅਪਰਾਧੀਕਰਨ, ਭ੍ਰਿਸ਼ਟਾਚਾਰ, ਜਬਰ- ਜਿਨਾਹ ਅਤੇ ਥਾਂ-ਥਾਂ ਮਨੁੱਖੀ ਕਤਲੇਆਮ ਹੋ ਰਹੇ ਹਨ। ਅਜਿਹੀ ਹਾਲਤ 'ਚ ਹਰ ਬਸ਼ਰ ਦੇ ਜ਼ਿਹਨ 'ਚ ਅਲਾਮਾ ਇਕਬਾਲ ਦਾ ਇਹ ਸ਼ੇਅਰ ਚੋਟਾਂ ਮਾਰ ਰਿਹਾ ਹੈ,

''ਮੁੱਦਤੇਂ ਗੁਜ਼ਰੀ ਹੈਂ ਇਤਨੀ
ਰੰਜੋ ਗ਼ਮ ਸਹਿਤੇ ਹੁਏ।
ਸ਼ਰਮ ਸੀ ਆਤੀ ਹੈ
ਇਸ ਵਤਨ ਕੋ ਵਤਨ ਕਹਿਤੇ ਹੁਏ।''

ਇਹ ਉਹੀ ਪੀੜਾ ਹੈ, ਜਿਹੜੀ ਲੋਕਾਂ ਅੰਦਰ ਫ਼ਿਰਕੂ ਸਾਂਝ ਨੂੰ ਤੋੜਨ ਅਤੇ ਤਨਾਓ ਵਧਾਓਣ ਦੀ ਹਾਲਤ 'ਚ, ਨਾਸੂਰ ਬਣਦੀ ਹੈ। ਦਰਅਸਲ ਇਹ 'ਆਜ਼ਾਦੀ ਦਾ ਮਹਾਂਉਤਸਵ' ਨਹੀਂ, ਸਗੋਂ 'ਦੇਸ਼ ਨੂੰ ਹਿੰਦੂ ਰਾਸ਼ਟਰ' ਬਣਾਉਣ ਦਾ ਆਖ਼ਰੀ ਪੜਾਅ ਹੈ, ਜਿਸ ਵਿਚ ਵੰਨ-ਸੁਵੰਨਤਾ ਨੂੰ ਮਲੀਆਮੇਟ ਕਰਨ ਲਈ 'ਇਕ ਦੇਸ਼ ਇਕ ਭਾਸ਼ਾ' ਵਰਗੇ ਨਾਅਰੇ ਦਿੱਤੇ ਜਾ ਰਹੇ ਹਨ। ਫਿਰਕੂ ਪੱਧਰ 'ਤੇ ਭਾਈਚਾਰਿਆਂ ਨੂੰ ਵੰਡਣ ਵਾਲੇ ਕਾਨੂੰਨ ਅਤੇ ਕਈ ਹੋਰ ਘੁਣਤਰਾਂ ਹੋ ਰਹੀਆਂ ਹਨ। ਦੇਸ਼ ਦੇ ਕੱਟੜ ਫ਼ਿਰਕੂ ਸ਼ਾਸਕ ਜੋ ਤਬਾਹੀ ਕਰ ਰਹੇ ਹਨ, ਉਹ ਵੇਖਦਿਆਂ ਪ੍ਰੋ. ਮੋਹਨ ਸਿੰਘ ਦੇ ਬੋਲ ਯਾਦ ਆ ਰਹੇ ਹਨ ਕਿ ਕਿਸ ਤਰ੍ਹਾਂ ਵਤਨ ਵੀਰਾਨ ਹੋ ਗਿਆ ਤੇ ਰਾਖਾ ਸ਼ੈਤਾਨ ਬਣ ਗਿਆ ਹੈ ;

''ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ
'ਕਲਯੁੱਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ,
ਮੁੜ ਕੂੜ ਓਸ ਰੱਥ ਦਾ, ਰਥਵਾਨ ਹੋ ਗਿਆ।
ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ
ਇਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,
ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ।''

# ਬਟਵਾਰਾ

ਕਿਸੇ ਚੰਦਰੇ ਪਿੰਡ ਵਿਚ ਖ਼ਬਰ ਫੈਲਾਈ, "ਕਹਿੰਦੇ ਪਾਕਿਸਤਾਨ ਬਣ ਗਿਆ ਹੁਣ ਮੁਸਲਮਾਨਾਂ ਨੂੰ ਪਿੰਡ ਛੱਡ ਕੇ ਜਾਣਾ ਪਊ!"

"ਕਿਹੜਾ ਕੰਜਰ ਕਹਿੰਦਾ ਮੁਸਲਮਾਨਾਂ ਨੂੰ ਪਿੰਡ ਛੱਡਣਾ ਪਊ...ਅਸੀਂ ਕੋਈ ਖਾਨਾ ਬਦੋਸ਼ ਨਹੀਂ...ਇਸ ਪਿੰਡ ਦੇ ਜੱਦੀ-

ਗੁਰਨਾਮ ਸਿੰਘ ਨਿੱਜਰ

ਪੁਸ਼ਤੀ ਰਹਿਣ ਵਾਲੇ ਹਾਂ!" ਬਾਬਾ ਬਸ਼ੀਰ ਲੋਹਾ ਲਾਖਾ ਹੋਇਆ ਕਹਿ ਰਿਹਾ ਸੀ!

ਅਗਲੇ ਦਿਨ ਨਾਲ ਦੇ ਪਿੰਡ ਮੁਸਲਮਾਨਾਂ ਦੇ ਘਰਾਂ 'ਤੇ ਹੋਏ ਹਮਲਿਆਂ ਨੂੰ ਸੁਣ ਪਿੰਡ 'ਚ' ਸਹਿਮ ਪਸਰ ਗਿਆ। ਕੰਨਾਂ ਵਿਚ ਘੁੱਸਰ-ਮੁਸਰ ਹੁੰਦੀ ਵੇਖ...ਸਾਰੇ ਭਾਈਚਾਰੇ ਮੁਸਲਮਾਨਾਂ ਦੇ ਘਰਾਂ ਨੂੰ ਹੋ ਤੁਰੇ।

ਖੈਰ ਦੀਨ ਦੇ ਵਿਹੜੇ ਖੌਫ਼ਜ਼ਦਾ ਮੁਸਲਮ ਭਾਈਚਾਰੇ ਦੇ ਇੱਕਠ ਨੂੰ ਧਰਵਾਸ ਦੇਂਦਿਆਂ ਨੰਬਰਦਾਰ ਚਰਨ ਸਿਉਂ ਕਹਿ ਰਿਹਾ ਸੀ,

"ਭਰਾਵੋ!! ਘਬਰਾਓ ਨਾ, ਸਾਡੇ ਹੁੰਦਿਆਂ ਕੋਈ ਤੁਹਾਡਾ ਵਾਲ ਵਿੰਗਾ ਨਹੀਂ ਕਰ ਸਕਦਾ। ਤੁਹਾਡੇ ਘਰਾਂ ਤਕ ਜਾਣ ਤੋਂ ਪਹਿਲਾਂ ਲੁਟੇਰਿਆਂ ਨੂੰ ਸਾਡੀਆਂ ਲਾਸ਼ਾ ਉਤੋਂ ਲੰਘਣਾ ਪਊ!"

ਉਸ ਇਹ ਵੀ ਹੋਕਾ ਦਿੱਤਾ ਕਿ, "ਜਿਸ ਕੋਲ੍ਹ ਜਿਸ ਤਰ੍ਹਾਂ ਦਾ ਹਥਿਆਰ ਹੈ, ਲੈ ਕੈ ਪਿੰਡ ਦੀ ਫਿਰਨੀ 'ਤੇ ਪਹਿਰਾ ਦਿਓ...ਭੀੜ ਇਨ੍ਹਾਂ ਉਤੇ ਨਹੀਂ ਬਣੀ ਸਾਡੇ ਉਤੇ ਬਣ ਗਈ ਏ!"

ਫੌਜ 'ਚੋਂ ਆਏ ਰਾਮ ਸ਼ਰਨ ਨੇ ਖੈਰਦੀਨ ਦੇ ਚੁਬਾਰੇ 'ਤੇ ਦੋਨਾਲੀ ਬੀੜ ਮੋਰਚਾ ਸੰਭਾਲ ਲਿਆ...ਗੱਭਰੂਆਂ ਚੁਫੇਰੇ ਨਾਕਾ ਬੰਦੀ ਕਰ ਦਿੱਤੀ...ਘੋੜ-ਸਵਾਰ ਬਰਛੇ ਤਲਵਾਰਾਂ ਚੁੱਕ ਫਿਰਨੀ 'ਤੇ ਗਸ਼ਤ ਕਰਨ ਲਗੇ, ਉਹ ਹਰੇਕ ਆਉਣ ਜਾਣ ਵਾਲੇ ਉਤੇ ਬਾਜ਼ ਅੱਖ ਰੱਖਦੇ...ਕੀ ਵਿਆਹੀਆਂ ਤੇ ਕੀ ਕੁਆਰੀਆਂ ਸਿਰਾਂ ਉਤੇ ਚੁੰਨੀਆਂ ਬੰਨ੍ਹ ਤੇ ਹੱਥਾਂ 'ਚ' ਡਾਂਗਾਂ-ਸੋਟੇ ਫੜ ਪਹਿਰੇ ਚੜ੍ਹ ਗਈਆਂ!

ਦਿਨ ਸੁੱਖ-ਸੁੱਖਾਂ ਨਾਲ ਲੰਘਿਆ। ਤਰਕਾਲਾਂ ਪਈਆਂ ਲੋਕ ਟੁੱਕ ਖਾ ਰਹੇ ਸਨ ਕਿ ਅਚਾਨਕ ਪਿੰਡ ਉਤੇ ਦੋ ਪਾਸਿਓਂ ਹਮਲਾ ਹੋ ਗਿਆ।

ਰਾਮ ਸ਼ਰਨ ਨੇ ਧਾੜਵੀਆਂ 'ਤੇ ਫਾਇਰ ਖੋਲ੍ਹ ਦਿੱਤਾ। ਪਿੰਡ ਵਾਲਿਆਂ ਦੇ ਜੈਕਾਰਿਆਂ ਤੇ ਲਲਕਾਰਿਆਂ ਨਾਲ ਅਸਮਾਨ ਗੂੰਜਣ ਲਗਾ। ਪਿੰਡ ਦੇ ਘੋੜਸਾਰ ਲੁਟੇਰਿਆਂ ਤੇ ਟੁੱਟ ਪਏ...ਜਿਨ੍ਹਾਂ ਕੋਲ ਹਥਿਆਰ ਨਹੀਂ ਸਨ ਉਹ ਕੋਠਿਆਂ ਦੀਆਂ ਛੱਤਾਂ ਤੋਂ ਮੀਂਹ ਵਾਂਙ ਇੱਟਾਂ-ਵੱਟੇ ਵਰ੍ਹਾਉਣ ਲਗੇ!

ਰਾਮ ਸ਼ਰਨ ਚੁਬਾਰੇ ਦੇ ਬਨੇਰੇ ਦੀਆਂ ਮੋਰੀਆਂ 'ਚੋਂ ਫੁਰਤੀ ਨਾਲ ਚੁਫੇਰੇ ਫਾਇਰ ਕਰਦਾ। ਉਸਦੀ ਦੋਨਾਲੀ ਜਦੋਂ ਅੱਗ ਉਗਲਦੀ ਕਿਸੇ ਨਾ ਕਿਸੇ ਧਾੜਵੀ ਦਾ ਘੱਗਰ ਖੋਲ੍ਹ ਢੇਰ ਕਰ ਦੇਂਦੀ।

ਪਿੰਡ ਵਾਸੀਆਂ ਚਾਰ ਧਾੜਵੀ ਮਾਰ ਸੁੱਟੇ...ਹਲਮਾਵਰ ਜਿਧਰੋਂ ਆਏ ਸੀ ਮੂੰਹ ਦੀ ਖਾ ਭੱਜ ਨਿਕਲੇ।

ਪਿੰਡ ਦੇ ਸਾਰੇ ਭਾਈਚਾਰਿਆਂ ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਗੈਰ ਮੁਸਲਮ ਭਾਈਚਾਰੇ ਦੇ ਜਾਨ-ਮਾਲ ਦੀ ਤਨਦੇਹੀ ਨਾਲ ਰਾਖੀ ਕਰ ਮਨੁਖਤਾ ਦਾ ਫਰਜ਼ ਨਿਭਾਇਆ।

ਦੋਵਾਂ ਪਾਸਿਆਂ ਤੋਂ ਜਦੋਂ ਲੁੱਟ-ਮਾਰ ਤੇ ਵੱਢ-ਟੁੱਕ ਦੀਆਂ ਮਨਹੂਸ ਖ਼ਬਰਾਂ ਆਉਂਦੀਆਂ ਤਾਂ ਪਿੰਡ ਵਾਸੀ ਹੋਰ ਚੁਕੰਨੇ ਹੋ ਜਾਂਦੇ।

ਉਹ ਬਿਨਾ ਨਾਗਾ ਮੁਸ਼ਤਾਈਦੀ ਨਾਲ ਫਿਰਨੀ 'ਤੇ ਪਹਿਰਾ ਦੇਂਦੇ ਪਰ ਹੁਣ ਇਹ ਅਫਵਾਹ ਹਕੀਕਤ ਬਣ ਗਈ ਸੀ ਕਿ ਪਾਕਿਸਤਾਨ ਬਣ ਚੁੱਕਾ ਹੈ। ਮੁਸਲਮਾਨ ਪਰਿਵਾਰਾਂ ਨੂੰ ਪਿੰਡ ਛੱਡਣਾ ਹੀ ਪੈਣਾ।

ਨੰਬਰਦਾਰ ਚਰਨ ਸਿਉਂ ਨੇ ਆਪਣੀ ਹਵੇਲੀ ਵਿਚ ਪਿੰਡ ਦਾ ਇੱਕਠ ਸੱਦਿਆ ਤੇ ਸਾਰਿਆਂ ਤੋਂ ਇਸ ਬਾਬਤ ਮਸ਼ਵਰੇ ਲਏ ਕਿ ਮੁਸਲਮਾਨ ਪਰਿਵਾਰਾਂ ਨੂੰ ਬਾਡਰ ਤੱਕ ਕਿਵੇਂ ਮਹਿਫ਼ੂਜ਼ ਪਹੁੰਚਾਇਆ ਜਾਏ।

(ਬਾਕੀ ਅਗਲੇ ਸਫੇ 'ਤੇ)

# ਦੁਨੀਆ ਦੀ ਤਾਰੀਖ਼ ਦਾ ਸਭ ਤੋਂ ਵੱਡਾ ਝੂਠ ਤੇ ਮਜ਼ਹਬੀ ਦੁਖਾਂਤ

**15 ਅਗਸਤ 'ਤੇ ਵਿਸ਼ੇਸ਼**

***ਸੰਨ ਸੰਤਾਲੀ ਵਿਚ ਪੰਜਾਬੀਆਂ ਨੇ ਕਹਿਰਾਂ ਦੇ ਜ਼ੁਲਮ ਝੱਲੇ। ਲੱਖਾਂ ਲੋਕ ਕਤਲ ਹੋ ਗਏ ਅਤੇ ਲੱਖਾਂ ਹੀ ਉਜੜ ਗਏ। ਅਣਗਿਣਤ ਔਰਤਾਂ ਦੀ ਬੇਪਤੀ ਹੋਈ। ਇਹ ਅਜਿਹਾ ਨਾਸੂਰ ਹੈ ਜੋ ਸਮਾਂ ਬੀਤਣ ਨਾਲ ਵੀ ਠੀਕ ਨਹੀਂ ਹੋਇਆ ਸਗੋਂ ਇਸ ਦੀ ਪੀੜ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਤੁਰਦੀ ਗਈ ਹੈ। ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਨੇ ਆਪਣੇ ਇਸ ਲੇਖ ਵਿਚ ਨਫਰਤਾਂ ਦੀ ਸਿਆਸਤ ਬੰਦ ਹੋਣ ਦੀ ਉਮੀਦ ਜ਼ਾਹਿਰ ਕੀਤੀ ਹੈ।***

ਖੁਲ੍ਹੇਆਮ ਅਵਾਰਾ ਘੁੰਮਣ ਫਿਰਨ ਨੂੰ ਆਜ਼ਾਦੀ ਨਹੀਂ ਕਹਿੰਦੇ ਬਲਕਿ ਆਜ਼ਾਦੀ ਉਹ ਹੁੰਦੀ ਹੈ, ਜਦੋਂ ਕੋਈ ਵਿਅਕਤੀ ਜਾਂ ਕੌਮ ਮਾਨਸਿਕ ਤੌਰ 'ਤੇ ਆਜ਼ਾਦ ਹੋਵੇ ਤੇ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਬਿਨਾ ਕਿਸੇ ਬਾਹਰੀ ਡਰ ਜਾਂ ਦਬਾਅ ਦੇ ਕਰ ਸਕੇ। ਆਜ਼ਾਦੀ ਉਹ ਵੀ ਹੁੰਦੀ ਹੈ, ਜਦੋਂ ਸਭ ਆਪਸ ਵਿਚ ਮਿਲ ਬੈਠਣ, ਬਿਨਾ ਕਿਸੇ ਭਿੰਨ-ਭੇਦ ਦੇ ਵਿਚਰ ਸਕਣ, ਮਜ਼੍ਹਬਾਂ ਤੇ ਜਾਤਾਂ-ਗੋਤਾਂ ਦਾ ਜਾਂ ਫਿਰ ਅਮੀਰ ਤੇ ਗਰੀਬ, ਤਕੜੇ ਤੇ ਮਾੜੇ ਦੇ ਅਧਾਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਾ ਹੋਵੇ। ਮਜ਼੍ਹਬਾਂ ਦੇ ਅਧਾਰ 'ਤੇ ਵੰਡੀਆਂ, ਖੂਨ ਖਰਾਬਾ ਤੇ ਫਿਰਕੂ ਨਫਰਤ ਨੂੰ ਕਦੇ ਵੀ ਆਜ਼ਾਦੀ ਨਹੀਂ ਕਿਹਾ ਜਾ ਸਕਦਾ। ਇਸ ਕਰਕੇ 1947 'ਚ ਹਿੰਦੁਸਤਾਨ ਨਾਮਕ ਮੁਲਕ ਦੇ, ਮਜ਼੍ਹਬੀ ਅਧਾਰ 'ਤੇ ਹੋਏ ਦੋ ਟੁਕੜਿਆਂ ਭਾਰਤ

**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)**

ਅਤੇ ਪਾਕਿਸਤਾਨ ਨੂੰ ਆਜ਼ਾਦੀ ਦਾ ਨਾਮ ਕਦਾਚਿਤ ਨਹੀਂ ਦਿੱਤਾ ਜਾ ਸਕਦਾ। ਦਰਅਸਲ ਇਹ ਦੁਨੀਆ ਦਾ ਸਭ ਵੱਡਾ ਮਜ਼੍ਹਬੀ ਬਟਵਾਰਾ ਅਤੇ ਖੂਨੀ ਕਾਂਡ ਸੀ, ਪਰ ਹੈਰਾਨੀ ਤੇ ਸਿਤਮਜ਼ਰੀਫੀ ਇਹ ਹੈ ਕਿ ਅੱਜ 76 ਸਾਲ ਬੀਤ ਜਾਣ ਦੇ ਬਾਅਦ ਵੀ ਇਸ ਉਕਤ ਖੂਨੀ ਕਾਂਡ ਨੂੰ ਬਹੁਤ ਹੀ ਸੋਚੀ-ਸਮਝੀ ਸ਼ਾਜ਼ਿਸ਼ ਤਹਿਤ ਆਜ਼ਾਦੀ ਦਾ ਨਾਮ ਦਿੱਤਾ ਜਾ ਰਿਹਾ ਹੈ।

ਇਹ ਕੰਧ 'ਤੇ ਉੱਕਰਿਆ ਸੱਚ ਹੈ ਕਿ 14 ਤੇ 15 ਅਗਸਤ 1947 ਨੂੰ ਭਾਰਤ ਤੇ ਪਾਕਿਸਤਾਨ ਆਜ਼ਾਦ ਨਹੀਂ, ਬਲਕਿ ਸੋਨੇ ਦੀ ਚਿੜੀ ਮੰਨਿਆ ਜਾਣ ਵਾਲਾ ਦੁਨੀਆ ਦਾ ਇਕ ਬਹੁਤ ਹੀ ਅਮੀਰ ਮੁਲਕ ਹਿੰਦੁਸਤਾਨ ਟੋਟੇ-ਟੋਟੇ ਹੋਇਆ ਸੀ, ਜਿਸ ਦਾ ਇਲਜ਼ਾਮ ਬਾਅਦ ਵਿਚ ਅੰਗਰੇਜ਼ਾਂ ਸਿਰ ਮੜ੍ਹਿਆ ਗਿਆ। ਮੈਂ ਕਰਤਾਰਪੁਰ ਲਾਂਘੇ ਨੂੰ ਲੈ ਕੇ ਜਦ ਇਸ ਵਿਸ਼ੇ ਉਤੇ ਖੋਜ ਕੀਤੀ ਤਾਂ ਅਜਿਹੇ ਬਹੁਤ ਸਾਰੇ ਇੰਕਸ਼ਾਫ ਤੇ ਹੈਰਾਨੀਜਨਕ ਤੱਥ ਸਾਹਮਣੇ ਆਏ ਜਿਨ੍ਹਾਂ ਨੂੰ ਦੇਖ-ਪੜ੍ਹ ਕੇ ਅਕਲ ਦੰਗ ਰਹਿ ਗਈ। ਇਸ ਤਰ੍ਹਾਂ ਜਾਪਣ ਲੱਗਾ ਕਿ ਦੇਸ਼ ਦੀ ਵੰਡ ਕਰਾਉਣ ਵਾਲੇ ਅਸਲ ਕਸੂਰਵਾਰਾਂ ਵੱਲੋਂ ਆਪਣੀਆਂ ਕਾਲੀਆਂ ਕਰਤੂਤਾਂ 'ਤੇ ਪਰਦਾ ਪਾਉਣ ਵਾਸਤੇ ਅੰਗਰੇਜ਼ਾਂ ਨੂੰ ਖਾਹਮਖਾਹ ਹੀ ਇੱਕ ਬੜੀ ਗਹਿਰੀ ਸ਼ਾਜ਼ਿਸ ਤਹਿਤ ਬਦਨਾਮ ਕੀਤਾ ਜਾਂਦਾ ਰਿਹਾ ਕਿ ਉਹ "ਪਾੜੋ ਤੇ ਰਾਜ ਕਰੋ" ਦੀ ਨੀਤੀ 'ਤੇ ਚਲ ਕੇ ਰਾਜ ਕਰਦੇ ਸਨ ਤੇ ਮੁਲਕ ਛੱਡਣ ਵੇਲੇ ਇਸ ਨੂੰ ਦੋ ਹਿੱਸਿਆਂ 'ਚ ਵੰਡ ਗਏ, ਜਦ ਕਿ ਅਸਲੀਅਤ ਇਸ ਤੋਂ ਬਿਲਕੁਲ ਉਲਟ ਹੈ।

ਅਸਲ ਵਿਚ ਪਹਿਲਾਂ ਇਤਿਹਾਸ ਗਲਤ ਲਿਖਿਆ ਜਾਂ ਲਿਖਵਾਇਆ ਗਿਆ ਤੇ ਫਿਰ ਸਾਡੇ ਲੋਕਾਂ ਨੂੰ ਅੱਜ ਤਕ ਪੜ੍ਹਾਇਆ ਜਾਂਦਾ ਰਿਹਾ। ਇਤਿਹਾਸਕ ਹਵਾਲਿਆਂ ਮੁਤਾਬਿਕ ਅੰਗਰੇਜ਼ ਹਿੰਦੁਸਤਾਨ ਨੂੰ ਅਖੰਡ ਰੂਪ 'ਚ ਆਜ਼ਾਦ ਕਰਨਾ ਚਾਹੁੰਦੇ ਸਨ। ਉਹ ਕਦੇ ਵੀ ਨਹੀਂ ਸਨ ਚਾਹੁੰਦੇ ਕਿ ਇਸ ਮੁਲਕ ਦੇ ਟੁਕੜੇ ਹੋਣ।

ਹਵਾਲੇ ਵਜੋਂ, 3 ਜੂਨ 1947 ਨੂੰ ਹਿੰਦੁਸਤਾਨ ਦੇ ਬਟਵਾਰੇ ਦਾ ਰੇਡੀਓ ਤੋਂ ਐਲਾਨ ਕਰਦਿਆਂ ਵਾਇਸਰਾਏ ਲੌਰਡ ਮਾਊਂਟ ਬੈਟਨ ਨੇ ਕਿਹਾ ਸੀ,

"ਇਸ ਬਟਵਾਰੇ ਦਾ ਮੈਨੂੰ ਬਹੁਤ ਦੁੱਖ ਹੈ। ਮੈਂ ਇਹ ਚਾਹੁੰਦਾ ਸੀ ਕਿ ਸਾਰੀਆਂ ਧਿਰਾਂ ਦੀ ਆਮ ਸਹਿਮਤੀ ਨਾਲ ਇਕ ਅਖੰਡ ਹਿੰਦੁਸਤਾਨ ਨੂੰ ਸੁਤੰਤਰਤਾ ਦਿੱਤੀ ਜਾਵੇ, ਪਰ ਅਸੀਂ ਇਸ ਦਿਸ਼ਾ ਵਿਚ ਬਹੁਤ ਯਤਨ ਕਰਨ ਦੇ ਬਾਵਜੂਦ ਵੀ ਹਿੰਦੁਸਤਾਨੀ ਨੇਤਾਵਾਂ ਤੋਂ ਕੋਈ ਵੀ ਅਜਿਹੀ ਤਜਵੀਜ਼ ਮਨਵਾਉਣ 'ਚ ਕਾਮਸਾਬ ਨਹੀਂ ਹੋ ਸਕੇ...ਮੁਸਲਿਮ ਲੀਗ ਪਾਕਿਸਤਾਨ ਚਾਹੁੰਦੀ ਹੈ...ਕਾਂਗਰਸ ਕਹਿੰਦੀ ਹੈ, ਇਸ ਬਟਵਾਰੇ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇ...ਇਸ ਕਰਕੇ ਪੰਜਾਬ, ਬੰਗਾਲ, ਆਸਾਮ ਤੇ ਗੁਜਰਾਤ ਦਾ ਬਟਵਾਰਾ ਵੀ ਕਰਨਾ ਪਵੇਗਾ, ਜਿਸ ਵਾਸਤੇ ਇਕ ਨਿਆਂਇਕ ਕਮਿਸ਼ਨ ਸਥਾਪਿਤ ਕੀਤਾ ਜਾਵੇਗਾ, ਜੋ ਇਸ ਦਿਸ਼ਾ ਵਿਚ ਪੂਰੀ ਇਮਾਨਦਾਰੀ ਤੇ ਨਿਰਪੱਖਤਾ ਨਾਲ ਕੰਮ ਕਰੇਗਾ।...ਮੈਂ ਸਿੱਖਾਂ ਵਾਸਤੇ ਬਹੁਤ ਚਿੰਤਤ ਹਾਂ ਕਿਉਂਕਿ ਪੰਜਾਬ ਦਾ ਬਟਵਾਰਾ ਹਰ ਹਾਲਤ ਵਿਚ ਉਨ੍ਹਾਂ ਦੀ ਕੌਮ ਦਾ ਬਟਵਾਰਾ ਹੋਵੇਗਾ, ਪਰ ਸਿੱਖ ਨੇਤਾ ਇਸ ਬਟਵਾਰੇ ਦੇ ਹੱਕ ਵਿਚ ਹਨ।"

ਵਾਇਸਰਾਏ ਦੇ ਉਕਤ ਐਲਾਨ ਤੋਂ ਇਕ ਦਿਨ ਬਾਅਦ ਭਾਵ 4 ਜੂਨ 1947 ਨੂੰ ਮਹਾਤਮਾ ਗਾਂਧੀ ਨੇ ਇਹ ਬਿਆਨ ਦਿੱਤਾ ਸੀ, "ਬਰਤਾਨੀਆ ਸਰਕਾਰ ਮੁਲਕ ਨੂੰ ਵੰਡਣ ਦੇ ਹੱਕ ਵਿਚ ਬਿਲਕੁਲ ਵੀ ਨਹੀਂ ਸੀ, ਪਰ ਜੇਕਰ ਦੇਸ਼ ਦੇ ਹਿੰਦੂ ਤੇ ਮੁਸਲਮਾਨ ਆਗੂ ਹੀ ਜ਼ਿੱਦ ਕਰਨ ਤਾਂ ਅਜਿਹੇ ਹਾਲਾਤਾਂ ਵਿਚ ਅੰਗਰੇਜ਼ ਕੀ ਕਰਨ?"

ਦਰਅਸਲ ਅੰਗਰੇਜ਼ਾਂ ਨੂੰ 1947 'ਚ ਮੁਲਕ ਦੀ ਵੰਡ ਨਾ ਚਾਹੁੰਦਿਆਂ ਹੋਇਆਂ ਵੀ ਕਰਨ ਵਾਸਤੇ ਮਜਬੂਰ ਕੀਤਾ ਗਿਆ, ਪਰ ਫਿਰ ਵੀ ਉਨ੍ਹਾਂ ਇਸ ਵੰਡ ਸਮੇਂ ਆਪਣੀ ਮਰਜ਼ੀ ਬਿਲਕੁਲ ਨਹੀਂ ਕੀਤੀ, ਸਗੋਂ ਜੋ ਵੀ ਮਤੇ ਪਾਏ ਉਨ੍ਹਾਂ ਉਤੇ ਰਾਇਸ਼ੁਮਾਰੀ ਕਰਵਾ ਕੇ ਹਿੰਦੁਸਤਾਨੀ ਨੇਤਾਵਾਂ ਦੀ ਲਿਖਤੀ ਸਹਿਮਤੀ ਲਈ ਤੇ



ਅੱਗੋਂ ਉਸੇ ਅਧਾਰ 'ਤੇ ਕਾਰਵਾਈਆਂ ਕੀਤੀਆਂ। ਗੱਲ ਭਾਵੇਂ Indian independence ACT ਨੂੰ ਪਾਸ ਕਰਨ ਦੀ ਹੋਵੇ, ਬਟਵਾਰਾ ਕਮਿਸ਼ਨ ਬਿਠਾਉਣ ਦੀ, ਹੱਦਬੰਦੀ ਸੰਬੰਧੀ ਨਿਆਂਇਕ ਕਮਿਸ਼ਨ ਬਣਾਉਣ ਜਾਂ ਫਿਰ ਹੋਰ ਮਸਲਿਆਂ ਨੂੰ ਤੈਅ ਕਰਨ ਦੀ, ਅੰਗਰੇਜ਼ਾਂ ਨੇ ਤਾਂ ਸਿਰਫ ਮੌਕੇ ਦੇ ਹਿੰਦੂ, ਮੁਸਲਮ ਤੇ ਸਿੱਖ ਨੇਤਾਵਾਂ ਵਲੋਂ ਜੋ ਕਿਹਾ ਗਿਆ, ਉਸ ਦੇ ਮੁਤਾਬਿਕ ਕਾਰਵਾਈ ਕੀਤੀ, ਉਨ੍ਹਾਂ ਨੇ ਆਪਣੇ ਵਲੋਂ ਕਿਸੇ 'ਤੇ ਕਦੇ ਵੀ ਕੁੱਝ ਨਹੀਂ ਥੋਪਿਆ। ਇਸ ਦੀ ਇਕ ਹੋਰ ਬਹੁਤ ਵੱਡੀ ਉਦਾਹਰਣ ਹੈ ਕਿ ਅੰਗਰੇਜ਼ਾਂ ਦੇ ਹਿੰਦੁਸਤਾਨ 'ਚ ਪਰਵੇਸ਼ ਕਰਨ ਸਮੇਂ ਮੁਲਕ ਵਿਚ 567 ਦੇ ਲਗਭਗ ਵੱਡੀਆਂ-ਛੋਟੀਆਂ ਰਿਆਸਤਾਂ ਸਨ, ਜਿਨ੍ਹਾਂ ਨੂੰ ਉਨ੍ਹਾਂ ਨੇ ਧੱਕੇ ਨਾਲ ਕਬਜ਼ੇ 'ਚ ਕਰਨ ਦੀ ਬਜਾਏ ਇਹ ਖੁੱਲ੍ਹ ਦਿੱਤੀ ਕਿ ਉਹ ਆਪਣੀ ਮਰਜ਼ੀ ਮੁਤਾਬਿਕ ਇਕ ਦੂਸਰੀ ਰਿਆਸਤ ਨਾਲ ਮਿਲ ਕੇ ਰਹਿਣ ਜਾਂ ਸੁਤੰਤਰ, ਪਰ ਆਪਣੀ ਫੌਜ ਨਾ ਰੱਖਣ। ਲੋੜ ਪੈਣ 'ਤੇ ਬਰਤਾਨਵੀ ਫੌਜ ਉਨ੍ਹਾਂ ਨੂੰ ਹਰ ਲੋੜੀਂਦੀ ਫੌਜੀ ਸਹਾਇਤਾ ਦੇਵੇਗੀ। ਇਸ ਤੋਂ ਵੀ ਸਾਫ ਹੋ ਜਾਂਦਾ ਹੈ ਕਿ, "ਫੁੱਟ ਪਾਓ ਤੇ ਰਾਜ ਕਰੋ" ਦੀ ਤੋਹਮਤ ਅੰਗਰੇਜ਼ਾਂ ਸਿਰ ਬਿਨਾਂ ਕਿਸੇ ਵਜ੍ਹਾ ਸਿਰਫ ਹਿੰਦੂ, ਮੁਸਲਿਮ ਤੇ ਸਿੱਖ ਨੇਤਾਵਾਂ ਵਲੋਂ ਆਪਣੇ ਕਾਲੇ ਕਾਰਨਾਮੇ ਲੁਕੋਣ ਵਾਸਤੇ ਲਗਾਈ ਗਈ ਤੇ ਅੱਜ ਤੱਕ ਲਗਾਈ ਜਾ ਰਹੀ ਹੈ।

ਬਰਤਾਨੀਆ 'ਚ ਇਸ ਵੇਲੇ 115 ਕੁ ਮੁਲਕਾਂ ਦੇ ਲੋਕ ਰਹਿ ਰਹੇ ਹਨ ਤੇ ਇਥੇ ਕਦੇ ਵੀ ਨਸਲੀ ਦੰਗੇ ਨਹੀਂ ਭੜਕੇ, ਜੇਕਰ ਇਹ ਲੋਕ ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਚਲਦੇ ਹੁੰਦੇ ਤਾਂ ਫਿਰ ਇਸ ਮੁਲਕ ਦਾ ਹਾਲ ਸ਼ਾਇਦ ਭਾਰਤ ਵਰਗਾ ਹੀ ਹੁੰਦਾ।

ਮੈਂ ਇਹ ਲੇਖ ਕੋਈ ਅੰਗਰੇਜ਼ਾਂ ਦੀ ਵਕਾਲਤ ਕਰਨ ਵਾਸਤੇ ਨਹੀਂ ਲਿਖ ਰਿਹਾ, ਮੈਂ ਜਾਣਦਾ ਹਾਂ ਕਿ ਅੰਗਰੇਜ਼ਾਂ ਨੇ ਵੀ ਆਪਣੇ ਰਾਜ-ਕਾਲ ਦੌਰਾਨ ਰੱਜ ਕੇ ਮਨੁੱਖੀ ਹੱਕਾਂ ਦਾ ਘਾਣ ਕੀਤਾ, ਜਲ੍ਹਿਆਂਵਾਲਾ ਬਾਗ ਵਰਗੇ ਖੂਨੀ ਕਾਂਡ ਕੀਤੇ, ਇਹ ਲੇਖ ਲਿਖਣ ਦੇ ਪਿਛੇ ਮੇਰਾ ਅਸਲ ਮਕਸਦ ਇਹ ਹੈ ਕਿ ਸੱਚ ਸਭ ਦੇ ਸਾਹਮਣੇ ਲਿਆਂਦਾ ਜਾਵੇ। 1947 ਤੋਂ ਪਹਿਲਾਂ ਵੱਖ ਵੱਖ ਧਰਮਾਂ ਨਾਲ ਸੰਬੰਧਤ ਮੁਲਕ ਦੇ ਤਤਕਾਲੀ ਨੇਤਾਵਾਂ ਨੇ ਅੰਗਰੇਜ਼ਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਸੀ ਕਿ ਆਜ਼ਾਦੀ ਤੋਂ ਬਾਅਦ ਵੀ ਉਹ ਕਦੇ ਇਕੱਠੇ ਨਹੀਂ ਰਹਿ ਸਕਣਗੇ ਭਾਵ ਫਿਰਕਾ ਪ੍ਰਸਤੀ ਦਾ ਨੰਗਾ ਨਾਚ ਹੁੰਦਾ ਰਹੇਗਾ ਤੇ ਦੰਗੇ ਫ਼ਸਾਦ ਜਾਰੀ ਰਹਿਣਗੇ ਤੇ ਹਿੰਦੁਸਤਾਨੀ ਨੇਤਾਵਾਂ ਨੇ ਇਹ ਸਭ ਕੁੱਝ ਅੰਗਰੇਜ਼ਾਂ ਦੇ ਹਿੰਦੁਸਤਾਨ ਨੂੰ ਛੱਡ ਜਾਣ ਦੇ ਐਲਾਨਨਾਮੇ ਤੋਂ ਤੁਰੰਤ ਬਾਅਦ 14-15 ਅਗਸਤ 1947 ਨੂੰ ਕਰਕੇ ਦਿਖਾ ਵੀ ਦਿੱਤਾ।

ਜ਼ਿਕਰਯੋਗ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਵਾਹਗਾ ਸਰਹੱਦ 14-15 ਅਗਸਤ 1947 ਤੱਕ ਬਿਲਕੁਲ ਵੀ ਨਹੀਂ ਸੀ, ਇਸ ਲੀਕ ਦਾ ਐਲਾਨ 17 ਅਗਸਤ 1947 ਦੀ ਸ਼ਾਮ ਨੂੰ ਆਲ ਇੰਡੀਆ ਰੇਡੀਓ ਤੋਂ ਲੌਰਡ ਮਾਊਂਟ ਬੈਟਨ ਵਲੋਂ ਕੀਤਾ ਗਿਆ ਸੀ। ਸਿਰਫ ਰੌਲੇ-ਰੱਪੇ ਵਿਚ ਹੀ ਤੇ ਇਸ ਸਰਹੱਦ ਦੀ ਅਣਹੋਂਦ ਵਿਚ ਵੀ 50 ਲੱਖ ਲੋਕਾਂ ਦਾ ਉਜਾੜਾ, 10 ਲੱਖ ਦਾ ਕਤਲ ਤੇ 60,000 ਔਰਤਾਂ ਦਾ ਬਲਾਤਕਾਰ ਤੇ ਉਧਾਲਾ ਹੋਣਾ ਜਿਥੇ ਅੱਜ ਵੀ ਕਈ ਸਵਾਲ ਖੜ੍ਹੇ ਕਰਦਾ ਹੈ, ਉਥੇ ਦੁਨੀਆ ਦੇ ਇਤਿਹਾਸ ਵਿਚ ਮਜ਼੍ਹਬ ਦੇ ਅਧਾਰ 'ਤੇ ਕੀਤੀ ਗਈ ਸਿਆਸਤ ਨਾਲ ਹੋਏ ਸਭ ਤੋਂ ਵੱਡੇ ਖੂਨ-ਖਰਾਬੇ ਦਾ ਕਾਲਾ ਸਿਆਹ ਪੰਨਾ ਦਰਜ ਕਰ ਕੇ ਮੌਕੇ ਦੇ ਹਿੰਦੁਸਤਾਨੀ ਨੇਤਾਵਾਂ ਦੇ ਮੂੰਹ ਉਤੇ ਕਾਲਖ ਦਾ ਪੋਚਾ ਵੀ ਫੇਰ ਰਿਹਾ ਹੈ।

ਕਬਰਾਂ, ਸ਼ਮਸ਼ਾਨ ਘਾਟਾਂ, ਕਤਲਗਾਹਾਂ ਤੇ ਮੜ੍ਹੀਆ 'ਤੇ ਕਦੇ ਮੇਲੇ ਨਹੀਂ ਲਗਦੇ, ਜਸ਼ਨ ਨਹੀਂ ਮਨਾਏ ਜਾਂਦੇ। ਇਨ੍ਹਾਂ ਸਥਾਨਾਂ 'ਤੇ ਸੋਗ, ਮਾਤਮ, ਸ਼ਰਧਾਂਜਲੀਆਂ ਤੇ ਅਰਦਾਸਾਂ ਕੀਤੀਆਂ ਜਾਂਦੀਆ ਹਨ, ਪਰ ਦੁਨੀਆ ਦੇ ਸਿਰਫ ਦੋ ਮੁਲਕਾਂ, ਭਾਰਤ ਅਤੇ ਪਾਕਿਸਤਾਨ 'ਚ ਇਥੇ ਵੀ ਉਲਟੀ ਗੰਗਾ ਪਿਹੋਏ ਨੂੰ ਵਹਿ ਰਹੀ ਹੈ। ਵਾਹਗਾ ਸਰਹੱਦ, ਜਿਥੇ ਲੱਖਾਂ ਉਜੜੇ, ਲੱਖਾਂ ਦਾ ਕਤਲ ਹੋਇਆ, ਧਰਤੀ ਖੂਨ ਨਾਲ ਲੱਥ ਪੱਥ ਹੋਈ, ਦਰਿਆਵਾਂ ਦੇ ਪਾਣੀਆਂ ਦਾ ਰੰਗ ਸੂਹਾ ਲਾਲ ਹੋਇਆ, ਖੂਨ ਦੇ ਦਰਿਆ ਵਗੇ, ਉਥੇ ਝੰਡਾ ਉਤਾਰਨ ਦੀ ਰਸਮ ਦੇ ਬਹਾਨੇ ਹਰ ਰੋਜ਼ ਖੁਸ਼ੀਆਂ 'ਚ ਗਿੱਧੇ ਤੇ ਭੰਗੜੇ ਵੀ ਪਾਏ ਜਾਂਦੇ ਹਨ ਤੇ ਦੋਹਾਂ ਮੁਲਕਾਂ ਦੇ ਲੋਕਾਂ 'ਚ ਨਫਰਤੀ ਜ਼ਹਿਰ ਵੀ ਕੁੱਟ-ਕੁੱਟ ਕੇ ਭਰਿਆ ਜਾ ਰਿਹਾ ਹੈ, ਜਿਸ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀਂ ਕਿ ਮੁਲਕ ਦੀ ਵੰਡ ਦੇ ਅਸਲ ਜ਼ਿੰਮੇਵਾਰ ਕੌਣ ਰਹੇ ਹਨ।

ਮੁਕਦੀ ਗੱਲ ਇਹ ਹੈ ਕਿ ਜਿਸ ਨੂੰ ਆਜ਼ਾਦੀ ਸਮਝ ਕੇ ਦੋਹਾਂ ਮੁਲਕਾਂ 'ਚ ਅੱਜ ਜਸ਼ਨ ਮਨਾਏ ਜਾ ਰਹੇ ਹਨ, ਉਹ ਅਸਲ ਵਿਚ ਮਜ਼੍ਹਬ ਦੇ ਅਧਾਰ 'ਤੇ ਸਾਡੇ ਉਸ ਵੇਲੇ ਦੇ ਨਾਅਹਿਲ ਆਗੂਆਂ ਵਲੋਂ ਲਿਖੀ ਹੋਈ ਸਾਡੀ ਬਰਬਾਦੀ ਦੀ ਦਾਸਤਾਨ ਹੈ, ਜਿਸ ਉਤੇ ਸੋਗ ਮਨਾਉਣ ਦੀ ਬਜਾਏ ਅਸੀਂ ਅਜੋਕੇ ਫਿਰਕੂ ਆਗੂਆਂ ਦੀ ਅਗਵਾਈ ਹੇਠ ਬਿਨਾ ਸੋਚੇ-ਸਮਝੇ ਕਿੰਤੂ ਕੀਤੇ, ਆਪਣੀ ਬਰਬਾਦੀ ਦੀ ਅਧਾਰਸ਼ਿਲਾ ਉੱਤੇ ਨਫਰਤਾਂ ਦਾ ਮਹਿਲ ਸਾਲ ਦਰ ਸਾਲ ਹੋਰ ਪੱਕਾ ਕਰ ਰਹੇ ਹਾਂ। ਭਾਰਤ ਤੇ ਪਾਕਿਸਤਾਨ ਦੋ ਮੁਲਕਾਂ ਦੀ ਗੱਲ ਛੱਡ ਵੀ ਦੇਈਏ ਤਾਂ ਵੀ ਪੰਜਾਬੀਆਂ ਨੂੰ ਤਾਂ ਘੱਟੋ ਘੱਟ ਇਸ ਬਾਰੇ ਜ਼ਰੂਰ ਹੀ ਅੱਜ 76 ਸਾਲ ਬਾਅਦ ਸੋਚਣਾ ਬਣਦਾ ਹੈ ਕਿ ਇਸ ਵੰਡ ਦੀ ਵਜ੍ਹਾ ਕਰਕੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪੂਰੀ ਤਰ੍ਹਾਂ ਬਰਬਾਦ ਹੋ ਗਏ। ਪੰਜਾਬੀਆਂ ਦੇ ਕਤਲੇਆਮ ਤੋਂ ਬਿਨਾ ਕਿਸੇ ਹੋਰ ਦੀ ਚੀਚੀ 'ਤੇ ਵੀ ਚੀਰਾ ਤੱਕ ਨਹੀਂ ਆਇਆ ਤੇ ਫਿਰ ਪੰਜਾਬ ਦੀ ਧਰਤੀ 'ਤੇ ਸਰਹੱਦ ਦੇ ਦੋਹੀਂ ਪਾਸੀਂ ਹਰ ਸਾਲ 14-15 ਅਗਸਤ ਨੂੰ ਕਾਹਦੇ ਜਸ਼ਨ ਮਨਾਏ ਜਾ ਰਹੇ ਹਨ ਤੇ ਇਹ ਝੂਠ ਹੋਰ ਕਿੰਨਾ ਕੁ ਚਿਰ ਬੋਲਿਆ ਜਾਂਦਾ ਰਹੇਗਾ?

ਸਾਫ ਤੇ ਸਪੱਸ਼ਟ ਲਫ਼ਜ਼ਾਂ ਵਿਚ ਕਹਿਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ 1947 ਵਿਚ "ਹਿੰਦੁਸਤਾਨ" ਨਾਮ ਦਾ ਮੁਲਕ ਟੁੱਟ ਕੇ ਦੋ ਟੋਟੇ (ਭਾਰਤ ਤੇ ਪਾਕਿਸਤਾਨ) ਹੋਇਆ, ਜਿਨ੍ਹਾਂ ਵਿਚੋਂ ਭਾਰਤ ਅੰਗਰੇਜ਼ ਸਾਮਰਾਜ ਤੋਂ ਮੁਕਤ ਹੋਇਆ। ਪਾਕਿਸਤਾਨ ਇੱਕ ਨਵੇਂ ਮੁਲਕ ਵਜੋਂ ਆਬਾਦ ਹੋਇਆ ਤੇ ਪੰਜਾਬ ਪੂਰੀ ਤਰ੍ਹਾਂ ਬਰਬਾਦ ਹੋਇਆ। ਇਸ ਵੰਡ ਦਾ ਸਭ ਤੋਂ ਵੱਧ ਬੁਰਾ ਅਸਰ ਪੰਜਾਬ ਉੱਤੇ ਪਿਆ ਜਿਸ ਕਾਰਨ ਪੰਜਾਬ, ਪੰਜਾਬੀ ਤੇ ਪੰਜਾਬੀਅਤ ਉਜਾੜੇ ਦਾ ਸ਼ਿਕਾਰ ਹੋਏ। ਪੰਜਾਬ ਇਸ ਵੰਡ ਸਮੇਂ ਚੜ੍ਹਦੇ ਤੇ ਲਹਿੰਦੇ ਵਿਚਕਾਰ ਹੀ ਨਹੀਂ ਵੰਡਿਆ ਗਿਆ ਬਲਕਿ ਚੜ੍ਹਦੇ ਪੰਜਾਬ ਵਿਚਲੇ ਛੋਟੇ ਜਿਹੇ ਪੰਜਾਬ ਦੇ ਅੱਗੋਂ ਫਿਰ ਸੱਤ ਟੁਕੜੇ (ਮੌਜੂਦਾ ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ, ਰਾਜਸਥਾਨ ਵਿਚਲੇ ਇਲਾਕੇ, ਪੰਜਾਬੋਂ ਉਜੜ ਕੇ ਭਾਰਤ ਦੇ ਵੱਖ ਵੱਖ ਹਿੱਸਿਆਂ ਜਾ ਵੱਸਿਆ ਪੰਜਾਬ ਅਤੇ ਪਰਵਾਸੀ ਪੰਜਾਬ) ਕੀਤੇ ਗਏ। ਇਸ ਦੇ ਨਾਲ ਹੀ ਪੰਜਾਬੀ ਬੋਲੀ ਦੀ ਹੋਂਦ ਖਤਮ ਕਰਨ ਵਾਸਤੇ ਬਹੁਤ ਸਾਰੀਆਂ ਸਾਜ਼ਿਸ਼ਾਂ ਕੀਤੀਆਂ ਗਈਆਂ ਜੋ ਅਜੇ ਵੀ ਬਾਦਸਤੂਰ ਜਾਰੀ ਹਨ।

ਸੋ 15 ਅਗਸਤ ਦਾ ਦਿਹਾੜਾ ਪੰਜਾਬੀਆਂ ਵਾਸਤੇ ਇਕ ਕਾਲਾ ਦਿਨ ਹੈ, ਪੰਜਾਬ ਦੀ ਬਰਬਾਦੀ ਦੀ ਦਾਸਤਾਨ ਹੈ, ਮਨੁੱਖੀ ਅਧਿਕਾਰਾਂ ਦਾ ਚਿੱਟੇ ਦਿਨ ਘਾਣ ਹੈ। ਇਹ ਉਸ ਵੇਲੇ ਹੋਏ ਨਸਲੀ ਖੂਨੀ ਕਾਂਡ ਦੀ ਤਾਰੀਖ ਹੈ, ਇਤਿਹਾਸ ਦਾ ਕਾਲਾ ਧੱਬਾ ਹੈ ਜੋ ਅੱਜ ਵੀ ਤਤਕਾਲੀ ਮਜ਼੍ਹਬੀ ਜਨੂੰਨੀਅਤ ਭਰੇ ਆਗੂਆਂ ਨੂੰ ਲਾਹਨਤਾਂ ਪਾਉਂਦਾ ਹੈ। ਮੈਂ ਭਾਰਤ ਦੀ ਗੱਲ ਨਹੀਂ ਕਰਦਾ ਪਰ ਪੰਜਾਬੀਆਂ ਵਾਸਤੇ ਇਹ ਦੋ ਦਿਨ ਕਿਸੇ ਵੀ ਤਰ੍ਹਾਂ ਜਸ਼ਨਾਂ ਦੇ ਦਿਨ ਨਹੀਂ ਹਨ। ਪੰਜਾਬੀਆਂ ਨੂੰ ਇਨ੍ਹਾਂ ਦੋ ਦਿਨਾਂ 'ਤੇ ਸ਼ਰਧਾਂਜਲੀ ਸਮਾਗਮ ਕਰਕੇ ਉਸ ਵੇਲੇ ਮਾਰੇ ਗਏ ਬਹੁਤ ਸਾਰੇ ਨਿਹੱਥਿਆਂ ਨੂੰ ਸ਼ਰਧਾਂਜਲੀ ਫੁੱਲ ਭੇਟ ਕਰਨੇ ਚਾਹੀਦੇ ਹਨ ਤੇ ਇਸ ਦੇ ਨਾਲ ਹੀ ਸਰਹੱਦ ਦੇ ਦੋਵੇਂ ਪਾਸੇ ਪੰਜਾਬੀ ਭਾਈਚਾਰੇ ਦੀ ਬੇਹਤਰੀ ਵਾਸਤੇ ਅਰਦਾਸ ਜੋਦੜੀ ਕਰਨੀ ਚਾਹੀਦੀ ਹੈ। ਪੰਜਾਬ ਸਰਕਾਰ ਦਾ ਵੀ ਇਹੀ ਫਰਜ਼ ਬਣਦਾ ਹੈ ਕਿ ਪੰਜਾਬ ਵਿੱਚ ਇਹ ਦਿਨ ਸੋਗ ਦਿਵਸ ਵਜੋਂ ਮਨਾਇਆ ਜਾਵੇ, ਤਿਰੰਗਾ ਝੰਡਾ ਲਹਿਰਾਉਣ ਦੇ ਜਸ਼ਨੀ ਸਮਾਗਮ ਬੰਦ ਕਰ ਕੇ 1947 'ਚ ਹੋਈ ਪੰਜਾਬ ਦੀ ਬਰਬਾਦੀ ਤੇ ਜਾਨੀ ਨੁਕਸਾਨ ਵਾਸਤੇ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤੇ ਜਾਣ ਤੇ ਪੰਜਾਬ ਦੀ ਬੇਹਤਰੀ ਦੀਆਂ ਤਰਕੀਬਾਂ ਕੀਤੀਆਂ ਜਾਣ। ਜੇਕਰ ਹੋ ਸਕੇ ਤਾਂ ਵਾਹਗਾ ਸਰਹੱਦ ਉੱਤੇ ਝੰਡਾ ਉਤਾਰਨ ਦੀ ਪਰੇਡ ਦੇ ਨਾਮ 'ਕੀਤਾ ਜਾ ਰਿਹਾ ਨਫਰਤੀ ਪ੍ਰਚਾਰ ਬੰਦ ਕਰਾਉਣ ਲਈ ਚਾਰਾਜੋਈ ਕੀਤੀ ਜਾਵੇ। ਇੱਥੇ ਜ਼ਿਕਰਯੋਗ ਹੈ ਕਿ ਭਾਰਤ ਤੇ ਪਾਕਿਸਤਾਨ ਤੋਂ ਇਲਾਵਾ ਦੁਨੀਆ ਦੇ ਹੋਰ ਕਿਸੇ ਵੀ ਮੁਲਕ ਵਿਚ ਸਰਹੱਦਾਂ 'ਤੇ ਝੰਡਾ ਲਹਿਰਾਉਣ ਦੇ ਨਾਮ ਹੇਠ ਨਫਰਤ ਦਾ ਦੁਸ਼ਟ ਪ੍ਰਚਾਰ ਨਹੀਂ ਕੀਤਾ ਜਾਂਦਾ। ਇਹ ਪ੍ਰਥਾ ਸਭ ਤੋਂ ਪਹਿਲਾਂ ਭਾਰਤ ਵੱਲੋਂ ਸ਼ੁਰੂ ਕੀਤੀ ਗਈ ਸੀ ਜਿਸ ਨੂੰ ਬਾਅਦ ਵਿਚ ਪਾਕਿਸਤਾਨ ਨੇ ਵੀ ਅਪਣਾ ਲਿਆ। ਕਿੰਨਾ ਚੰਗਾ ਹੋਵੇ ਜੇਕਰ ਪਾਕਿਸਤਾਨ ਆਪਣੇ ਤੌਰ 'ਤੇ ਇਸ ਨਫ਼ਰਤ ਦੇ ਬਾਜ਼ਾਰ ਨੂੰ ਬੰਦ ਕਰ ਦੇਵੇ। ਅਜਿਹੇ ਵਿਚ ਭਾਰਤ ਵਲੋਂ ਕੀਤੀ ਜਾ ਰਹੀ ਇਹ ਕਾਰਵਾਈ ਆਪਣੇ ਆਪ ਹੀ ਅਰਥਹੀਣ ਹੋ ਕੇ ਰਹਿ ਜਾਵੇਗੀ।

## ਬਟਵਾਰਾ

***(ਪਿਛਲੇ ਸਫੇ ਦਾ ਬਾਕੀ)***

ਜਦੋਂ ਪਤਾ ਲਗਾ ਕਿ ਪਿੱਛਲੇ ਪਿੰਡਾਂ ਤੋਂ ਇਕ ਵੱਡਾ ਕਾਫਲਾ ਪਾਕਿਸਤਾਨ ਵੱਲ ਜਾਣ ਲਈ ਆ ਰਿਹਾ ਤਾਂ ਪਿੰਡ ਵਾਸੀਆਂ ਉਸ ਕਾਫਲੇ ਵਿਚ ਮੁਸਲਮਾਨ ਭਰਾਵਾਂ ਨੂੰ ਸ਼ਾਮਲ ਕਰਨ ਦੀ ਤਿਆਰੀ ਕੱਸ ਲਈ।

ਕੋਈ ਝੋਲੇ ਭਰ ਗੁੜ-ਸ਼ੱਕਰ ਲੈ ਆਇਆ ਤੇ ਕਿਸੇ ਆਟਾ-ਚੌਲ ਤੇ ਖੇਸ-ਚਾਦਰਾਂ ਲਿਆ ਢੇਰੀ ਕੀਤੀਆਂ!

ਮੋਲ੍ਹੇਧਾਰ ਪੈ ਰਹੇ ਮੀਂਹ ਨੇ ਜਲ-ਥਲ ਕਰ ਦਿੱਤੀ। ਕੱਚੇ ਰਾਹ ਚਿੱਕੜਾਂ ਨਾਲ ਭਰ ਗਏ। ਪਹਿਲਾਂ ਹੀ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਸੀ ਉਪਰੋਂ ਬਾਰਸ਼ਾਂ ਨੇ ਉਜਾੜੇ ਦਾ ਪੰਧ ਹੋਰ ਮੁਹਾਲ ਕਰ ਦਿੱਤਾ।

ਕਰਤਾਰ ਸਿੰਘ ਨੇ ਇਸ ਮੁਸ਼ਕਿਲ ਦੀ ਘੜੀ ਮਦੱਦ ਕਰਦਿਆਂ ਜਿਥੇ ਗੱਡਾ ਦਿਤਾ ਉਥੇ ਰਾਮ ਸ਼ਰਨ ਨੇ ਬਲਦਾਂ ਦੀ ਜੋੜੀ ਦਾ ਰੱਸਾ ਮੁਸਲਮਾਨ ਭਰਾਵਾਂ ਨੂੰ ਆਣ ਫੜਾਇਆ।

ਨੌਂ-ਦਸ ਸਾਲ ਦਾ ਤਾਰਾ, ਹੈਦਰ ਤੇ ਸ਼ਾਮ ਗੁਆਂਢੀ ਵੀ ਅਤੇ ਜਮਾਤੀ ਵੀ ਸਨ। ਉਹ ਅਕਸਰ ਇੱਕਠੇ ਸਕੂਲ ਜਾਂਦੇ, ਰਲ ਨਹਿਰੀ ਨਹਾਉਂਦੇ। ਖੇਡਾਂ ਖੇਡਦਿਆਂ ਨੂੰ ਕਦੋਂ ਰਾਤ ਪੈ ਜਾਂਦੀ ਪਤਾ ਨਾ ਲਗਦਾ। ਜਿਧਰ ਪੱਕੀ ਹੁੰਦੀ ਓਧਰ ਖਾ ਕੇ ਸੌਂ ਜਾਂਦੇ।

ਜਦੋਂ ਜਿਗਰੀ ਯਾਰਾਂ ਨੂੰ ਬਟਵਾਰੇ ਦਾ ਪਤਾ ਲਗਾ ਤਾਂ ਉਨ੍ਹਾਂ ਦੇ ਕਲੇਜੇ ਦਾ ਰੁੱਗ ਭਰਿਆ ਗਿਆ। ਇਹ ਸਦੀਵੀ ਵਿਛੋੜਾ ਵੱਡਿਆਂ ਲਈ ਅਸਹਿ ਸੀ, ਉਹ ਤਾਂ ਫੇਰ ਮਲੂਕ ਜੇਹੇ ਬਾਲ ਸਨ।

ਬਸ਼ੀਰਾਂ ਦੇ ਨਿਕਾਹ ਵਿਚ ਥੋੜੇ ਦਿਨ ਬਚੇ ਸਨ ਕਿ ਰੌਲੇ ਪੈ ਗਏ। ਕੋਈ ਉਹਦੇ ਦਰਦ ਨੂੰ ਕਿਵੇਂ ਨਾਪ ਸਕਦਾ ਸੀ। ਜਿਸ ਰੀਝਾਂ ਦਾ ਆਟਾ ਚਾਵਾਂ ਦੀਆਂ ਮੁੱਕੀਆਂ ਨਾਲ ਗੁਣਿਆ ਹੋਵੇ, ਪਰ ਪੱਕਾ ਕੇ ਖਾਣੀਆਂ ਨਸੀਬ ਨਾ ਹੋਣ ਇਸ ਪੀੜ ਨੂੰ ਉਹੀ ਜਾਣ ਸਕਦੀ ਸੀ!

ਅੱਜ ਮੁਸਲਮ ਭਾਈਚਾਰੇ ਦੀ ਹਿਰਦੇਵੇਦਕ ਰੁਖ਼ਸਤ ਸੀ। ਸਾਰਾ ਪਿੰਡ ਸੋਗ ਵਿਚ ਡੁੱਬ ਗਿਆ। ਉਜੜ-ਪੁੱਜੜ ਕੇ ਜਾਣ ਵਾਲਿਆਂ ਨੂੰ ਮੁੜ ਕਦੀ ਵੇਖਣਾ ਨਸੀਬ ਹੋਣਾ ਵੀ ਹੈ ਜਾਂ ਨਹੀਂ, ਸੋਚ ਹਰੇਕ ਦਾ ਗੱਚ ਭਰ ਆਉਂਦਾ॥ ਹਰ ਕੋਈ ਉਨ੍ਹਾਂ ਨੂੰ ਧੀਰਜ ਦੇਂਦਾ ਤੇ ਗਲੇ ਮਿਲ ਫਿਸ ਪੈਂਦਾ। ਦੋਪਾਸੜ ਹੰਝੂਆਂ ਦਾ ਹੜ੍ਹ ਠੱਲਿਆਂ ਨਹੀਂ ਸੀ ਜਾ ਰਿਹਾ।

ਜਿਨ੍ਹਾਂ ਪਿਤਾ-ਪੁਰਖੀ ਘਰਾਂ ਨੂੰ ਤੀਲਾ ਤੀਲਾ ਕਰ ਬਣਾਇਆ ਹੋਵੇ...ਜਿਨ੍ਹਾਂ ਨਾਲ ਤੁਹਾਡੀਆਂ ਯਾਦਾਂ, ਚਾਅ-ਰੀਝਾਂ ਤੇ ਭਾਵਨਾਵਾਂ ਜੁੜੀਆਂ ਹੋਣ, ਉਨ੍ਹਾਂ ਹਰੇ-ਭਰੇ ਘਰਾਂ ਨੂੰ ਛੱਡਦਿਆਂ ਕਲੇਜਾ ਮੂੰਹ ਨੂੰ ਆਉਂਦਾ। ਤੁਰ ਜਾਣ ਵਾਲੇ ਜਦੋਂ ਆਪਣਿਆਂ ਘਰਾਂ ਨੂੰ ਨਿਹਾਰਦੇ ਤਾਂ ਭੁੱਬੀਂ ਵਹਿੰਦੇ ਵੇਖੇ ਨਾ ਜਾਂਦੇ।

ਨੰਬਰਦਾਰ ਨੇ ਜਦੋਂ ਮੁਸਲਿਮ ਭਰਾਵਾਂ ਨੂੰ ਆਪੋ-ਆਪਣੇ ਘਰਾਂ ਨੂੰ ਤਾਲੇ ਮਾਰਨ ਲਈ ਕਿਹਾ ਤਾਂ ਉਨ੍ਹਾਂ ਦੇ ਸਬਰ ਦਾ ਕੜ ਪਾਟ ਗਿਆ। ਉਹ ਰੋਣ-ਹਾਕੇ ਬਸ ਏਨਾ ਹੀ ਕਹਿ ਸਕੇ, " ਨੰਬਰਦਾਰ ਸਾਬ੍ਹ ਤਾਲੇ ਉਨ੍ਹਾਂ ਚੀਜ਼ਾਂ ਨੂੰ ਮਾਰੀਦੇ ਹਨ ਜੋ ਆਪਣੀਆਂ ਹੋਣ...ਲਾਵਾਰਸਾਂ ਨੂੰ ਤਾਲੇ ਕਿਸ ਕੰਮ!"

ਕਿੱਢੀ ਵੱਡੀ ਤਰਾਸਦੀ ਕਿ ਉੱਜੜਨ ਵਾਲੇ, ਉੱਜੜੇ ਕੇ ਆ ਰਹੇ ਕਾਫਲੇ ਨੂੰ ਸਹਾਰਾ ਸਮਝ ਉਡੀਕ ਰਹੇ ਸਨ।

ਹਨੇਰ ਸਾਈਂ ਦਾ ਜਿਸ ਸਰਜ਼ਮੀਂ 'ਤੇ ਮਨੁੱਖਾਂ ਦਾ ਬਚਪਨ ਮਸਤੀ ਵਿਚ ਮੌਲਿਆ, ਜਵਾਨੀਆਂ ਨੇ ਰੱਜ ਲੁਡੀਆਂ ਪਾਈਆਂ ਤੇ ਬੁਢਾਪਾ ਬਾਗ ਪਰਿਵਾਰਾਂ ਵਿਚ ਸੁੱਖੀ-ਸਾਂਦੀ ਹੰਢਿਆ, ਅੱਜ ਉਹ ਜਨਮ ਭੂਮੀ ਜਾਨ ਦਾ ਖੌ ਜਾਪ ਰਹੀ ਸੀ!

ਜਦੋਂ ਵੱਡਾ ਕਾਫਲਾ ਪਿੰਡ ਦੇ ਕੋਲ ਅਪੜਿਆ ਤਾਂ ਮੋਹਤਬਰਾਂ ਅੱਗੇ ਹੋ ਰੁੱਕਣ ਲਈ ਮਿੰਨਤਾਂ ਕੀਤੀਆਂ । ਡੌਰ-ਭੌਰ ਤੇ ਖ਼ੌਫਜ਼ਦਾ ਹੋਏ ਲੋਕਾਂ ਤਰਸ ਦੇ ਪਾਤਰ ਬਣੇ ਦਿਖਾਈ ਦੇ ਰਹੇ ਸਨ।

ਅੱਥਰੀ ਤੇ ਮੂਕ ਅਵਸਥਾ ਮਨੁਖਾਂ ਨੂੰ ਬੁੱਤ ਬਣਾ ਦੇਂਦੀ ਹੈ। ਪਿੰਡ ਵਾਲਿਆਂ ਉਨ੍ਹਾਂ ਨੂੰ ਸਰਦਾ-ਪੁੱਜਦਾ ਖਾਣ-ਪੀਣ ਦਾ ਸਮਾਨ ਦਿਤਾ ਅਤੇ ਅਪਣੇ ਕਾਫਲੇ 'ਚ' ਪਣਾਹ ਦੇਣ ਲਈ ਕਿਹਾ ।

ਮੁਸਲਮਾਨ ਪਰਿਵਾਰਾਂ ਨੂੰ ਵਿਦਾ ਕਰਨ ਲਈ ਸਾਰੇ ਭਾਈਚਾਰੇ, ਹਥਿਆਰਬੰਦ ਘੋੜਸਵਾਰ ਤੇ ਪੈਦਲ ਰੱਖਵਾਲੇ ਕਾਫਲੇ ਦੇ ਨਾਲ ਨਾਲ ਚਲ ਰਹੇ ਸਨ।

ਤੋਰਨ ਆਏ ਚਿੱਕੜ 'ਚ ਖੁੱਭੇ ਗੱਡਿਆਂ ਨੂੰ ਧੱਕਾ ਲਾ ਅੱਗੇ ਤੋਰਦੇ ਅਤੇ ਕਈ ਮੀਂਹ ਵਿਚ ਭਿੱਜਦਿਆਂ ਨੂੰ ਆਪਣੇ ਤੋਂ ਖੇਸ ਲਾਹ ਢੱਕਦੇ!

ਜਦੋਂ ਭਰੇ ਮਨਾਂ ਨਾਲ ਅਲਵਿਦਾ ਕਹਿਣ ਦਾ ਵੇਲਾ ਆਇਆ ਤਾਂ ਤਾਰਾ , ਹੈਦਰ ਤੇ ਸ਼ਾਮ ਭੁੱਬਾਂ ਮਾਰ ਇਕ ਦੂਸਰੇ ਨੂੰ ਚੰਬੜ ਗਏ।

ਇਨ੍ਹਾਂ ਮਸੂਮ ਜਿੰਦਾਂ ਨੂੰ ਜੁਦਾ ਕਰਨਾ, ਵਜੂਦ ਨੂੰ ਵਜੂਦ ਨਾਲੋਂ ਤੋੜਨ ਵਾਂਗ ਸੀ।

ਤੁਰ ਜਾਣ ਵਾਲਿਆਂ ਤੇ ਤੋਰਨ ਆਇਆਂ ਦੀਆਂ ਨਜ਼ਰਾਂ ਪੁੱਛ ਰਹੀਆਂ ਸਨ ਇਹ ਬਟਵਾਰਾ ਹੈ ਜਾਂ ਉਜਾੜਾ।

# ਸੰਦਲੀ ਪਟਾਰੀ-ਕਰਨੈਲ ਸਿੰਘ ਪਾਰਸ

***ਕਵੀਸ਼ਰੀ ਵਿਚ ਕਰਨੈਲ ਸਿੰਘ ਪਾਰਸ ਦਾ ਆਪਣਾ, ਨਿਵੇਕਲਾ ਤੇ ਨਿਆਰਾ ਸਥਾਨ ਹੈ। ਉਹਨੇ ਵੱਖ-ਵੱਖ ਲੋਕ-ਗਾਥਾਵਾਂ ਇਸ ਰੰਗ ਵਿਚ ਪੇਸ਼ ਕੀਤੀਆਂ ਕਿ ਇਹ ਨਵੇਂ ਸਿਰਿਓਂ ਪੰਜਾਬੀ ਲੋਕ-ਮਨ ਵਿਚ ਗੂੰਜ ਉੱਠੀਆਂ। ਉਹਦੀ ਕਵੀਸ਼ਰੀ ਲੋਕ-ਕਵਿਤਾ ਵਾਂਗ ਪੰਜਾਬੀ ਮਨ ਦਾ ਹਿੱਸਾ ਬਣ ਗਈ। ਉਸ ਦੀ ਕਵਿਤਾ ਵਿਚ ਪੰਜਾਬ ਦੀ ਸੁੱਚੀ ਰੂਹ ਸਮੋਈ ਹੋਈ ਹੈ। ਪਾਰਸ ਅਤੇ ਉਸ ਦੀ ਕਵੀਸ਼ਰੀ ਬਾਰੇ ਉੱਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਹ ਲੇਖ ਭੇਜਿਆ ਹੈ। ਇਹ ਲਿਖਤ ਕਰਨੈਲ ਸਿੰਘ ਪਾਰਸ ਅਤੇ ਢਾਡੀ ਪਰੰਪਰਾ ਦੇ ਹੂ-ਬ-ਹੂ ਦਰਸ਼ਨ ਕਰਵਾਉਂਦੀ ਹੈ।***

ਕਾਲੇ ਤਵਿਆਂ ਵਿਚੋਂ ਲਿਸ਼ਕਦਾ ਕਰਨੈਲ ਸਿੰਘ ਪਾਰਸ ਦਾ ਨਾਂ ਤੇ ਗੂੰਜਦੀ ਗੜ੍ਹਕਦੀ ਆਵਾਜ਼ ਤਾਂ ਪੰਜਾਬ ਦੀਆਂ ਹਵਾਵਾਂ ਤੇ ਫ਼ਿਜ਼ਾਵਾਂ ਵਿਚ ਬੜੇ ਸਾਲਾਂ ਤੋਂ ਆਪਣੇ ਰਸਾਂ-ਰੰਗਾਂ ਸਮੇਤ ਆਮ ਪੰਜਾਬੀਆਂ ਵਾਂਗ ਮੇਰੇ ਸਿਰ 'ਤੇ ਵੀ ਜਾਦੂ ਵਾਂਗ ਧੂੜੀ ਹੋਈ ਸੀ, ਪਰ ਪਾਰਸ ਨੂੰ ਮਿਲਣ ਦਾ ਸਬੱਬ ਉਦੋਂ ਜਾ ਕੇ ਬਣਿਆਂ, ਜਦੋਂ ਉਹਨੇ ਆਪਣਾ ਕਵੀਸ਼ਰੀ-ਲੰਗੋਟ ਲਾਹ ਕੇ ਕਿੱਲੀ ਉੱਤੇ ਟੰਗ ਦਿਤਾ ਸੀ ਅਤੇ ਰਾਮੂਵਾਲੇ ਨੂੰ ਛੱਡ ਕੇ ਕਨੇਡਾ ਵਿਚ ਆਪਣੇ ਪਰਿਵਾਰ ਦੇ ਜੀਆਂ ਕੋਲ ਵਸੇਬਾ ਕਰ ਲਿਆ ਸੀ। 'ਪੰਜਾਬੀ ਸੱਥ' ਲਾਂਬੜਾ ਨੇ ਹਰੇਕ ਸਾਲ ਪੰਜਾਬੀ ਸਾਹਿਤ-ਸਭਿਆਚਾਰ ਦੀਆਂ ਵੱਡੀਆਂ ਸ਼ਖਸੀਅਤਾਂ ਨੂੰ ਸਨਮਾਨਤ ਕਰਨ ਵਾਲੇ ਸਾਲਾਨਾ ਪ੍ਰੋਗਰਾਮ ਵਿਚ ਕਰਨੈਲ ਸਿੰਘ ਪਾਰਸ ਨੂੰ ਕਵੀਸ਼ਰੀ ਦੇ ਖੇਤਰ ਵਿਚ ਪਾਏ ਉਹਦੇ ਲਾਸਾਨੀ ਯੋਗਦਾਨ ਲਈ ਸਨਮਾਨਤ ਕਰਨਾ ਸੀ।



ਕਰਨੈਲ ਸਿੰਘ

**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵਟਸਐਪ-98726-02296**

ਪਾਰਸ, ਰਾਮ ਸਰੂਪ ਅਣਖੀ ਤੇ ਕੁੱਝ ਹੋਰ ਵਿਦਵਾਨ ਇਸ ਸਮਾਗਮ ਦੀ ਸੋਭਾ ਸਨ। ਸਮਾਗਮ ਦੀ ਪ੍ਰਧਾਨਗੀ ਗੁਰਬਚਨ ਸਿੰਘ ਭੁੱਲਰ ਕਰ ਰਿਹਾ ਸੀ। ਜਾਣਦਾ ਤਾਂ ਉਹ ਪਾਰਸ ਨੂੰ ਪਹਿਲਾਂ ਹੀ ਸੀ, ਪਰ ਆਪਣੇ ਮਖ਼ਸੂਸ ਅੰਦਾਜ਼ ਵਿਚ ਉਹਨੇ ਆਪਣੇ ਪਿੱਛੇ ਖਲੋਤੇ ਪਾਰਸ ਕੋਲੋਂ ਉਸ ਬਾਰੇ ਜਾਨਣਾ ਚਾਹਿਆ। ਬਜ਼ੁਰਗ ਪਾਰਸ ਵੀ ਸੋਚਦਾ ਹੋਵੇਗਾ ਕਿ ਜਿਸ ਬੰਦੇ ਨੇ ਸਮਾਗਮ ਦੀ ਪ੍ਰਧਾਨਗੀ ਕਰਨੀ ਹੋਵੇ, ਉਹ ਉਸ ਬਾਰੇ ਜਾਣਦਾ ਤਾਂ ਹੋਵੇਗਾ ਹੀ, ਪਰ ਹੁਣ ਜਾਣ-ਬੁੱਝ ਕੇ ਅਣਜਾਣ ਬਣਨ ਦਾ ਵਿਖ਼ਾਲਾ ਕਰ ਰਿਹਾ ਹੈ। ਪਾਰਸ ਨੇ ਵੀ ਸਿੱਧਾ ਜਵਾਬ ਦੇਣ ਦੀ ਥਾਂ ਆਪਣੇ ਮਖ਼ਸੂਸ ਅੰਦਾਜ਼ ਵਿਚ ਕਿਹਾ, "ਮੈਂ ਬਲਵੰਤ ਸੁੰਹ ਰਾਮੂਵਾਲੀਏ ਦਾ ਪਿਉ ਆਂ।"

ਇਸ ਜਵਾਬ ਵਿਚ ਮਿੱਠੀ ਜਿਹੀ ਮਸ਼ਕਰੀ ਵੀ ਸੀ ਤੇ ਡੂੰਘੀ ਹਕੀਕਤ ਵੀ। ਸਾਡੀ ਆਪਣੇ ਲੇਖਕਾਂ, ਕਲਾਕਾਰਾਂ ਲਈ ਘਟਦੀ ਜਾਂਦੀ ਅਪਣੱਤ ਤੇ ਰਾਜਨੀਤਕ ਲੋਕਾਂ ਦੀ ਲੋੜੋਂ ਵੱਧ ਵਧਦੀ ਜਾਂਦੀ ਚਾਪਲੂਸੀ ਦੀ ਅਹਿਮੀਅਤ 'ਤੇ ਕਰੜਾ ਵਿਅੰਗ ਵੀ ਸੀ। ਬਲਵੰਤ ਸਿੰਘ ਉਨ੍ਹੀਂ ਦਿਨੀਂ ਕੇਂਦਰ ਵਿਚ ਵਜ਼ੀਰ ਸੀ। ਕਰਨੈਲ ਸਿੰਘ ਪਾਰਸ ਸ਼ਾਇਦ ਇਹ ਕਹਿਣਾ ਚਾਹ ਰਿਹਾ ਸੀ ਕਿ ਭਾਈ! ਜੇਕਰ ਤੁਸੀਂ ਅੱਧੀ ਸਦੀ ਤੋਂ ਵੱਧ ਪੰਜਾਬ ਦੀਆਂ ਸਟੇਜਾਂ ਦਾ ਸ਼ਿੰਗਾਰ ਬਣੇ ਰਹਿਣ ਵਾਲੇ ਕਵੀਸ਼ਰ-ਕਲਾਕਾਰ ਬਾਰੇ ਅਜੇ ਤੱਕ ਅਣਜਾਣ ਹੋ ਤੇ ਜੇ ਤੁਸੀਂ ਰਾਜਨੀਤੀਵਾਨਾਂ ਨੂੰ ਹੀ ਪਛਾਣਦੇ ਓ ਤਾਂ ਬਲਵੰਤ ਸਿੰਘ ਰਾਮੂਵਾਲੀਏ ਦੇ ਹਵਾਲੇ ਨਾਲ ਹੀ ਮੈਨੂੰ ਪਛਾਣ ਲਵੋਗੇ। ਗੁਰਬਚਨ ਸਿੰਘ ਭੁੱਲਰ ਵੀ ਆਖ਼ਰ 'ਗੁਰਬਚਨ ਸਿੰਘ ਭੁੱਲਰ' ਹੋਇਆ! ਕਹਿਣ ਲੱਗਾ, "ਬਜ਼ੁਰਗੋ! ਅਸੀਂ ਬਲਵੰਤ ਸਿੰਘ ਰਾਮੂਵਾਲੀਏ ਦੇ ਪਿਉ ਨੂੰ ਨਹੀਂ ਜਾਣਦੇ। ਅਸੀਂ ਤਾਂ ਉਸ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਨੂੰ ਜਾਣਦੇ ਹਾਂ, ਜਿਹਦਾ ਮੁੰਡਾ ਬਲਵੰਤ ਸਿੰਘ ਰਾਮੂਵਾਲੀਆ ਏ ਅਤੇ ਉਸਤੋਂ ਵੀ ਵੱਧ ਅਸੀਂ ਉਸ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਨੂੰ ਪਿਆਰਦੇ ਸਤਿਕਾਰਦੇ ਆਂ, ਜੀਹਦੀਆਂ 'ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ' ਵਰਗੀਆਂ ਕਵਿਤਾਵਾਂ ਅਸੀਂ ਬਚਪਨ ਵਿਚ ਗੁਣਗੁਣਾਇਆ ਤੇ ਗਾਇਆ ਕਰਦੇ ਸਾਂ, ਤੇ ਜੀਹਨੂੰ ਵੇਖਣ ਤੇ ਸੁਣਨ ਦੀ ਰੀਝ ਹਰ ਪਲ ਸਾਡੇ ਮਨ ਵਿਚ ਮਚਲਦੀ ਰਹਿੰਦੀ ਸੀ। ਜੇ ਤੁਸੀਂ ਓਹੋ ਹੀ ਕਰਨੈਲ ਸਿੰਘ ਪਾਰਸ ਓ, ਜੋ ਸਾਡੇ ਬਚਪਨ ਤੋਂ ਹੀ ਸਾਡੇ ਚੇਤਿਆਂ ਵਿਚ ਵੱਸਿਆ ਹੋਇਆ ਏ ਤਾਂ ਤੁਹਾਨੂੰ ਮੇਰੀ ਬਹੁਤ ਬਹੁਤ ਨਮਸਕਾਰ!"

ਪੰਜਾਬ ਦੇ ਇਸ ਅਜ਼ੀਮ ਕਵੀਸ਼ਰ ਨੂੰ ਇਹ ਸਮੁੱਚੇ ਪੰਜਾਬੀ ਮਨਾਂ ਦੀ ਨਮਸਕਾਰ ਸੀ।

ਕਈ ਸਾਲਾਂ ਬਾਅਦ ਲਾਂਬੜੇ ਵਾਲੇ ਸਨਮਾਨ ਸਮਾਗਮ ਦੀ ਗੱਲ ਪਾਰਸ ਨਾਲ ਕੁੱਝ ਇੰਜ ਹੋਈ। ਨਿੰਦਰ ਘੁਗਿਆਣਵੀ ਪਾਰਸ ਬਾਰੇ ਕਿਤਾਬ ਲਿਖ ਰਿਹਾ ਸੀ। ਇੱਕ ਰਾਤ ਨੂੰ ਉਹਦਾ ਫ਼ੋਨ ਆਇਆ, "ਅੰਕਲ ਜੀ! ਮੈਂ ਰਾਮੂਵਾਲੇ ਤੋਂ ਬੋਲਦਾਂ। ਬਾਪੂ ਪਾਰਸ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਨੇ।"

ਉਹਨੇ ਫ਼ੋਨ ਪਾਰਸ ਨੂੰ ਫੜਾ ਦਿੱਤਾ। ਪਾਰਸ ਬੋਲ ਰਿਹਾ ਸੀ, "ਸੰਧੂ! ਤੂੰ ਲਾਂਬੜੇ ਵਾਲੇ ਸਮਾਗਮ 'ਤੇ ਜੋ ਕੁੱਝ ਮੇਰੇ ਬਾਰੇ ਬੋਲਿਆ ਸੀ, ਮੈਨੂੰ ਹੁਣ ਤੱਕ ਯਾਦ ਐ। ਤੂੰ ਉਹ ਲਫ਼ਜ਼ ਬੋਲ ਕੇ ਮੈਨੂੰ ਬਹੁਤ ਮਾਣ ਦਿੱਤਾ ਸੀ ਭਾਈ! ਮੈਂ ਤੇਰਾ ਬਹੁਤ ਧੰਨਵਾਦ ਕਰਦੈਂ।"

ਤੇ ਉਹ ਮੇਰੇ ਬੋਲੇ ਲਫ਼ਜ਼ਾਂ ਦੇ ਸਵਾਦ ਵਿਚ ਗੜੂੰਦ ਹੋਇਆ ਉਨ੍ਹਾਂ ਦੇ ਵਿਸਥਾਰ ਵਿਚ ਵਹਿ ਗਿਆ।

ਲਾਂਬੜੇ ਵਾਲੇ ਸਮਾਗਮ ਦਾ ਮੈਂ ਮੰਚ-ਸੰਚਾਲਕ ਸਾਂ। ਸਨਮਾਨ ਲੈਣ ਵਾਲੀਆਂ ਤੇ ਹੋਰ ਸ਼ਖ਼ਸੀਅਤਾਂ ਵਾਰੀ ਵਾਰੀ ਬੋਲ ਗਈਆਂ ਸਨ।

ਸਟੇਜ ਸੰਚਾਲਕ ਦੀ ਸੇਵਾ ਨਿਭਾਉਂਦਿਆਂ ਮੈਂ ਰਾਮ ਸਰੂਪ ਅਣਖੀ ਵਰਗੇ ਆਪਣੇ ਖ਼ੇਤਰ ਦੇ ਨਾਮਵਰ ਲੋਕਾਂ ਨੂੰ, ਵਾਰੀ ਵਾਰੀ, ਸਟੇਜ 'ਤੇ ਬੁਲਾ ਕੇ ਸਨਮਾਨ ਦੇਣ ਦੀ ਰਸਮ ਅਦਾ ਕਰਨ ਪਿੱਛੋਂ ਕਿਹਾ, "ਦੋਸਤੋ! ਤੁਸੀਂ ਸੋਚਦੇ ਹੋਵੋਗੇ ਕਿ ਮੈਂ ਕਰਨੈਲ ਸਿੰਘ ਪਾਰਸ ਹੁਰਾਂ ਨੂੰ ਸਨਮਾਨਤ ਕਰਨ ਤੇ ਬੁਲਾਉਣ ਲਈ ਸਮਾਗਮ ਦੇ ਸਭ ਤੋਂ ਅਖ਼ੀਰ 'ਤੇ ਕਿਉਂ ਰੱਖਿਆ ਏ? ਸ਼ਾਇਦ ਪਾਰਸ ਹੁਰੀਂ ਵੀ ਅੰਦਰੇ ਅੰਦਰ ਮੇਰੇ 'ਤੇ ਖ਼ਫ਼ਾ ਹੋ ਰਹੇ ਹੋਣਗੇ ਕਿ ਮੈਂ ਉਨ੍ਹਾਂ ਦਾ ਨਾਂ ਅੱਗੇ ਤੋਂ ਅੱਗੇ ਟਾਲ਼ੀ ਜਾ ਰਿਹਾਂ। ਪਰ ਮੈਂ ਜਾਣਦਾਂ ਕਿ ਅੱਜ ਦੇ ਮੇਲੇ ਦਾ ਮੁੱਖ ਆਕਰਸ਼ਣ ਪਾਰਸ ਹੁਰੀਂ ਹੀ ਨੇ। ਜਿੰਨਾਂ ਚਿਰ ਸਰੋਤੇ ਪਾਰਸ ਹੁਰਾਂ ਨੂੰ ਸੁਣ ਨਹੀਂ ਲੈਣਗੇ, ਓਨਾ ਚਿਰ ਪੰਡਾਲ ਵਿਚੋਂ ਉੱਠ ਕੇ ਨਹੀਂ ਜਾਣ ਲੱਗੇ। ਸਰੋਤਿਆਂ ਨੂੰ ਅਖ਼ੀਰ ਤੱਕ ਬੰਨ੍ਹ ਕੇ ਬਿਠਾਈ ਰੱਖਣਾ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹੁੰਦੀ ਹੈ। ਅਸੀਂ ਜਦੋਂ ਛੋਟੇ ਹੁੰਦੇ ਸਾਂ ਤਾਂ ਦੀਵਾਲੀ ਵਾਲੀ ਰਾਤ ਨੂੰ ਪਟਾਕੇ, ਬੰਬ, ਹਵਾਈਆਂ, ਸ਼ੁਰਲੀਆਂ, ਫੁੱਲਝੜੀਆਂ ਤੇ ਆਤਿਸ਼ਬਾਜ਼ੀ ਦਾ ਹੋਰ ਸਮਾਨ ਚਲਾ ਕੇ ਦੀਵਾਲੀ ਦਾ ਆਨੰਦ ਮਾਣਦੇ ਸਾਂ ਪਰ ਜਦੋਂ ਸਾਰਾ ਕੁੱਝ ਖ਼ਤਮ ਹੋ ਜਾਂਦਾ ਤਾਂ ਇੱਕ ਵੱਡਾ ਅਨਾਰ ਇਸ ਲਈ ਸਾਂਭ ਕੇ ਰੱਖਿਆ ਹੁੰਦਾ ਸੀ ਕਿ ਆਖ਼ਰ ਵਿਚ ਚੱਲਣ ਵਾਲਾ ਇਹ ਅਨਾਰ ਆਪਣੀ ਰੌਸ਼ਨੀ ਨਾਲ ਝਿਲਮਿਲਾਉਂਦੇ ਤਾਰਿਆਂ-ਚੰਗਿਆੜਿਆਂ ਦੇ ਜਲੌਅ ਸਮੇਤ ਸਾਡੇ ਚੇਤਿਆਂ ਵਿਚ ਸਾਲ ਭਰ ਲਿਸ਼ਕਦਾ ਰਹੇ। ਮੈਂ ਵੀ ਆਪਣਾ ਇਹ ਵੱਡਾ ਅਨਾਰ ਅਖ਼ੀਰ ਉੱਤੇ ਚਲਾਉਣ ਲਈ ਰੱਖ ਛੱਡਿਆ ਸੀ। ਪੰਜਾਬੀ ਕਵੀਸ਼ਰੀ ਦਾ ਇਹ ਅਨਾਰ ਤਾਂ ਪਿਛਲੇ ਕਈ ਦਹਾਕਿਆਂ ਤੋਂ ਪੂਰੀ ਆਭਾ ਨਾਲ ਸਾਡੇ ਚੇਤਿਆਂ ਵਿਚ ਲਿਸ਼-ਲਿਸ਼ ਲਿਸ਼ਕ ਰਿਹਾ ਏ ਪਰ ਅੱਜ ਇੱਕ ਵਾਰ ਫੇਰ ਉਨ੍ਹਾਂ ਦੇ ਬੋਲਾਂ ਵਿਚੋਂ ਝਰਦੀਆਂ ਸ਼ੁਆਵਾਂ ਦਾ ਜਲੌਅ ਮਾਣੋ।"

ਸਰੋਤਿਆਂ ਨੇ ਗੜਗੜਾਉਂਦੀਆਂ ਤਾੜੀਆਂ ਨਾਲ ਮੇਰੇ ਬੋਲਾਂ ਦਾ ਹੁੰਗਾਰਾ ਭਰਿਆ। ਮੈਂ ਕੁੱਝ ਗ਼ਲਤ ਵੀ ਤਾਂ ਨਹੀਂ ਸੀ ਕਿਹਾ। ਪਾਰਸ ਅੱਜ ਵੀ ਕਵੀਸ਼ਰੀ ਦੇ ਇਤਿਹਾਸ ਦੇ ਆਕਾਸ਼ ਵਿਚ ਧਰੂ ਤਾਰੇ ਵਾਂਗ ਲਿਸ਼ਕ ਰਿਹਾ ਹੈ।

ਸਟੇਜ 'ਤੇ ਆ ਕੇ ਪਾਰਸ ਨੇ ਆਪਣੀ ਵਡੇਰੀ ਹੁੰਦੀ ਜਾ ਰਹੀ ਉਮਰ ਦੇ ਹਵਾਲੇ ਨਾਲ ਗੱਲ ਸ਼ੁਰੂ ਕੀਤੀ, "ਮੌਤ ਦਾ ਮੈਨੂੰ ਡਰ ਕੋਈ ਨਹੀਂ ਤੇ ਜਾਣ ਦੀ ਮੈਨੂੰ ਕਾਹਲ ਕੋਈ ਨਹੀਂ।"

ਪਹਿਲੇ ਹੀ ਦੋ ਵਾਕਾਂ ਨਾਲ ਉਹਨੇ ਸਰੋਤਿਆਂ ਨੂੰ ਆਪਣੀ ਮੁੱਠੀ ਵਿਚ ਲੈ ਲਿਆ। ਇਨ੍ਹਾਂ ਵਾਕਾਂ ਵਿਚ ਜ਼ਿੰਦਗੀ ਤੇ ਮੌਤ ਨੂੰ ਸਹਿਜ ਨਾਲ ਲੈਣ ਤੇ ਜਿਊਣ ਦਾ ਹੁਨਰ ਵੀ ਲੁਕਿਆ ਹੋਇਆ ਸੀ। ਫਿਰ ਕਿੰਨਾ ਹੀ ਚਿਰ ਲੋਕ ਉਹਦੇ ਲਿਸ਼ਕਦੇ, ਚਮਕਦੇ ਤੇ ਖੜਕਦੇ ਬੋਲਾਂ ਨਾਲ ਮੰਤਰ-ਮੁਗਧ ਹੋਏ ਬੈਠੇ, ਧੌਣਾਂ ਸਿੱਧੀਆਂ ਕਰ ਕੇ ਤੇ ਉਲਰ-ਉਲਰ ਕੇ ਉਹਨੂੰ ਵੇਖਦੇ ਤੇ ਸੁਣਦੇ ਰਹੇ। ਏਸੇ ਭਾਸ਼ਣ-ਯੋਗਤਾ ਤੇ ਗਾਇਣ-ਯੋਗਤਾ ਦੀ ਬਦੌਲਤ ਉਹਨੇ ਲੰਮਾਂ ਸਮਾਂ ਪੰਜਾਬੀ ਮਨਾਂ 'ਤੇ ਰਾਜ ਕੀਤਾ।

ਇਸ ਘਟਨਾ ਤੋਂ ਦਸ-ਬਾਰਾਂ ਸਾਲ ਬਾਅਦ ਕਨੇਡਾ ਤੋਂ ਪੰਜਾਬ ਆਏ ਕਰਨੈਲ ਸਿੰਘ ਪਾਰਸ ਦਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਰੂ-ਬ-ਰੂ ਕਰਵਾਇਆ ਗਿਆ। ਸਰੋਤਿਆਂ ਵਿਚ ਜਲੰਧਰ ਤੇ ਆਸ ਪਾਸ ਦੇ ਨਾਮਵਰ ਲੇਖਕ ਤੇ ਬੁੱਧਜੀਵੀ ਸ਼ਾਮਲ ਸਨ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਤਤਕਾਲੀ ਪ੍ਰਧਾਨ ਬਾਬਾ ਭਗਤ ਸਿੰਘ ਬਿਲਗਾ ਤੇ ਨਾਮਵਰ ਕਵੀਸ਼ਰ ਜੋਗਾ ਸਿੰਘ ਜੋਗੀ ਵੀ ਹਾਜ਼ਰ ਸਨ। ਜੋਗਾ ਸਿੰਘ ਜੋਗੀ ਦੀ ਵਾਰੀ ਆਈ ਤਾਂ ਉਹਨੇ ਕਵੀਸ਼ਰੀ ਦੇ ਖ਼ੇਤਰ ਵਿਚ ਪਾਰਸ ਦੇ ਪਾਏ ਯੋਗਦਾਨ ਦੀ ਗੱਲ ਵੀ ਕੀਤੀ ਤੇ ਪਾਰਸ ਨੂੰ ਆਪਣੇ ਗੁਰੂਆਂ ਵਰਗੇ ਪ੍ਰੇਰਨਾ ਸਰੋਤ ਹੋਣ ਦਾ ਮਾਣ ਦਿੰਦਿਆਂ ਪਾਰਸ ਦੇ ਲਿਖੇ ਛੰਦ ਦਾ ਇੱਕ ਬੰਦ ਕਵੀਸ਼ਰੀ ਅੰਦਾਜ਼ ਵਿਚ ਗਾ ਕੇ ਸੁਣਾਇਆ:

ਦਸਵੇਂ ਪਿਤਾ ਜੀ ਦਸਮੇਸ਼ ਚੋਜੀ ਜੀ,
ਪੈਜ ਰੱਖੋ ਬਾਣੇ ਦੀ,
ਕਵਿਤਾ 'ਚ ਪਾਵਣੇ ਦੀ ਆ 'ਜੇ ਸੋਝੀ ਜੀ,
ਪੇਟੇ ਅਤੇ ਤਾਣੇ ਦੀ,
ਅੜੇ ਨਾ ਅੜੀ ਛੰਦਾਂ ਦੀ
ਲੱਗ 'ਜੇ ਸਭਾ 'ਚ ਫੁੱਲਝੜੀ ਛੰਦਾਂ ਦੀ।

ਮੈਂ ਜੋਗੀ ਦੇ ਕੋਲ ਖਲੋਤਾ ਸਾਂ। ਪਤਾ ਨਹੀਂ ਮੇਰੇ ਅੰਦਰ ਕਿੱਥੋਂ ਦੱਬਿਆ ਸੋਮਾ ਫੁੱਟ ਨਿਕਲਿਆ। ਮੈਂ ਓਨੀ ਹੀ ਉੱਚੀ ਆਵਾਜ਼ ਤੇ ਓਸੇ ਅੰਦਾਜ਼ ਵਿਚ ਅਗਲਾ ਬੰਦ ਗਾਉਣਾ ਸ਼ੁਰੂ ਕਰ ਦਿੱਤਾ ਜਿਵੇਂ ਇੱਕ ਤੋਂ ਬਾਅਦ ਦੂਜਾ ਕਵੀਸ਼ਰ ਬੋਲ ਚੁੱਕਦਾ ਏ।

ਨੱਪ ਸੁੱਚ ਗੱਡੀ ਤੋਰ 'ਤੀ ਸਟੇਸ਼ਨੋ,
ਵੇਖਿਆ 'ਸਿੰਗਲ' ਨਾ।
ਕਵਿਤਾ ਦੇ ਲੱਡੂ ਬਣੇ ਬਿਨਾਂ ਵੇਸਣੋਂ,
ਪੜ੍ਹਿਆ ਪਿੰਗਲ ਨਾ,
ਨਾ ਮੈਂ ਮਾਹਿਰ ਗਿਆਨ 'ਚ।
ਭਰ ਦੇ ਮਿਠਾਸ ਸ਼ਾਇਰਾਂ ਦੀ ਜ਼ਬਾਨ 'ਚ।

ਦਰਸ਼ਕਾਂ-ਸਰੋਤਿਆਂ ਨੇ ਤਾੜੀਆਂ ਤਾਂ ਮਾਰਨੀਆਂ ਹੀ ਸਨ, ਉਹ ਮੇਰਾ ਇਹ ਰੂਪ ਵੇਖ ਕੇ ਹੈਰਾਨ ਤੇ ਖ਼ੁਸ਼ ਵੀ ਸਨ।

ਬਚਪਨ ਵਿਚ ਮੈਨੂੰ ਕਵੀਸਰਾਂ ਤੇ ਢਾਡੀਆਂ ਨੂੰ ਸੁਣਨ ਦਾ ਬੜਾ ਸ਼ੌਕ ਸੀ। ਸਾਡੇ ਆਪਣੇ ਪਿੰਡ ਵਿਚ ਹੀ ਦੋ-ਤਿੰਨ ਵੱਡੇ ਜੋੜ-ਮੇਲੇ ਲੱਗਦੇ ਸਨ। ਮੰਨੇ-ਪ੍ਰਮੰਨੇ ਢਾਡੀਆਂ ਤੇ ਕਵੀਸ਼ਰਾਂ ਨੂੰ ਸੁਣਨ ਦਾ ਸਬੱਬ ਬਣਦਾ ਰਹਿੰਦਾ। ਹੈਰਾਨੀ ਦੀ ਗੱਲ ਇਹ ਸੀ ਕਿ ਬਹੁਤੇ ਕਵੀਸ਼ਰ ਪਾਰਸ ਦੀ ਕਵੀਸ਼ਰੀ ਦੇ ਅਖ਼ੀਰ 'ਤੇ ਆਪਣਾ ਨਾਂ ਜੋੜ ਕੇ 'ਆਪਣੀ' ਬਣਾ ਲੈਂਦੇ। ਇਨ੍ਹਾਂ ਵਿਚੋਂ ਮਾਝੇ ਦੇ ਕਈ ਨਾਮੀ ਕਵੀਸ਼ਰ ਵੀ ਇਹ 'ਕੰਮ' ਕਰ ਲੈਂਦੇ ਸਨ। ਜਿਹੜਾ ਛੰਦ ਜੋਗਾ ਸਿੰਘ ਜੋਗੀ ਨੇ ਅੱਜ ਸੁਣਾਇਆ ਸੀ, ਇਹ ਤਾਂ ਅਸੀਂ ਸੈਂਕੜੇ ਵਾਰ ਕਵੀਸ਼ਰਾਂ ਕੋਲੋਂ ਸੁਣ ਚੁੱਕੇ ਸਾਂ, ਪਰ ਮੈਨੂੰ ਅੱਜ ਪਤਾ ਲੱਗਾ ਸੀ ਕਿ ਇਹ ਕਰਨੈਲ ਸਿੰਘ ਪਾਰਸ ਦਾ ਲਿਖਿਆ ਹੋਇਆ



ਸੀ। ਤੇ ਉਸਤੋਂ ਵੀ ਵੱਡੀ ਹੈਰਾਨੀ ਦੀ ਗੱਲ ਇਹ ਸੀ ਕਿ ਇਹ ਉਹਨੇ ਆਪਣੇ ਸਿਖਾਂਦਰੂ ਦੌਰ ਵਿਚ ਲਿਖਿਆ ਸੀ। ਪਾਰਸ ਦੱਸਦਾ ਸੀ ਇੱਕ ਵਾਰ ਮੁਕਤਸਰ ਮੇਲੇ 'ਤੇ ਉਸਨੇ ਮੋਹਨ ਸਿੰਘ ਰੋਡਿਆਂ ਵਾਲੇ ਦੇ ਜਥੇ ਦਾ ਪ੍ਰੋਗਰਾਮ ਸੁਣਿਆ; ਜੋ ਉਸਨੂੰ ਬਹੁਤ ਪਸੰਦ ਆਇਆ, ਤੇ ਉਹ ਮੋਹਨ ਸਿੰਘ ਨੂੰ ਮਿਲਣ ਦੀ ਠਾਣ ਕੇ ਉਸਦੇ ਰੂਬਰੂ ਜਾ ਹੋਇਆ।

ਉਹਨੇ ਮੋਹਨ ਸਿੰਘ ਨੂੰ ਆਪਣੀ ਲਿਖਣ ਦੀ ਰੁਚੀ ਬਾਰੇ ਦੱਸਿਆ ਤਾਂ ਮੋਹਨ ਸਿੰਘ ਨੇ ਉਹਨੂੰ ਆਪਣਾ ਲਿਖਿਆ ਕੁੱਝ ਸੁਣਾਉਣ ਲਈ ਕਿਹਾ। ਤੇ ਪਾਰਸ ਨੇ ਇਹ ਬੋਲ ਤੁਰੰਤ ਜੋੜ ਕੇ ਸੁਣਾ ਦਿੱਤੇ:

ਨਿੱਤ-ਨਿੱਤ ਕੱਠੀਆਂ ਨਾ ਹੋਣਾਂ ਰੂਹਾਂ ਨੇ,
ਗਤੀ ਦਾ ਆਉਂਦਾ ਵੇਗ ਨਹੀਂ,
ਬੰਦੇ ਮਿਲ ਪੈਣ ਮਿਲਣਾ ਨਹੀਂ ਖੂਹਾਂ ਨੇ,
ਸਕਦਾ ਹੋ ਨੇਮ ਨਹੀਂ,
ਵਸਦੇ ਜਹਾਨ 'ਚ।
ਭਰ ਦੇ ਮਿਠਾਸ ਸ਼ਾਇਰਾਂ ਦੀ ਜ਼ੁਬਾਨ 'ਚ।

ਆਪਣੇ ਪਹਿਲੇ ਦਿਨਾਂ ਵਿਚ ਹੀ ਏਨੀ ਉਚ-ਪਾਏ ਦੀ ਕਵਿਤਾ ਲਿਖਣਾ ਤੇ ਕਵਿਤਾ ਨੂੰ ਪਰਿਭਾਸ਼ਿਤ ਕਰਨਾ ਉਹਦੇ ਅੰਦਰ ਲੁਕੀ ਅਦੁੱਤੀ ਸ਼ਾਇਰਾਨਾ ਪ੍ਰਤਿਭਾ ਦਾ ਲਹਿਰੀਆ ਝਲਕਾਰਾ ਹੀ ਕਿਹਾ ਜਾ ਸਕਦਾ ਹੈ।

ਮੈਨੂੰ ਇਹ ਸਾਰਾ ਛੰਦ ਬਚਪਨ ਤੋਂ ਯਾਦ ਸੀ ਕਿਉਂਕਿ ਸਾਡੇ ਇਲਾਕੇ ਦੇ ਬਹੁਤੇ ਕਵੀਸ਼ਰ ਆਪਣਾ ਪ੍ਰਸੰਗ ਸ਼ੁਰੂ ਕਰਨ ਤੋਂ ਪਹਿਲਾਂ ਇਸਨੂੰ 'ਬੰਦਨਾਂ' ਦੇ ਰੂਪ ਵਿਚ ਗਾਉਂਦੇ ਸਨ।

ਇਨ੍ਹਾਂ ਸਤਰਾਂ ਦੀ ਗਹਿਰਾਈ ਵਿਚ ਉਤਰ ਕੇ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਕਵਿਤਾ ਕੀ ਹੁੰਦੀ ਹੈ? ਕਿਹੋ ਕਿਹੀ ਹੋਣੀ ਚਾਹੀਦੀ ਹੈ? ਕਿਨ੍ਹਾਂ ਵਾਸਤੇ ਹੋਣੀ ਚਾਹੀਦੀ ਏ? ਆਦਿ ਸਵਾਲਾਂ ਨਾਲ ਪਾਰਸ ਖੌਝਲਦਾ ਨਜ਼ਰ ਆਉਂਦਾ ਹੈ।

ਪਹਿਲੇ ਬੰਦ ਵਿਚ ਹੀ ਕਵੀ ਆਖਦਾ ਏ:

ਕਵਿਤਾ 'ਚ ਪਾਵਣੇ ਦੀ ਆ 'ਜੇ ਸੋਝੀ ਜੀ,
ਪੇਟੇ ਅਤੇ ਤਾਣੇ ਦੀ,
ਅੜੇ ਨਾ ਅੜੀ ਛੰਦਾਂ ਦੀ
ਲੱਗ 'ਜੇ ਸਭਾ 'ਚ ਫੁੱਲਝੜੀ ਛੰਦਾਂ ਦੀ।

ਕਵੀ ਨੂੰ ਇਸ ਗੱਲ ਦੀ ਬੁਨਿਆਦੀ ਸੋਝੀ ਹੈ ਕਿ 'ਪੇਟੇ-ਤਾਣੇ' ਤੋਂ ਬਿਨਾ, ਭਾਵ ਖਿਆਲਾਂ ਤੇ ਵਿਚਾਰਾਂ ਨੂੰ ਠੀਕ ਤਰਤੀਬ ਵਿਚ ਜੋੜਨ ਤੇ ਉਣਨ-ਬੁਣਨ ਤੋਂ ਬਿਨਾ ਕਵਿਤਾ ਦੀ ਉਸਾਰੀ ਨਹੀਂ ਹੋ ਸਕਦੀ। ਖ਼ਾਸ ਤੌਰ 'ਤੇ ਉਸ ਕਵਿਤਾ ਦੀ, ਜਿਸਨੂੰ ਸਭਾ ਵਿਚ ਗਾ ਕੇ ਲੋਕਾਂ ਦੇ ਮਨਾਂ ਵਿਚ ਜਜ਼ਬੇ ਤੇ ਉਤੇਜਨਾ ਦੀਆਂ ਫੁਲਝੜੀਆਂ ਲਿਸ਼ਕਾਉਣੀਆਂ ਹੋਣ। ਇਹ ਤਾਂ ਹੀ ਹੋ ਸਕਦਾ ਹੈ ਜੇ ਕਵਿਤਾ ਛੰਦ-ਬੱਧ ਵੀ ਹੋਵੇ ਤੇ ਛੰਦ ਵਿਚ ਅਜਿਹੀ ਰਵਾਨੀ ਵੀ ਹੋਵੇ ਕਿ ਬੋਲ ਕਿਤੇ ਅੜਦੇ ਨਾ ਜਾਪਣ। ਇਨ੍ਹਾਂ ਸਤਰਾਂ ਵਿਚ ਹੀ ਕਵੀ ਦਾ ਐਲਾਨਨਾਮਾ ਵੀ ਹੈ ਕਿ ਉਹਦੀ ਕਵਿਤਾ ਲੋਕਾਂ ਲਈ, ਲੋਕਾਂ ਦੀ ਸਭਾ ਵਿਚ ਗਾਈ ਤੇ ਸੁਣਾਈ ਜਾਣ ਵਾਲੀ ਹੈ, ਇਹ ਕੇਵਲ ਪੜ੍ਹਨ ਵਾਲੀ ਕਵਿਤਾ ਨਹੀਂ। ਇਹ ਕਵਿਤਾ ਸਰੋਤਾ-ਮੁਖੀ ਹੈ।

ਅਜਿਹੀ ਕਵਿਤਾ ਲਿਖਣ ਲਈ ਸੁਚੇਤ ਕੋਸ਼ਿਸ਼ ਕਰਨੀ ਪੈਂਦੀ ਹੈ। ਅਜਿਹੀ ਕਵਿਤਾ ਕੋਈ ਇਲਹਾਮ ਨਹੀਂ ਹੁੰਦੀ।

ਹੁਣ ਅਗਲੀਆਂ ਸਤਰਾਂ ਵੇਖੋ। ਇਨ੍ਹਾਂ ਸਤਰਾਂ ਵਿਚ ਕਵੀ ਆਪਣੀ ਰਚਨਾ-ਪ੍ਰਕਿਰਿਆ ਦੇ ਕਰਤਾਰੀ ਅਮਲ ਨਾਲ ਸਾਡੀ ਜਾਣ-ਪਛਾਣ ਕਰਵਾ ਰਿਹਾ ਹੈ।

ਨੱਪ ਸੁੱਚ ਗੱਡੀ ਤੋਰ 'ਤੀ ਸਟੇਸ਼ਨੋ,
ਵੇਖਿਆ 'ਸਿੰਗਲ' ਨਾ।
ਕਵਿਤਾ ਦੇ ਲੱਡੂ ਬਣੇ ਬਿਨਾਂ ਵੇਸਣੋਂ,
ਪੜ੍ਹਿਆ ਪਿੰਗਲ ਨਾ,
ਨਾ ਮੈਂ ਮਾਹਿਰ ਗਿਆਨ 'ਚ।
ਭਰ ਦੇ ਮਿਠਾਸ ਸ਼ਾਇਰਾਂ ਦੀ ਜ਼ਬਾਨ 'ਚ।

ਇਨ੍ਹਾਂ ਸਤਰਾਂ ਵਿਚ ਕਵੀ ਦਾ ਮੰਨਣਾ ਹੈ ਕਿ ਬੇਸ਼ੱਕ ਕਵਿਤਾ ਇਲਹਾਮ ਨਹੀਂ ਹੁੰਦੀ ਪਰ ਜਦੋਂ ਕਵੀ ਦੇ ਅੰਦਰਲਾ ਸ਼ਾਇਰ ਜਾਗਦਾ ਹੈ ਤੇ ਕਵਿਤਾ ਰਵਾਂ ਚਾਲ ਤੁਰਨਾ ਸ਼ੁਰੂ ਕਰਦੀ ਹੈ ਤਾਂ ਉਦੋਂ ਕਵਿਤਾ 'ਖ਼ੂਨ ਵਿਚ ਡੁੱਬ ਕੇ ਹੀ ਲਿਖੀ ਜਾਂਦੀ ਹੈ', ਉਦੋਂ ਬਹਿਰ, ਜਾਂ ਪਿੰਗਲ ਦੇ (ਸਿੰਗਲ) ਸਿਗਨਲ ਉਹਦੀ ਸ਼ਾਇਰੀ ਦੀ 'ਸ਼ੁਕ ਸ਼ੁਕ' ਭੱਜਦੀ ਗੱਡੀ ਨੂੰ ਰੋਕ ਨਹੀਂ ਸਕਦੇ। ਉਦੋਂ 'ਬਿਨਾਂ ਵੇਸਣ ਤੋਂ ਕਵਿਤਾ ਦੇ ਲੱਡੂ' ਬਣਨ ਲੱਗਦੇ ਨੇ। ਕਰਤਾਰੀ ਅਮਲ ਵਿਚ ਪਿਆ ਕਵੀ ਨਿਹੋਂਦ ਵਿਚੋਂ ਹੋਂਦ ਸਿਰਜਦਾ ਹੈ। ਜਿਹੜੀ ਕਵਿਤਾ 'ਉੱਚੇ-ਨਸ਼ੱਤਰਾਂ' ਵਿਚ ਵੱਸਦੀ ਸੀ, ਉਹਨੇ ਉਹਨੂੰ ਸ਼ਬਦਾਂ ਵਿਚ ਬੰਨ੍ਹ ਕੇ ਕਾਗ਼ਜ਼ 'ਤੇ ਲੈ ਆਉਣਾ ਹੈ। ਰਚਨਾ-ਪ੍ਰਕਿਰਿਆ ਦੇ ਇਸ ਬਿਆਨ ਵਿਚ ਕਵੀ ਜਦੋਂ ਨਿਮਰਤਾ ਸਹਿਤ 'ਪਿੰਗਲ' ਦੇ ਨਾ ਪੜ੍ਹੇ ਹੋਣ ਅਤੇ 'ਗਿਆਨ ਵਿਚ ਮਾਹਿਰ ਨਾ ਹੋਣ' ਦੀ ਗੱਲ ਕਬੂਲਦਾ ਹੈ ਤਾਂ ਉਹ ਅਸਲ ਵਿਚ ਇਹ ਗੱਲ ਤਸਲੀਮ ਕਰ ਰਿਹਾ ਹੈ ਕਿ ਕਵਿਤਾ ਲਿਖਣ ਲਈ ਕਾਵਿਕ-ਨੇਮਾਂ ਅਤੇ ਜ਼ਿੰਦਗੀ, ਦੋਵਾਂ ਦਾ, ਗਿਆਨ ਹੋਣਾ ਵੀ ਲਾਜ਼ਮੀ ਹੈ। ਪਰ ਜਦੋਂ ਸ਼ਾਇਰ ਲਿਖਣ ਦੇ ਆਲਮ ਵਿਚ ਡੁੱਬਾ ਹੁੰਦਾ ਏ ਉਦੋਂ ਜੀਵਨ ਤੇ ਕਵਿਤਾ ਲਿਖਣ ਦਾ ਗਿਆਨ, ਛੰਦ-ਪ੍ਰਬੰਧ ਤੇ ਸਾਰਾ ਕਾਵਿਕ-ਵਿਧਾਨ ਹੁੰਦਾ ਤਾਂ ਉਹਦੇ ਅੰਗ-ਸੰਗ ਹੀ ਹੈ, ਪਰ ਜ਼ਾਹਿਰਾ ਤੌਰ 'ਤੇ ਨਹੀਂ, ਸਗੋਂ ਪਿਛੋਕੜ ਵਿਚ ਰਹਿ ਕੇ ਕਵਿਤਾ ਦੇ ਆ ਰਹੇ ਵਹਾਓ ਨੂੰ ਆਪਣੇ ਆਪ ਹੀ ਤਰਤੀਬ ਤੇ ਤਰਾਸ਼ ਰਿਹਾ ਹੁੰਦਾ ਏ। ਇਸ ਵੇਲੇ ਉਹਦਾ ਸੁਚੇਤ ਅਤੇ ਅਵਚੇਤ ਦੋਵੇਂ ਲਗਾਤਾਰ ਸਹਿਜ ਸੰਜੋਗ ਵਿਚ ਵਿਚਰ ਰਹੇ ਹੁੰਦੇ ਨੇ। ਏਸੇ ਸਹਿਜ ਵਿਚੋਂ ਹੀ ਕਵਿਤਾ ਕੁੱਝ ਇਸ ਅੰਦਾਜ਼ ਵਿਚ ਫੁੱਟ ਨਿਕਲਦੀ ਹੈ ਕਿ ਖ਼ਿਆਲਾਂ ਦੀਆਂ ਸੰਦਲੀ ਪਟਾਰੀਆਂ ਖ਼ੁਸ਼ਬੂਆਂ ਖ਼ਿਲਾਰਦੀਆਂ ਖੁੱਲ੍ਹਣ ਲੱਗਦੀਆਂ ਨੇ ਤੇ ਸੁਰਤ ਦੇ ਬੰਦ ਝਰੋਖ਼ੇ ਵੀ ਖੁੱਲ੍ਹ ਜਾਂਦੇ ਹਨ। ਮਨ ਕਲਪਨਾ ਦੀਆਂ ਉਚੀਆਂ ਉਡਾਣਾ ਭਰਨ ਲੱਗਦਾ ਹੈ।

ਖੁੱਲ੍ਹਣ ਖ਼ਿਆਲਾਂ ਸੰਦਲ ਪਟਾਰੀਆਂ,
ਸੁਰਤੀ ਜਿਉਂ ਸੂਤਰ।
ਲਾਉਂਦਾ ਰਹਵੇ ਮਨ ਅਰਸ਼ੀ ਉਡਾਰੀਆਂ,
ਬਣ ਕੇ ਕਬੂਤਰ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜਦੋਂ ਪਾਰਸ ਕਵਿਤਾ ਨੂੰ ਕਾਵਿ-ਸ਼ਾਸਤਰੀਆਂ ਵਾਂਗ ਪਰਿਭਾਸ਼ਿਤ ਕਰ ਰਿਹਾ ਸੀ, ਉਦੋਂ ਉਹਦੀ ਉਮਰ ਮਹਿਜ਼ ਚੌਦਾਂ-ਪੰਦਰਾਂ ਸਾਲ ਦੀ ਸੀ। ਦੂਜੀ ਗੱਲ ਇਹ ਕਿ ਮੈਂ ਇਹ ਕਵਿਤਾ ਪਾਰਸ ਦੀ ਲਿਖੀ ਕਿਸੇ ਕਿਤਾਬ ਜਾਂ ਕਿੱਸੇ ਵਿਚੋਂ ਪੜ੍ਹ ਕੇ ਨਹੀਂ ਲਿਖ ਰਿਹਾ, ਸਗੋਂ ਆਪਣੇ ਪੰਜਾਹ-ਪਚਵੰਜਾ ਸਾਲ ਪਹਿਲਾਂ ਦੇ

*(ਬਾਕੀ ਅਗਲੇ ਸਫੇ 'ਤੇ)*

## ਸੰਦਲੀ ਪਟਾਰੀ-ਕਰਨੈਲ ਸਿੰਘ ਪਾਰਸ

*(ਪਿਛਲੇ ਸਫੇ ਦਾ ਬਾਕੀ)*

ਚੇਤੇ ਵਿਚੋਂ ਕੱਢ ਕੇ ਲਿਖ ਰਿਹਾ ਹਾਂ। ਅੱਜ ਕੱਲ੍ਹ ਦੇ ਸ਼ਾਇਰ ਤਾਂ ਆਪਣੀ ਕਵਿਤਾ ਵੀ ਜ਼ਬਾਨੀ ਯਾਦ ਨਹੀਂ ਰੱਖ ਸਕਦੇ। ਜੇ ਕਿਤੇ ਸੁਨਾਉਣੀ ਪੈ ਜਾਵੇ ਤਾਂ ਆਪਣੀਆਂ ਕਿਤਾਬਾਂ ਦੇ ਵਰਕੇ ਫਰੋਲਣ ਲੱਗ ਜਾਂਦੇ ਨੇ।

ਕਰਨੈਲ ਸਿੰਘ 'ਪਾਰਸ' ਸੱਚਮੁੱਚ ਦਾ ਪਾਰਸ ਸੀ। ਉਸਦੀ ਸੂਝ ਦੀ ਛੋਹ ਨਾਲ ਸਾਧਾਰਨ ਜਿਹੇ ਸ਼ਬਦ ਹੁਸੀਨ ਤਰਤੀਬ ਵਿਚ ਜੁੜ ਕੇ ਅਜਿਹੇ ਲਿਸ਼ਕੇ ਕਿ ਉਨ੍ਹਾਂ ਦੀ ਰੌਸ਼ਨੀ ਵਿਚ ਸਾਧਾਰਨ ਪੇਂਡੂ ਪੰਜਾਬੀ ਆਪਣੇ ਲੋਕ ਵਿਰਸੇ, ਸਮਾਜ, ਸਭਿਆਚਾਰ ਅਤੇ ਇਤਿਹਾਸ ਦੇ ਨਾਲ-ਨਾਲ ਆਪਣੀ ਰੂਹ ਨੂੰ ਵੇਖਣ, ਸਮਝਣ ਤੇ ਮਾਨਣ ਦੇ ਯੋਗ ਮਹਿਸੂਸ ਕਰਨ ਲੱਗਾ। ਅੱਧੀ ਸਦੀ ਤੋਂ ਵੱਧ ਉਸਦੀ ਕਵੀਸ਼ਰੀ, ਉਸਦੇ ਸਾਥੀਆਂ ਦੀ ਗਾਇਕੀ ਅਤੇ ਪਾਰਸ ਦੀ ਪੇਸ਼ਕਾਰੀ ਦਾ ਜਾਦੂ ਪੰਜਾਬੀਆਂ ਦੇ ਸਿਰ ਚੜ੍ਹ ਕੇ ਬੋਲਦਾ ਰਿਹਾ।

ਕਦੀ ਪੰਜਾਬ ਵਿਚ ਪਾਰਸ ਦੀ ਅਜਿਹੀ ਝੰਡੀ ਸੀ ਕਿ ਕੋਈ ਮੇਲਾ ਜਾਂ ਵੱਡੇ ਤੋਂ ਵੱਡਾ ਧਾਰਮਿਕ, ਸਮਾਜਿਕ-ਸਭਿਆਚਾਰਕ ਸਮਾਗਮ ਉਸਦੇ ਕਵੀਸ਼ਰੀ ਜੱਥੇ ਦੀ ਸ਼ਮੂਲੀਅਤ ਤੋਂ ਬਿਨਾਂ ਅਧੂਰਾ ਸਮਝਿਆ ਜਾਂਦਾ ਸੀ। ਲੋਕ ਮੀਲਾਂ ਤੱਕ ਪੈਂਡਾ ਝਾਗ ਕੇ ਉਸਦੇ ਅਖਾੜੇ ਸੁਣਨ ਜਾਂਦੇ। ਉਸਦੇ ਲਿਖੇ ਕਿੱਸੇ ਖ਼ਰੀਦ ਕੇ ਪੜ੍ਹਦੇ ਤੇ ਉਨ੍ਹਾਂ ਕਿੱਸਿਆਂ ਨੂੰ ਪੜ੍ਹਦੇ-ਪੜ੍ਹਦੇ 'ਪਾਰਸ-ਛੋਹ' ਨਾਲ ਕੀਲੇ ਖ਼ੁਦ ਕਵੀਸ਼ਰ ਬਣ ਜਾਂਦੇ।

ਸਾਰੇ ਜਾਣਦੇ ਨੇ ਕਿ ਉਹ ਪੰਜਾਬ ਦਾ ਪਹਿਲਾ ਕਵੀਸ਼ਰ ਸੀ ਜਿਸਨੇ ਸਭ ਤੋਂ ਪਹਿਲਾਂ 'ਆਕਾਸ਼ਵਾਣੀ ਜਲੰਧਰ' ਤੋਂ ਆਪਣੇ ਜੱਥੇ ਨਾਲ ਕਵੀਸ਼ਰੀ ਗਾਉਣੀ ਸ਼ੁਰੂ ਕੀਤੀ। ਰੀਕਾਰਡ ਕੰਪਨੀਆਂ ਨੇ ਉਸਦੀ ਕਵੀਸ਼ਰੀ ਦੇ ਤਵੇ ਭਰੇ। ਪਾਰਸ ਦੀ ਕਵਿਤਾ ਤੇ ਗਾਇਕੀ ਪੰਜਾਬ ਦੇ ਘਰ-ਘਰ ਪਹੁੰਚ ਗਈ। ਉਹ ਹਰੇਕ ਪੰਜਾਬੀ ਘਰ ਦਾ ਆਪਣਾ ਜੀਅ ਬਣ ਗਿਆ। ਲੋਕ ਘਰਾਂ, ਸੱਥਾਂ ਅਤੇ ਖੇਤਾਂ ਵਿਚ ਕੰਮ ਵੀ ਕਰੀ ਜਾਂਦੇ, ਗੱਲਾਂ ਵੀ ਕਰੀ ਜਾਂਦੇ ਤੇ ਜਦੋਂ ਕੋਠਿਆਂ ਉੱਤੇ ਮੰਜੇ ਜੋੜ ਕੇ ਉਨ੍ਹਾਂ ਨਾਲ ਲਟਕਾਏ ਸਪੀਕਰਾਂ ਵਿਚੋਂ ਪਾਰਸ ਦੀ ਕਵੀਸ਼ਰੀ ਦੇ ਰੀਕਾਰਡ ਵੱਜਦੇ ਤਾਂ ਲੋਕ ਵਿਚੋਂ ਸਾਹ ਰੋਕ ਕੇ ਪਾਰਸ ਦੀ ਕਵੀਸ਼ਰੀ ਦੀ ਹੂਕ ਨਾਲ ਇਕਸੁਰ ਹੋ ਕੇ ਉਸਦਾ ਆਨੰਦ ਵੀ ਲੈਂਦੇ ਰਹਿੰਦੇ। ਉਸਦੀ ਕਵੀਸ਼ਰੀ ਦੀ ਸੰਗਤ ਵਿਚ ਸੁੱਤਾ ਹੋਇਆ ਪੰਜਾਬ ਜਾਗ ਕੇ ਅੰਗੜਾਈ ਭਰਨ ਲੱਗਦਾ। ਭਗਤ ਸਿੰਘ, ਸੁਭਾਸ਼ ਚੰਦਰ ਬੋਸ ਅਤੇ ਸੇਵਾ ਸਿੰਘ ਠੀਕਰੀਵਾਲਾ ਵਰਗੇ ਲੋਕ-ਨਾਇਕ ਬਣ ਚੁੱਕੇ ਰਾਜਸੀ ਆਗੂ ਅਤੇ ਪੂਰਨ ਭਗਤ, ਕੌਲਾਂ, ਦਹੂਦ ਬਾਦਸ਼ਾਹ, ਸਰਵਣ ਕੁਮਾਰ ਤੇ ਤਾਰਾ ਰਾਣੀ ਜਿਹੀਆਂ ਲੋਕ-ਗਥਾਵਾਂ ਉਸਦੀ ਕਵੀਸ਼ਰੀ ਨਾਲ ਜੁੜ ਕੇ ਮੁੜ ਪੰਜਾਬੀ ਲੋਕ-ਮਨ ਵਿਚ ਜਿਊ ਉੱਠੀਆਂ। ਉਸਦੀ ਕਵੀਸ਼ਰੀ ਲੋਕ-ਕਵਿਤਾ ਵਾਂਗ ਪੰਜਾਬੀ ਮਨ ਦਾ ਹਿੱਸਾ ਬਣ ਗਈ।

ਆਪਣੀ ਕਵਿਤਾ ਵਿਚ ਪਾਰਸ ਨੇ ਪੰਜਾਬ ਦੀ ਸੁੱਚੀ ਤੇ ਸਮੁੱਚੀ ਰੂਹ ਨੂੰ ਸਮੋਅ ਲੈਣ ਦਾ ਸੁਚੱਜਾ ਤੇ ਸਫ਼ਲ ਉਪਰਾਲਾ ਕੀਤਾ। ਉਹਦੀ ਕਵਿਤਾ ਜ਼ਿੰਦਗੀ ਦੇ ਹਰ ਰੰਗ ਵਿਚ ਡੂੰਘਾ ਉਤਰਨ ਦੀ ਕੋਸ਼ਿਸ਼ ਕਰਦੀ ਹੈ। ਧਾਰਮਿਕ ਰੰਗ ਵਿਚ ਜੇ, "ਕਿਉਂ ਫੜੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ", ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਿਖ਼ਰਲੇ ਦਰਦ ਨੂੰ ਜ਼ਬਾਨ ਦਿੰਦੀ ਹੈ ਤਾਂ ਸ਼ਹੀਦ ਭਗਤ ਸਿੰਘ ਦੀ ਘੋੜੀ, ਦੇਸ਼ ਭਗਤੀ ਦੇ ਰੰਗ ਵਿਚ ਰੱਤਿਆਂ ਮਰਜੀਵੜਿਆਂ ਦੀ ਆਜ਼ਾਦੀ ਦੀ ਤਾਂਘ ਦਾ ਤਰਾਨਾ ਹੋ ਨਿੱਬੜਦੀ ਹੈ। ਮਿਰਜ਼ਾ, ਹੀਰ ਤੇ ਸੱਸੀ ਜਿਹੇ ਪ੍ਰੇਮੀਆਂ ਦੇ ਸੰਤਾਪ ਦਾ ਸਿਖ਼ਰ ਵੀ ਉਹਦੀ ਕਵਿਤਾ ਦਾ ਅਮੀਰ ਅੰਗ ਹੋ ਨਿੱਬੜਦਾ ਹੈ। ਕਿਸਾਨਾਂ ਮਜ਼ਦੂਰਾਂ ਦੇ ਹੱਕਾਂ-ਹਿਤਾਂ ਲਈ ਵੀ ਉਹਦੀ ਕਵਿਤਾ ਹਿੱਕ ਡਾਹ ਕੇ ਲੜਦੀ ਹੈ।

ਕਰਨੈਲ ਸਿੰਘ ਪਾਰਸ ਦੀ ਏਨੀ ਲੋਕ-ਪ੍ਰਵਾਨਗੀ ਦਾ ਕਾਰਨ ਜਿੱਥੇ ਉਹਦੀ ਕਵਿਤਾ ਬਾਰੇ ਸਮਝ ਤੇ ਸਟੇਜੀ-ਪੇਸ਼ਕਾਰੀ ਦੇ ਹੁਨਰ ਵਿਚ ਲੁਪਤ ਸੀ, ਓਥੇ ਉਹਦੀ ਕਵਿਤਾ ਦਾ ਦਾਰਸ਼ਨਿਕ ਰੰਗ ਉਹਦੇ ਬੋਲਾਂ ਵਿਚ ਸਦੀਵੀ ਹਕੀਕਤ ਦੇ ਰੂਪ ਵਿਚ ਜਲਵਾਗਰ ਹੋ ਉੱਠਦਾ ਸੀ। ਉਹ ਸਿਰਫ਼ ਕਵਿਤਾ ਕੀ ਹੈ; ਵਰਗੇ ਸਵਾਲਾ ਨਾਲ ਹੀ ਨਹੀਂ ਸਿੱਝਦਾ ਸਗੋਂ ਜ਼ਿੰਦਗੀ ਕੀ ਹੈ, ਮੌਤ ਕੀ ਹੈ, ਦੁਖ ਕੀ ਹੈ, ਸੁਖ ਕੀ ਹੈ ਜਿਹੇ ਉਨ੍ਹਾਂ ਬੁਨਿਆਦੀ ਸਵਾਲਾਂ ਨੂੰ ਵੀ ਮੁਖ਼ਾਤਬ ਹੁੰਦਾ ਹੈ, ਜਿਨ੍ਹਾਂ ਸਵਾਲਾਂ ਨਾਲ ਸਦੀਆਂ ਤੋਂ ਸਾਡੇ ਰਿਸ਼ੀ-ਮੁਨੀ ਤੇ ਗੁਰੂ-ਪੀਰ ਜੂਝਦੇ ਆਏ ਨੇ। ਅਸੀਂ ਇਹ ਨਹੀਂ ਕਹਿੰਦੇ ਕਿ ਉਹਨੇ ਇਨ੍ਹਾਂ ਸਵਾਲਾਂ ਦੇ ਮੂਲੋਂ ਹੀ ਕੋਈ ਮੌਲਿਕ ਜਵਾਬ ਦਿੱਤੇ ਨੇ, ਸਵਾਲ ਇਹ ਹੈ ਕਿ ਉਹ ਆਪਣੇ ਏਸੇ ਗੁਣ ਕਰ ਕੇ ਉਨ੍ਹਾਂ ਕਵੀਆਂ ਨਾਲੋਂ ਵਿਲੱਖਣ ਹੈ ਜੋ ਕਵਿਤਾ ਨੂੰ ਵਿਚਾਰਧਾਰਾ ਤੋਂ ਮੁਕਤ ਕੋਈ ਸ਼ੈਅ ਸਮਝਦੇ ਨੇ ਤੇ ਇਹਨੂੰ ਕੇਵਲ ਜਜ਼ਬਿਆਂ ਦੇ ਕਲਾਤਮਕ ਬਿਆਨ ਦਾ ਵਸੀਲਾ ਹੀ ਮੰਨਦੇ ਹਨ।

'ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ' ਵਰਗੀ, ਪੰਜਾਬ ਦੇ ਬੱਚੇ ਬੱਚੇ ਦੇ ਬੁੱਲ੍ਹਾਂ 'ਤੇ ਫਰਕਣ ਵਾਲੀ ਕਵਿਤਾ ਏਸੇ ਕਰ ਕੇ ਲੋਕਾਂ ਦੇ ਚੇਤਿਆਂ ਵਿਚ ਵੱਸੀ ਹੋਈ ਹੈ, ਕਿਉਂਕਿ ਇਹ ਜ਼ਿੰਦਗੀ-ਮੌਤ ਦੇ ਵਿਭਿੰਨ ਰੰਗਾਂ ਤੇ ਦਿਸ਼ਾਵਾਂ ਨੂੰ ਉਜਾਗਰ ਕਰਦੀ ਹੈ।

ਜ਼ਿੰਦਗੀ-ਮੌਤ ਦੀ ਗੱਲ ਕਰਦਿਆਂ ਪਾਰਸ ਦੀ ਇੱਕ ਹੋਰ ਕਵਿਤਾ ਮੇਰੇ ਚੇਤਿਆਂ ਵਿਚ ਲਿਸ਼ਕ ਉਠੀ ਹੈ ਜਿਸਨੂੰ ਸਾਡੇ ਇਲਾਕੇ ਦੇ ਕਵੀਸ਼ਰ ਸੁਣਾਉਂਦੇ ਸਨ ਤਾਂ ਉਨ੍ਹਾਂ ਨੂੰ ਇਨਾਮ ਦੇਣ ਲਈ ਸਟੇਜ ਵੱਲ ਜਾਂਦੇ ਲੋਕਾਂ ਦੀਆਂ ਕਤਾਰਾਂ ਬੱਝ ਜਾਂਦੀਆਂ ਸਨ।

ਜਿਹੜੀ ਮੌਤ ਡੈਣ ਨੇ ਕੱਲ੍ਹ ਦੁਨੀਆਂ ਨੂੰ ਖਾ ਲਿਆ ਹੈ,
ਇੱਕ ਦਿਨ ਸੋਚ ਮਨਾਂ ਉਹ ਤੇਰੇ ਸਿਰ ਵੀ ਆਉਣੀ।
ਤੇਰਾ ਚਿੱਤ ਨਹੀਂ ਕਰਦਾ ਭਰਿਆ ਮੇਲਾ ਛੱਡਣ ਨੂੰ,
ਪਾ ਕੇ ਨਾਲ ਜਮਾਂ ਦੇ ਬਹਿ 'ਜੇਂ ਗਾ ਅੜਾਉਣੀ।
ਜਿਹੜੀ ਸਮਝੇਂ ਪਿਆਰੀ ਨਾਰ ਤੂੰ ਕੁੱਲ੍ਹ ਦੁਨੀਆਂ ਤੋਂ,
ਜਿਸ ਦਿਨ ਮਰ ਗਿਓਂ ਉਹ ਵੀ 'ਪ੍ਰੇਤ-ਪ੍ਰੇਤ' ਕੁਰਲਾਉਣੀ।

ਮੌਤ ਦੀ ਅਟੱਲਤਾ ਬਾਰੇ ਬਿਆਨ ਕਰਦਿਆਂ ਉਹਨੂੰ ਕੋਈ ਭੁਲੇਖਾਂ ਨਹੀਂ ਕਿ ਮੌਤ ਤੋਂ ਬਾਅਦ ਕੋਈ ਅਗਲਾ ਜਨਮ ਹੈ, ਕੋਈ ਸਵਰਗ-ਨਰਕ ਹੈ, ਕੋਈ 'ਸੱਚਾ-ਪਾਤਸ਼ਾਹ' ਹੈ, ਜਿਸਦੇ ਚਰਨਾਂ ਵਿਚ ਵਿਛੜ ਗਈ ਆਤਮਾ ਨੂੰ ਨਿਵਾਸ ਬਖ਼ਸ਼ਿਆ ਜਾਣਾ ਹੈ। ਮੌਤ ਬਾਰੇ ਅਜਿਹੀ ਕਵਿਤਾ ਲਿਖ ਕੇ ਉਹ ਬੰਦੇ ਨੂੰ ਡਰਾਉਂਦਾ ਨਹੀਂ, ਸਗੋਂ ਸੁਚੇਤ ਕਰਦਾ ਹੈ, ਚੰਗਾ ਜੀਵਨ ਜਿਊਣ ਲਈ। ਅਸਲ ਵਿਚ ਜਦੋਂ ਬੰਦਾ ਮੌਤ ਨੂੰ ਜਾਣ ਸਮਝ ਲੈਂਦਾ ਹੈ, ਉਹ ਜ਼ਿੰਦਗੀ ਨੂੰ ਜਾਣ ਸਮਝ ਲੈਂਦਾ ਹੈ। ਉਦੋਂ ਮੌਤ ਬੰਦੇ ਲਈ ਡਰਾਉਣੀ ਹੋਂਦ ਨਹੀਂ ਰਹਿ ਜਾਂਦੀ। ਪਾਰਸ ਦੀ ਪਿਛਲੀ ਉਮਰ ਵਿਚ ਮੈਨੂੰ ਅਕਸਰ ਉਹਨੂੰ ਮਿਲਣ ਤੇ ਸੁਣਨ ਦਾ ਮੌਕਾ ਮਿਲਦਾ ਰਹਿੰਦਾ ਸੀ। ਉਹ ਹਰ ਵੇਲੇ ਮੌਤ ਨੂੰ ਖਿੜੇ ਮੱਥੇ ਮਿਲਣ ਦੀ ਗੱਲ ਕਰਦਾ ਸੀ।

ਉਹ ਇੱਕ ਵਾਰ ਆਪਣੀ ਪਤਨੀ ਨਾਲ ਇੰਡੀਆ ਨੂੰ ਆ ਰਿਹਾ ਸੀ ਕਿ ਉਨ੍ਹਾਂ ਦਾ ਜਹਾਜ਼ ਰਾਹ ਵਿਚ ਹੀ ਖ਼ਰਾਬ ਹੋ ਗਿਆ। ਪਾਇਲਟ ਨੇ ਜਹਾਜ਼ ਦੀ ਖ਼ਰਾਬੀ ਦਾ ਐਲਾਨ ਕੀਤਾ ਤਾਂ ਜਹਾਜ਼ ਵਿਚ ਮੌਤ ਵਰਗੀ ਖ਼ਾਮੋਸ਼ੀ ਛਾ ਗਈ ਤੇ ਫਿਰ ਲੋਕ ਹੱਥ ਜੋੜ ਕੇ ਪਾਠ ਕਰਨ ਲੱਗੇ, ਅਰਦਾਸਾਂ ਕਰਨ ਲੱਗੇ। ਉਸਦੀ ਪਤਨੀ ਦਲਜੀਤ ਕੌਰ ਵੀ ਹੱਥ ਜੋੜ ਕੇ 'ਵਾਹਿਗੁਰੂ ਵਾਹਿਗੁਰੂ' ਕਰਨ ਲੱਗੀ ਤਾਂ ਪਾਰਸ ਹੱਸ ਕੇ ਕਹਿੰਦਾ, "ਦਲਜੀਤ ਕੁਰੇ! ਤੈਨੂੰ ਤੇਰੇ ਕਿਸੇ ਰੱਬ-ਰੁੱਬ ਨੇ ਨਹੀਂ ਬਚਾਉਣਾ। ਜੇ ਬਚਾਇਆ ਤਾਂ ਓਸੇ ਪਾਇਲਟ ਨੇ ਹੀ ਬਚਾਉਣਾ ਹੈ!"

ਤੇ ਸੱਚਮੁਚ ਉਨ੍ਹਾਂ ਦੇ ਪਾਇਲਟ ਨੇ ਉਨ੍ਹਾਂ ਨੂੰ ਬਚਾ ਲਿਆ। ਉਹ ਜਹਾਜ਼ ਮੋੜ ਕੇ ਪਟੜੀ 'ਤੇ ਲੈ ਆਇਆ ਤੇ ਨਵੀਂ ਉਡਾਣ ਰਾਹੀਂ ਉਹ ਦੋਵੇਂ ਭਾਰਤ ਰਵਾਨਾ ਹੋ ਗਏ। ਮੌਤ ਨੂੰ ਏਨਾ ਸਾਹਮਣੇ ਵੇਖ ਕੇ ਆਪਣੀ ਤਰਕਸ਼ੀਲ ਸੋਚ ਨਾਲ ਜੁੜੇ ਰਹਿਣ ਦਾ ਇਹ ਜਿਗਰਾ ਕਿਸੇ ਵੱਡੇ ਬੰਦੇ ਦਾ ਹੀ ਭਾਗ ਬਣਦਾ ਏ।

ਲੁਧਿਆਣੇ ਨੇੜੇ ਬਾੜੇਵਾਲ ਪਿੰਡ ਵਿਚ ਉਸਦੇ ਕੁੜਮ ਦੇ ਭੋਗ ਦੀ ਅੰਤਿਮ ਅਰਦਾਸ ਦੀ ਰਸਮ ਮੌਕੇ ਵੱਡੇ-ਵੱਡੇ ਅਮੀਰਾਂ-ਵਜ਼ੀਰਾਂ ਨੇ ਆਪਣੇ ਸ਼ਰਧਾਂਜਲੀ ਸ਼ਬਦਾਂ ਵਿਚ 'ਉਹਦੇ ਕੁੜਮ ਦੀ ਆਤਮਾ ਨੂੰ ਪਰਮਾਤਮਾ ਵੱਲੋਂ ਆਪਣੇ ਚਰਨਾਂ ਵਿਚ ਨਿਵਾਸ ਦੇਣ ਦੀ' ਅਰਦਾਸ ਕੀਤੀ। ਸਮਾਗਮ ਦੇ ਅਖ਼ੀਰ ਵਿਚ ਸੰਗਤ ਨੂੰ ਧੰਨਵਾਦੀ ਸ਼ਬਦ ਕਹਿਣ ਲਈ ਕਰਨੈਲ ਸਿੰਘ ਪਾਰਸ ਨੂੰ ਬੇਨਤੀ ਕੀਤੀ ਗਈ। ਗੁਰਦੁਆਰੇ ਵਿਚ ਰਾਗੀਆਂ-ਅਰਦਾਸੀਆਂ ਤੇ ਹੋਰ ਸੰਗਤ ਦੀ ਹਾਜ਼ਰੀ ਵਿਚ ਕਰਨੈਲ ਸਿੰਘ ਪਾਰਸ ਹੀ ਏਨੀ ਸਾਫ਼ ਗੱਲ ਬੇਖ਼ੌਫ਼ ਹੋ ਕੇ ਆਖ ਸਕਦਾ ਸੀ:

"ਇੱਕ ਪਾਸੇ ਅਸੀਂ ਆਪ ਹੀ ਤਾਂ ਆਖਦੇ ਹਾਂ ਕਿ ਪਰਮਾਤਮਾ ਨਿਰ-ਆਕਾਰ ਹੈ, ਉਹਦਾ ਕੋਈ ਆਕਾਰ ਨਹੀਂ। ਜੇ ਉਹਦਾ ਆਕਾਰ ਨਹੀਂ ਤਾਂ ਫਿਰ ਉਸਦਾ ਸਰੀਰ ਕਿੱਥੋਂ ਆਇਆ! ਉਸਦੇ ਕਰ-ਪੈਰ ਕਿੱਥੋਂ ਆਏ! ਜੇ ਉਸਦੇ ਚਰਨ ਹੈ ਹੀ ਨਹੀਂ ਤਾਂ ਚਰਨਾਂ ਵਿਚ ਨਿਵਾਸ ਕਾਹਦਾ!"

ਅਜਿਹਾ ਸਹਿਜ ਤੇ ਸਮਝ ਬੰਦੇ ਨੂੰ ਡੂੰਘੇ ਅਧਿਅਨ, ਲੰਮੇ ਤਜਰਬੇ ਤੇ ਵਿਗਿਆਨਕ ਸੋਚ ਦੀ ਬਦੌਲਤ ਹੀ ਪ੍ਰਾਪਤ ਹੁੰਦੇ ਹਨ। 'ਪਾਰਸ' ਬਣੇ ਕਰਨੈਲ ਸਿੰਘ ਨੇ ਆਪਣੇ ਤਖ਼ੱਲਸ ਦੀ ਲਾਜ ਰੱਖਣ ਲਈ ਉਸਦੇ ਹਾਣ ਦਾ ਬਣਨ ਦਾ ਪ੍ਰਣ ਕਰ ਲਿਆ ਸੀ। ਉਸਨੇ ਸੱਚਾ ਵਿਦਵਾਨ ਤੇ ਸੁੱਚਾ ਇਨਸਾਨ ਬਣਨ ਦੀ ਧਾਰ ਲਈ। ਹਿੰਦੀ, ਪੰਜਾਬੀ ਦੇ ਨਾਲ ਉਸਨੇ ਕਿਸੇ ਮੌਲਵੀ ਤੋਂ ਉਰਦੂ ਵੀ ਸਿੱਖਿਆ। ਉਸਨੇ ਹਿੰਦੂ, ਸਿੱਖ ਅਤੇ ਇਸਲਾਮ ਆਦਿ ਧਰਮਾਂ ਦਾ ਡੂੰਘਾ ਅਧਿਅਨ ਵੀ ਕੀਤਾ। ਧਾਰਮਿਕ ਗ੍ਰੰਥ ਵੀ ਪੜ੍ਹੇ ਤੇ ਆਧੁਨਿਕ ਸਾਹਿਤ ਵੀ। ਵਿਦਿਆ ਹਾਸਲ ਕਰਨ ਦੀ ਅਜਿਹੀ ਡੂੰਘੀ ਲਗਨ ਨੇ ਉਸ ਅੰਦਰ ਸਾਹਿਤ ਅਤੇ ਕਵਿਤਾ ਨਾਲ ਪਿਆਰ ਦਾ ਤੀਬਰ ਜਜ਼ਬਾ ਪੈਦਾ ਕਰ ਦਿੱਤਾ। ਉਸ ਅੰਦਰ ਕਵੀਸ਼ਰੀ ਦਾ ਅਜਿਹਾ ਚਿਰਾਗ਼ ਬਲਿਆ ਕਿ ਇਸਦੀ ਲਾਟ ਨਾਲ ਪੰਜਾਬ ਵਿਚ ਕਵੀਸ਼ਰੀ ਦੀ ਪਰੰਪਰਾ ਨਵੇਂ ਰੰਗਾਂ ਤੇ ਅਰਥਾਂ ਵਿਚ ਝਿਲਮਿਲਾ ਉੱਠੀ।

ਸਾਹਿਤ ਪੜ੍ਹਨ ਦੇ ਸ਼ੌਕ ਨੇ ਉਸਨੂੰ ਚੜ੍ਹਦੀ ਜਵਾਨੀ ਵਿਚ ਹੀ ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਦਾ ਸ਼ੈਦਾਈ ਬਣਾ ਦਿੱਤਾ। ਜਦੋਂ ਗੁਰਦਵਾਰਿਆਂ ਵਿਚ 'ਪ੍ਰੀਤ-ਲੜੀ' ਦਾ ਵੜਨਾ ਮਨ੍ਹਾ ਕੀਤਾ ਹੋਇਆ ਸੀ ਤਾਂ ਉਹ ਗੁਰਦਵਾਰਿਆਂ ਵਿਚ ਧਾਰਮਿਕ ਦੀਵਾਨਾ 'ਤੇ ਹਾਜ਼ਰ ਹੋਣ ਸਮੇਂ ਆਪਣੇ ਝੋਲੇ ਵਿਚ 'ਪ੍ਰੀਤ-ਲੜੀ' ਲੁਕਾ ਕੇ ਲੈ ਜਾਂਦਾ ਤੇ ਰਾਤ ਨੂੰ ਦੀਵੇ ਦੇ ਚਾਨਣ ਵਿਚ ਗੁਰਦਵਾਰੇ ਵਿਚਲੀ ਠਾਹਰ ਵਿਚ ਪੜ੍ਹਦਾ ਰਹਿੰਦਾ।

ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਦਾ ਪਾਰਸ ਦੀ ਸੋਚ ਨੂੰ ਛਿੱਲਣ, ਤਰਤੀਬਣ ਤੇ ਤਰਾਸ਼ਣ ਵਿਚ ਬੁਨਿਆਦੀ ਯੋਗਦਾਨ ਸੀ। ਗੁਰਬਖ਼ਸ਼ ਸਿੰਘ ਨੇ ਉਹਦੇ ਮਨ ਵਿਚੋਂ ਵਹਿਮ-ਭਰਮ ਤੇ ਅੰਧ-ਵਿਸ਼ਵਾਸ ਦੇ ਘਾਹ-ਬੂਟੇ ਪੁੱਟ ਕੇ ਮਨ ਨੂੰ ਵਾਹ-ਸੁਹਾਗ ਦਿੱਤਾ। ਉਸਦੇ ਮਨ ਦੀ ਧਰਤੀ ਪੱਧਰੀ ਹੋ ਗਈ, ਵਾਹੀ ਤੇ ਸੁਹਾਗੀ ਗਈ। ਫਿਰ ਇਸ ਮਨ ਵਿਚ ਤਰਕ, ਮਾਨਵ-ਪ੍ਰੇਮ, ਬਰਾਬਰੀ ਤੇ ਸਮਾਜਵਾਦ ਦੇ ਨਵੇਂ ਅੰਕੁਰ ਫੁੱਟ ਨਿਕਲੇ। ਉਸਦੀ ਰੂਹ ਰੌਸ਼ਨ ਹੋ ਗਈ। ਉਹ 'ਹਿੰਦੂ, ਮੁਸਲਿਮ, ਸਿੱਖ, ਜੱਟ, ਬਾਹਮਣ, ਸ਼ੂਦਰ' ਆਦਿ ਦੀਆਂ ਵਲਗਣਾਂ ਵਿਚੋਂ ਨਿਕਲ ਗਿਆ। ਇਨਸਾਨੀ ਮੁਹੱਬਤ ਉਸਦਾ ਸਦੀਵੀ ਪੈਗ਼ਾਮ ਬਣ ਗਈ। ਇਹੋ ਕਾਰਨ ਸੀ ਕਿ ਜਦੋਂ ਸੰਤਾਲੀ ਵੇਲੇ ਧਰਮ ਦੇ ਨਾਂ 'ਤੇ ਮੁਸਲਮਾਨਾਂ ਦੇ ਖ਼ੂਨ ਦੀ ਹੋਲੀ ਖੇਡੀ ਜਾ ਰਹੀ ਸੀ ਤਾਂ ਉਹ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਗੁੰਡਿਆਂ ਕੋਲੋਂ ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਬਚਾ ਕੇ ਉਨ੍ਹਾਂ ਨੂੰ ਕੈਂਪਾਂ ਵਿਚ ਪਹੁੰਚਾਉਣ ਦਾ ਧਰਮ ਨਿਭਾਉਂਦਾ ਰਿਹਾ ਸੀ। ਮਨੁੱਖਤਾ ਦੀ ਸੇਵਾ ਹੀ ਉਹਦਾ ਧਰਮ ਸੀ। ਉਂਜ ਉਹ ਜਾਣ ਗਿਆ ਸੀ ਕਿ ਸਥਾਪਤ ਧਰਮ ਤੇ ਉਨ੍ਹਾਂ ਦਾ ਸਿਰਜਿਆ 'ਰੱਬ' ਜਮਾਤੀ ਸਮਾਜ ਵਿਚ ਧਨੀਆਂ ਤੇ ਲੁਟੇਰਿਆਂ ਦਾ ਸੇਵਕ ਹੈ ਅਤੇ ਲੋਕਾਂ ਦਾ ਦੁਸ਼ਮਣ।

ਲਗਭਗ ਪੌਣੀ ਸਦੀ ਪਹਿਲਾਂ ਲਿਖੇ ਕਿੱਸੇ ਵਿਚ ਪੇਸ਼ ਉਹਦੇ ਵਿਚਾਰ ਅੱਜ ਵੀ ਓਨੇ ਹੀ ਅਰਥਵਾਨ ਹਨ। ਉਹ ਰੱਬੀ ਹੋਂਦ ਨੂੰ ਵੀ ਜਮਾਤੀ ਨੁਕਤੇ ਤੋਂ ਵੇਖਦਾ ਕੁੱਝ ਇਸ ਅੰਦਾਜ਼ ਵਿਚ ਬਿਆਨ ਕਰਦਾ ਹੈ।

ਵਾਹੇ-ਗੁਰੂ, ਐ ਗਾਡ, ਭਗਵਾਨ ਰੱਬਾ!
ਜ਼ਰਾ ਮੁੱਖ ਦਿਖਾਅ ਖ਼ੁਦਾ ਸਾਨੂੰ;
ਬਾਂਗ, ਸੰਖ, ਘੜਿਆਲ 'ਤੇ ਗਿਰਗਿਟਾ ਤੂੰ,
ਆਪੋ-ਵਿਚ ਨਾ ਪਿਆ ਲੜਾਅ ਸਾਨੂੰ!
ਰਹੇ ਸਾਧ, ਫ਼ਕੀਰ ਤੇ ਬ੍ਰਹਮਚਾਰੀ,
ਤੇਰੇ ਨਾਮ 'ਤੇ ਲੁੱਟ ਕੇ ਖਾਅ ਸਾਨੂੰ,
ਚੋਰ, ਠੱਗ, ਲੁਟੇਰੇ ਦੀ ਕਰੇਂ ਮੱਦਦ,
ਤੇਰਾ ਬਦਲਿਆ ਦਿਸੇ ਸੁਭਾਅ ਸਾਨੂੰ।

ਦੂਸਰੇ ਪਾਸੇ ਉਹ ਸਾਮਰਾਜੀ ਗੋਰਿਆਂ ਵੱਲੋਂ ਕੀਤੀ ਜਾਂਦੀ ਭਾਰਤੀ ਲੋਕਾਂ ਦੀ ਲੁੱਟ ਨੂੰ ਪੇਂਡੂ ਮੁਹਾਵਰੇ 'ਚ ਲਪੇਟ ਕੇ ਕਮਾਲ ਦੀ ਸ਼ਾਇਰੀ ਰਾਹੀਂ ਪੇਸ਼ ਕਰਦਾ ਹੈ:

ਸਾਡੀ ਭੋਲ਼ਿਆਂ ਕਾਲ਼ਿਆਂ ਵੱਛੜਿਆਂ ਦੀ,
ਰੱਤ ਚੂਸਗੀ ਲੰਡਨੀਂ ਜੋਕ ਯਾਰੋ।
ਦਾਣੇ ਭੁੰਨਦੀ ਹਿੰਦੀਆਂ ਸਾਡਿਆਂ ਦੀ,
ਭੱਠੀ ਢਾਹ ਗਿਆ 'ਦੂਧੀਆ' ਬੋਕ ਯਾਰੋ।

ਉਹਦੀ ਸਖ਼ਸ਼ੀਅਤ ਦਾ ਸੱਤਰੰਗਾ ਲਹਿਰੀਆ ਉਹਨੂੰ ਇੱਕ ਜੀਵੰਤ ਪੰਜਾਬੀ ਦੇ ਰੂਪ ਵਿਚ ਉਭਾਰ ਕੇ ਸਾਹਮਣੇ ਲਿਆਉਂਦਾ ਹੈ। ਕਿਸੇ ਦਿਖਾਵੇ ਜਾਂ ਦੰਭ ਤੋਂ ਮੁਕਤ ਉਹ ਆਪਣੀਆਂ ਕਮਜ਼ੋਰੀਆਂ ਨੂੰ ਬਿਆਨਣ ਤੇ ਵਿਖਾਉਣ ਤੋਂ ਵੀ ਨਹੀਂ ਸੀ ਝਿਜਕਦਾ। ਉਹਨੂੰ ਇਹ ਮੰਨਣ ਵਿਚ ਕਦੀ ਝਿਜਕ ਨਹੀਂ ਰਹੀ ਕਿ ਉਹ ਸ਼ਰਾਬ ਪੀ ਲੈਂਦਾ ਸੀ ਤੇ ਹੁਣ ਵੀ ਪੀ ਲੈਂਦਾ ਹੈ। ਉਹ ਤਾਂ ਇਹ ਵੀ ਦੱਸ ਦਿੰਦਾ ਸੀ ਕਿ ਜਦੋਂ ਉਹ ਕਿਸੇ ਪ੍ਰੋਗਰਾਮ ਦੀ ਸਾਈ ਫੜਦਾ ਸੀ ਤਾਂ ਨਿਸਚਿਤ ਕੀਤੀ ਫ਼ੀਸ ਦੇ ਨਾਲ ਪਹਿਲੇ ਸਾਲਾਂ ਵਿਚ ਇੱਕ ਬੋਤਲ ਤੇ ਬਾਅਦ ਵਿਚ ਦੋ ਬੋਤਲਾਂ ਸ਼ਰਾਬ ਦੀਆਂ ਉਹਦੀ ਨਕਦ ਫ਼ੀਸ ਦਾ ਹਿੱਸਾ ਹੁੰਦੀਆਂ ਸਨ। ਉਹਨੂੰ ਇਹ ਦੱਸਦਿਆਂ ਵੀ ਕਦੀ ਅੱਖ ਨੀਵੀਂ ਨਹੀਂ ਸੀ ਕਰਨੀ ਪਈ ਕਿ ਉਹਨੂੰ ਪ੍ਰੀਤ-ਲੜੀ ਦਾ ਪਾਠਕ ਹੋਣ ਕਰ ਕੇ ਇੱਕ ਵਾਰ ਗੁਰਦਵਾਰੇ ਵਿਚੋਂ ਬਾਹਰ ਕੱਢ ਦਿੱਤਾ ਗਿਆ ਸੀ। ਉਹ ਤਾਂ ਇਹ ਵੀ ਦੱਸ ਦਿੰਦਾ ਸੀ ਕਿ ਉਹਨੂੰ ਉਹਦਾ ਮੂੰਹ ਕਾਲਾ ਕਰਨ ਤੇ ਜੁੱਤੀਆਂ ਦਾ ਹਾਰ ਉਹਦੇ ਗਲ ਵਿਚ ਪਾਉਣ ਦਾ ਡਰਾਵਾ ਵੀ ਦਿੱਤਾ ਗਿਆ ਸੀ। ਇਹ ਉਹਦਾ ਹੀ ਜਿਗਰਾ ਸੀ ਕਿ ਇੱਕ ਵਾਰ ਭਰੇ ਪੰਡਾਲ ਵਿਚ ਕਿਸੇ ਵਿਰੋਧੀ ਨੇ ਕਿਹਾ, "ਪਾਰਸ ਤੇੜ ਕਛਹਿਰਾ ਨਹੀਂ ਪਾਉਂਦਾ, ਸ਼ਰਾਬ ਪੀਂਦਾ ਐ। ਇਹਨੂੰ ਸਟੇਜ 'ਤੇ ਨਹੀਂ ਬੋਲਣ ਦੇਣਾ ਚਾਹੀਦਾ।" ਤਾਂ ਉਹਨੇ ਬੇਖ਼ੌਫ਼ ਹੋ ਕੇ ਕਿਹਾ ਸੀ, "ਭਰਾਵੋ! ਇਸ ਸੱਜਣ ਨੇ ਜੋ ਕੁੱਝ ਮੇਰੇ ਬਾਰੇ ਕਿਹਾ ਐ, ਉਹ ਸਭ ਸੱਚ ਏ। ਮੈਂ ਇਸਤਰ੍ਹਾਂ ਦਾ ਹੀ ਆਂ। ਹੁਣ ਜੇ ਤੁਸੀਂ ਮੈਨੂੰ ਸੁਣਨਾ ਚਾਹੁੰਦੇ ਓ ਤਾਂ ਵੀ ਠੀਕ ਐ। ਨਹੀਂ ਤਾਂ ਮੈਂ ਹੁਣੇ ਤੁਰ ਜਾਨਾ।"

ਏਨੇ ਸਹਿਜ ਨਾਲ ਆਪਣੀਆਂ ਖ਼ਾਮੀਆਂ ਨੂੰ ਸਵੀਕਾਰ ਕਰਨ ਵਾਲੇ ਨਾਲ ਲਾਡ ਕਰਨ ਨੂੰ ਕਿਸ ਦਾ ਚਿੱਤ ਨਹੀਂ ਕਰੇਗਾ! ਉਹ ਉਨ੍ਹਾਂ ਸੈਂਕੜੇ ਪ੍ਰਚਾਰਕਾਂ ਨਾਲੋਂ ਚੰਗਾ ਸੀ ਜੋ ਸਟੇਜ 'ਤੇ ਪਰਚਾਰ ਤਾਂ ਹੋਰ ਕਰਦੇ ਨੇ ਪਰ ਵਿਹਾਰ ਵਿਚ ਕੁੱਝ ਹੋਰ ਹੀ ਨਿਕਲ ਆਉਂਦੇ ਨੇ। ਆਪਣੇ ਨੁਕਸਾਂ ਨੂੰ ਸਹਿਜ-ਭਾ ਮੰਨ ਲੈਣਾ ਭਰੇ-ਪੂਰੇ, ਮੁਕੰਮਲ, ਬੇਖ਼ੌਫ਼ ਤੇ ਬੁਲੰਦ ਬੰਦੇ ਦਾ ਹੀ ਜਿਗਰਾ ਹੈ। ਪਾਰਸ ਜ਼ਿੰਦਗੀ ਦੇ ਰਸਾਂ-ਕਸਾਂ ਨੂੰ ਮਾਣਦਾ ਹੋਇਆ, ਰੂਹ ਦੇ ਰੱਜ ਤੱਕ ਜਿਊਣ ਵਾਲਾ ਬੰਦਾ ਸੀ। ਏਸੇ ਕਰ ਕੇ ਉਹ ਮੈਨੂੰ ਜਿਊਂਦੇ ਜਾਗਦੇ ਪੰਜਾਬੀ ਦਾ ਪ੍ਰਤੀਨਿਧ ਨਮੂਨਾ ਲੱਗਦਾ ਹੈ।

ਜਿਵੇਂ ਅਸੀਂ ਦੱਸਿਆ ਹੈ ਕਿ ਬੇਝਿਜਕ ਹੋ ਕੇ ਖ਼ਰੀ ਗੱਲ ਕਹਿ ਦੇਣਾ ਉਸਦੇ ਸੁਭਾਅ ਦਾ ਹਿੱਸਾ ਸੀ। ਸੱਚ ਕਹਿਣ ਵਿਚ ਤਾਂ ਨਾ ਉਹ 'ਸਕੇ ਪਿਓ' ਦਾ ਲਿਹਾਜ ਕਰਦਾ ਸੀ, ਨਾ 'ਸਕੇ ਪੁੱਤ' ਦਾ। ਉਦੋਂ ਬਲਵੰਤ ਸਿੰਘ ਰਾਮੂਵਾਲੀਏ ਦੀ ਲੋਕ-ਭਲਾਈ ਪਾਰਟੀ ਦਾ ਚੰਗਾ ਵੱਜ ਸੀ। ਪਾਰਸ ਨੂੰ ਇਹਦੀ ਖ਼ੁਸ਼ੀ ਵੀ ਸੀ। ਪੁੱਤ ਤਰੱਕੀ ਕਰੇ, ਕੌਣ ਨਹੀਂ ਚਾਹੁੰਦਾ। ਮੈਂ ਸਹਿਵਨ ਪੁੱਛ ਲਿਆ, "ਤੁਹਾਨੂੰ ਪਾਰਟੀ ਦਾ ਭਵਿੱਖ ਕਿਵੇਂ ਲੱਗਦੈ?"

ਉਹਦਾ ਬੜਾ ਨਪਿਆ-ਤੁਲਿਆ ਤੇ ਸਾਫ਼ ਜਵਾਬ ਸੀ, "ਸਾਡੀਆਂ ਰਾਜਨੀਤਕ ਪਾਰਟੀਆਂ ਦਾ ਦੁਖਾਂਤ ਹੈ ਕਿ ਇਨ੍ਹਾਂ ਦੀ ਉਸਾਰੀ ਹੇਠੋਂ ਹੋਣੀ ਚਾਹੀਦੀ ਏ ਕਿਉਂਕਿ ਨੀਂਹ ਤੋਂ ਬਿਨਾ ਮਕਾਨ ਨਹੀਂ ਉਸਰਦੇ। ਪਿੰਡ ਪੱਧਰ ਦੀਆਂ ਇਕਾਈਆਂ ਤੋਂ ਉਪਰ ਨੂੰ ਤੁਰ ਕੇ ਹੀ ਰਾਜਨੀਤਕ ਆਗੂਆਂ ਦੀ ਚੋਣ ਹੋਣੀ ਚਾਹੀਦੀ ਏ। ਪਰ ਏਥੇ ਪਾਰਟੀਆਂ ਦੇ ਸਿਰ 'ਤੇ ਬੈਠੇ ਉਤਲੇ ਲੀਡਰ ਹੇਠਲੇ ਲੀਡਰਾਂ ਨੂੰ 'ਬਣਾਉਂਦੇ' ਜਾਂ 'ਲਾਹੁੰਦੇ' ਨੇ। ਪਾਰਟੀ ਦਾ ਢਾਂਚਾ ਹੋਣਾ ਤਾਂ ਚਾਹੀਦਾ ਏ ਆਮ ਪਾਰਟੀ-ਮੈਂਬਰਾਂ ਦੀ ਮੁੱਠੀ ਵਿਚ, ਪਰ ਏਥੇ ਪਾਰਟੀ ਦਾ ਢਾਂਚਾ ਹੁੰਦਾ ਏ ਇੱਕ ਆਦਮੀ ਜਾਂ ਕੁੱਝ ਆਦਮੀਆਂ ਜਾਂ ਕਿਸੇ ਇੱਕ ਪਰਿਵਾਰ ਦੀ ਮੁੱਠੀ ਵਿਚ। ਜਿਹੜੀਆਂ ਪਾਰਟੀਆਂ ਦੀ ਜਾਨ ਇਕੋ 'ਤੋਤੇ' ਦੇ ਹੱਥਾਂ ਵਿਚ ਹੋਵੇ, ਉਹਦੇ ਭਵਿੱਖ ਦਾ ਐਲਾਨ ਕਰਨਾ ਸੌਖਾ ਨਹੀਂ। ਤੋਤਾ ਉਡਾਰੀ ਮਾਰ ਗਿਆ ਤਾਂ ਸਮਝੋ ਪਾਰਟੀ ਵੀ ਉੱਡ ਗਈ।"

ਉਹਦਾ ਰਾਜਨੀਤਕ ਪਾਰਟੀਆਂ ਬਾਰੇ ਵਿਸ਼ਲੇਸ਼ਣ ਸਭਨਾਂ ਪਾਰਟੀਆਂ 'ਤੇ ਬਰਾਬਰ ਲਾਗੂ ਹੁੰਦਾ ਹੈ। ਤੇ 'ਲੋਕ ਭਲਾਈ ਪਾਰਟੀ' ਬਾਰੇ ਉਹਦੀ ਕੀਤੀ ਭਵਿੱਖਬਾਣੀ ਬਾਅਦ ਵਿਚ ਐਨ ਸੱਚ ਹੋ ਨਿੱਬੜੀ।

ਪਾਰਸ ਦੀ 'ਪਾਰਸ-ਛੁਹ' ਨਾਲ ਲਿਸ਼ਕਾਏ ਸੈਂਕੜੇ ਕਵੀਸ਼ਰ, ਉਸਦੇ 'ਸ਼ਾਗਿਰਦਾਂ' ਨੇ, ਉਸਦੇ ਨਾਂ ਦੀ ਚਮਕ ਨੂੰ, ਉਸ ਵਾਂਗ ਹੀ ਦੇਸ਼-ਵਿਦੇਸ਼ ਵਿਚ ਫ਼ੈਲਾਇਆ। ਇੰਜ ਪਾਰਸ ਨੇ ਕਵੀਸ਼ਰੀ ਦੀ ਮਹਾਨ ਪਰੰਪਰਾ ਨੂੰ ਫੈਲਾਉਣ ਦੇ ਨਾਲ ਨਾਲ ਜਿਊਂਦੀ ਰੱਖਣ ਦਾ ਕਾਰਜ ਵੀ ਕੀਤਾ। ਜਿਹੜੇ ਕਵੀਸ਼ਰ ਸਿੱਧੇ ਤੌਰ ਤੇ ਉਸਦੇ ਸ਼ਾਗਿਰਦ ਨਹੀਂ ਵੀ ਸਨ, ਉਹ ਵੀ ਉਸਦੀਆਂ ਕਵਿਤਾਵਾਂ ਪਿੱਛੇ ਆਪਣਾ ਨਾਂ ਜੋੜ ਕੇ ਉਸਦੇ ਹਵਾਲੇ ਨਾਲ ਹੀ ਸਥਾਪਤ ਹੋਣ ਦੇ ਯਤਨ ਵਿਚ ਲੱਗੇ ਰਹਿੰਦੇ। ਢਾਡੀ ਪਰੰਪਰਾ ਨੂੰ ਸਥਾਪਤ ਅਤੇ ਵਿਕਸਿਤ ਕਰਨ ਵਿਚ ਜਿੱਡਾ ਵੱਡਾ ਨਾਂ ਗਿਆਨੀ ਸੋਹਣ ਸਿੰਘ ਸੀਤਲ ਦਾ ਹੈ, ਕਵੀਸ਼ਰੀ ਦੀ ਪਰੰਪਰਾ ਵਿਚ ਕਰਨੈਲ ਸਿੰਘ ਪਾਰਸ ਵੀ ਓਡਾ-ਕੇਡਾ ਨਾਂ ਹੈ।

ਪੜ੍ਹਦੇ ਰਹਿਣਾ ਅਤੇ ਨਿਰੰਤਰ ਅਧਿਅਨ ਕਰਦੇ ਰਹਿਣਾ ਉਸਨੂੰ ਸਾਹ ਲੈਣ ਵਰਗਾ ਕਾਰਜ ਹੀ ਲੱਗਦਾ ਸੀ। ਉਮਰ ਦੇ ਅੰਤਲੇ ਦਿਨਾਂ ਤੱਕ ਉਸਨੇ ਆਪਣੇ ਇਸ ਸ਼ੌਕ ਨੂੰ ਜਿਊਂਦੇ ਰੱਖਿਆ।

ਚੰਗੀ ਲਿਖਤ ਦਾ ਉਹ ਡੱਲ੍ਹ ਡੁੱਲ੍ਹ ਪੈਂਦਾ ਆਸ਼ਕ ਸੀ। ਜਿਸ ਕਿਸੇ ਦੀ ਕੋਈ ਲਿਖਤ ਉਸਨੂੰ ਚੰਗੀ ਲੱਗਦੀ ਤਾਂ ਲੇਖਕ ਭਾਵੇਂ ਉਸਦੇ ਪੋਤਰਿਆਂ ਦੇ ਹਾਣ ਦਾ ਹੁੰਦਾ, ਉਹ ਉਸਨੂੰ ਫ਼ੋਨ ਕਰਦਾ; ਪਹੁੰਚ ਵਿਚ ਹੁੰਦਾ ਤਾਂ ਭਾਵੇਂ ਕਨੇਡਾ ਬੈਠਾ ਹੁੰਦਾ ਜਾਂ ਪੰਜਾਬ ਵਿਚ, ਕਾਰ ਕਢਵਾਉਂਦਾ 'ਤੇ ਕਿਸੇ ਆਪਣੇ ਦੇ ਸਾਥ ਵਿਚ ਲੇਖਕ ਦੇ ਘਰ ਤੱਕ ਵੀ ਪਹੁੰਚ ਜਾਂਦਾ। ਲਿਖਤ ਲਿਖਣ ਵਾਲੇ ਉਸਦੇ ਹੱਥਾਂ ਨੂੰ ਚੁੰਮਦਾ, ਲਾਡ ਕਰਦਾ ਤੇ ਚੰਗੀ ਲਿਖਤ ਲਿਖਣ ਦੇ ਸ਼ਗਨ ਵਜੋਂ ਸੌ ਜਾਂ ਪੰਜ ਸੌ ਦਾ ਨੋਟ ਉਸਦੇ ਸਿਰ ਤੋਂ ਵਾਰ ਕੇ ਉਹਦੀ ਜੇਬ ਵਿਚ ਪਾ ਦਿੰਦਾ। ਚਾਅ ਵਿਚ ਭਰ ਕੇ ਉਹਦੀਆਂ ਅੱਖਾਂ 'ਚੋਂ ਖ਼ੁਸ਼ੀ ਦੇ ਅੱਥਰੂ ਡੁੱਲ੍ਹਣ ਲੱਗਦੇ।

ਆਪਣੀ ਧਰਤੀ ਤੇ ਆਪਣੇ ਲੋਕਾਂ ਨਾਲ ਉਸਦੇ ਡੂੰਘੇ ਮੋਹ ਦੀ ਮਿਸਾਲ ਹੀ ਹੈ ਕਿ ਉਹ ਪਿਛਲੇ ਕਈ ਦਹਾਕਿਆਂ ਤੋਂ ਰਹਿੰਦਾ ਤਾਂ ਭਾਵੇਂ ਕਨੇਡਾ ਵਿਚ ਆਪਣੇ ਬੱਚਿਆਂ ਕੋਲ ਸੀ ਪਰ ਸਿਆਲ ਦੇ ਦਿਨਾਂ ਵਿਚ ਛੇ ਮਹੀਨੇ ਆਪਣੇ ਪਿੰਡ ਰਾਮੂਵਾਲੇ ਹੀ ਕੱਟਦਾ। ਉਸ ਕੋਲ ਮਿਲਣ ਆਉਣ ਵਾਲਿਆਂ ਦਾ ਤਾਂਤਾ ਲੱਗਾ ਰਹਿੰਦਾ। ਹਰ ਕਿਸਮ ਦੀ ਖਾਣ-ਪੀਣ ਦੀ ਸੇਵਾ ਤੋਂ ਇਲਾਵਾ ਉਹ ਆਪਣੇ ਸ਼ਬਦਾਂ ਦੇ ਅਨਾਰਾਂ ਨਾਲ ਉਨ੍ਹਾਂ ਦੀ ਰੂਹ ਰੁਸ਼ਨਾਉਂਦਾ ਰਹਿੰਦਾ।

ਉਸਦੇ ਪਿੰਡ ਦਾ ਹਾਈ ਸਕੂਲ ਉਸਦੇ ਨਾਂ 'ਤੇ ਬਣਿਆ ਹੋਇਆ ਹੈ। ਉਹ ਹਰੇਕ ਸਾਲ ਆਪਣੇ ਕੋਲੋਂ ਲੱਖਾਂ ਰੁਪਈਏ ਆਪਣੇ ਪਿੰਡ ਦੀ ਭਲਾਈ ਵਾਸਤੇ ਖ਼ਰਚਦਾ। ਉਸਨੇ ਆਪਣੇ ਖ਼ਰਚ 'ਤੇ ਪਿੰਡ ਵਿਚ ਬਿਰਧ-ਘਰ, ਡਿਸਪੈਂਸਰੀ, ਲਾਇਬ੍ਰੇਰੀ, ਜਿਮਖਾਨਾ, ਦਲਿਤਾਂ ਲਈ ਧਰਮਸਾਲਾ ਬਣਵਾ ਕੇ ਦਿੱਤੇ। ਉਹ ਗੁਰੂ ਨਾਨਕ ਦਾ ਸੱਚਾ ਸਿੱਖ ਸੀ। ਉਸਨੂੰ ਆਪਣੇ ਲੋਕਾਂ ਲਈ ਆਪਾ ਲੁਟਾਉਣ ਦਾ ਚਾਅ ਰਹਿੰਦਾ ਸੀ। ਬਾਬੇ ਨਾਨਕ ਵਾਂਗ ਹੀ ਉਸਨੂੰ ਜਾਤਾਂ ਪਾਤਾਂ ਦੇ ਆਧਾਰ 'ਤੇ ਵੰਡਿਆ ਸਮਾਜ ਪਰਵਾਨ ਨਹੀਂ ਸੀ, ਇਸੇ ਕਰਕੇ ਜਦੋਂ ਉਸਨੇ ਆਪਣੇ ਪਿੰਡ ਦੇ ਸਿਵਿਆਂ ਨੂੰ ਸਵਾਰਨ ਲਈ ਦਾਨ ਦਿੱਤਾ ਤਾਂ 'ਤਥਾ-ਕਥਿਤ' ਸਵਰਨ ਜਾਤੀਆਂ ਦੇ ਸਿਵਿਆਂ ਨਾਲੋਂ ਦਲਿਤ ਜਾਤੀਆਂ ਦੇ ਸਿਵਿਆਂ ਲਈ ਦੁਗਣੇ ਪੈਸੇ ਦਿੱਤੇ ਸਨ। ਉਹਨੇ ਤਾਂ ਇਹ ਵੀ ਐਲਾਨ ਕੀਤਾ ਹੋਇਆ ਸੀ ਕਿ ਉਹਦੇ ਮਰਨ ਤੋਂ ਬਾਅਦ ਉਹਦਾ ਸਸਕਾਰ ਦਲਿਤਾਂ ਦੇ ਸਿਵਿਆਂ ਵਿਚ ਕੀਤਾ ਜਾਵੇ। 'ਨੀਚਾਂ ਅੰਦਰ ਨੀਚ' ਦੇ ਸੰਗ-ਸਾਥ ਦੀ ਇਸਤੋਂ ਵੱਖਰੀ ਕੀ ਮਿਸਾਲ ਹੋ ਸਕਦੀ ਹੈ।

ਸਦਾ-ਬਹਾਰ ਕਵੀਸ਼ਰੀ ਲਿਖਣ ਵਾਲਾ ਸ਼ੋਮਣੀ ਕਵੀਸ਼ਰ ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ ਜੋ 28 ਜੂਨ 1916 ਨੂੰ ਪੈਦਾ ਹੋਇਆ ਸੀ, ਸਦੀ ਦੇ ਨੇੜੇ ਢੁੱਕਦੀ ਉਮਰ ਭੋਗ ਕੇ ਆਖ਼ਰਕਾਰ 28 ਫਰਵਰੀ 2009 ਨੂੰ ਦੁਨਿਆਵੀ 'ਜੰਕਸ਼ਨ' ਤੋਂ ਸਦਾ ਲਈ ਤੁਰ ਜਾਣ ਵਾਲੀ 'ਗੱਡੀ' ਵਿਚ ਬੈਠ ਕੇ ਅਮੁੱਕ ਸਫ਼ਰ 'ਤੇ ਤੁਰ ਗਿਆ ਤੇ ਪਿੱਛੇ 'ਪਲੇਟਫ਼ਾਰਮ' 'ਤੇ ਖੜੀ ਸਾਡੀ, ਉਸਦੇ ਪ੍ਰਸੰਸਕਾਂ ਤੇ ਪ੍ਰੇਮੀਆਂ ਦੀ ਭੀੜ ਮੋਹ ਭਰੀਆਂ ਅੱਖਾਂ ਨਾਲ ਉਸਨੂੰ ਜਾਂਦੇ ਨੂੰ ਹੱਥ ਹਿਲਾ ਰਹੀ ਹੈ ਤੇ ਉਸਦੀਆਂ ਯਾਦਾਂ ਨੂੰ ਚਿਤਵ ਰਹੀ ਹੈ।

***** *ਸ਼ਬਦ-ਚਿਤਰਾਂ ਦੀ ਛਪ ਰਹੀ ਕਿਤਾਬ 'ਹੀਰੇ ਬੰਦੇ' ਵਿਚੋਂ***

---

## ਬਟਵਾਰੇ ਦੇ ਦਰਦ ਨੂੰ ਮਹਿਸੂਸ ਕਰਦੀ ਕਾਫ਼ੀਆ .ਗ਼ਜ਼ਲ

ਖ਼ੂਬ ਰੋਇਆ ਦੱਸਦਿਆਂ ਉਹ ਦਰਦ ਦਿਲ ਦੇ ਕਹਿ ਗਿਆ।
ਵੰਡ ਵੇ.ਲੇ ਪਿੰਡ ਮੇਰਾ ਓਸ ਪਾਸੇ ਰਹਿ ਗਿਆ।
ਕਹਿਣ ਨੂੰ ਆਜ਼ਾਦ ਹੋਏ ਗੋਰਿਆਂ ਤੋਂ ਸੀ ਮਗਰ,
ਏਦਾਂ ਦੀ ਆਜ਼ਾਦੀ ਨਾਲੋਂ ਕੀ ਸੀ ਥੁੜ੍ਹਿਆ ਰਹਿ ਗਿਆ?
ਹੁਣ ਵੀ ਅੱਖੀਆਂ ਲੱਭਦੀਆਂ ਨੇ ਇਸ ਜਲੰਧਰ ਸ਼ਹਿਰ 'ਚੋਂ,
ਜੋ ਪਰਾਏ ਮੁਲਕ ਵਿਚ ਸੀ ਸ਼ਹਿਰ ਸਾਡਾ ਰਹਿ ਗਿਆ।
ਪਿੰਡ ਅਪਣੇ ਜਾਣ ਦਾ ਫਿਰ ਮੁੜ ਸਬਬ ਬਣਿਆ ਨਹੀਂ,
ਚੇਤਿਆਂ ਵਿਚ ਪਿੰਡ ਹੁਣ ਉਹ ਯਾਦ ਬਣ ਕੇ ਰਹਿ ਗਿਆ।
ਮੋਢਿਆਂ 'ਤੇ ਲਾਸ਼ ਅਪਣੀ, ਚੁੱਕ ਕੇ ਸਭ ਤੁਰ ਪਏ,
ਹਿਜਰਤਾਂ ਦਾ ਦੁੱਖ ਡਾਹਢਾ, ਹੋਰ ਕੀ ਹੁਣ ਰਹਿ ਗਿਆ।
ਹੁਣ ਅਸੀਂ ਜੇ ਸੋਚੀਏ, ਪਾਇਆ-ਗੁਆਇਆ ਕੀ ਅਸੀਂ,
ਪਿਆਰ ਸਦੀਆਂ ਦਾ ਅਸਾਡਾ, ਨ.ਫਰਤਾਂ ਬਣ ਰਹਿ ਗਿਆ।
ਧਰਮੀਆਂ ਤੇ ਮਜ਼ਬੀਆਂ ਨੇ ਸਾਜਿਸ਼ਾਂ ਇਹ ਕੀਤੀਆਂ,
ਮਾਨਵੀ ਕਦਰਾਂ ਦਾ ਹੈ ਹੁਣ, ਘਾਣ ਹੋ ਕੇ ਰਹਿ ਗਿਆ।
ਸੁਪਨਿਆਂ ਵਿਚ ਰੋਜ਼ ਮੇਰੇ ਪਿੰਡ ਮੇਰਾ ਆਂਵਦਾ,
ਰੋਲਿਆਂ ਵੇ.ਲੇ ਸੀ ਜਿਹੜਾ ਪਿੰਡ ਓਧਰ ਰਹਿ ਗਿਆ।
ਸੀ ਹਵਾ ਕੈਸੀ ਵਗੀ, ਕੋਈ ਨਾ ਅਪਣਾ ਹੀ ਰਿਹੈ,
ਦੇਸ ਹੀ ਪਰਦੇਸ ਹੋਇਆ, ਦੇਸ ਕਿੱਥੇ ਰਹਿ ਗਿਆ?
ਇਹ ਸੰਤਾ.ਲੀ ਦਾ ਉਜਾੜਾ, ਭੁੱਲਣਾ ਹੈ ਨਾ ਕਦੇ,
ਮੂੰਹ ਤੇ ਮਾਨਵਤਾ ਦੇ ਜੋ, ਇਲਜ਼ਾਮ ਹੋ ਕੇ ਰਹਿ ਗਿਆ।

*-ਜਗਦੀਸ਼ ਰਾਣਾ*
*ਸੰਪਰਕ -79862-07849*

# ਧੀਆਂ ਲਈ ਲੋਰੀਆਂ




*ਨੁਜ਼ਹਤ ਅੱਬਾਸ: ਲੋਰੀਆਂ ਸੁਣਾਉਣ ਦੇ ਵੱਖ-ਵੱਖ ਅੰਦਾਜ਼*

ਕਲਾ ਪਰਿਕਰਮਾ

ਡਾ. ਦਰਸ਼ਨ ਸਿੰਘ 'ਆਸ਼ਟ'
ਫੋਨ: +91-98144-23703



ਲਹਿੰਦੇ ਪੰਜਾਬ (ਪਾਕਿਸਤਾਨ) ਵਿਚ ਇਸ ਸਮੇਂ 13 ਕਰੋੜ ਤੋਂ ਵੱਧ ਪੰਜਾਬੀਆਂ ਦਾ ਵਸੇਬਾ ਹੈ। ਪੰਜਾਬੀਆਂ ਦੀ ਇੰਨੀ ਵੱਡੀ ਤਾਦਾਦ ਹੋਣ ਦੇ ਬਾਵਜੂਦ ਉਥੇ ਸਰਕਾਰੀ ਭਾਸ਼ਾ ਪੰਜਾਬੀ ਦੀ ਥਾਂ ਉਰਦੂ ਹੈ। ਵਿਸ਼ਵ ਵਿਚ ਪੰਜਾਬੀਆਂ ਦੀ ਸਭ ਤੋਂ ਵੱਧ ਵੱਸੋਂ ਹੋਣ ਦੇ ਬਾਵਜੂਦ ਉਥੇ ਕੋਈ ਵੀ ਸਕੂਲ ਅਜਿਹਾ ਨਹੀਂ ਜਿੱਥੇ ਪੰਜਾਬੀ ਬੋਲਦੇ ਬੱਚਿਆਂ ਲਈ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਵੇ। ਜੇਕਰ ਕੋਈ ਬਾਲ ਸਕੂਲ ਵਿਚ ਉਰਦੂ ਦੀ ਥਾਂ ਪੰਜਾਬੀ ਬੋਲਦਾ ਫੜਿਆ ਜਾਵੇ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਂਦਾ ਹੈ।

ਅਜਿਹੀ ਚਿੰਤਾਜਨਕ ਸਥਿਤੀ ਵਿਚ 'ਕੋਈ ਹਰਿਆ ਬੂਟ ਰਹੀਓ ਰੀ' ਅਨੁਸਾਰ ਨੁਜ਼ਹਤ ਅੱਬਾਸ ਦਾ ਜ਼ਿਕਰ ਕਰਨਾ ਗ਼ੈਰ-ਪ੍ਰਸੰਗਿਕ ਨਹੀਂ ਹੋਵੇਗਾ ਜੋ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲਦੇ ਬਾਲਾਂ ਖ਼ਾਸ ਕਰ ਕੇ ਧੀਆਂ ਧਿਆਣੀਆਂ ਲਈ ਪੰਜਾਬੀ ਵਿਚ ਮੌਲਿਕ ਲੋਰੀਆਂ ਦੀ ਸਿਰਜਣਾ ਕਰ ਕੇ ਨਾ ਸਿਰਫ਼ ਉਨ੍ਹਾਂ ਦਾ ਮਨ ਪ੍ਰਚਾਵਾ ਕਰ ਰਹੀ ਹੈ ਸਗੋਂ ਉਨ੍ਹਾਂ ਨੂੰ ਪੰਜਾਬੀ ਦੀ ਮਾਣਮੱਤੀ ਵਿਰਾਸਤ ਅਤੇ ਸੱਭਿਆਚਾਰ ਨਾਲ ਜੋੜਨ ਦਾ ਵੀ ਸਾਰਥਿਕ ਉਪਰਾਲਾ ਕਰ ਰਹੀ ਹੈ। ਉਸ ਦਾ ਮੰਨਣਾ ਹੈ ਕਿ ਜੇਕਰ ਬਾਲਾਂ ਦੀ ਮਾਂ ਬੋਲੀ ਤਕੜੀ ਹੋਵੇਗੀ ਅਤੇ ਬਾਲਾਂ ਦੀ ਆਪਣੀ ਬੋਲੀ, ਰਹਿਤਲ ਤੇ ਆਪਣੇ ਆਪ ਨਾਲ ਸਾਂਝ ਵਧੇਗੀ ਤਾਂ ਹੀ ਉਹ ਫ਼ਖ਼ਰ ਨਾਲ ਕਹਿ ਸਕਣਗੇ ਕਿ ਅਸੀਂ ਪੰਜਾਬੀ ਹਾਂ ਅਤੇ ਸਾਡੀ ਮਾਂ ਬੋਲੀ ਪੰਜਾਬੀ ਹੈ। ਪਿਛਲੇ ਦਿਨੀਂ ਉਸ ਨੇ ਸੰਦੀਪ ਸਿੰਘ (ਜਲੰਧਰ) ਹੋਰਾਂ ਜ਼ਰੀਏ ਮੈਨੂੰ ਲੋਰੀਆਂ ਅਤੇ ਬਾਲ ਗੀਤਾਂ ਦੀਆਂ ਸੀ.ਡੀਜ਼ ਅਤੇ ਪੁਸਤਕਾਂ ਭੇਜੀਆਂ। ਮੈਂ ਮਹਿਸੂਸ ਕੀਤਾ ਕਿ ਚੜ੍ਹਦੇ ਪੰਜਾਬ ਵਿਚ ਉਸ ਵੱਲੋਂ ਮਾਂ ਬੋਲੀ ਲਈ ਕੀਤੇ ਜਾ ਰਹੇ ਠੋਸ ਉੱਦਮ ਦੀ ਚਰਚਾ ਜ਼ਰੂਰ ਹੋਣੀ ਚਾਹੀਦੀ ਹੈ।

ਲਾਇਲਪੁਰ (ਅੱਜ ਕੱਲ੍ਹ ਨਾਂ ਫ਼ੈਸਲਾਬਾਦ) ਦੀ ਜੰਮਪਲ ਨੁਜ਼ਹਤ ਅੱਬਾਸ ਲਾਇਲਪੁਰ ਦੀ ਪਹਿਲੀ ਵਿਦਿਆਰਥਣ ਹੈ ਜੋ ਉਚੇਰੀ ਸਿੱਖਿਆ ਹਾਸਿਲ ਕਰਨ ਲਈ ਸੋਵੀਅਤ ਯੂਨੀਅਨ ਗਈ ਸੀ। ਉੱਥੇ ਉਸ ਨੇ ਰੂਸੀ ਭਾਸ਼ਾ ਤੋਂ ਇਲਾਵਾ ਇਤਿਹਾਸ ਅਤੇ ਹੋਰ ਵਿਸ਼ਿਆਂ ਦੀ ਤਾਲੀਮ ਹਾਸਿਲ ਕੀਤੀ। ਜਦੋਂ ਉਸ ਦੀ ਅੰਮੀ ਵਫ਼ਾਤ ਪਾ ਗਈ ਤਾਂ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਕੋਲੋਂ ਪੰਜਾਬੀ ਲੋਰੀਆਂ, ਥਾਲ, ਖੇਡ ਗੀਤਾਂ ਅਤੇ ਬਾਤਾਂ-ਬੁਝਾਰਤਾਂ ਦੀ ਮੁੱਲਵਾਨ ਵਿਰਾਸਤ ਹੀ ਖੁੱਸ ਗਈ ਹੋਵੇ। ਜਦੋਂ ਉਸ ਦੀ ਧੀ ਅਨੂਸ਼ਾ (1998) ਨੇ ਜਨਮ ਲਿਆ ਤਾਂ ਮਾਂ ਨੁਜ਼ਹਤ ਦੇ ਜ਼ਿਹਨ ਵਿਚੋਂ ਆਪਣੀ ਨੰਨ੍ਹੀ ਮੁੰਨੀ ਬਾਲੜੀ ਲਈ ਲੋਰੀਆਂ ਦਾ ਬੂਟਾ ਫਿਰ ਪੁੰਗਰਨ ਲੱਗ ਪਿਆ। ਉਸ ਨੇ ਅਨੁਭਵ ਕੀਤਾ ਕਿ ਲਹਿੰਦੇ ਪੰਜਾਬ ਵਿਚ ਪੰਜਾਬੀਆਂ ਦੀ ਆਪਣੀ ਜ਼ੁਬਾਨ ਦੀ ਥਾਂ ਉਰਦੂ ਵਿਚ ਲੋਰੀਆਂ ਕਿਉਂ? ਪਾਕਿਸਤਾਨ ਦੀ ਇੱਕ ਸੰਸਥਾ ਨਾਲ ਆਪਣੇ ਦੋ ਸਾਲਾ ਐਕਸ਼ਨ ਰਿਸਰਚ ਪ੍ਰੋਜੈਕਟ ਦੌਰਾਨ ਉਸ ਨੇ ਮਹਿਸੂਸ ਕੀਤਾ ਕਿ ਪੰਜਾਬੀ ਵਿਚ ਬਹੁਤੀਆਂ ਲੋਰੀਆਂ ਤਾਂ ਮੁੰਡੇ ਨੂੰ ਸੰਬੋਧਿਤ ਹਨ, ਕੁੜੀਆਂ ਨੂੰ ਕਿਉਂ ਨਹੀਂ? ਲਿੰਗ ਸਮਾਨਤਾ ਨੂੰ ਮੁੱਖ ਰੱਖਦਿਆਂ ਉਸ ਨੇ ਧੀਆਂ ਲਈ ਲੋਰੀਆਂ ਲਿਖਣ ਦਾ ਕਾਰਜ ਆਰੰਭਿਆ ਤਾਂ ਜੋ ਮੁੰਡੇ ਅਤੇ ਕੁੜੀ ਵਿਚ ਸੰਤੁਲਨ ਕਾਇਮ ਰੱਖਿਆ ਜਾ ਸਕੇ। ਨਤੀਜਤਨ ਉਸ ਨੇ ਪੰਜਾਬੀ ਬਾਲੜੀਆਂ ਲਈ ਇਸ ਪੱਖ ਤੋਂ ਕੰਮ ਕਰਨ ਦਾ ਅਟੱਲ ਫ਼ੈਸਲਾ ਕਰ ਲਿਆ। ਉਸ ਨੇ ਅੰਮੀ ਜਾਨ ਵਾਲੀਆਂ ਅਤੇ ਪੰਜਾਬੀ ਦੀਆਂ ਪ੍ਰਚਲਿਤ ਲੋਰੀਆਂ ਨੂੰ ਇਕੱਤ੍ਰਿਤ ਕੀਤਾ ਅਤੇ ਖ਼ੁਦ ਨਵੀਆਂ ਲੋਰੀਆਂ ਦੀ ਸਿਰਜਣਾ ਕੀਤੀ। ਉਦਾਹਰਨ ਵਜੋਂ:

ਸੌਂ ਜਾ ਮੇਰੀ ਰਾਣੀ,
ਸੌਂ ਜਾ ਮੇਰੀ ਜਾਨ।
ਨੀਂਦਰ ਦੇ ਵਿਚ ਜਾਵੇਂਗੀ,
ਪਰੀਆਂ ਕੋਲ ਬੁਲਾਵੇਂਗੀ।
ਪੀਂਘਾਂ ਉੱਚੀਆਂ ਪਾਵੇਂਗੀ,
ਪਿਆਰ ਹੁਲਾਰੇ ਖਾਵੇਂਗੀ।
ਸੌਂ ਜਾ ਮੇਰੀ ਰਾਣੀ,
ਸੌਂ ਜਾ ਮੇਰੀ ਜਾਨ।
ਤੜਕੇ ਤੂੰ ਉੱਠ ਜਾਵੇਂਗੀ,
ਸੁਪਨੇ ਸਭ ਸੁਣਾਵੇਂਗੀ।
ਮਾਂ ਨਾਲ ਜੱਫੀ ਪਾਵੇਂਗੀ,
ਮਿੱਠੀ ਚੂਰੀ ਖਾਵੇਂਗੀ।
ਸੌਂ ਗਈ ਮੇਰੀ ਰਾਣੀ,
ਸੌਂ ਗਈ ਮੇਰੀ ਜਾਨ।
ਹੂੰ ਹੂੰ ਹੂੰ ਹੂੰਅ,
ਹੂੰ ਹੂੰ ਹੂੰ ਹੂੰਅ
ਹੂੰ ਹੂੰ ਹੂੰ ਹੂੰਅ,
ਹੂੰ ਹੂੰ ਹੂੰ ਹੂੰਅ...।

ਮਿੱਠੀ ਆਵਾਜ਼ ਵਿਚ ਲੋਰੀਆਂ ਸੁਣਾਉਣ ਵਾਲੀ ਨੁਜ਼ਹਤ ਅੱਬਾਸ ਨੇ ਪੰਜਾਬੀ ਅਤੇ ਉਰਦੂ ਦੀਆਂ 29 ਲੋਰੀਆਂ ਦੀ ਸੀ.ਡੀ. ਨਸ਼ਰ ਕੀਤੀ ਹੈ ਜਿਸ ਵਿਚ ਨਿਰੋਲ ਲੋਰੀਆਂ ਹਨ। ਉਸ ਨੇ ਇਨ੍ਹਾਂ ਲੋਰੀਆਂ ਦੀ ਕੰਪੋਜ਼ਿੰਗ ਵੀ ਖ਼ੁਦ ਕੀਤੀ ਹੈ ਅਤੇ ਗਾਇਆ ਵੀ ਆਪ ਹੈ। ਇਨ੍ਹਾਂ ਲੋਰੀਆਂ ਵਿਚ 'ਨਵੀਂ ਜ਼ਿੰਦਗੀ', 'ਝੂਟੇ ਮਾਈਆਂ', 'ਨਾਨੀ ਦਾਦੀ', 'ਬੱਚੀ ਮੇਰੀ ਰਾਣੀ', 'ਚੂੱਚੂ ਚੂੱਚੂ ਚਾਚਾ', 'ਚੁੰਮਾਂ ਤੇਰੀਆਂ ਅੱਖਾਂ', 'ਅੱਲੜ੍ਹ ਬੱਲੜ੍ਹ ਬਾਵੇ ਦਾ', 'ਸੌਂ ਜਾ ਮੇਰੀ ਰਾਣੀ', 'ਮੇਰੇ ਨਿੱਕੜੇ ਬਾਲ' ਅਤੇ 'ਨਿੱਕਾ ਜਿਹਾ ਦਿਲ ਮੇਰੀ ਜਿੰਦ ਵਿਚੋਂ ਬੋਲਦਾ' ਵੀ ਕਮਾਲ ਦੀ ਘਾੜਤ ਹਨ। ਇਨ੍ਹਾਂ ਲੋਰੀਆਂ ਵਿਚ ਪੰਜਾਬੀ ਟੱਬਰ ਵਿਚ ਆਉਣ ਵਾਲੇ ਬਾਲ ਦੀ ਨਵੀਂ ਜ਼ਿੰਦਗੀ ਬਾਰੇ ਸੁਪਨੇ ਅਤੇ ਉਮੰਗਾਂ ਰੂਪਮਾਨ ਹੁੰਦੀਆਂ ਹਨ। ਨਾਨਕੇ ਅਤੇ ਦਾਦਕੇ ਦੇ ਗੂੜ੍ਹੇ ਰਿਸ਼ਤਿਆਂ ਨਾਲ ਪਿਆਰ ਅਤੇ ਸਾਂਝ ਦਾ ਰਿਸ਼ਤਾ ਹੈ। ਲੋਰੀਆਂ ਰਾਹੀਂ ਕੁਤਕੁਤਾੜੀਆਂ, ਮੌਜ ਮੇਲਾ, ਝੂਟੇ ਮਾਟੇ ਅਤੇ ਰਲ ਮਿਲ ਕੇ ਗਾਉਣ ਨਾਲ ਖ਼ੁਸ਼ੀ ਦੁੱਗਣੀ ਹੋਣ ਦੀਆਂ ਗੱਲਾਂ ਹਨ। ਲੈਅ ਤੇ ਤਾਲ ਦੀ ਸੰਗੀਤਕ ਮਿਠਾਸ ਵਿਚ ਘੁਲੀ ਹਰ ਲੋਰੀ ਦੇ ਅੰਤ ਵਿਚ ਗਾਇਕਾ ਦੀ ਆਵਾਜ਼ ਹੌਲੀ-ਹੌਲੀ ਮੱਧਮ ਹੁੰਦੀ ਹੋਈ ਬੰਦ ਹੋ ਜਾਂਦੀ ਹੈ। ਇਹ ਲੋਰੀਆਂ ਬਾਲੜੀ ਦੇ ਜਨਮ ਤੋਂ ਲੈ ਕੇ ਸਕੂਲ ਜਾਣ ਤੱਕ ਦੀ ਅਵਸਥਾ ਨਾਲ ਤਾਅਲੁਕ ਰੱਖਦੀਆਂ ਹਨ।

ਜਦੋਂ ਨੁਜ਼ਹਤ ਅੱਬਾਸ ਪਹਿਲੀ ਵਾਰੀ ਆਪਣੇ ਖ਼ਾਵੰਦ ਅੱਬਾਸ ਜੋ ਕੰਪਿਊਟਰ ਸੌਫਟਵੇਅਰ ਇੰਜਨੀਅਰ ਹਨ, ਨਾਲ ਨਨਕਾਣਾ ਸਾਹਿਬ ਗਈ ਸੀ ਤਾਂ ਵਾਪਸੀ 'ਤੇ ਲਾਹੌਰ ਤੱਕ ਆਉਂਦਿਆਂ ਰਾਹ ਵਿਚ ਮਿਲੇ ਅਨੇਕ ਬੱਚਿਆਂ ਨੂੰ ਉਸ ਨੇ ਆਪਣੀਆਂ ਇਹ ਪੰਜਾਬੀ ਲੋਰੀਆਂ ਸੁਣਾਈਆਂ, ਯਾਦ ਕਰਵਾਈਆਂ। ਬੱਚਿਆਂ ਨੇ ਇਨ੍ਹਾਂ ਨੂੰ ਖ਼ੂਬ ਪਸੰਦ ਕੀਤਾ।

ਨੁਜ਼ਹਤ ਅੱਬਾਸ ਨੇ ਆਪਣੀ ਧੀ ਦੇ ਮਨਪ੍ਰਚਾਵੇ ਲਈ ਲੋਰੀਆਂ ਤੋਂ ਬਾਅਦ 'ਸੱਤੇ ਖ਼ੈਰਾਂ' ਪੁਸਤਕ ਲਿਖੀ ਜਿਸ ਵਿਚ ਲੋਕ ਕਹਾਣੀਆਂ ਵਰਗੀ ਸ਼ੈਲੀ ਅਤੇ ਮਿਠਾਸ ਹੈ। ਇਸ ਵਿਚਲੀਆਂ ਕਹਾਣੀਆਂ 'ਚਾਚਾ ਬੱਦਲ', 'ਭਾਅ ਬੂਟਾ ਤੇ ਪਰਛਾਵਾਂ', 'ਅੰਗ ਸੰਗ', 'ਕਾਲੀ ਸ਼ਹਿਜ਼ਾਦੀ' ਆਦਿ ਸ਼ਾਮਿਲ ਹਨ। ਅਮਰਜੀਤ ਚੰਦਨ, ਜ਼ੁਬੈਰ ਅਹਿਮਦ ਅਤੇ ਕੁਝ ਹੋਰ ਅਦੀਬਾਂ ਨੇ ਉਸ ਦੀਆਂ ਇਨ੍ਹਾਂ ਬਾਤਾਂ ਨੂੰ ਗੁਰਮੁਖੀ ਵਿਚ ਵੀ ਢਾਲਿਆ। ਇਨ੍ਹਾਂ ਬਾਤਾਂ ਨੂੰ ਪਾਕਿਸਤਾਨ ਦੀ ਪ੍ਰਸਿੱਧ ਪੰਜਾਬੀ ਪ੍ਰਕਾਸ਼ਨ ਸੰਸਥਾ ਪੰਜਾਬ ਲੋਕ ਲਹਿਰ, ਸਾਹੀਵਾਲ ਨੇ ਛਾਪਿਆ। ਇਹ ਬਾਤਾਂ ਅੰਗਰੇਜ਼ੀ ਵਿਚ ਵੀ ਅਨੁਵਾਦ ਹੋ ਚੁੱਕੀਆਂ ਹਨ। ਹੁਣ ਉਸ ਨੇ ਅਣਜੰਮੀ ਬਾਲੜੀ ਲਈ 9 ਲੋਰੀਆਂ ਦੀ ਸਿਰਜਣਾ ਕੀਤੀ ਹੈ: ਭਾਵ, ਹਰ ਮਹੀਨੇ ਲਈ ਇੱਕ ਲੋਰੀ। ਇਨ੍ਹਾਂ ਲੋਰੀਆਂ ਵਿਚ ਉਹ ਉਸ ਨੂੰ ਮਿੱਠੇ-ਮਿੱਠੇ, ਪਿਆਰੇ-ਪਿਆਰੇ ਸ਼ਬਦਾਂ ਨਾਲ ਸੰਬੋਧਿਤ ਹੋ ਰਹੀ ਹੈ ਕਿ ਪਰਿਵਾਰ ਦੇ ਕਿੰਨੇ ਸਾਰੇ ਪਿਆਰੇ-ਪਿਆਰੇ ਵੰਨ-ਸਵੰਨੇ ਰਿਸ਼ਤੇ ਉਸ ਦੇ ਸੁਆਗਤ ਲਈ ਤਤਪਰ ਹਨ। ਉਸ ਦੀਆਂ ਹੋਰ ਪੁਸਤਕਾਂ ਵਿਚ 'ਮਾਂ ਬਣਨ ਦਾ ਸਫ਼ਰ' (ਉਸ ਦੀ ਪ੍ਰੈਗਨੈਂਸੀ ਡਾਇਰੀ), 'ਮਨ ਫ਼ਕੀਰੀ ਚਸ਼ਮਾ', 'ਉਡਦਾ ਜਾਵੀਂ ਕਾਵਾਂ', 'ਪੰਜਾਬੀ ਲੋਕ ਗੀਤ' ਆਦਿ ਸ਼ਾਮਿਲ ਹਨ।

ਨੁਜ਼ਹਤ ਅੱਬਾਸ ਨੂੰ 1985 ਵਿਚ 'ਪਾਕਿਸਤਾਨੀ ਔਰਤਾਂ ਦੀ ਆਵਾਜ਼' ਦੀ ਖੋਜਾਰਥੀ ਵਜੋਂ ਖ਼ਿਤਾਬ ਵੀ ਹਾਸਿਲ ਹੋ ਚੁੱਕਾ ਹੈ। ਉਹ ਕੌਮਾਂਤਰੀ ਪੱਧਰ ਦੀ ਪਰਉਪਕਾਰੀ (ਚੈਰਿਟੀ) ਸੰਸਥਾ 'ਪੀਪ' (ਪੇਰੈਂਟਸ ਅਰਲੀ ਐਜੂਕੇਸ਼ਨ ਪਾਰਟਨਰਸ਼ਿਪ) ਨਾਲ ਕਾਰਜਕਰਤਾ ਵਜੋਂ ਜੁੜੀ ਹੋਈ ਹੈ। ਉਹ ਸਾਊਥ ਏਸ਼ੀਆ ਵਿਚ ਜੈਂਡਰ ਕੋਆਰਡੀਨੇਟਰ ਵਜੋਂ ਵੀ ਆਪਣੀਆਂ ਸੇਵਾਵਾਂ ਦੇ ਰਹੀ ਹੈ। ਇਨ੍ਹੀਂ ਦਿਨੀਂ ਉਹ ਆਕਸਫੋਰਡ ਵਿਖੇ ਰਹਿ ਰਹੀ ਹੈ ਅਤੇ ਆਖਦੀ ਹੈ:

ਮਾਲੀ ਦਾ ਕੰਮ ਪਾਣੀ ਦੇਣਾ,
ਭਰ-ਭਰ ਮਸ਼ਕਾਂ ਪਾਵੇ
ਮਾਲਕ ਦਾ ਕੰਮ ਫਲ-ਫੁੱਲ ਲਾਉਣਾ,
ਲਾਵੇ ਜਾਂ ਨਾ ਲਾਵੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਅਗਸਤ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-600



*ਕਦੇ ਨਾ:ਲ ਹਵਾ ਦੇ ਗੱਲਾਂ ਕਰਦੀ, ਮਿਜਾਜ਼ਣ ਸ਼ੂਕਦੀ ਜਾਂਦੀ ਸੀ,*
*ਅੱਜ ਬਿਚਾਰੀ ਖੜ੍ਹੀ ਹੈ ਵਿਚ ਬਾੜੇ, ਫੀਅਟ ਨੱਢੀ ਕਹਾਉਂਦੀ ਸੀ,*
*ਚੰਦ ਚਾੜ੍ਹਿਆ ਹੈ ਪਾਥੀਆਂ ਪੱਥ ਕੇ, ਸ਼ਰਮ ਹੀ ਸਿਰ ਝੁਕਾਉਂਦੀ ਹੈ,*
*ਸਫ਼ਰ ਜਵਾਨੀ ਤੋਂ ਬੁਢਾਪੇ ਵਾਂਗਰਾਂ, ਜਾਪਦਾ ਹੈ ਬੱਸ ਮੁਕਾਉਂਦੀ ਹੈ।*

### ਕੈਪਸ਼ਨ ਮੁਕਾਬਲਾ-598



ਲੱਗੀਆਂ ਝੜੀਆਂ ਢਹਿ ਗਏ ਢਾਰੇ,
ਕੀ ਕਰਨ ਲੋਕੀਂ ਗੁਰਬਤ ਦੇ ਮਾਰੇ।
ਭਾਂਡਾ-ਟੀਂਡਾ ਗਿਆ ਥੱਲੇ ਦੱਬਿਆ,
ਹੜ੍ਹ ਵਿਚੋਂ ਲੱਭਦੇ ਫਿਰਨ ਬਿਚਾਰੇ।
ਨਾ ਕੋਈ ਬੀਮਾ ਨਾ ਹੀ ਸੁਰੱਖਿਆ,
ਸਰਕਾਰਾਂ ਵਕਤ ਝੂਠ ਨਾ:ਲ ਸਾਰੇ।
ਰਾਜਸੀ ਆਗੂਆਂ ਸ਼ਰਮ ਹੀ ਲਾਹੀ,
ਬੱਸ ਜੰਤਾ ਨੂੰ ਲਾ ਲਾ ਫੋਕੇ ਲਾਰੇ।
*-ਸੇਵਾ ਸਿੰਘ ਨੂਰਪੁਰੀ*

---

ਕੁਦਰਤ ਸਾਡੀ ਵੈਰਨ ਹੋ ਗਈ
ਸਰਕਾਰਾਂ ਤੋਂ ਵੀ ਝਾਕ ਮੁਕਾਈਏ।
ਬਚਿਆ ਖੁਚਿਆ ਜੋ ਹੱਥ ਆਵੇ
ਸੁੱਕੇ ਥਾਂ ਉਹ ਸਾਂਭੀ ਜਾਈਏ।
ਜੀਵਨ ਚਾਲ ਤਾਂ ਚੱਲੀ ਜਾਣੀ
ਕਿਉਂ ਫਿਰ ਆਪਾਂ ਢੇਰੀ ਢਾਈਏ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ : 98783-37222*

---

ਜਦ ਪਾਣੀ ਹੜ੍ਹ ਦਾ ਅੰਦਰ ਵੜਦਾ,
ਪੱਕੇ ਸਹਾਰੇ ਕੱਚਾ ਨਹੀਂ ਖੜ੍ਹਦਾ।
ਪਸ਼ੂ ਢਾਂਡਾ ਕੀ ਕੱਟੇ-ਵੱਛੇ,
ਵੱਢਣੇ ਪੈ ਗਏ ਸਭ ਦੇ ਰੱਸੇ।
ਖੜ੍ਹਾ ਵੇਖਦਾ ਕਿੱਧਰ ਜਾਵਾਂ,
ਭਾਂਡਾ-ਟੀਂਡਾ ਕਿੱਥੇ ਟਿਕਾਵਾਂ?
ਕਾਣੀ ਵੰਡ ਪੂਰੀ ਨਾ ਪੂਰੇ,
ਸਾਡੇ ਸੁਪਨੇ ਰਹੇ ਅਧੂਰੇ।
ਆਈਆਂ ਗਈਆਂ ਕਈ ਸਰਕਾਰਾਂ,
ਲਈਆਂ ਕਿਸੇ ਨਾ ਸਾਡੀਆਂ ਸਾਰਾਂ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਪਾ ਤੂੜੀ ਗੋਹਾ, ਚਿਕਣੀ ਮਿੱਟੀ
ਦੇ ਲਿੱਪੇ ਹੋਏ ਕੋਠੇ
ਛਲਾਦ ਤੋਂ ਘੱਟ ਨਹੀਂ
ਪਰ ਹੜ੍ਹਾਂ ਦੇ ਪਾਣੀ ਦਾ ਤੇਜ਼ ਵਹਾਅ
ਲੈ ਗਿਆ ਹੂੰਝ ਕੇ ਛੰਨ
ਅਤੇ ਭਵਿੱਖ ਦਾ ਸਰਮਾਇਆ
ਕੀ ਕਰੇ ਹੁਣ
ਨਾ ਘਰ ਰਿਹਾ ਨਾ ਘਾਟ
ਜਾਵੇ ਤਾਂ ਜਾਵੇ ਕਿੱਥੇ
ਕਿਸ ਕੋਲ ਰੋਏ ਰੋਣੇ।
ਹੈ ਵੀ ਲੁੱਟੀ ਜਾਂਦੀ ਕਲਾਸ ਵਿਚੋਂ
ਨਹੀਂ ਕੋਈ ਸੁਣਵਾਈ ਜਿਸ ਦੀ।
*-ਦਰਸ਼ਨ ਪਾਲ ਦੋਸਾਂਝ*

## ਤੂੰ ਛੱਡਦੇ ਫਿਕਰਾਂ ਨੂੰ

ਰੱਬ ਹੀ ਜੱਗ ਚਲਾਵਣਹਾਰਾ,
ਪੱਥਰਾਂ ਵਿਚ ਖੁਆਵਣ ਵਾਲਾ
ਤੀਰ ਨਿਸ਼ਾਨੇ ਲਾਵਣ ਹਾਰਾ,
ਓਹਦੇ ਹੱਥ ਕਮਾਣ,
ਤੂੰ ਛੱਡਦੇ ਫਿਕਰਾਂ ਨੂੰ ਚਿੰਤਾ ਚਿਤਾ ਸਮਾਨ,
ਤੂੰ ਛੱਡਦੇ ਫਿਕਰਾਂ ਨੂੰ।

ਜੋ ਬਣਿਆ ਉਹ, ਇੱਕ ਦਿਨ ਢਹਿਣਾ
ਇਸ ਦੁਨੀਆ 'ਤੇ ਸਦਾ ਨੀ ਰਹਿਣਾ
ਸਭ ਕੁਝ ਛੱਡ ਕੇ ਜਾਣਾ ਪੈਣਾ
ਜਦ ਆਇਆ ਫਰਮਾਨ,
ਤੂੰ ਛੱਡਦੇ ਫਿਕਰਾਂ ਨੂੰ ਚਿੰਤਾ ਚਿਤਾ ਸਮਾਨ,
ਤੂੰ ਛੱਡਦੇ ਫਿਕਰਾਂ ਨੂੰ।

ਰੱਖ ਭਰੋਸਾ ਬੰਦਿਆ ਰੱਬ 'ਤੇ
ਕਾਹਨੂੰ ਨੱਚਦਾ ਫਿਰਦੈਂ ਅੱਗ 'ਤੇ
ਕਿਹੜੇ ਕੰਮ ਨੂੰ ਆਇਆ ਜੱਗ 'ਤੇ
ਭੁੱਲ ਗਿਆ ਅੱਜ ਇਨਸਾਨ,
ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ,
ਤੂੰ ਛੱਡਦੇ ਫਿਕਰਾਂ ਨੂੰ

ਬਿਨ ਓਹਦੇ ਨਾ ਪੱਤਾ ਹਿੱਲਦਾ
ਮਿਹਰ ਕਰੇ ਤਾਂ ਸਭ ਕੁਝ ਮਿਲਦਾ
ਡਾਨਸੀਵਾਲੀਆ ਓਹੀ ਹੋਣਾ
ਜੋ ਓਹਨੂੰ ਪਰਵਾਨ, ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ ,
ਤੂੰ ਛੱਡਦੇ ਫਿਕਰਾਂ ਨੂੰ
*- ਕੁਲਵੀਰ ਸਿੰਘ ਡਾਨਸੀਵਾਲ*

# ਦੇਸ ਨੂੰ ਸਿਆਣਿਆਂ ਦਾ ਨੁਕਸਾਨ ਕਿ ਦੂਤਾਂ ਦੀ ਪ੍ਰਾਪਤੀ

## ਪਰਵਾਸ-4

***ਪਰਵਾਸ ਦੀ ਕਹਾਣੀ ਮੁੱਢ-ਕਦੀਮ ਦੀ ਹੈ। ਮਨੁੱਖ ਆਪਣੇ ਜੀਵਨ-ਨਿਰਬਾਹ ਲਈ ਇੱਕ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ ਅਤੇ ਉਥੇ ਵੱਸਦਾ ਵੀ ਰਿਹਾ ਹੈ। ਅੱਜ ਦੇ ਪਰਵਾਸ ਦੀ ਕਹਾਣੀ ਵੀ ਭਾਵੇਂ ਉਸ ਪਰਵਾਸ ਨਾਲੋਂ ਬਹੁਤੀ ਵੱਖਰੀ ਨਹੀਂ ਪਰ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਤੋਂ ਵਿਦੇਸ਼ੀ ਧਰਤੀਆਂ ਲਈ ਜੋ ਪਰਵਾਸ ਹੋ ਰਿਹਾ ਹੈ, ਉਸ ਨੇ ਪੰਜਾਬ ਦਾ ਤਾਣਾ-ਬਾਣਾ, ਖਾਸ ਕਰ ਕੇ ਸਮਾਜਿਕ, ਹਿਲਾ ਕੇ ਰੱਖ ਦਿੱਤਾ ਹੈ ਅਤੇ ਸਭ ਨੂੰ ਫਿਕਰ ਵਿਚ ਪਾ ਦਿੱਤਾ ਹੈ। ਇਸ ਫਿਕਰ ਬਾਰੇ ਤਫਸੀਲ ਸਹਿਤ ਗੱਲਾਂ ਉੱਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ।***

ਨੇੜਲੇ ਬੀਤੇ ਤੱਕ ਦੇਸ ਛੱਡ ਕੇ ਜਾਣ ਵਾਲੇ ਲੋਕਾਂ ਨੂੰ, ਖਾਸ ਕਰ ਕੇ ਵਿਗਿਆਨੀਆਂ, ਅਧਿਆਪਕਾਂ, ਪ੍ਰੋਫ਼ੈਸਰਾਂ, ਵਿਦਿਆਰਥੀਆਂ, ਆਦਿ ਦੇ ਪਰਦੇਸੀਂ ਜਾ ਵਸਣ ਨੂੰ ਸਿਆਣਿਆਂ ਦਾ ਨਿਕਾਸ (ਬਰੇਨ ਡਰੇਨ) ਕਿਹਾ ਜਾਂਦਾ ਸੀ। ਇਸ ਵਰਤਾਰੇ ਨੂੰ ਦੇਸ ਲਈ ਨੁਕਸਾਨਦੇਹ ਮੰਨਦਿਆਂ ਸੂਝਵਾਨ ਲੋਕ ਫ਼ਿਕਰ ਕਰਦੇ ਸਨ। ਵਿਦਿਅਕ ਖੇਤਰ ਦੇ ਪ੍ਰਬੰਧਕ ਢਾਂਚੇ ਅਤੇ ਸਕੂਲੀ, ਕਾਲਜੀ ਤੇ ਵਿਸ਼ਵਵਿਦਿਆਲੀ ਸਿਲਸਿਲੇ ਉੱਤੇ ਹੁੰਦੇ ਖ਼ਰਚ ਦੇ ਹਿਸਾਬ ਪਹਿਲੀ ਤੋਂ



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਬਾਰ੍ਹਵੀਂ ਤੱਕ ਪੁਜਦੇ ਹਰ ਵਿਦਿਆਰਥੀ ਉੱਤੇ ਹਜ਼ਾਰਾਂ-ਲੱਖਾਂ ਰੁਪਏ ਖਰਚ ਹੋ ਜਾਂਦੇ ਹਨ। ਹਰੇਕ ਵਿਦਿਆਰਥੀ ਪਿੱਛੇ ਉੱਚੀ ਪੜ੍ਹਾਈ ਦਾ ਹਰ ਸਾਲ ਦਾ ਖ਼ਰਚਾ ਸਕੂਲੀ ਪੜ੍ਹਾਈ ਦੇ ਸਾਲਾਨਾ ਖ਼ਰਚੇ ਤੋਂ ਬਹੁਤ ਵੱਧ ਹੁੰਦਾ ਹੈ। ਏਨੇ ਖ਼ਰਚ ਨਾਲ ਪੜ੍ਹਿਆ ਨੌਜਵਾਨ ਇਹ ਖ਼ਰਚ ਕਰਨ ਵਾਲੇ ਆਪਣੇ ਦੇਸ ਨੂੰ ਛੱਡ ਕੇ ਆਪਣੀ ਸੂਝ-ਸਿਆਣਪ ਮੁਫ਼ਤੋ-ਮੁਫ਼ਤੀ ਪਰਦੇਸ ਦੀ ਝੋਲ਼ੀ ਵਿਚ ਜਾ ਪਾਉਂਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸਾਡਾ ਦੇਸ ਇਸ ਸੂਝ-ਸਿਆਣਪ ਦੀ ਵਰਤੋਂ ਕਰਨ ਤੋਂ ਅਸਮਰੱਥ ਰਹਿੰਦਾ ਹੈ। ਅਕਲ ਵੱਡੀ ਕਿ ਮ੍ਹੈਂਸ ਦੀ ਕਹਾਵਤ ਵਾਂਗ ਇਥੇ ਵਿਦਵਤਾ ਨਾਲੋਂ ਸੰਬੰਧ, ਸਿਫ਼ਾਰਸ਼ ਤੇ ਰਿਸ਼ਵਤ ਵੱਡੇ ਸਿੱਧ ਹੁੰਦੇ ਹਨ। ਪੂਰੇ ਦੇਸ ਵਿਚ ਹਰ ਕਿਸਮ ਦੇ ਮੁਲਾਜ਼ਮਾਂ ਦੀ ਭਰਤੀ ਸਮੇਂ ਹੁੰਦੇ ਘਪਲੇ ਰੋਜ਼-ਰੋਜ਼ ਸਾਹਮਣੇ ਆਉਂਦੇ ਰਹਿੰਦੇ ਹਨ। ਹੱਕਦਾਰ ਰਹਿ ਜਾਂਦੇ ਹਨ ਅਤੇ ਜੁਗਾੜੀ ਜਿੱਤ ਜਾਂਦੇ ਹਨ।

ਇਸ ਵਰਤਾਰੇ ਦੀ ਇਕ ਮਸ਼ਹੂਰ ਮਿਸਾਲ ਆਪਣਾ ਪੰਜਾਬੀ ਹਰਗੋਬਿੰਦ ਖੁਰਾਣਾ ਹੈ। ਹਰਗੋਬਿੰਦ ਮੁਲਤਾਨ ਜ਼ਿਲ੍ਹੇ ਦੇ ਪਿੰਡ ਰਾਏਪੁਰ ਦੇ ਵਾਸੀ ਇਕ ਪਟਵਾਰੀ ਦੇ ਚਾਰ ਨਿਆਣਿਆਂ ਵਿਚੋਂ ਛੋਟਾ ਸੀ। ਉਹਨੇ ਬੋਹੜ ਹੇਠ ਲਗਦੀ ਜਮਾਤ ਵਿਚ ਘਰੋਂ ਲਿਆਂਦੀ ਬੋਰੀ ਉੱਤੇ ਬੈਠਦਿਆਂ ਪੜ੍ਹਾਈ ਦਾ ਮੁੱਢ ਬੰਨ੍ਹਿਆ ਜਿਸ ਦੀ ਪੂਰਨਤਾ 1945 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਕੈਮਿਸਟਰੀ ਦੀ ਐਮ. ਐਸ-ਸੀ. ਕਰਨ ਨਾਲ ਹੋਈ। ਵਜ਼ੀਫ਼ੇ ਨਾਲ ਉਹ ਇੰਗਲੈਂਡ ਤੋਂ ਡਾਕਟਰੇਟ ਕਰ ਕੇ 1948 ਵਿਚ ਦੇਸ ਪਰਤਿਆ। ਸਬੱਬ ਨਾਲ ਦਿੱਲੀ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਚ ਇਕ ਥਾਂ ਖਾਲੀ ਸੀ। ਖੁਰਾਣੇ ਨੇ ਅਰਜ਼ੀ ਅਤੇ ਇੰਟਰਵਿਊ ਦਿੱਤੀ, ਪਰ ਉਹਨੂੰ ਰੱਦ ਕਰ ਦਿੱਤਾ ਗਿਆ। ਉਹ ਦੁੱਖ ਤੇ ਗੁੱਸੇ ਦਾ ਭਰਿਆ ਵਾਪਸ ਇੰਗਲੈਂਡ ਜਾ ਕੇ ਅਧਿਆਪਨ ਤੇ ਖੋਜ ਵਿਚ ਜੁਟ ਗਿਆ। ਇੰਗਲੈਂਡ ਤੋਂ ਕੈਨੇਡਾ ਵਿਚੋਂ ਦੀ ਅਮਰੀਕਾ ਤੱਕ ਦੇਸ ਅਤੇ ਯੂਨੀਵਰਸਿਟੀਆਂ ਬਦਲਦਾ 1966 ਵਿਚ ਉਹ ਅਮਰੀਕੀ ਨਾਗਰਿਕ ਬਣ ਗਿਆ। 1968 ਵਿਚ ਉਹਨੂੰ ਪ੍ਰੋਟੀਨਾਂ ਤੇ ਜੀਨਾਂ ਸੰਬੰਧੀ ਖੋਜ ਸਦਕਾ ਨੋਬੇਲ ਇਨਾਮ ਭੇਟ ਕੀਤਾ ਗਿਆ। ਸਾਡੇ ਦੇਸ ਨੂੰ ਫੇਰ ਸਮਝ ਆਈ, ਲੈ ਜੀਹਨੂੰ ਅਸੀਂ ਰੱਦ ਕਰ ਕੇ ਬਾਹਰ ਭਜਾ ਦਿੱਤਾ, ਇਹ ਤਾਂ ਕੰਮ ਦਾ ਬੰਦਾ ਸੀ! ਨਤੀਜੇ ਵਜੋਂ ਅਗਲੇ ਸਾਲ, 1969 ਵਿਚ ਹੀ ਉਹਨੂੰ ਭਾਰਤ ਦਾ ਦੂਜਾ ਸਭ ਤੋਂ ਵੱਡਾ ਸਨਮਾਨ, ਪਦਮ ਵਿਭੂਸ਼ਨ ਭੇਟ ਕੀਤਾ ਗਿਆ। ਹੁਣ ਉਹਨੂੰ ਭਾਰਤੀ ਮੂਲ ਦਾ ਆਖ ਕੇ ਆਪਣੇ ਨੋਬੇਲ ਇਨਾਮ ਜੇਤੂਆਂ ਵਿਚ ਸ਼ਾਮਲ ਕੀਤਾ ਜਾਂਦਾ ਹੈ।

ਬੁੱਧੀ ਦੀ ਕਦਰ ਕਰਨ ਵਾਲੇ ਪਰਦੇਸਾਂ ਦੇ ਮੁਕਾਬਲੇ ਸਾਡਾ ਦੇਸ ਬੁੱਧੀ ਨੂੰ ਕਿਵੇਂ ਖੱਜਲ-ਖ਼ੁਆਰ ਕਰਦਾ ਹੈ, ਇਹਦੀ ਇਕ ਮਿਸਾਲ ਹਰਗੋਬਿੰਦ ਖੁਰਾਣੇ ਦਾ ਐਮ. ਐਸ-ਸੀ. ਦਾ ਹਮਜਮਾਤੀ ਤੇ ਫੇਰ ਹਮਵਜ਼ੀਫ਼ਾ ਸਵਰਗੀ ਡਾ. ਨਾਜ਼ਰ ਸਿੰਘ ਹੈ। ਦੋਵੇਂ ਇੰਗਲੈਂਡ ਤੋਂ ਡਾਕਟਰੇਟ ਕਰ ਕੇ ਇਕੱਠੇ ਦੇਸ ਪਰਤੇ। ਸਬੱਬ ਨਾਲ ਪੰਜਾਬ ਯੂਨੀਵਰਸਿਟੀ ਤੇ ਦਿੱਲੀ ਯੂਨੀਵਰਸਿਟੀ ਵਿਚ ਇਕ-ਇਕ ਥਾਂ ਖਾਲੀ ਸੀ। ਆਪਸੀ ਮੁਕਾਬਲੇ ਤੋਂ ਬਚਣ ਲਈ ਨਾਜ਼ਰ ਸਿੰਘ ਨੇ ਪੰਜਾਬ ਦੀ ਤੇ ਖੁਰਾਣੇ ਨੇ ਦਿੱਲੀ ਦੀ ਚੋਣ ਕਰ ਲਈ। ਖੁਰਾਣਾ ਨੂੰ ਰੱਦ ਕੀਤੇ ਜਾਣਾ ਕੁੱਬੇ ਨੂੰ ਲੱਤ ਸਿੱਧ ਹੋਇਆ ਤੇ ਨਾਜ਼ਰ ਸਿੰਘ ਚੁਣੇ ਜਾਣ ਦੀ ਸਫਲਤਾ 'ਤੇ ਸਾਰੀ ਉਮਰ ਪਛਤਾਉਂਦਾ ਰਿਹਾ। ਪੰਜਾਬ ਯੂਨੀਵਰਸਿਟੀ ਤੋਂ ਪੰਜਾਬੀ ਯੂਨੀਵਰਸਿਟੀ ਵਿਚ ਆ ਪਹੁੰਚੇ ਨਾਜ਼ਰ ਸਿੰਘ ਦਾ ਸਹਿਕਰਮੀ ਰਿਹਾ ਡਾ. ਕੁਲਦੀਪ ਸਿੰਘ ਧੀਰ ਲਿਖਦਾ ਹੈ, "ਉਹ ਰੁਲ਼ਿਆ ਹੀ ਨਹੀਂ, ਖ਼ੂਬ ਰੁਲ਼ਿਆ! ਖੁਰਾਣੇ ਦੀਆਂ ਗੱਲਾਂ ਕਰਦੇ ਸਮੇਂ ਉਹ ਅਕਸਰ ਦੁੱਖ, ਉਦਾਸੀ, ਪਛਤਾਵੇ ਤੇ ਗੁੱਸੇ ਨਾਲ ਆਖਦਾ, 'ਖੁਰਾਣਾ ਚੰਗਾ ਰਿਹਾ। ਇਥੇ ਰਹਿੰਦਾ ਤਾਂ ਉਸ ਨਾਲ ਮੇਰੇ ਵਾਲੀ ਹੀ ਹੋਣੀ ਸੀ। ਹੋ ਸਕਦਾ ਹੈ, ਉਹ ਸਸਪੈਂਡ ਹੋ ਜਾਂਦਾ, ਡਿਸਮਿਸ ਹੋ ਜਾਂਦਾ। ਮੇਰੇ ਵਾਂਗ ਤਾਂ ਉਸ ਤੋਂ ਲੜਾਈ ਵੀ ਨਹੀਂ ਸੀ ਹੋ ਸਕਣੀ'!"

ਇਹ ਇਨ੍ਹਾਂ ਦੋਵਾਂ ਦੀ ਕਹਾਣੀ ਹੀ ਨਹੀਂ, ਇਹ ਤਾਂ ਭਰੇ ਹੋਏ ਪਤੀਲੇ ਵਿਚੋਂ ਦਾਲ ਦੇ ਦੋ ਦਾਣੇ ਹਨ। ਅੱਜ ਦੂਜੇ ਦੇਸਾਂ ਵਿਚ ਅਨੇਕ ਕਾਰੋਬਾਰਾਂ ਅਤੇ ਅਨੇਕ ਯੂਨੀਵਰਸਿਟੀਆਂ ਦੀਆਂ ਮੋਹਰੀ ਪਦਵੀਆਂ ਉੱਤੇ ਭਾਰਤੀ ਮੂਲ ਦੇ ਲੋਕ ਪਹਿਲਾਂ ਨਾਲੋਂ ਵੀ ਬਹੁਤਾ ਆਦਰ-ਮਾਣ ਕਮਾ ਰਹੇ ਹਨ। ਇਹ ਬੁੱਧੀਮਾਨ ਲੋਕ ਇਸ ਅਹਿਸਾਸ ਨਾਲ ਬਾਹਰ ਜਾਂਦੇ ਹਨ ਕਿ ਇਥੇ ਉਨ੍ਹਾਂ ਦੀਆਂ ਸਮਰੱਥਾਵਾਂ ਦੀ ਵਰਤੋਂ ਦੇ ਰਾਹ ਵਿਚ ਅਨੇਕ ਰੁਕਾਵਟਾਂ ਆਉਣਗੀਆਂ ਜਦੋਂ ਕਿ ਬਾਹਰ ਉਨ੍ਹਾਂ ਦੀ ਉਡਾਰੀ ਲਈ ਖੁੱਲ੍ਹਾ ਅੰਬਰ ਮਿਲੇਗਾ! ਹੁਣ ਵੀ ਜਦੋਂ ਅਰਥ-ਸ਼ਾਸਤਰੀਆਂ, ਵਿਗਿਆਨੀਆਂ, ਖੋਜਕਾਰਾਂ, ਪ੍ਰੋਫ਼ੈਸਰਾਂ, ਆਦਿ ਲਈ ਉਨ੍ਹਾਂ ਦੇ ਕੰਮ ਨਾਲ ਕੋਈ ਸੰਬੰਧ ਨਾ ਰੱਖਣ ਵਾਲੇ ਕਾਰਨਾਂ ਕਰਕੇ ਸਾਹ-ਘੋਟੂ ਹਾਲਤਾਂ ਪੈਦਾ ਕੀਤੀਆਂ ਜਾਂਦੀਆਂ ਹਨ, ਬਾਹਰਲੀਆਂ ਯੂਨੀਵਰਸਿਟੀਆਂ, ਖੋਜ-ਸੰਸਥਾਵਾਂ, ਕਾਰੋਬਾਰੀ ਫ਼ਰਮਾਂ, ਆਦਿ ਉਨ੍ਹਾਂ ਲਈ ਬਾਂਹਾਂ ਖੋਲ੍ਹ ਦਿੰਦੀਆਂ ਹਨ। ਉਥੇ ਉਹ ਆਪਣਾ ਨਾਂ ਵੀ ਚਮਕਾਉਂਦੇ ਹਨ ਤੇ ਆਪਣੀ ਸੰਸਥਾ ਦੇ ਮਾਣ ਵਿਚ ਵੀ ਵਾਧਾ ਕਰਦੇ ਹਨ।

ਇਥੋਂ ਧੱਕੇ ਗਏ ਹੋਣ ਦੇ ਅਹਿਸਾਸ ਨਾਲ ਪਰਦੇਸ ਗਏ ਇਹ ਵੱਡੀਆਂ ਅਕਲਾਂ ਵਾਲੇ ਲੋਕ ਉਧਰਲੇ ਮਾਣਯੋਗ ਨਾਗਰਿਕ ਬਣ ਕੇ ਦਿਲੋਂ-ਮਨੋਂ ਕਿੰਨੇ ਕੁ ਭਾਰਤੀ ਰਹਿ ਜਾਂਦੇ ਹਨ, ਸਮਝਣਾ ਮੁਸ਼ਕਿਲ ਨਹੀਂ। ਇਧਰੋਂ ਗਿਆ ਕੋਈ ਭਾਰਤੀ ਵੀ ਜਦੋਂ ਕਿਸੇ ਬਾਹਰਲੇ ਦੇਸ ਦਾ ਨਾਗਰਿਕ ਬਣ ਕੇ ਉਥੋਂ ਦੇ ਕਾਨੂੰਨ-ਸੰਵਿਧਾਨ ਦੀ ਵਫ਼ਾਦਾਰੀ ਦੀ ਸਹੁੰ ਖਾ ਲੈਂਦਾ ਹੈ, ਉਸ ਤੋਂ ਭਾਰਤ ਨਾਲ ਅਪਣੱਤ ਦੀ ਆਸ ਕਿਸ ਆਧਾਰ ਉੱਤੇ ਕੀਤੀ ਜਾ ਸਕਦੀ ਹੈ? ਜੇ ਅਤੇ ਜਦੋਂ ਉਹ ਭਾਰਤ ਆਉਂਦਾ ਵੀ ਹੈ, ਉਹਦੀ ਫੇਰੀ ਮਹਿਮਾਨ ਦੀ ਫੇਰੀ ਹੁੰਦੀ ਹੈ।

ਆਓ, ਪਰਵਾਸ ਤੋਂ ਇਕ ਕਦਮ ਹੋਰ ਅੱਗੇ ਤੁਰੀਏ। 24 ਜੁਲਾਈ ਦੀ ਖ਼ਬਰ ਹੈ ਕਿ ਸਰਕਾਰੀ ਅੰਕੜਿਆਂ ਅਨੁਸਾਰ ਹੁਣ ਹਰ ਰੋਜ਼ 478 ਪਰਵਾਸੀ ਭਾਰਤੀ ਕਿਸੇ ਹੋਰ ਦੇਸ ਦੀ ਨਾਗਰਿਕਤਾ ਲੈ ਕੇ ਆਪਣੀ ਭਾਰਤੀ ਨਾਗਰਿਕਤਾ ਛੱਡ ਰਹੇ ਹਨ! 22 ਜੁਲਾਈ ਨੂੰ ਬਦੇਸ ਮਾਮਲਿਆਂ ਬਾਰੇ ਮੰਤਰੀ ਨੇ ਲੋਕ ਸਭਾ ਵਿਚ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਦੱਸਿਆ ਕਿ 2011 ਤੋਂ 2022 ਤੱਕ ਸਾਢੇ ਸਤਾਰਾਂ ਲੱਖ ਤੋਂ ਵੱਧ ਭਾਰਤੀਆਂ ਨੇ ਨਾਗਰਿਕਤਾ ਛੱਡੀ ਅਤੇ ਇਸ ਸਾਲ ਜੂਨ ਤੱਕ 87,026 ਭਾਰਤੀ ਨਾਗਰਿਕਤਾ ਛੱਡ ਚੁੱਕੇ ਹਨ। ਇਸ ਗਿਣਤੀ ਵਿਚ ਲਗਾਤਾਰ ਕਿਵੇਂ ਵਾਧਾ ਹੋ ਰਿਹਾ ਹੈ, ਉਹ 2011 ਦੇ ਸਾਲ ਲਈ 1,22,819 ਅਤੇ 2022 ਦੇ ਸਾਲ ਲਈ 2,25,620 ਦੇ ਅੰਕੜਿਆਂ ਤੋਂ ਦੇਖਿਆ ਜਾ ਸਕਦਾ ਹੈ। ਮੰਤਰੀ ਨੇ ਦੱਸਿਆ ਕਿ ਬਹੁਤੇ ਵਿਦਿਆਰਥੀ ਵੀ ਬਾਹਰ ਹੀ ਟਿਕ ਜਾਂਦੇ ਹਨ।



*ਆਪਣੀ ਲੈਬਾਰਟਰੀ ਵਿਚ ਕੰਮ ਕਰਦੇ ਹੋਏ ਹਰਗੋਬਿੰਦ ਖੁਰਾਣਾ।*

ਇਹ ਉਹ ਲੋਕ ਹਨ, ਜਿਨ੍ਹਾਂ ਕੋਲ ਏਨੀ ਕੁ ਵਿਦਿਅਕ ਯੋਗਤਾ ਹੁੰਦੀ ਹੈ ਕਿ ਉਹ ਮਤਰੇਏ ਪੁੱਤ ਹੋਣ ਦੇ ਬਾਵਜੂਦ ਬਾਹਰਲੇ ਦੇਸਾਂ ਦੇ ਸਕੇ ਪੁੱਤ ਬਣ ਕੇ ਕਮਾਊ ਪੁੱਤ ਸਿੱਧ ਹੋ ਸਕਣ। ਇਕ ਅੰਕੜੇ ਹੋਰ ਵੀ ਦੇਖ ਲਵੋ। 'ਵਿਦਿਆ ਦੀ ਹਾਲਤ ਦੀ ਸਾਲਾਨਾ ਰਿਪੋਰਟ' ਦੇਸ ਦੇ ਪੇਂਡੂ ਸਕੂਲਾਂ ਬਾਰੇ ਅੰਕੜੇ ਇਕੱਠੇ ਕਰਦੀ ਹੈ। 2022 ਦੀ ਰਿਪੋਰਟ ਦੇਸ ਦੇ 616 ਜ਼ਿਲ੍ਹਿਆਂ ਦੇ 19,060 ਪਿੰਡਾਂ ਦੇ ਤੀਜੀ, ਪੰਜਵੀਂ ਤੇ ਅੱਠਵੀਂ ਜਮਾਤ ਦੇ 6,99,597 ਵਿਦਿਆਰਥੀਆਂ ਦੀ ਪਰਖ ਉੱਤੇ ਆਧਾਰਤ ਸੀ। ਇਨ੍ਹਾਂ ਬੱਚਿਆਂ ਨੂੰ ਦੂਜੀ ਜਮਾਤ ਦੀ ਮਾਤ ਭਾਸ਼ਾ ਦੀ ਪੁਸਤਕ ਪੜ੍ਹਨ ਲਈ ਦਿੱਤੀ ਗਈ। ਤੀਜੀ ਦੇ 80 ਫ਼ੀਸਦੀ, ਪੰਜਵੀਂ ਦੇ 57 ਫ਼ੀਸਦੀ ਤੇ ਅੱਠਵੀਂ ਦੇ 30 ਫ਼ੀਸਦੀ ਵਿਦਿਆਰਥੀ ਦੂਜੀ ਦੀ ਪੁਸਤਕ ਪੜ੍ਹ ਨਹੀਂ ਸਕੇ। ਇਹ ਬੁਨਿਆਦੀ ਲੋੜਾਂ ਤੋਂ ਸੱਖਣੇ ਪੇਂਡੂ ਸਰਕਾਰੀ ਸਕੂਲਾਂ ਦੇ ਉਹ ਬਦਕਿਸਮਤ ਗ਼ਰੀਬ ਬੱਚੇ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ, ਘਾਹੀਆਂ ਦੇ ਪੁੱਤਾਂ ਨੇ ਤਾਂ ਆਖ਼ਰ ਘਾਹ ਹੀ ਖੋਤਣਾ ਹੈ। ਇਹ ਹੌਲ਼ੀ-ਹੌਲ਼ੀ ਸਕੂਲ ਵਿਚੋਂ ਕਿਰ ਕੇ ਬੇਰੁਜ਼ਗਾਰਾਂ ਦੀ ਫ਼ੌਜ ਵਿਚ ਭਰਤੀ ਹੁੰਦੇ ਰਹਿੰਦੇ ਹਨ ਜਾਂ ਪੰਜਾਬ ਆਉਂਦੇ ਉੱਤਰ ਪ੍ਰਦੇਸ਼ੀਆਂ ਤੇ ਬਿਹਾਰੀਆਂ ਵਾਂਗ ਦੇਸ ਦੇ ਅੰਦਰ ਨਿੱਕੀ-ਮੋਟੀ ਮਜ਼ਦੂਰੀ ਲਈ ਦੂਰ-ਨੇੜੇ ਪਰਵਾਸ ਕਰਦੇ ਰਹਿੰਦੇ ਹਨ। ਇਨ੍ਹਾਂ ਨੂੰ ਜੇ ਪਰਦੇਸੀ ਕਮਾਈ ਦਾ ਵੱਧ ਤੋਂ ਵੱਧ ਮੌਕਾ ਮਿਲਦਾ ਹੈ, ਉਹ ਦੁਬਈ ਵਰਗੇ ਦੇਸਾਂ ਵਿਚ ਕਿਸੇ ਕੰਪਨੀ ਨਾਲ ਕੁਛ ਸਾਲਾਂ ਦੇ ਇਕਰਾਰਨਾਮੇ ਦੇ ਆਧਾਰ ਉੱਤੇ ਮਜ਼ਦੂਰਾਂ ਵਜੋਂ ਹੁੰਦਾ ਹੈ। ਇਨ੍ਹਾਂ ਦੇ ਪਰਵਾਸ ਦਾ ਆਧਾਰ ਇਨ੍ਹਾਂ ਦੀ ਸਰੀਰਕ ਸਮਰੱਥਾ ਹੁੰਦੀ ਹੈ।

ਜਿਨ੍ਹਾਂ ਪਰਵਾਸੀਆਂ ਦਾ ਅਸੀਂ ਪਹਿਲਾਂ ਜ਼ਿਕਰ ਕੀਤਾ ਹੈ, ਉਹ ਸਭ ਦਿਮਾਗ਼ੀ ਸਮਰੱਥਾ ਸਦਕਾ ਬਾਹਰ ਜਾਂਦੇ ਹਨ ਜੋ ਦੇਸ ਵਿਚੋਂ ਹਾਸਲ ਹੋ ਕੇ ਪਰਦੇਸਾਂ ਦੇ ਕੰਮ ਆਉਂਦੀ ਹੈ। ਇਹ ਵਰਤਾਰਾ ਨੋਬੇਲ ਇਨਾਮਾਂ ਦੇ ਸ਼ੀਸ਼ੇ ਵਿਚੋਂ ਸਪੱਸ਼ਟ ਦਿਸਦਾ ਹੈ। 1968 ਵਿਚ ਕੈਮਿਸਟਰੀ ਲਈ ਹਰਗੋਬਿੰਦ ਖੁਰਾਣਾ, 1983 ਵਿਚ ਫਿਜ਼ਿਕਸ ਲਈ ਸੁਬਰਾਮਨੀਅਮ ਚੰਦਰਸ਼ੇਖ਼ਰ, 2009 ਵਿਚ ਕੈਮਿਸਟਰੀ ਲਈ ਵੈਂਕਟਰਮਨ ਰਾਮਕ੍ਰਿਸ਼ਨਣ ਅਤੇ 2019 ਵਿਚ ਇਕਨਾਮਿਕਸ ਲਈ ਅਭਿਜੀਤ ਬੈਨਰਜੀ ਨੂੰ ਨੋਬੇਲ ਇਨਾਮ ਦਿੱਤਾ ਗਿਆ। ਅਮਰੀਕੀ ਨਾਗਰਿਕ ਬਣੇ ਇਨ੍ਹਾਂ ਚਾਰੇ ਭਾਰਤੀਆਂ ਦੀ ਦੇਸ ਤੋਂ ਸਾਂਭੀ ਨਾ ਗਈ ਬੁੱਧੀ ਅਮਰੀਕਾ ਦੇ ਕੰਮ ਆਈ ਜਿਥੋਂ ਦੀਆਂ ਸੰਸਥਾਵਾਂ ਨੇ ਇਨ੍ਹਾਂ ਨੂੰ ਹੱਕੀ ਮਾਣ-ਸਤਿਕਾਰ ਦਿੱਤਾ ਅਤੇ ਖੋਜ-ਕਾਰਜ ਲਈ ਹਰ ਕਿਸਮ ਦੀਆਂ ਸੁਖ-ਸਹੂਲਤਾਂ ਦਿੱਤੀਆਂ।

ਕਈ ਲੋਕ ਆਖਦੇ ਹਨ, ਕਰੋਨਾ ਦੇ ਸਾਲ 2019 ਨੂੰ ਛੱਡ ਕੇ ਦੇਸ ਦੀ ਪ੍ਰਤੀ ਜੀਅ ਆਮਦਨ ਹਰ ਸਾਲ ਵਧਦੀ ਆਈ ਹੈ, ਜਿਸ ਕਰਕੇ ਭਵਿੱਖ ਵਿਚ ਪਰਵਾਸ ਦੇ ਰੁਝਾਨ ਵਿਚ ਮੋੜ ਪੈਣਾ ਸੰਭਵ ਹੈ। ਅੰਕੜਿਆਂ ਬਾਰੇ ਉਹ ਕਹਾਵਤ ਚੇਤੇ ਰੱਖਣੀ ਚਾਹੀਦੀ ਹੈ ਜਿਸ ਅਨੁਸਾਰ ਅੰਕੜੇ, ਖਾਸ ਕਰ ਕੇ ਔਸਤ ਅੰਕੜੇ ਝੂਠ ਛੁਪਾਉਣ ਲਈ ਸੱਚ ਦੀ ਚਾਦਰ ਦਾ ਕੰਮ ਦਿੰਦੇ ਹਨ! ਜੇ ਇਕ ਆਦਮੀ ਕੋਲ ਚਾਰ ਕਮੀਜ਼ ਹਨ ਤੇ ਦੂਜਾ ਨੰਗਾ ਹੈ, ਔਸਤ ਅਨੁਸਾਰ ਦੋਵਾਂ ਕੋਲ ਦੋ-ਦੋ ਕਮੀਜ਼ ਹੋ ਗਏ। 2022 ਦੇ ਔਸਤ ਅੰਕੜਿਆਂ ਅਨੁਸਾਰ ਭਾਰਤ ਦੇ ਹਰ ਜੀਅ ਦੀ ਸਾਲਾਨਾ ਆਮਦਨ 1 ਲੱਖ 88 ਹਜ਼ਾਰ ਸੀ। ਭਾਵ, ਜੇ ਕਿਸੇ ਟੁੱਟਵੇਂ ਦਿਹਾੜੀਦਾਰ ਦੇ ਬੁੱਢੇ ਮਾਂ-ਬਾਪ, ਪਤਨੀ ਤੇ ਦੋ ਬੱਚੇ ਸਨ, ਤਾਂ ਕਾਗ਼ਜ਼ੀ ਔਸਤ ਦੇ ਹਿਸਾਬ ਭੁੱਖ-ਦੁੱਖ ਭੋਗਦੇ 6 ਜੀਆਂ ਦੇ ਉਸ ਪਰਿਵਾਰ ਦੇ ਹਿੱਸੇ ਵੀ ਉਸ ਸਾਲ 11 ਲੱਖ 28 ਹਜ਼ਾਰ ਰੁਪਏ ਆ ਗਏ ਸਨ।

2021 ਦੇ ਅੰਕੜਿਆਂ ਅਨੁਸਾਰ ਕੌਮੀ ਆਮਦਨ ਦਾ 21.7 ਫ਼ੀਸਦੀ ਹਿੱਸਾ ਸਿਖਰਲੇ ਇਕ ਫ਼ੀਸਦੀ ਧਨਾਢਾਂ ਦੀ ਜੇਬ ਵਿਚ ਗਿਆ। ਇਹ ਉਹ ਲੋਕ ਹਨ ਜਿਨ੍ਹਾਂ ਲਈ ਦੇਸਾਂ ਦੀਆਂ ਹੱਦਾਂ, ਆਵਾਸ-ਪਰਵਾਸ ਕੋਈ ਮਾਅਨੇ ਨਹੀਂ ਰੱਖਦੇ, ਸਾਰੀ ਦੁਨੀਆ ਇਨ੍ਹਾਂ ਦਾ ਦੇਸ ਹੈ। ਹੇਠਲੇ 50 ਫ਼ੀਸਦੀ ਲੋਕਾਂ ਦਾ ਹਿੱਸਾ ਸਿਰਫ਼ 13.1 ਫ਼ੀਸਦੀ ਸੀ। ਜੇ ਇਸ 50 ਫ਼ੀਸਦੀ ਦੀ ਅੱਗੇ ਵੰਡ ਕਰਨੀ ਹੋਵੇ, ਕੁਛ ਲੋਕ ਰੱਜਵੀਂ ਰੋਟੀ ਖਾਣ ਵਾਲੇ, ਕੁਛ ਲੋਕ ਰੁੱਖੀ-ਮਿੱਸੀ ਖਾਣ ਵਾਲੇ ਅਤੇ ਕਰੋੜਾਂ ਲੋਕ ਭੁੱਖੇ ਢਿੱਡ ਸੌਣ ਵਾਲੇ ਮਿਲਣਗੇ ਜੋ ਪੁਸ਼ਤਾਂ ਤੋਂ ਘਸਿਆਰੇ ਰਹੇ ਹਨ ਅਤੇ ਲਗਦਾ ਹੈ ਕਿ ਪੁਸ਼ਤਾਂ ਤੱਕ ਘਸਿਆਰੇ ਹੀ ਰਹਿਣਗੇ। ਜੋ ਲੋਕ ਇਨ੍ਹਾਂ ਦੋਵਾਂ ਅੰਕੜਿਆਂ ਦੇ ਵਿਚਕਾਰ ਰਹਿ ਗਏ, ਉਹ ਏਨੇ ਕੁ ਸਾਧਨਾਂ ਦੇ ਮਾਲਕ ਜ਼ਰੂਰ ਹੁੰਦੇ ਹਨ ਕਿ ਆਪ ਵੀ ਮੌਜ ਦਾ ਜੀਵਨ ਜਿਉਂਦੇ ਹਨ ਅਤੇ ਔਲਾਦ ਲਈ ਵੀ ਪੜ੍ਹਾਈ ਤੇ ਪਰਵਾਸ ਸਮੇਤ ਕੋਈ-ਨਾ-ਕੋਈ ਰਾਹ ਲੱਭ ਲੈਂਦੇ ਹਨ।

ਜਿਨ੍ਹਾਂ ਸਿਆਣਿਆਂ ਦੀ ਬੁੱਧੀ ਦੇਸ ਤੋਂ ਸੰਭਾਲ਼ੀ ਨਾ ਗਈ ਅਤੇ ਮਜਬੂਰ ਹੋ ਕੇ ਉਨ੍ਹਾਂ ਨੇ ਕਿਸੇ ਓਪਰੇ ਦੇਸ ਦੀ ਤਰੱਕੀ ਦੇ ਹਵਾਲੇ ਕਰ ਦਿੱਤੀ, ਉਨ੍ਹਾਂ ਨੂੰ ਪਰਦੇਸਾਂ ਵਿਚ ਭਾਰਤ ਦੇ ਦੂਤ ਕਹਿਣਾ ਹਾਸੋਹੀਣੀ ਗੱਲ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਦੇਸ ਵਿਚੋਂ ਭੱਜਣ ਵਾਲੇ ਪੜ੍ਹੇ-ਲਿਖੇ ਲੋਕਾਂ ਦੀ ਭੀੜ ਸਾਲੋ-ਸਾਲ ਵਧਦੀ ਹੀ ਕਿਉਂ ਜਾਂਦੀ ਹੈ। ਜਿਉਂ-ਜਿਉਂ ਸਮਾਜਿਕ-ਆਰਥਿਕ ਹਾਲਤ ਵਿਗੜਦੀ ਜਾਂਦੀ ਹੈ, ਪਰਵਾਸੀ ਬਣਨ ਤੇ ਨਾਗਰਿਕਤਾ ਛੱਡਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਇਸ ਮਨੁੱਖੀ ਨਿਕਾਸ ਬਾਰੇ ਚਿੰਤਾ ਕਰਨ ਦੀ ਥਾਂ ਬਦੇਸ ਮਾਮਲਿਆਂ ਬਾਰੇ ਮੰਤਰੀ ਨੇ ਲੋਕ ਸਭਾ ਵਿਚ ਕਿਹਾ, "ਪਰਦੇਸਾਂ ਵਿਚ ਭਾਰਤੀ ਭਾਈਚਾਰਾ ਕੌਮ ਦੀ ਧਰੋਹਰ ਹੈ। ਸਫਲ, ਖ਼ੁਸ਼ਹਾਲ ਤੇ ਅਸਰ-ਰਸੂਖ਼ ਵਾਲਾ ਭਾਰਤੀ ਪਿਛੋਕੜ ਦਾ ਭਾਈਚਾਰਾ ਭਾਰਤ ਲਈ ਲਾਭਦਾਇਕ ਹੈ।"

---

# ਸ਼ੱਕ ਸਰਾਪ ਹੈ

ਸ਼ੱਕ ਸ਼ਬਦ ਸੁਣਦੇ ਸਾਰ ਸ਼ੱਕ ਜਿਹਾ ਹੋਣ ਲੱਗਦਾ ਹੈ ਕਿ ਅਸੀਂ ਵੀ ਸ਼ੱਕ ਦੇ ਮਰੀਜ਼ ਤਾਂ ਨਹੀਂ ਹਾਂ। ਉਂਝ ਸ਼ੱਕ ਸ਼ਬਦ ਨੂੰ ਸਮਾਜਿਕ ਮਾਨਤਾ ਮਿਲ ਜਾਂਦੀ ਹੈ ਸ਼ੱਕ ਹਕੀਕੀ ਹੋਵੇ ਜਾਂ ਝੂਠਾ। ਸ਼ੱਕ ਪੈਦਾ

**ਸੁਖਪਾਲ ਸਿੰਘ ਗਿੱਲ**
**ਫੋਨ: 98781-11445**

ਹੋਣ ਪਿੱਛੇ ਸੂਝ-ਬੂਝ ਦੀ ਘਾਟ ਹੁੰਦੀ ਹੈ। 'ਸ਼ੱਕ ਸ਼ੱਕ ਵਿਚ ਮਾਰਿਆ ਜਾਣਾ' ਵਾਲਾ ਮੁਹਾਵਰਾ ਇਸ ਕਥਨ ਦੀ ਪ੍ਰੋੜਤਾ ਕਰਦਾ ਹੈ। ਸਭ ਤੋਂ ਮਾੜਾ ਸ਼ੱਕ ਪਤੀ-ਪਤਨੀ ਦੇ ਜੀਵਨ ਵਿਚ ਹੁੰਦਾ ਹੈ, ਜੇ ਇੱਥੇ ਵੜ ਜਾਵੇ ਤਾਂ ਚਾਅ-ਮਲਾਰ ਅਤੇ ਜੀਵਨ ਦਾ ਰਸ ਖਤਮ ਹੋ ਜਾਂਦਾ ਹੈ। ਇਸ ਰਿਸ਼ਤੇ ਵਿਚ ਦੂਜੀ ਰਾਏ ਬਹੁਤ ਘੱਟ ਹੁੰਦੀ ਹੈ। ਸ਼ੱਕ ਦਾ ਸੁਭਾਅ ਹੁੰਦਾ ਹੈ ਕਿ ਥੋੜ੍ਹੇ ਸਮੇਂ ਬਾਅਦ ਹੀ ਪਛਤਾਉਂਦਾ ਜ਼ਰੂਰ ਹੈ।

ਸ਼ੱਕ ਇਕ ਮਾਨਸਿਕ ਰੋਗ ਹੈ, ਪਰ ਬਹੁਤਿਆਂ ਨੂੰ ਇਸਦਾ ਪਤਾ ਹੀ ਨਹੀਂ ਚੱਲਦਾ। ਇਸ ਤੋਂ ਇਲਾਵਾ ਇਹ ਨਕਾਰਾ ਸੋਚ ਦੀ ਗਵਾਹੀ ਭਰਦਾ ਹੈ। ਮੁੜ-ਘਿੜ ਕੇ ਸ਼ੱਕ ਦੀ ਸੂਈ ਉਸੇ ਜਗ੍ਹਾ 'ਤੇ ਆ ਕੇ ਖੜ੍ਹ ਜਾਂਦੀ ਹੈ ਜਿੱਥੋਂ ਸ਼ੁਰੂ ਹੁੰਦੀ ਹੈ। ਵੱਖ-ਵੱਖ ਤਰ੍ਹਾਂ ਦੇ ਖਿਆਲ ਸੋਚਣ ਸ਼ਕਤੀ ਨੂੰ ਰਗੜ ਦਿੰਦੇ ਹਨ। ਸ਼ੱਕ ਮਿਟਾਉਣ ਦੀ ਸ਼ਕਤੀ ਜਿਨ੍ਹਾਂ ਵਿਚ ਹੁੰਦੀ ਹੈ ਉਹ ਜੀਵਨ ਦੇ ਪੰਧ ਨੂੰ ਲਾਈਨ 'ਤੇ ਲੈ ਆਉਂਦੇ ਹਨ। ਸਮਾਜਿਕ ਅਤੇ ਸਿਹਤ ਦੇ ਖੇਤਰ ਵਿਚ ਜੇ ਕੋਈ ਸ਼ੱਕ ਹੋਵੇ ਤਾਂ ਹੌਂਸਲੇ ਨਾਲ ਮਿਟਾ ਲੈਣਾ ਚਾਹੀਦਾ ਹੈ। ਕਿਸੇ ਨਤੀਜੇ 'ਤੇ ਪੁੱਜਣ ਤੋਂ ਬਿਨਾਂ ਤਣਾਅ ਹੰਢਾਉਣਾ ਜੀਵਨ ਦੀ ਗਤੀ ਵਿਚ ਰੋੜੇ ਬਰਾਬਰ ਹੈ।

ਸ਼ੱਕ ਰਹਿਤ ਜੀਵਨ ਮਾਨਸਿਕ ਸਥਿਰਤਾ ਦਿੰਦਾ ਹੈ। ਇਹ ਵਰਦਾਨ ਬਹੁਤ ਘੱਟ ਲੋਕਾਂ ਦੇ ਪੱਲੇ ਪੈਂਦਾ ਹੈ। ਇਕ ਗੱਲ ਹੋਰ ਵੱਡੀ ਇਹ ਹੈ ਕਿ ਸ਼ੱਕ ਸੁਭਾਅ ਵਾਲਿਆਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਸਾਡੀ ਆਦਤ ਸ਼ੱਕੀ ਹੈ, ਪਰ ਹੁੰਦੇ ਉਹ ਤਬਾਹੀ ਦੇ ਕੰਢੇ 'ਤੇ ਹਨ। ਜਿਨ੍ਹਾਂ ਲੋਕਾਂ ਨੂੰ ਆਪਣੇ-ਆਪ ਦਾ ਪਤਾ ਹੁੰਦਾ ਹੈ, ਉਹ ਕੁਝ ਨਾ ਕੁਝ ਨਤੀਜਾ ਕੱਢ ਹੀ ਲੈਂਦੇ ਹਨ। ਲਾਈ-ਲੱਗ ਸ਼ੱਕੀ ਨਾਲੋਂ ਚੰਗਾ ਸਮਝਿਆ ਜਾ ਸਕਦਾ ਹੈ। ਲਾਈ-ਲੱਗ ਨੂੰ ਖਰੇ-ਖੋਟੇ ਦਾ ਦੇਰ ਸਵੇਰ ਅਹਿਸਾਸ ਹੋ ਜਾਂਦਾ ਹੈ, ਪਰ ਸ਼ੱਕੀ ਸੁਭਾਅ ਨੂੰ ਨਹੀਂ। ਸ਼ੱਕੀ ਨੂੰ ਜੇ ਸਮਝਾਇਆ ਜਾਵੇ ਤਾਂ ਸ਼ੱਕ ਦਾ ਰੰਗ ਗੂੜ੍ਹਾ ਹੁੰਦਾ ਜਾਂਦਾ ਹੈ।

ਤਹਿ ਤੱਕ ਘੋਖ ਕੇ ਦੇਖਿਆ ਜਾਵੇ ਤਾਂ ਸ਼ੱਕ ਵਰ ਘੱਟ ਅਤੇ ਸਰਾਪ ਵੱਧ ਦਿੰਦੀ ਹੈ। ਸ਼ੱਕੀ ਸੁਭਾਅ ਵਾਲੇ ਤੋਂ ਡਰ ਲੱਗਦਾ ਹੈ, ਇਸ ਲਈ ਦੂਜੇ ਸਾਥੀ ਨੂੰ ਜ਼ਾਬਤੇ ਵਿਚ ਰਹਿਣਾ ਪੈਂਦਾ ਹੈ। ਕਾਨੂੰਨੀ ਪ੍ਰਕਿਰਿਆ ਵਿਚ ਸ਼ੱਕ ਦਾ ਫਾਇਦਾ ਮਿਲ ਜਾਂਦਾ ਹੈ। ਇਸ ਨਾਲ ਇਨਸਾਫ ਵੀ ਮਿਲਦਾ ਹੈ। ਜੀਵਨ ਦੇ ਪੰਧ ਵਿਚ ਸ਼ੱਕ ਸਹੀ ਸਾਬਤ ਹੋ ਜਾਵੇ ਤਾਂ ਰਸਤਾ ਖ਼ੁਦਕੁਸ਼ੀ ਵੱਲ ਨੂੰ ਜਾਂਦਾ ਹੈ। ਸ਼ੱਕ ਭਾਵੇਂ ਬਿਮਾਰੀ ਹੈ, ਪਰ ਇਸ ਦਾ ਹੱਲ ਸਿੱਖਿਆ ਦੇ ਵਿਸ਼ੇ ਵਿਚ ਹੀ ਹੋ ਸਕਦਾ ਹੈ। ਜੇ ਸਾਡੀ ਸਿੱਖਿਆ ਸ਼ੱਕ ਨੂੰ ਮਿਟਾਉਣ ਵਾਲੀ ਅਤੇ ਇਸਦੇ ਨਤੀਜੇ ਦਰਸਾਉਣ ਵਾਲੀ ਹੋਵੇ ਤਾਂ ਜੀਵਨ ਪੰਧ ਤਣਾਓ ਮੁਕਤ ਹੋ ਕੇ ਵਿਕਾਸ ਮੁਖੀ ਅਤੇ ਖੁਸ਼ਹਾਲੀ ਵਾਲਾ ਹੋ ਸਕਦਾ ਹੈ। ਆਓ ਸ਼ੱਕ ਨੂੰ ਮਿਟਾਉਣ ਦੇ ਉਪਰਾਲੇ ਕਰੀਏ।

# ਚੋਅ ਕੰਢੇ ਬਲਦੇ ਦੀਵੇ



ਹੁਸ਼ਿਆਰਪੁਰ ਦੇ ਕੰਢੀ ਇਲਾਕੇ 'ਚ ਪਹਾੜੀ ਖੱਡਾਂ ਉੱਤੇ ਡੈਮਾਂ ਦਾ ਨਿਰਮਾਣ ਹੋਣ ਤੋਂ ਪਹਿਲਾਂ ਭਰਵੀਆਂ ਬਰਸਾਤਾਂ ਦੇ ਦਿਨੀਂ ਇਨ੍ਹਾਂ ਇਲਾਕਿਆਂ 'ਚ ਮੀਹਾਂ ਦਾ ਪਾਣੀ ਖੱਡਾਂ ਦੇ ਪਾਣੀ ਨਾਲ ਰਲ ਕੇ ਮੈਦਾਨਾਂ ਵੱਲ ਨੂੰ ਹੋ ਤੁਰਦਾ। ਇਹ ਸਥਾਨਕ ਭਾਸ਼ਾ ਵਿਚ 'ਚੋਆਂ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਕਿਸੇ ਵੇਲੇ ਬਰਸਾਤੀ ਪਾਣੀਆਂ ਦੇ ਇਹ ਕੁਦਰਤੀ ਵਹਾਅ ਇਸ ਇਲਾਕੇ 'ਚ ਵੱਸਦੇ ਲੋਕਾਂ ਦੀ ਸਮਾਜਿਕ, ਆਰਥਿਕ ਤੇ ਭੂਗੋਲਿਕ ਜ਼ਿੰਦਗੀ ਨੂੰ ਨਿਰਧਾਰਤ ਕਰਨ ਵਾਲੀ ਕੁਦਰਤ ਦੀ ਵਿਲੱਖਣ ਸ਼ੈਅ ਵਜੋਂ ਆਪਣੀ ਹਸਤੀ ਤਸਦੀਕ ਕਰਾਉਣ ਦਾ ਦਮ ਵੀ ਰੱਖਿਆ ਕਰਦੇ ਸਨ। ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ 'ਚੋਂ ਲੰਘਣ ਵਾਲੇ ਇਹ ਬਰਸਾਤੀ ਚੋਅ ਆਪਣੇ ਸੁਭਾਅ, ਇਲਾਕਾਈ ਖਾਸੀਅਤ, ਪਿੰਡ ਨਗਰ ਜਾਂ ਖ਼ਾਸ ਥਾਵਾਂ ਦੇ ਨਾਂ ਨਾਲ ਮਸ਼ਹੂਰ ਹੋਏ ਹੋਣ ਕਰ ਕੇ ਅਜੇ ਵੀ ਬੀਤੀਆਂ ਕਹਾਣੀਆਂ ਦੇ ਗਵਾਹ ਮੰਨੇ ਜਾਂਦੇ ਹਨ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਬਹੁਤ ਸਾਰੇ ਲੋਕਾਂ ਦੇ ਚੇਤਿਆਂ 'ਚ ਅਤੀਤ ਦੀਆਂ ਬਰਸਾਤਾਂ 'ਚ ਹੜ੍ਹਾਂ ਦੇ ਪਾਣੀਆਂ ਨਾਲ ਘਿਰਨ ਤੇ ਪਹਾੜਾਂ ਵੱਲੋਂ ਆਉਂਦੇ ਆਪਮੁਹਾਰੇ ਅੱਥਰੇ ਪਾਣੀਆਂ ਦੀ ਮਾਰ ਸਹਿਣ

**ਵਰਿੰਦਰ ਸਿੰਘ ਨਿਮਾਣਾ**
ਫੋਨ: +91-70877-87700

ਦਾ ਕਸ਼ਟ ਅਜੇ ਵੀ ਇੰਨ-ਬਿੰਨ ਵਸਿਆ ਹੋਇਆ ਹੈ। ਇਨ੍ਹਾਂ ਚੋਆਂ 'ਚ ਪਾਣੀ ਚੜ੍ਹਨ ਨਾਲ ਦੂਰ ਦੂਰ ਤੱਕ ਪੈਂਦੀਆਂ ਸ਼ੂਕਾਂ ਵਾਹੀਯੋਗ ਜ਼ਮੀਨਾਂ ਤੇ ਵੱਸੋਂ ਵਾਲੇ ਇਲਾਕਿਆਂ ਦੇ ਲੋਕਾਂ ਦੇ ਮਨਾਂ 'ਚ ਖ਼ੌਫ਼ ਪੈਦਾ ਕਰ ਦਿੰਦੀਆਂ ਸਨ। ਲੋਕਾਂ ਨੂੰ ਚੋਆਂ ਦੇ ਤੇਜ਼ ਪਾਣੀਆਂ ਨਾਲ ਸੜਕਾਂ, ਪੁਲੀਆਂ ਤੇ ਰਾਹ ਰੁੜ੍ਹਨ ਕਰ ਕੇ ਆਪਸੀ ਸੰਪਰਕ ਟੁੱਟਣ ਕਾਰਨ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਲੋਕਾਂ ਨੂੰ ਬਰਸਾਤੀ ਮੌਸਮ 'ਚ ਹੜ੍ਹਾਂ ਦੇ ਪਾਣੀਆਂ ਦੇ ਅੱਥਰੇ ਸੁਭਾਅ ਤੋਂ ਬਚਾਅ ਲਈ ਕਈ ਵਾਰ ਰਾਤਾਂ ਜਾਗ-ਜਾਗ ਵੀ ਲੰਘਾਉਣੀਆਂ ਪੈਂਦੀਆਂ ਸਨ। ਹੜ੍ਹਾਂ ਦੇ ਵਿਕਰਾਲ ਰੂਪ ਕਰ ਕੇ ਹੀ ਚੋਆਂ ਨੇੜੇ ਵਸਦੇ ਪਿੰਡਾਂ 'ਚ ਖ੍ਵਾਜੇ ਬਲੀ ਦੀ ਮਾਰ ਤੋਂ ਬਚਣ ਲਈ ਬਰਸਾਤਾਂ 'ਚ ਐਤਵਾਰ ਦੇ ਦਿਨ ਪਾਣੀ ਦੇ ਰਸਤਿਆਂ 'ਚ ਲੋਕਾਂ ਨੂੰ ਦਲੀਆ ਛਕਾ ਕੇ ਇਲਾਕੇ ਦੀ ਸੁੱਖ ਮੰਗਣ ਦਾ ਲੋਕ ਵਿਸ਼ਵਾਸ ਵੀ ਪ੍ਰਚਲਿਤ ਸੀ। ਅਜਿਹੇ ਭੂਗੋਲਿਕ ਹਾਲਾਤ 'ਚ ਮੇਰੀ ਜੰਮਣ ਭੋਇੰ ਭਾਵ ਮੇਰਾ ਪਿੰਡ ਵੀ ਇੱਕ ਚੋਅ ਦੇ ਕੰਢੇ ਵਸਿਆ ਹੋਇਆ ਸੀ। ਦਸਵੀਂ ਜਮਾਤ ਤੱਕ ਮੈਂ ਜਿਸ ਸਰਕਾਰੀ ਹਾਈ ਸਕੂਲ 'ਚ ਸਿੱਖਿਆ ਹਾਸਲ ਕੀਤੀ, ਉਹ ਵੀ ਇਲਾਕੇ 'ਚੋਂ ਲੰਘਣ ਵਾਲੇ ਇੱਕ ਚੋਅ ਦੇ ਕੰਢੇ ਉਸਰਿਆ ਹੋਇਆ ਸੀ।

ਇਹ ਗੱਲ ਨੌਵੀਂ ਜਮਾਤ ਦੀ ਬਰਸਾਤ ਰੁੱਤ ਦੀ ਹੈ। ਉਸ ਸਾਲ ਪਏ ਭਾਰੀ ਮੀਹਾਂ ਕਾਰਨ ਸਕੂਲ ਨੇੜਿਓਂ ਵਗਣ ਵਾਲਾ ਚੋਅ ਆਪਣੇ ਪੂਰੇ ਜੋਬਨ 'ਤੇ ਸੀ। ਹੜ੍ਹ ਦੇ ਪਾਣੀ ਨੇ ਪਹਿਲਾਂ ਤਾਂ ਸਕੂਲ ਨੇੜੇ ਖੜ੍ਹੀਆਂ ਫ਼ਸਲਾਂ ਆਪਣੀ ਲਪੇਟ ਵਿਚ ਲਈਆਂ ਤੇ ਫਿਰ ਸਕੂਲ ਨੇੜੇ ਖੜ੍ਹੇ ਵੱਡੇ-ਵੱਡੇ ਦਰੱਖਤ ਜੜ੍ਹਾਂ ਸਮੇਤ ਪੁੱਟ ਕੇ ਵੱਡੀ ਡੈਅ 'ਚ ਉਲੱਦ ਦਿੱਤੇ ਸਨ। ਫ਼ਸਲਾਂ ਤੇ ਦਰੱਖਤਾਂ ਦੀ ਪੁੱਟਦੇ ਹੜ੍ਹ ਦੇ ਪਾਣੀ ਨੇ ਚੋਅ ਕੰਢੇ ਵੱਲ ਨੂੰ ਪੈਂਦੀ ਸਾਡੀ ਨੌਵੀਂ ਜਮਾਤ ਦੇ ਕਮਰੇ ਵੱਲ ਨੂੰ ਵੀ ਰੁਖ਼ ਕਰ ਲਿਆ।

ਲੱਗਦਾ ਇੰਝ ਸੀ ਕਿ ਅਗਲੇ ਕੁਝ ਦਿਨਾਂ ਤੱਕ ਨੌਵੀਂ ਜਮਾਤ ਦਾ ਕਮਰਾ ਪਾਣੀ ਦੀਆਂ ਛੱਲਾਂ 'ਚ ਆਪਣਾ ਨਾਮੋ ਨਿਸ਼ਾਨ ਗੁਆ ਬੈਠੇਗਾ। ਹੜ੍ਹ ਦੇ ਪਾਣੀ ਦੁਆਰਾ ਆਲੇ-ਦੁਆਲੇ ਕੀਤੀ ਤਬਾਹੀ ਦਾ ਮੰਜ਼ਰ ਦੇਖ ਆਪਣੀ ਜਮਾਤ ਦੇ ਕਮਰੇ 'ਚ ਅਧਿਆਪਕਾਂ ਦੇ ਬੈਠਣ ਵਾਲੀ ਕੁਰਸੀ ਮੇਜ਼, ਵਿਦਿਆਰਥੀਆਂ ਦੇ ਫੱਟੇ, ਕੰਧਾਂ 'ਤੇ ਲੱਗੇ ਚਾਰਟ ਤਸਵੀਰਾਂ ਤੇ ਜਮਾਤ ਦਾ ਟਾਈਮ ਟੇਬਲ ਪਾਣੀ 'ਚ ਰੁੜ੍ਹਦੇ ਜਾਂਦੇ ਦਿਸਣ ਲੱਗੇ ਸਨ। ਘਰ ਆਣ ਕੇ ਪਾਣੀ ਨਾਲ ਆਫਰੇ ਖੇਤਾਂ 'ਚੋਂ ਬਾਪੂ ਨਾਲ ਪਸ਼ੂਆਂ ਲਈ ਪੱਠੇ ਵਢਾਉਂਦਿਆਂ ਜਮਾਤ ਦਾ ਕਮਰਾ ਪਾਣੀ ਦੇ ਅੱਥਰੇ ਵੇਗ 'ਚ ਰੁੜ੍ਹਿਆ ਜਾਂਦਾ ਦਿਸ ਰਿਹਾ ਸੀ। ਘਰਦਿਆਂ ਨਾਲ ਕੰਮ ਕਰਾਉਂਦਿਆਂ ਤੇ ਦੇਰ ਸ਼ਾਮ ਤੱਕ ਪਿੰਡ ਨੇੜਿਓਂ ਲੰਘਦੇ ਚੋਅ ਦੇ ਪਾਣੀ ਦੀ ਸ਼ੂਕ ਤੋਂ ਡਰਦਿਆਂ ਪਤਾ ਨਹੀਂ ਕਦੋਂ ਸੋਚਾਂ ਦੀ ਉਧੇੜ-ਬੁਣ 'ਚ ਰਾਤ ਨੂੰ ਨੀਂਦ ਆ ਗਈ ਸੀ।

ਦਿਨ ਚੜ੍ਹਦੇ ਨੂੰ ਮੀਂਹ ਦੇ ਰੁਕਣ ਨਾਲ ਚੋਅ ਦਾ ਪਾਣੀ ਉਤਰਨ ਕਰ ਕੇ ਹੜ੍ਹ ਦੀ ਡਰਾਵਣੀ ਸ਼ੂਕ ਵੀ ਰਾਤ ਦੇ ਹਨੇਰੇ 'ਚ ਹੀ ਕਿਧਰੇ ਗੁਆਚ ਗਈ ਜਾਪੀ ਸੀ। ਸਕੂਲ ਜਾ ਕੇ ਦੇਖਿਆ ਤਾਂ ਆਪਣੀ ਜਮਾਤ ਦਾ ਕਮਰਾ ਪਹਿਲਾਂ ਵਾਂਗ ਆਪਣੀ ਥਾਂ 'ਤੇ ਸਹੀ ਸਲਾਮਤ ਖੜ੍ਹਾ ਵਿਦਿਆਰਥੀਆਂ ਨੂੰ ਉਡੀਕ ਰਿਹਾ ਜਾਪਦਾ ਸੀ। ਸਕੂਲ ਤੋਂ ਥੋੜ੍ਹੀ ਹੀ ਦੂਰੀ 'ਤੇ ਸਕੂਲ ਦੀ ਢਾਹੀ ਹੱਦ ਨੇੜਿਓਂ ਚੋਅ ਦਾ ਉਤਰਿਆ ਪਾਣੀ ਬੜੀ ਸਹਿਜ ਤੋਰ ਲਹਿੰਦੇ ਵੱਲ ਨੂੰ ਆਪਣੇ ਰਾਹ ਰਵਾਂ-ਰਵੀਂ ਵਗਿਆ ਜਾ ਰਿਹਾ ਸੀ। ਲੱਗਦਾ ਇਉਂ ਸੀ ਕਿ ਹੁਣ ਜਦੋਂ ਅਗਲੀ ਵਾਰੀ ਚੋਅ ਵਿਚ ਪਾਣੀ ਆਇਆ ਤਾਂ ਸਾਡੀ ਜਮਾਤ ਵਾਲਾ ਕਮਰਾ ਕਿਸੇ ਵੀ ਕੀਮਤ 'ਤੇ ਨਹੀਂ ਬਚਣਾ ਕਿਉਂਕਿ ਹੁਣ ਚੋਅ ਦਾ ਮੂੰਹ ਬਿਲਕੁਲ ਇਸ ਕਮਰੇ ਵੱਲ ਹੋ ਗਿਆ ਸੀ। ਐਤਵਾਰ ਨੂੰ ਪਿੰਡ ਦੇ ਲੋਕਾਂ ਨੇ ਇਲਾਕਾਈ ਲੋਕ ਵਿਸ਼ਵਾਸ ਮੁਤਾਬਿਕ ਖ੍ਵਾਜੇ ਦੀ ਮਾਰ ਤੋਂ ਬਚਣ ਲਈ ਸਕੂਲ ਨੇੜਿਓਂ ਲੰਘਦੇ ਚੋਅ ਕੰਢੇ ਵੀ ਆਟੇ ਦੇ ਦੀਵਿਆਂ 'ਚ ਦੇਸੀ ਘਿਓ ਪਾ ਕੇ ਜਗਾਉਂਦਿਆਂ ਨਿਆਣਿਆਂ ਨੂੰ ਦਲੀਆ ਛਕਾ ਨਗਰ ਖੇੜੇ ਦੀ ਸੁੱਖ ਮੰਗ ਲਈ ਸੀ। ਹੜ੍ਹ ਦੇ ਪਾਣੀ ਤੋਂ ਡਰੇ ਨਿਆਣਿਆਂ ਦੇ ਮਨ 'ਚ ਵੀ ਸ਼ਾਇਦ ਦਲੀਆ ਛਕਦਿਆਂ ਇਹੋ ਅਰਜ਼ੋਈ ਕਰ ਰਹੇ ਸਨ ਕਿ ਰੱਬਾ! ਚੋਅ ਦਾ ਪਾਣੀ ਕਿਸੇ ਵੀ ਤਰ੍ਹਾਂ ਸਾਡੀ ਜਮਾਤ ਦੇ ਕਮਰੇ ਨੂੰ ਬਰਬਾਦ ਨਾ ਕਰੇ।

ਬਰਸਾਤਾਂ ਖ਼ਤਮ ਹੋਈਆਂ ਤੇ ਮੌਸਮ ਸਾਫ਼ ਹੋ ਗਿਆ ਸੀ। ਪਿਛਲੇ ਮਹੀਨਿਆਂ 'ਚ ਆਪਣੀਆਂ ਸ਼ੂਕਦੀਆਂ ਛੱਲਾਂ ਨਾਲ ਡਰ ਪੈਦਾ ਕਰਨ ਵਾਲੇ ਚੋਅ ਦਾ ਪਾਣੀ ਹੁਣ ਗਿੱਲੇ ਰੇਤਿਆਂ 'ਚੋਂ ਸਿੰਮ ਸਿੰਮ ਕੇ ਸਾਫ਼ ਜਲਧਾਰਾ ਦਾ ਰੂਪ ਅਖਤਿਆਰ ਕਰਦਾ ਲਹਿੰਦੇ ਪਾਸੇ ਵੱਲ ਮਸਤਾਨੀ ਤੋਰ ਤੁਰਨ ਲੱਗਿਆ ਸੀ। ਸਕੂਲ ਦੇ ਅਣਭੋਲ ਨਿਆਣਿਆਂ ਦੀ ਦੁਆ ਰੱਬ ਦੀ ਦਰਗਾਹ 'ਚ ਕਬੂਲ ਹੋ ਗਈ ਜਾਪਦੀ ਸੀ। ਮੌਸਮ ਸਾਫ਼ ਹੋਣ 'ਤੇ ਲੋਕਾਂ ਨੇ ਬਰਸਾਤੀ ਪਾਣੀਆਂ ਨਾਲ ਭੰਨੇ ਰਾਹਾਂ, ਸੜਕਾਂ ਤੇ ਪੁਲੀਆਂ 'ਤੇ ਮਿੱਟੀ ਪਾ ਪਾ ਕੇ ਆਪਣੇ ਲਾਂਘੇ ਸਿੱਧੇ ਕਰ ਲਏ ਸਨ। ਚੋਆਂ ਦੀਆਂ ਕਾਈਆਂ ਨੂੰ ਵੀ ਚਿੱਟੇ ਬੁੱਬਲ ਰੁੱਤ ਬਦਲੀ ਦਾ ਸੁਨੇਹਾ ਲੈ ਕੇ ਖਿੜ ਗਏ ਸਨ।

ਥੋੜ੍ਹੇ ਦਿਨਾਂ ਬਾਅਦ ਨਰਾਤੇ ਆ ਜਾਣ ਕਰ ਕੇ ਨੇੜਲੇ ਕਸਬੇ 'ਚ ਦਸਹਿਰੇ ਤੇ ਦੀਵਾਲੀ ਦੀਆਂ ਰੌਣਕਾਂ ਨੇ ਬਰਸਾਤੀ ਹੜ੍ਹਾਂ ਦੀ ਸ਼ੂਕ ਨਾਲ ਨਿਆਣਿਆਂ ਦੇ ਮਨਾਂ 'ਚ ਪੈਦਾ ਹੋਇਆ ਖ਼ੌਫ਼ ਤਿਉਹਾਰਾਂ ਦੇ ਚਾਅਵਾਂ ਤੇ ਮਲ੍ਹਾਰਾਂ 'ਚ ਤਬਦੀਲ ਕਰ ਦਿੱਤਾ ਸੀ। ਮੌਸਮ 'ਚ ਟਿਕਾਅ ਆਉਣ ਨਾਲ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਦੀਆਂ ਤਿਆਰੀਆਂ ਲਈ ਸਖ਼ਤ ਮਿਹਨਤ ਕਰਾਉਣ ਦਾ ਅਮਲ ਪਹਿਲਾਂ ਨਾਲੋਂ ਜ਼ੋਰ ਫੜ ਗਿਆ ਸੀ।



ਪਿੰਡ 'ਚ ਚੋਅ ਕੰਢੇ ਚੱਲਣ ਵਾਲੇ ਸਰਕਾਰੀ ਸਕੂਲ ਦੀ ਸਮਾਂ ਸਾਰਣੀ 'ਚ ਮੌਸਮਾਂ ਦੀ ਅਦਲਾ-ਬਦਲੀ ਕਾਰਨ ਥੋੜ੍ਹੀ ਬਹੁਤੀ ਤਬਦੀਲੀ ਦੇਖਣ ਨੂੰ ਮਿਲਣੀ ਸੀ ਪਰ ਸਕੂਲ ਦੇ ਅਧਿਆਪਕਾਂ ਦਾ ਜ਼ਿਆਦਾਤਰ ਸਮਾਂ ਬੱਚਿਆਂ ਨੂੰ ਰਸਮੀ ਪੜ੍ਹਾਈ ਦੇ ਨਾਲ ਨਾਲ ਜ਼ਿੰਦਗੀ ਵਿਚ ਆਪਣੀ ਮੰਜ਼ਿਲ ਪ੍ਰਾਪਤੀ ਲਈ ਕਰੜੀ ਮਿਹਨਤ ਕਰਨ ਦੇ ਗੁਰ ਸਿਖਾਉਂਦਿਆਂ ਲੰਘਦਾ ਸੀ। ਸਕੂਲ ਦੇ ਹੈੱਡਮਾਸਟਰ ਸਾਹਿਬ ਪਹਿਲਾਂ ਹੁਸ਼ਿਆਰਪੁਰੋਂ ਬੱਸ ਫੜ ਨੇੜਲੇ ਕਸਬੇ ਹਰਿਆਣੇ ਤੱਕ ਪਹੁੰਚਦੇ ਤੇ ਫਿਰ ਤਕਰੀਬਨ ਪੰਜ ਕਿਲੋਮੀਟਰ ਸਾਈਕਲ ਚਲਾ ਕੇ ਸਕੂਲ ਲੱਗਣ ਤੋਂ ਪਹਿਲਾਂ ਉਹ ਸਕੂਲ ਪਹੁੰਚੇ ਹੁੰਦੇ। ਹਫ਼ਤੇ 'ਚ ਇੱਕ ਦੋ ਵਾਰ ਸਵੇਰ ਦੀ ਸਭਾ 'ਚ ਜ਼ਿੰਦਗੀ 'ਚ ਆਪਣੀ ਮੰਜ਼ਿਲ ਸਰ ਕਰਨ ਲਈ ਸਖ਼ਤ ਮਿਹਨਤ ਕਰਨ ਦੇ ਗੁਰ ਸਮਝਾਉਂਦਿਆਂ ਸਭਾ ਦਾ ਸਮਾਂ ਮਿੱਥੀ ਸੀਮਾ ਨੂੰ ਵੀ ਪਾਰ ਕਰ ਜਾਂਦਾ ਪਰ ਹੈੱਡਮਾਸਟਰ ਸਾਹਿਬ ਜਿੰਨਾ ਚਿਰ ਆਪਣੀ ਗੱਲਬਾਤ ਕਰਦੇ ਸਾਰੇ ਅਧਿਆਪਕ ਤੇ ਵਿਦਿਆਰਥੀ ਪੂਰੇ ਧਿਆਨ ਨਾਲ ਉਨ੍ਹਾਂ ਦੀ ਇੱਕ-ਇੱਕ ਗੱਲ ਨੂੰ ਆਪਣੇ ਚੇਤਿਆਂ 'ਚ ਸੰਭਾਲਣ ਦਾ ਯਤਨ ਕਰ ਰਹੇ ਹੁੰਦੇ। ਉਨ੍ਹਾਂ ਵੱਲੋਂ ਦਿੱਤੇ ਜਾਣ ਵਾਲੇ ਹਰ ਹਵਾਲੇ ਤੇ ਹਰ ਪ੍ਰਸੰਗ ਦਾ ਕੇਂਦਰੀ ਸਾਰ ਇਹੀ ਹੁੰਦਾ ਕਿ ਜ਼ਿੰਦਗੀ 'ਚ ਹਰ ਔਖੇ ਟੀਚੇ ਨੂੰ ਹਾਸਿਲ ਕਰਨ ਲਈ ਇੱਕੋ ਹਥਿਆਰ ਜੋ ਸਭ ਤੋਂ ਕਾਰਗਾਰ ਸਾਬਿਤ ਹੁੰਦਾ ਹੈ ਉਹ ਹੈ: ਕਰੜੀ ਮਿਹਨਤ। ਉਨ੍ਹਾਂ ਦੀਆਂ ਦੱਸੀਆਂ ਨੌਵੀਂ ਦਸਵੀਂ ਜਮਾਤ ਵਿਚ ਅੰਗਰੇਜ਼ੀ ਦੇ ਵਰਤਮਾਨ, ਅਤੀਤ ਤੇ ਭਵਿੱਖ ਨਾਲ ਸਬੰਧਿਤ ਵਾਕ ਬਣਾਉਣ ਤੇ ਪਛਾਣਨ ਦੀਆਂ ਜੁਗਤਾਂ ਨੇ ਪਿੰਡਾਂ ਦੇ ਸਕੂਲ 'ਚ ਪੜ੍ਹੇ ਹੋਣ ਦੇ ਬਾਵਜੂਦ ਕਾਲਜ ਸਮੇਂ ਅੰਗਰੇਜ਼ੀ ਵਰਗੇ ਔਖੇ ਸਮਝੇ ਜਾਂਦੇ ਵਿਸ਼ੇ ਨੂੰ ਪੜ੍ਹਨ ਲਿਖਣ ਤੇ ਸਮਝਣ 'ਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਆਉਣ ਦਿੱਤੀ।

ਸਰੀਰਕ ਸਿੱਖਿਆ ਵਾਲੇ ਪੀ.ਟੀ.ਆਈ. ਭੈਣ ਜੀ ਭਾਵੇਂ ਸਕੂਲ 'ਚ ਅਨੁਸ਼ਾਸਨ ਬਣਾਈ ਰੱਖਣ ਲਈ ਆਪਣੇ ਹੱਥ 'ਚ ਛੋਟਾ ਜਿਹਾ ਡੰਡਾ ਵੀ ਰੱਖਦੇ ਪਰ ਉਨ੍ਹਾਂ ਦੇ ਸ਼ਾਂਤ ਤੇ ਦਿਆਲੂ ਸੁਭਾਅ ਨੇ ਕਦੇ ਵੀ ਉਨ੍ਹਾਂ ਦੇ ਨਿਰਦਈ ਹੋਣ ਦਾ ਸਬੂਤ ਨਹੀਂ ਸੀ ਦਿੱਤਾ। ਉਹ ਸਕੂਲ ਦੀ ਬਾਲ ਸਭਾ 'ਚ ਬੱਚਿਆਂ ਤੋਂ ਗੀਤ, ਕਵਿਤਾ ਜਾਂ ਹੋਰ ਕੋਈ ਕਲਾਤਮਿਕ ਵੰਨਗੀ ਉਚੇਚ ਨਾਲ ਸੁਣਦੇ ਤੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਬੱਚਿਆਂ ਦੀ ਪਿੱਠ ਵੀ ਥਾਪੜਦੇ ਸਨ। ਪਿੰਡ ਦੇ ਸਰਕਾਰੀ ਸਕੂਲ 'ਚ ਟਾਹਲੀਆਂ ਕਿੱਕਰਾਂ ਹੇਠ ਲੱਗਦੀਆਂ ਬਾਲ ਸਭਾਵਾਂ 'ਚ ਗੀਤ, ਕਵਿਤਾਵਾਂ ਸੁਣਾਉਂਦਿਆਂ ਮਿਲਦੀ ਹੌਸਲਾ ਅਫਜ਼ਾਈ ਦਾ ਹੀ ਅਸਰ ਸੀ ਕਿ ਆਉਣ ਵਾਲੀ ਕਾਲਜ ਜ਼ਿੰਦਗੀ ਦੇ ਖੇਤਰੀ ਯੁਵਕ ਮੇਲਿਆਂ ਤੇ ਹੋਰ ਸਾਹਿਤਕ ਸਰਗਰਮੀਆਂ 'ਚ ਮੇਰਾ ਨਾਂ ਮੂਹਰਲੀ ਕਤਾਰ ਦੇ ਵਿਦਿਆਰਥੀਆਂ 'ਚ ਸ਼ੁਮਾਰ ਹੁੰਦਾ ਰਿਹਾ। ਸ਼ਹਿਰ ਵੱਲੋਂ ਆਉਂਦੀਆਂ ਸਾਇੰਸ ਅਧਿਆਪਕਾਵਾਂ ਭਾਵੇਂ ਦਿੱਖ ਤੇ ਰਹਿਣ ਸਹਿਣ ਪੱਖੋਂ ਪੂਰੀ ਤਰ੍ਹਾਂ ਸ਼ਹਿਰੀ ਦਿਸਦੀਆਂ ਸਨ ਪਰ ਉਨ੍ਹਾਂ ਦੇ ਵਿਹਾਰ ਤੇ ਪੜ੍ਹਾਉਣ ਦੇ ਤਰੀਕਿਆਂ 'ਚ ਏਨੀ ਹਲੀਮੀ ਤੇ ਹਮਦਰਦੀ ਹੁੰਦੀ ਕਿ ਬੱਚਿਆਂ ਨੂੰ ਭੌਤਿਕ ਤੇ ਜੀਵ ਵਿਗਿਆਨ ਦੇ ਔਖੇ ਸੰਕਲਪ ਬੜੇ ਸਹਿਜ ਨਾਲ ਸਮਝ ਆ ਜਾਂਦੇ। ਉਨ੍ਹਾਂ ਪਿੰਡਾਂ ਦੇ ਗੁਰਬਤ ਮਾਰੇ ਬੱਚਿਆਂ ਦਾ ਕਦੇ ਮਜ਼ਾਹ ਨਹੀਂ ਸੀ ਉਡਾਇਆ ਸਗੋਂ ਰਾਹੇ ਬਗਾਹੇ ਲੋੜਵੰਦ ਬੱਚੇ ਦੀ ਮਦਦ ਕਰ ਕੇ ਇਨਸਾਨੀਅਤ ਦਾ ਦਰਦ ਰੱਖਣ ਵਾਲੀਆ ਰੂਹਾਂ ਹੋਣ ਦਾ ਸਬੂਤ ਦਿੱਤਾ ਸੀ।

ਹਿੰਦੀ ਪੜ੍ਹਾਉਣ ਵਾਲੀ ਅਧਿਆਪਕਾ ਦਾ ਪੜ੍ਹਾਉਣ ਦਾ ਤਰੀਕਾ ਏਨਾ ਸਰਲ, ਰੌਚਕ ਤੇ ਅਪਣੱਤ ਭਰਪੂਰ ਹੁੰਦਾ ਸੀ ਕਿ ਪਿੰਡਾਂ 'ਚ ਘੱਟ ਵਰਤੋਂ ਵਿਚ ਆਉਣ ਵਾਲੀ ਹਿੰਦੀ ਭਾਸ਼ਾ ਦੇ ਸ਼ਬਦ ਜੋੜ ਲਿਖਣ 'ਚ ਬੱਚਿਆਂ ਨੇ ਕਦੇ ਮਾਰ ਨਹੀਂ ਖਾਧੀ। ਨਾਲ ਦੇ ਪਿੰਡ ਤੋਂ ਕੁਝ ਸਮਾਂ ਪਹਿਲਾਂ ਸਕੂਲ 'ਚ ਨਵ-ਨਿਯੁਕਤ ਹੋਈ ਗਣਿਤ ਅਧਿਆਪਿਕਾ ਬੱਚਿਆਂ ਨੂੰ ਗਣਿਤ ਦੇ ਸੁਆਲ ਸਮਝਾਉਣ ਲੱਗਿਆਂ ਔਖੇ-ਔਖੇ ਫਾਰਮੂਲੇ ਆਪ ਜ਼ੋਰ ਲਾ ਲਾ ਕੇ ਏਦਾਂ ਰਟਾਉਂਦੀ ਕਿ ਗਣਿਤ ਦੇ ਔਖੇ ਸੁਆਲਾਂ ਦੀਆਂ ਘੁੰਡੀਆਂ ਆਪਣੇ ਆਪ ਖੁੱਲ੍ਹਦੀਆਂ ਜਾਂਦੀਆਂ। ਸਕੂਲ ਵਿਚ ਕਰੀਬ ਛੇ ਫੁੱਟ ਲੰਮਾ ਨਵਾਂ ਆਇਆ ਡੀ.ਪੀ.ਈ. ਹਰ ਸਾਲ ਆਪਣੀ ਜੇਬ੍ਹ 'ਚੋਂ ਪੈਸੇ ਖਰਚ ਕੇ ਸ਼ਹਿਰ ਦੀ ਨਰਸਰੀ 'ਚੋਂ ਬਹੁਤ ਹੀ ਉੱਚ ਕੁਆਲਟੀ ਦੇ ਫੁੱਲਦਾਰ ਪੌਦੇ ਸਰਦੀਆਂ ਦੇ ਸ਼ੁਰੂ 'ਚ ਬੱਚਿਆਂ ਨੂੰ ਨਾਲ ਲੈ ਕੇ ਹੱਥੀਂ ਲੁਆਉਂਦਾ। ਫਿਰ ਜਦੋਂ ਇਹ ਫੁੱਲ ਫਰਵਰੀ ਮਾਰਚ ਵਿਚ ਖਿੜਦੇ ਤਾਂ ਬਸੰਤ ਬਹਾਰ ਦੀਆਂ ਰੌਣਕਾਂ ਤੇ ਖੁਸ਼ਬੂਆਂ ਸਕੂਲ ਦੇ ਵਿਹੜੇ 'ਚ ਉਤਰ ਆਈਆਂ ਜਾਪਦੀਆਂ। ਪਿੰਡਾਂ ਦੇ ਹਮਾਤੜ ਬੱਚਿਆਂ ਨੂੰ ਗੇਂਦਾ, ਗੁਲਦਾਉਦੀ, ਸਵੀਟ ਸੁਲਤਾਨ, ਡੇਲੀਆ, ਸਵੀਟ ਵਿਲੀਅਮ ਵਰਗੇ ਫੁੱਲਾਂ ਦੇ ਨਾਵਾਂ ਦੀ ਜਾਣਕਾਰੀ ਡੀ.ਪੀ.ਈ. ਸਰ ਦੀ ਬਦੌਲਤ ਹੀ ਮਿਲੀ ਸੀ।

ਇਸ ਤਰ੍ਹਾਂ ਪੇਂਡੂ ਜ਼ਿੰਦਗੀ ਦੇ ਆਪਮੁਹਾਰੇ ਰੰਗ ਹੰਢਾਉਂਦਿਆਂ ਜੀਵਨ ਦੀਆਂ ਅਗਲੀਆਂ ਵਾਟਾਂ ਨੂੰ ਮੁਕੰਮਲ ਕਰਨ ਲਈ ਬੁਨਿਆਦੀ ਸਿੱਖਿਆ ਤੇ ਸਮਝ ਹਾਸਿਲ ਕਰਨ ਦਾ ਇੱਕ ਨਿਵੇਕਲਾ ਪੜਾਅ ਮੁਕੰਮਲ ਹੋ ਗਿਆ ਸੀ। ਇਸ ਪੜਾਅ 'ਚ ਬਚਪਨ ਦੇ ਕਈ ਅਣਭੋਲ ਕਿੱਸੇ, ਹਾਸੇ, ਸ਼ਰਾਰਤਾਂ ਤੇ ਫਿਰ ਬਚਪਨਾ ਛੱਡ ਹੜ੍ਹਾਂ ਦੇ ਅੱਥਰੇ ਪਾਣੀਆਂ ਵਾਂਗ ਹੀ ਸ਼ੂਕਣ ਵਾਲੀ ਜਵਾਨੀ ਦੇ ਦੌਰ ਦੇ ਰੰਗ ਗੂੜ੍ਹੇ ਹੋਣੇ ਲੱਗੇ ਸਨ। ਚੋਅ ਦੇ ਕੰਢੇ ਉਸਰੇ ਸਕੂਲ ਦੀਆਂ ਕਿੱਕਰਾਂ ਤੇ ਟਾਹਲੀਆਂ ਦੀ ਛਾਵੇਂ ਜਮਾਤਾਂ ਤੇ ਬਾਲ ਸਭਾਵਾਂ ਲਾਉਂਦੇ, ਹਾਲੀਆਂ-ਪਾਲੀਆਂ ਦੇ ਅੰਗ ਸੰਗ ਵਿਚਰਦਿਆਂ ਕਈ ਵਿਦਿਆਰਥੀ ਉਸ ਸਕੂਲ ਤੋਂ ਪੜ੍ਹਾਈਆਂ ਕਰ ਅਧਿਆਪਕ ਬਣ ਗਏ, ਕਈ ਫ਼ੌਜ ਜਾਂ ਪੁਲੀਸ 'ਚ ਭਰਤੀ ਹੋ ਗਏ, ਕੋਈ ਰੋਡਵੇਜ਼ 'ਚ ਚਲਾ ਗਿਆ, ਕਿਸੇ ਨੂੰ ਬੈਂਕ ਦੀ ਨੌਕਰੀ ਮਿਲ ਗਈ, ਕੋਈ ਬਿਜਲੀ ਬੋਰਡ 'ਚ ਚਲਾ ਗਿਆ, ਕੋਈ ਉਚੇਰੀ ਸਿੱਖਿਆ ਹਾਸਿਲ ਕਰ ਚੰਗਾ ਰਿਸ਼ਤਾ ਕਰਾ ਕੈਨੇਡਾ ਅਮਰੀਕਾ ਜਾ ਕੇ ਸੈੱਟ ਹੋ ਗਿਆ। ਜਿਹੜਾ ਵਿਦਿਆਰਥੀ ਜਿੱਥੇ ਵੀ ਗਿਆ, ਸਾਧਾਰਨ ਤੇ ਕੁਦਰਤ ਦੀ ਗੋਦ 'ਚ ਵੱਸੇ ਉਸ ਸਕੂਲ ਦੀਆਂ ਯਾਦਾਂ ਆਪਣੇ ਚੇਤਿਆਂ 'ਚ ਵਸਾ ਜ਼ਿੰਦਗੀ ਦੀਆਂ ਵਾਟਾਂ ਮੁਕਾਉਣ ਲਈ ਆਪਣੇ ਹਿੱਸੇ ਦੇ ਸਫ਼ਰ ਲਈ ਅਗਾਂਹ ਤੁਰ ਗਿਆ ਸੀ।

ਬੀਤੇ ਸਮਿਆਂ 'ਚ ਬਰਸਾਤਾਂ ਦੇ ਦਿਨਾਂ ਨੂੰ ਭਾਵੇਂ ਲੋਕ ਹੜ੍ਹਾਂ ਦੀ ਮਾਰ ਤੋਂ ਬਚਣ ਲਈ ਚੋਆਂ ਦੇ ਕੰਢਿਆਂ 'ਤੇ ਦੀਵੇ ਜਗਾ ਤੇ ਦਲੀਏ ਛਕਾ ਜ਼ਿੰਦਗੀ ਦੀ ਸਲਾਮਤੀ ਲਈ ਦੁਆਵਾਂ ਕਰਦੇ ਰਹੇ ਸਨ ਪਰ ਨਾਲ ਹੀ ਉਸ ਦੌਰ 'ਚ ਇਨ੍ਹਾਂ ਇਲਾਕਿਆਂ 'ਚ ਕਰੜੀ ਮਿਹਨਤ ਤੇ ਸਮਰਪਣ ਭਾਵਨਾ ਨਾਲ ਬੱਚਿਆਂ ਨੂੰ ਰਸਮੀ ਸਿੱਖਿਆ ਦੇ ਕੇ ਜ਼ਿੰਦਗੀ ਦੀਆਂ ਰਾਹਾਂ ਰੁਸ਼ਨਾਉਣ ਤੇ ਕਾਮਯਾਬੀ ਦੀਆਂ ਪੈੜਾਂ ਲੱਭਣ ਦੇ ਸਮਰੱਥ ਬਣਾਉਣ ਵਾਲੇ ਮਿਹਨਤੀ ਅਧਿਆਪਕਾਂ ਦੀ ਹਸਤੀ ਵੀ ਚੋਆਂ ਕੰਢੇ ਲਟ-ਲਟ ਜਗਣ ਵਾਲੇ ਦੀਵਿਆਂ ਤੋਂ ਘੱਟ ਨਹੀਂ ਮੰਨੀ ਜਾ ਸਕਦੀ। ਇਨ੍ਹਾਂ ਅਧਿਆਪਕਾਂ ਵੱਲੋਂ ਪੇਂਡੂ ਸਕੂਲਾਂ ਦੇ ਬੱਚਿਆਂ ਦੀ ਜ਼ਿੰਦਗੀ ਦੇ ਹਨੇਰੇ ਰਾਹ ਰੁਸ਼ਨਾਉਣ ਤੇ ਜ਼ਿੰਦਗੀ ਸੰਵਾਰਨ ਲਈ ਕੀਤੀ ਗਈ ਸਖ਼ਤ ਮਿਹਨਤ ਤੇ ਪਰਉਪਕਾਰੀ ਵਿਹਾਰ ਸੈਂਕੜੇ ਵਿਦਿਆਰਥੀਆਂ ਲਈ ਰੱਬ ਦੀ ਇਬਾਦਤ ਵਰਗਾ ਸੱਚਾ-ਸੁੱਚਾ ਕਾਰਜ ਹੋ ਨਿਬੜਿਆ ਸੀ ਜਿਸ ਦੀ ਬਦੌਲਤ ਸੈਂਕੜੇ ਮਾਸੂਮ ਜ਼ਿੰਦਗੀਆਂ ਦੇ ਨਕਸ਼ ਸੰਵਾਰੇ ਗਏ ਤੇ ਸੈਆਂ ਜ਼ਿੰਦੜੀਆਂ ਵਕਤ ਦੇ ਖ਼ੂਬਸੂਰਤ ਰੰਗ ਮਾਣਨ ਦੇ ਯੋਗ ਹੋ ਗਈਆਂ ਸਨ।

# ਤਿਊੜੀਆਂ

ਬਹੁਤ ਛੋਟਾ ਸਾਂ, ਚੇਤੇ ਆਉਂਦਾ ਹੈ; ਪਿਤਾ ਕੰਧਾਂ ਨਾਲ ਮਿੱਟੀ ਲਾ ਰਿਹਾ। ਹੁਣ ਪਤਾ ਲੱਗਦਾ, ਉਹ ਸਮਾਂ ਸੰਨ 88 ਦਾ ਸੀ। ਅਸੀਂ ਕੋਠੇ 'ਤੇ ਚੜ੍ਹ ਕੇ ਦੇਖਦੇ ਹਾਂ, ਪਾਣੀ ਦੂਰ ਖੜ੍ਹਾ ਦਿਸਦਾ। ਆਵਾਜ਼ਾਂ

**ਜਗਦੀਪ ਸਿੱਧੂ**
ਫੋਨ: +91-82838-26876

ਆਉਂਦੀਆਂ- ਪਾਣੀ ਆ ਰਿਹਾ, ਪਾਣੀ ਆ ਰਿਹਾ। ਤਦ ਮੇਰੀ ਸੋਚ ਹੈਰਾਨ ਹੁੰਦੀ ਹੈ ਕਿ ਪਾਣੀ ਇਸ ਤਰ੍ਹਾਂ ਵੀ ਆ ਸਕਦਾ ਹੈ? ਫਿਰ ਕਿਤੇ ਨਾ ਕਿਤੇ ਕਿਸੇ ਸਾਲ ਇਹ ਸ਼ਬਦ ਕੰਨੀ ਪੈਂਦੇ- ਨਾਲੀ ਉਪਰੋਂ ਦੀ ਹੋ ਗਈ, ਬੰਨ੍ਹ ਟੁੱਟਣ ਵਾਲ਼ਾ। ਇਹ ਸ਼ਬਦ ਕਿਸੇ ਨਾ ਕਿਸੇ ਰੂਪ ਵਿਚ ਹੁਣ ਤਕ ਖ਼ੌਫਜਦਾ ਕਰਦੇ ਨੇ। ਨਾ਼ਲੀ ਮਾਨਸਾ, ਸਰਦੂਲਗੜ੍ਹ ਵਿਚ ਘੱਗਰ ਨੂੰ ਕਹਿੰਦੇ ਸੀ/ਹਨ।

ਇਹ ਡਰ ਹੁਣ ਵੀ ਮੇਰੇ ਅਵਚੇਤਨ ਵਿਚ ਹੈ; ਮੇਰੇ ਘਰ ਦੇ ਨਾਲ ਖਾਲੀ ਪਲਾਟ ਕਾਰਨ ਮੈਂ ਬਰਸਾਤਾਂ ਵਿਚ ਆਪਣੀਆਂ ਕੰਧਾਂ ਸੁਰੱਖਿਅਤ ਕਰਨ ਡਹਿ ਪੈਨਾਂ। ਛੱਤ 'ਤੇ ਕਿਤੇ ਪਾਣੀ ਨਹੀਂ ਖੜ੍ਹਨ ਦਿੰਦਾ।

ਕੀ ਉੱਪਰ ਕੀ ਥੱਲੇ, ਕੀ ਛੋਟੇ ਕੀ ਵੱਡੇ, ਬੇਨਿਯਮੀਆਂ ਸਭ ਕਰ ਰਹੇ ਨੇ। ਪਹਾੜ ਕੱਟ ਕੇ ਸੜਕਾਂ ਬਣਾਈਆਂ ਜਾ ਰਹੀਆਂ ਤੇ ਹੋਟਲ ਰੈਸਟੋਰੈਂਟ ਵੀ। ਭੂ-ਵਿਗਿਆਨੀ ਕਹਿੰਦੇ- ਪਹਾੜਾਂ ਵਿਚ ਸੜਕਾਂ ਜ਼ਿਆਦਾਤਰ ਕੁਦਰਤੀ ਰਾਹਾਂ 'ਤੇ ਹੀ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਜਿੱਥੇ ਕਟਾਈ ਘੱਟੋ-ਘੱਟ ਹੋਵੇ। ਵੱਡੇ ਰਿਜ਼ੌਰਟ, ਹੋਟਲ ਪਹਾੜਾਂ ਵਿਚਲੀ ਪੱਧਰੀ ਥਾਂ 'ਤੇ ਹੀ ਬਣਾਏ ਜਾਣ। ਸੜਕਾਂ 'ਤੇ ਬਣਾਉਣ ਦੇ ਲਾਲਚ ਨੇ ਇਹਨਾਂ ਨੂੰ ਰਾਹਾਂ ਦੇ ਨੇੜੇ ਨਹੀਂ ਸਗੋਂ ਦੂਰ ਲੈ ਜਾਣਾ ਹੈ।

ਸੰਨ 93 ਵਿਚ ਸਾਡੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤਕ ਪਾਣੀ ਆ ਗਿਆ। ਸਾਡੇ ਪੜ੍ਹੇ-ਲਿਖੇ ਵਿਗਿਆਨੀਆਂ, ਬੁੱਧੀਜੀਵੀਆਂ, ਸਿਆਸੀ ਲੋਕਾਂ ਨੇ ਤਦ ਵੀ ਫੌਰੀ ਕਦਮ ਵੱਲ ਧਿਆਨ ਨਹੀਂ ਦਿੱਤਾ ਜਾਂ ਦਿਵਾਇਆ ਨਹੀਂ ਕਿ ਇਹ ਵਾਰ ਵਾਰ ਕਿਉਂ ਵਾਪਰ ਰਿਹਾ?

ਇਹਨਾਂ ਹੀ ਸਾਲਾਂ ਤੋਂ ਕੁਝ ਵਰ੍ਹੇ ਬਾਅਦ ਮੈਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬੇ ਮਾਹਿਲਪੁਰ ਵਿਚ ਖੇਡ ਵਿੰਗ 'ਚ ਪੜ੍ਹਨਾ-ਖੇਡਣਾ ਹੈ। ਸਾਨੂੰ ਬਰਸਾਤੀ ਚੋਆਂ ਵਿਚ ਸਰੀਰਕ ਤਾਕਤ ਇਕੱਠੀ ਕਰਨ ਲਈ ਭਜਾਇਆ ਜਾਂਦਾ ਸੀ। ਪਾਣੀ ਲਈ ਸਭ ਤੋਂ ਸੁਚੱਜੇ ਰਾਹ ਮੈਨੂੰ ਇਹੀ ਜਾਪੇ। ਬਰਸਾਤਾਂ ਵਿਚ ਪਾਣੀ ਆਉਂਦੇ ਤੇ ਆਪਣੇ ਰਾਹ ਤੁਰ ਜਾਂਦੇ।

2011 ਵਿਚ ਸ਼ਿਵਜੋਤ ਇਨਕਲੇਵ ਖਰੜ ਵਿਚ ਫਲੈਟ ਲਿਆ; ਸੋਹਣੀਆਂ ਬਿਲਡਿੰਗਾਂ, ਪਾਰਕ ਆਦਿ। ਪਿਛਲੇ ਪਾਸੇ ਹਰਿਆਲੀ, ਚਰਾਂਦ ਜਿਹੀ ਜਿੱਥੇ ਕਦੀ ਗੁੱਜਰ ਆ ਜਾਂਦੇ, ਕਦੇ ਕੋਈ ਹੋਰ। ਦੋਸਤਾਂ ਨੇ ਕਹਿਣਾ- ਕਿੱਥੇ ਨਦੀ 'ਚ ਘਰ ਲੈ ਲਿਆ। ਮੇਰਾ ਕਹਿਣਾ ਹੁੰਦਾ- ਲੋਕ ਰਹਿੰਦੇ ਨੇ ਉੱਥੇ।

ਮੈਂ 2016 ਵਿਚ ਉਸ ਤੋਂ ਕਾਫੀ ਅਗਾਂਹ ਪਲਾਟ ਲੈ ਕੇ ਘਰ ਬਣਾਇਆ। ਹੁਣ ਜਦ ਹੜ੍ਹ ਆਇਆ, ਸ਼ਿਵਜੋਤ ਵਾ਼ਲੀ ਨਦੀ ਵਿਚ ਤੀਹ ਸਾਲਾਂ ਬਾਅਦ ਪਾਣੀ ਆਇਆ ਤਾਂ ਤਿੰਨ ਮੰਜ਼ਿਲੇ ਘਰ ਨੂੰ ਵਹਾ ਕੇ ਲੈ ਗਿਆ ਅਤੇ ਰਾਹ ਵਿਚ ਪੈਂਦੀਆਂ ਹੋਰ ਝੁੱਗੀਆਂ- ਝੋਪੜੀਆਂ ਵੀ ਨਾਲ ਹੀ ਲੈ ਗਿਆ।

ਹਰ ਵਾਰ ਕੁਦਰਤੀ ਜਾਂ ਕਹਿ ਲਵੋ ਮਨੁੱਖ ਸਹੇੜੀਆਂ ਆਫਤਾਂ ਆਉਂਦੀਆਂ ਰਹਿੰਦੀਆਂ ਨੇ; ਅਸੀਂ ਉਸ ਵਿਰੁੱਧ ਲੜਨ ਵਾ਼ਲੀ ਦਲੇਰੀ, ਕੁਰਬਾਨੀ ਨੂੰ ਵਡਿਆਉਣ 'ਤੇ ਜ਼ੋਰ ਲਾ ਦਿੰਦੇ ਹਾਂ। ਅਸੀਂ ਫੌਰੀ ਹੱਲ ਲਈ ਸੰਘਰਸ਼ ਕਰਦੇ ਹਾਂ। ਪਾਣੀ ਦੇ ਰਾਹਾਂ ਵਿਚ ਆਉਣ ਵਾਲੀਆਂ ਬਿਲਡਿੰਗਾਂ, ਫਲਾਈਓਵਰਾਂ ਆਦਿ ਬਾਰੇ ਗੰਭੀਰ ਤਬਸਰੇ, ਬਹਿਸਾਂ ਨਹੀਂ ਕਰਦੇ। ਸਿਰਫ ਤਰੀਕ ਯਾਦ ਰੱਖਣ ਨਾਲ ਕੁਝ ਨਹੀਂ ਹੋਣਾ। ਤਰੇੜੀ ਕੰਧ 'ਤੇ ਕਲੰਡਰ ਟੰਗਣ ਨਾਲ ਤਰੇੜ ਖ਼ਤਮ ਨਹੀਂ ਹੋਣੀ।

ਅਜਿਹੇ ਮਨੁੱਖੀ ਸਿਰੜ ਦੀ, ਮੈਨੂੰ ਆਪਣੀ ਕਵਿਤਾ ਯਾਦ ਆਉਂਦੀ ਹੈ ਜਿਹੜੀ ਮੈਂ ਬਿਹਾਰ ਦੇ ਕਿਸੇ ਇਲਾਕੇ ਵਿਚ ਹੜ੍ਹਾਂ ਦੀ ਹਾਲਤ ਨੂੰ ਦੇਖ ਕੇ ਲਿਖੀ ਸੀ: ਹੜ੍ਹਾਂ ਵਿਚ ਫਸੇ ਲੋਕ।

ਧਿਆਨ ਨਾਲ ਦੇਖਿਆ ਪੜ੍ਹਿਆ ਜਾਵੇ ਤਾਂ ਇਹ ਵਕਤੀ ਸ਼ਾਬਾਸ਼ੀਆਂ ਹਨ, ਹੋਣੀਆਂ ਵੀ ਚਾਹੀਦੀਆਂ ਨੇ; ਅਸੀਂ ਪਏ ਵਕਤ ਅਨੁਸਾਰ ਵੀ ਲੜਨਾ ਹੁੰਦਾ ਹੈ ਪਰ ਸਿਰਫ ਇਸ ਨੂੰ ਫੜ ਕੇ ਬੈਠੇ ਰਹਿਣ ਨਾਲੋਂ ਕੀ ਹੋਇਆ, ਕਿਉਂ ਹੋਇਆ, ਇਸ ਤਰ੍ਹਾਂ ਦੇ ਸੁਆਲਾਂ ਨੂੰ ਮੁਖਾਤਬ ਹੋਣਾ ਬਹੁਤ ਜ਼ਰੂਰੀ ਹੈ।

ਹੁਣ ਦਰਿਆਵਾਂ ਵਿਚ ਉੱਚੀ ਉੱਚੀ ਲਹਿਰਾਂ ਉੱਠ ਰਹੀਆਂ ਨੇ। 'ਲਹਿਰਾਂ' ਹੁਣ ਖੁਸ਼ਨੁਮਾ ਅਹਿਸਾਸ ਨਹੀਂ। ਮੇਰੀ ਕਾਵਿ-ਕਿਤਾਬ 'ਜਾਣ ਦੇ ਮੈਨੂੰ' ਵਿਚਲੀ ਇਕ ਨਜ਼ਮ ਹੈ:

ਅੱਜ ਕੱਲ੍ਹ/ਦਰਿਆ ਵਿਚ ਲਹਿਰਾਂ ਨਹੀਂ
ਜੋ ਦਿਸ ਰਹੀਆਂ/ਇਹ ਤਿਊੜੀਆਂ ਨੇ
ਸੋ, ਅਸੀਂ ਦਰਿਆਵਾਂ ਦੀ, ਪਾਣੀ ਦੀ ਨਰਾਜ਼ਗੀ ਨੂੰ ਵੀ ਸਮਝੀਏ।

# ਕੁਕੀ ਔਰਤਾਂ ਦੀ ਦਿਲ ਦਹਿਲਾ ਦੇਣ ਵਾਲੀ ਦਾਸਤਾਂ-2

19 ਅਤੇ 20 ਸਾਲ ਦੀਆਂ ਦੋ ਕੁੱਕੀ ਕੁੜੀਆਂ ਦੀ ਕਹਾਣੀ ਵੀ ਬਹੁਤ ਮਾਰਮਿਕ ਹੈ ਜੋ ਇਸ ਸਮੇਂ ਚੂਰਾਚਾਂਦਪੁਰ ਜ਼ਿਲ੍ਹੇ ਵਿਚ ਆਪਣੇ ਪਰਿਵਾਰਾਂ ਨਾਲ ਰਹਿ ਰਹੀਆਂ ਹਨ। ਉਨ੍ਹਾਂ ਨਾਲ ਜਿਨਸੀ ਹਿੰਸਾ ਇੰਫਾਲ ਦੇ ਇਕ ਨਰਸਿੰਗ ਇੰਸਟੀਚਿਊਟ 'ਚ ਵਾਪਰੀ। 4 ਮਈ ਨੂੰ ਇੰਸਟੀਚਿਊਟ ਦੇ ਕੁੜੀਆਂ ਦੇ ਹੋਸਟਲ ਦੇ ਗੇਟ 'ਤੇ ਭੀੜ ਇਕੱਠੀ ਹੋ ਗਈ। ਭੀੜ ਵਿਚ ਮਰਦ ਤੇ ਔਰਤਾਂ, ਦੋਵੇਂ ਸ਼ਾਮਲ ਸਨ। ਉਹ ਜਿਵੇਂ ਗੇਟ ਤੋੜ ਦੇਣਾ ਚਾਹੁੰਦੇ ਸਨ। ਕੁੜੀਆਂ ਬਹੁਤ ਡਰ ਗਈਆਂ।

ਕੁੜੀਆਂ ਨੇ ਆਪਣੇ ਕਮਰਿਆਂ ਦੀਆਂ ਖਿੜਕੀਆਂ ਵਿਚੋਂ ਦੇਖਿਆ ਕਿ ਭੀੜ ਅੰਦਰ ਵੜ ਗਈ ਸੀ। ਭੀੜ ਨੇ ਦੋ ਕੁਕੀ ਕੁੜੀਆਂ- 19 ਸਾਲਾ ਪਹਿਲੇ ਸਾਲ ਦੀ ਵਿਦਿਆਰਥਣ ਅਤੇ 20 ਸਾਲਾ ਦੂਜੇ ਸਾਲ ਦੀ ਵਿਦਿਆਰਥਣ, ਨੂੰ ਦਬੋਚ ਲਿਆ। ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਅਤੇ ਭੀੜ 'ਉਨ੍ਹਾਂ ਨੂੰ ਸੜਕ ਕਿਨਾਰੇ ਮਰਨ ਲਈ' ਛੱਡ ਕੇ ਗਾਇਬ ਹੋ ਗਈ। ਉਥੋਂ ਉਨ੍ਹਾਂ ਨੂੰ ਪੁਲੀਸ ਦੀ ਗੱਡੀ ਵਿਚ ਹਸਪਤਾਲ ਲਿਜਾਇਆ ਗਿਆ।

ਦੋਹਾਂ ਨੇ ਪੁਲਿਸ ਕੋਲ ਵੱਖੋ-ਵੱਖਰੀਆਂ

**ਟੋਰਾ ਅਗਰਵਾਲਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਸ਼ਿਕਾਇਤਾਂ ਦਰਜ ਕਰਵਾਈਆਂ ਹਨ- 19 ਸਾਲਾ ਕੁੜੀ ਨੇ ਦਿੱਲੀ ਦੇ ਉੱਤਮ ਨਗਰ ਥਾਣੇ ਵਿਚ ਅਤੇ ਦੂਜੀ ਕੁੜੀ ਨੇ ਮਨੀਪੁਰ ਦੇ ਚੂਰਾਚਾਂਦਪੁਰ ਥਾਣੇ ਵਿਚ। ਮਨੀਪੁਰ ਦੇ ਥਾਣੇ 'ਚ ਸ਼ਿਕਾਇਤ ਦੇ ਆਧਾਰ 'ਤੇ ਕਤਲ ਦੀ ਕੋਸ਼ਿਸ਼ ਅਤੇ ਔਰਤ ਦੇ ਜਿਨਸੀ ਸ਼ੋਸ਼ਣ ਸਮੇਤ ਦੋਸ਼ਾਂ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਇਹ ਇੰਫਾਲ ਦੇ ਪੋਰਾਂਪਤ ਥਾਣੇ ਨੂੰ ਭੇਜ ਦਿੱਤੀ ਗਈ। ਉੱਤਮ ਨਗਰ ਥਾਣੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ 30 ਮਈ 2023 ਨੂੰ ਮਨੀਪੁਰ ਦੇ ਪੁਲਿਸ ਮੁਖੀ ਨੂੰ ਸ਼ਿਕਾਇਤ ਭੇਜ ਦਿੱਤੀ ਸੀ ਪਰ ਇੰਫਾਲ ਦੇ ਪੋਰਾਂਪਤ ਥਾਣੇ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਨੂੰ ਅਜਿਹੀ ਕੋਈ ਸ਼ਿਕਾਇਤ ਮਿਲੀ ਹੀ ਨਹੀਂ।

20 ਸਾਲਾ ਕੁੜੀ ਨੇ ਆਪਣੀ ਸ਼ਿਕਾਇਤ ਵਿਚ ਲਿਖਿਆ, "ਆਧੁਨਿਕ ਹਥਿਆਰਾਂ ਨਾਲ ਲੈਸ ਮੈਤੇਈ ਭਾਈਚਾਰੇ ਦੇ ਅਤਿਵਾਦੀ ਅਨਸਰਾਂ ਦੀ ਭੀੜ... ਆਦਿਵਾਸੀਆਂ ਵਿਰੁੱਧ ਨਾਅਰੇਬਾਜ਼ੀ ਕਰਦੀ ਹੋਈ ਮੇਰੇ ਹੋਸਟਲ ਦੇ ਕਮਰੇ 'ਚ ਆ ਵੜੀ ਤੇ ਮੈਨੂੰ ਘਸੀਟ ਕੇ ਬਾਹਰ ਗਲੀ ਵਿਚ ਲੈ ਗਈ। ਮੈਨੂੰ ਬੇਇੱਜ਼ਤ ਕੀਤਾ ਗਿਆ, ਕੁੱਟਿਆ ਗਿਆ ਅਤੇ ਤਸੀਹੇ ਦਿੱਤੇ ਗਏ।" 19 ਸਾਲਾ ਪੀੜਤ ਨੇ ਲਿਖਿਆ- "ਭੀੜ ਨੇ ਮੇਰੇ ਉੱਪਰ ਦੋਸ਼ ਲਗਾਇਆ ਕਿ ਉਹ 'ਦੂਜੇ ਮੁਲਕ ਦੀ ਗੈਰ-ਕਾਨੂੰਨੀ ਪਰਵਾਸੀ' ਹੈ ਅਤੇ ਬੇਰਹਿਮੀ ਨਾਲ ਕੁੱਟਮਾਰ ਕੀਤੀ। ਮੈਨੂੰ ਸੜਕ 'ਤੇ ਮਰਨ ਲਈ ਸੁੱਟ ਗਏ।"

ਦੋ ਮਹੀਨੇ ਬਾਅਦ ਚੂਰਾਚਾਂਦਪੁਰ ਸਥਿਤ ਆਪਣੇ ਘਰ, ਦੋਵੇਂ ਮੁਟਿਆਰਾਂ ਅਜੇ ਵੀ ਉਹ ਸਭ ਭੁਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਜੋ ਉਨ੍ਹਾਂ ਨਾਲ ਹੋਇਆ। ਉਹ ਕਦੇ-ਕਦਾਈਂ ਇਕ ਦੂਜੀ ਨੂੰ ਮਿਲਦੀਆਂ ਤਾਂ ਹਨ ਪਰ ਇਸ ਘਟਨਾ ਬਾਰੇ ਚਰਚਾ ਨਹੀਂ ਕਰਦੀਆਂ। 'ਸਕਰੌਲ' ਨੇ ਉਨ੍ਹਾਂ ਦੇ ਘਰ ਉਨ੍ਹਾਂ ਨਾਲ ਮੁਲਾਕਾਤ ਕੀਤੀ ਜਿਸ ਵਿਚ ਉਨ੍ਹਾਂ ਨੇ ਘਟਨਾ ਬਾਰੇ ਵਿਸਤਾਰ 'ਚ ਦੱਸਿਆ।

20 ਸਾਲਾ ਕੁੜੀ ਅਨੁਸਾਰ, "ਭੀੜ ਸ਼ਾਮ 4 ਵਜੇ ਤੋਂ ਥੋੜ੍ਹਾ ਬਾਅਦ ਪਹੁੰਚੀ। ਇਸ ਗੱਲ ਦੀ ਪੁਸ਼ਟੀ ਹੋਸਟਲ ਦੇ ਇਕ ਮੁਲਾਜ਼ਮ ਨੇ ਕੀਤੀ। ਇਹ ਔਰਤ ਮੁਲਾਜ਼ਮ ਮੈਤੇਈ ਹੈ ਅਤੇ ਇੰਫਾਲ ਵਿਚ ਰਹਿੰਦੀ ਹੈ।

ਭੀੜ ਵਿਚੋਂ ਦੋ ਔਰਤਾਂ ਨੇ ਹੋਸਟਲ ਵਿਚ ਘੁਸ ਕੇ ਸਾਰੀਆਂ ਵਿਦਿਆਰਥਣਾਂ ਨੂੰ ਆਪਣੇ ਸ਼ਨਾਖ਼ਤੀ ਕਾਰਡ ਦਿਖਾਉਣ ਲਈ ਕਿਹਾ।

ਹੋਸਟਲ ਵਿਚ ਮੈਤੇਈ, ਨਾਗਾ ਅਤੇ ਕੁਕੀ ਭਾਈਚਾਰਿਆਂ ਦੀਆਂ ਔਰਤਾਂ ਰਹਿੰਦੀਆਂ ਹਨ। 19 ਸਾਲਾ ਪੀੜਤਾ ਨੇ ਦੱਸਿਆ, "ਉੱਥੇ ਨੌਂ ਕੁਕੀ ਔਰਤਾਂ ਸਨ। ਉਨ੍ਹਾਂ ਵਿਚੋਂ ਛੇ ਹੋਸਟਲ ਦੇ ਇਕ ਹਿੱਸੇ ਵਿਚ ਲੁਕ ਗਈਆਂ ਪਰ ਮੈਂ ਅਤੇ ਮੇਰੀ ਸੀਨੀਅਰ ਲੁਕ ਨਹੀਂ ਸਕੀਆਂ।" 20 ਸਾਲਾ ਲੜਕੀ ਨੇ ਦੱਸਿਆ ਕਿ ਉਸ ਨੇ ਸ਼ਨਾਖ਼ਤੀ ਕਾਰਡਾਂ ਦੀ ਜਾਂਚ ਕਰ ਰਹੀਆਂ ਔਰਤਾਂ ਨੂੰ ਕਿਹਾ ਕਿ ਉਹ ਨਾਗਾ ਹੈ। ਉਨ੍ਹਾਂ ਵਿਚੋਂ ਇਕ ਔਰਤ ਨੇ ਜਵਾਬ ਦਿੱਤਾ, "ਫਿਰ ਕੋਈ ਸਮੱਸਿਆ ਨਹੀਂ- ਅਸੀਂ ਸਿਰਫ਼ ਕੁਕੀ ਕੁੜੀਆਂ ਦੀ ਭਾਲ ਕਰ ਰਹੇ ਹਾਂ" ਪਰ ਜਦੋਂ ਉਨ੍ਹਾਂ ਨੇ ਆਪਣੇ ਸ਼ਨਾਖ਼ਤੀ ਕਾਰਡ ਦਿਖਾਏ ਤਾਂ ਇਹ ਸਪਸ਼ਟ ਹੋ ਗਿਆ ਕਿ ਉਹ ਦੋਵੇਂ ਕੁਕੀ ਹਨ। 19

## ਅਸੀਂ ਸਾਰੇ ਬਹੁਤ ਸ਼ਰਮਿੰਦਾ ਹਾਂ...

***ਟੋਰਾ ਅਗਰਵਾਲਾ ਗੁਹਾਟੀ ਆਧਾਰਿਤ ਪੱਤਰਕਾਰ ਹੈ ਜਿਸ ਦੀ ਇਹ ਸਟੋਰੀ ਆਨਲਾਈਨ ਨਿਊਜ਼ ਪੋਰਟਲ 'ਸਕਰੌਲ' ਉੱਪਰ ਛਪੀ ਹੈ। ਇਸ ਰਿਪੋਰਟ ਵਿਚ ਦਰਜ ਵੇਰਵੇ ਬਹੁਤ ਮਾਰਮਿਕ ਹਨ। ਇਸ ਤੋਂ ਅੱਜ ਦੇ ਮਨੀਪੁਰ ਦੇ ਹਾਲਾਤ ਦਾ ਪਤਾ ਲੱਗਦਾ ਹੈ। ਇਸ ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ ਪੇਸ਼ ਕੀਤੀ ਜਾ ਰਹੀ ਹੈ ਜਿਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***






***41 ਸਾਲਾ ਪੀੜਤ ਔਰਤ ਜਿਸ ਦੀ ਵੀਡੀਓ ਵਾਇਰਲ ਹੋਈ ਸੀ ਅਤੇ (ਸੱਜੇ) 21 ਸਾਲਾ ਪੀੜਤ ਮੁਟਿਆਰ ਜਿਸ ਨਾਲ ਜਬਰ ਜਨਾਹ ਹੋਇਆ, ਦੀ ਆਪਣੇ ਪਰਿਵਾਰ ਨਾਲ ਇਕ ਪੁਰਾਣੀ ਤਸਵੀਰ।***

ਸਾਲਾ ਪੀੜਤ ਨੇ ਦੱਸਿਆ ਕਿ ਸੰਸਥਾ ਦੀ ਇਕ ਸੀਨੀਅਰ ਮੁਲਾਜ਼ਮ ਜੋ ਮੈਤੇਈ ਔਰਤ ਸੀ, ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਫ਼ਾਇਦਾ ਨਹੀਂ ਹੋਇਆ।

ਇਸ ਦੌਰਾਨ ਹੇਠਲੀ ਮੰਜ਼ਿਲ 'ਤੇ ਇਕੱਠੀ ਹੋਈ ਭੀੜ ਹੋਰ ਭੜਕ ਰਹੀ ਸੀ ਅਤੇ ਚੀਕ-ਚੀਕ ਕੇ ਕਹਿ ਰਹੀ ਸੀ ਕਿ ਦੋਹਾਂ ਕੁਕੀ ਔਰਤਾਂ ਨੂੰ ਹੇਠਾਂ ਲਿਆਂਦਾ ਜਾਵੇ। ਭੀੜ ਚੀਕ ਰਹੀ ਸੀ, "ਤੁਸੀਂ ਉੱਥੇ ਕੀ ਕਰ ਰਹੀਆਂ ਹੋ? ਉਨ੍ਹਾਂ ਨੂੰ ਬਾਹਰ ਲਿਆਓ, ਉਨ੍ਹਾਂ ਨੂੰ ਬਾਹਰ ਲਿਆਓ।" 19 ਸਾਲਾ ਪੀੜਤ ਨੇ ਦੱਸਿਆ ਕਿ ਇਸ ਤੋਂ ਬਾਅਦ ਦੋਹਾਂ ਨੂੰ ਹੋਸਟਲ ਤੋਂ ਬਾਹਰ ਮੁੱਖ ਸੜਕ 'ਤੇ ਲਿਆਂਦਾ ਗਿਆ। ਉਸ ਨੇ ਦੱਸਿਆ, "ਥੱਲੇ ਲਿਆ ਕੇ ਸਾਨੂੰ ਦੋਹਾਂ ਨੂੰ ਕੁੱਟਿਆ ਗਿਆ। ਇੰਸਟੀਚਿਊਟ ਦੇ ਮੁਲਾਜ਼ਮ ਬੇਵੱਸ ਹੋ ਕੇ ਦੇਖਦੇ ਰਹੇ।" ਸੰਸਥਾ ਦੀ ਇਕ ਸੀਨੀਅਰ ਮੁਲਾਜ਼ਮ ਨੇ ਸਕਰੌਲ ਨੂੰ ਦੱਸਿਆ, "ਮੈਂ ਭੀੜ ਦੇ ਸਾਹਮਣੇ ਹੱਥ ਜੋੜੇ ਪਰ ਮੈਂ ਉਨ੍ਹਾਂ ਦੀ ਮਦਦ ਨਹੀਂ ਕਰ ਸਕੀ। ਮੈਂ ਬੇਵੱਸ ਸੀ।"

19 ਸਾਲਾ ਪੀੜਤ ਨੂੰ ਚੇਤੇ ਹੈ ਕਿ ਉਹ ਬੇਵੱਸ ਹੋ ਕੇ ਰੋ ਰਹੀ ਸੀ ਪਰ ਭੀੜ ਉਸ ਨੂੰ ਲੱਤਾਂ ਅਤੇ ਘਸੁੰਨ ਮਾਰ ਰਹੀ ਸੀ। ਦੋਹਾਂ ਪੀੜਤਾਂ ਨੇ ਦੱਸਿਆ ਕਿ ਭੀੜ 'ਚ ਸ਼ਾਮਲ ਔਰਤਾਂ ਨੇ ਉਨ੍ਹਾਂ ਨੂੰ ਆਪ ਨਹੀਂ ਕੁੱਟਿਆ ਸਗੋਂ ਉਹ ਭੀੜ ਨੂੰ ਭੜਕਾ ਰਹੀਆਂ ਸਨ। ਉਹ ਕਹਿ ਰਹੀਆਂ ਸਨ, "ਤੁਸੀਂ ਉਨ੍ਹਾਂ ਨੂੰ ਜਿਊਂਦੀਆਂ ਕਿਉਂ ਛੱਡ ਰਹੇ ਹੋ? ਉਨ੍ਹਾਂ ਦਾ ਬਲਾਤਕਾਰ ਕਰੋ। ਉਨ੍ਹਾਂ ਦੇ ਟੁਕੜੇ-ਟੁਕੜੇ ਕਰ ਦਿਓ। ਉਨ੍ਹਾਂ ਨੂੰ ਜਿਊਂਦੀਆਂ ਸਾੜ ਦਿਓ।" 19 ਸਾਲਾ ਪੀੜਤ ਨੇ ਦੱਸਿਆ ਕਿ ਉਸ ਨੂੰ ਏਨਾ ਕੁੱਟਿਆ ਗਿਆ ਕਿ ਉਹ ਜ਼ਮੀਨ 'ਤੇ ਡਿੱਗ ਪਈ। ਉਸ ਨੇ ਦੱਸਿਆ, "ਮੇਰੇ ਲਾਗੇ ਮੇਰੀ ਸੀਨੀਅਰ ਨੂੰ ਵੀ ਕੁੱਟਿਆ ਜਾ ਰਿਹਾ ਸੀ। ਮੈਨੂੰ ਠੀਕ-ਠੀਕ ਚੇਤੇ ਨਹੀਂ ਕਿ ਕੀ ਹੋ ਰਿਹਾ ਸੀ ਪਰ ਮੈਨੂੰ ਏਨਾ ਤਾਂ ਸਮਝ ਆ ਰਿਹਾ ਸੀ ਕਿ ਉਸ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਜਾ ਰਿਹਾ ਹੈ।"

20 ਸਾਲਾ ਪੀੜਤ ਨੂੰ ਐਨੇ ਜ਼ੋਰ ਨਾਲ ਘਸੁੰਨ ਮਾਰੇ ਕਿ ਉਸ ਦੇ ਤਿੰਨ ਦੰਦ ਟੁੱਟ ਗਏ। ਚੂਰਾਚਾਂਦਪੁਰ 'ਚ ਆਪਣੀ ਉਂਗਲੀ ਨਾਲ ਦੰਦਾਂ ਦੇ ਇੰਪਲਾਂਟ ਨੂੰ ਛੂੰਹਦਿਆਂ ਉਸ ਕਿਹਾ ਕਿ ਉਸ ਦੇ ਜ਼ਖ਼ਮ ਹੁਣ ਕੁਝ ਠੀਕ ਹਨ ਪਰ ਦੋ ਮਹੀਨੇ ਬਾਅਦ ਵੀ ਉਸ ਦੇ ਬੁੱਲ੍ਹ ਸੁੱਜੇ ਹੋਏ ਹਨ। ਉਸ ਨੇ ਕਿਹਾ, "ਮੈਨੂੰ ਅਜੇ ਵੀ ਉਸ ਔਰਤ ਦਾ ਚਿਹਰਾ ਚੇਤੇ ਹੈ ਜੋ ਚੀਕ-ਚੀਕ ਕੇ ਕਹਿ ਰਹੀ ਸੀ ਕਿ ਉਨ੍ਹਾਂ ਦਾ ਬਲਾਤਕਾਰ ਕਰੋ, ਉਨ੍ਹਾਂ ਦੇ ਟੁਕੜੇ-ਟੁਕੜੇ ਕਰ ਦਿਓ। ਉਨ੍ਹਾਂ ਨੂੰ ਜਿਊਂਦੀਆਂ ਸਾੜ ਦਿਓ।"

19 ਸਾਲਾ ਪੀੜਤ ਕਹਿੰਦੀ ਹੈ ਕਿ ਕਿਸੇ ਔਰਤ ਮੂੰਹੋਂ ਅਜਿਹੇ ਸ਼ਬਦ ਸੁਣਨਾ ਸੱਚਮੁੱਚ ਬਹੁਤ ਦੁਖਦਾਈ ਸੀ। ਉਸ ਨੇ ਕਿਹਾ, "ਉਸ ਔਰਤ ਦੀ ਵੀ ਤਾਂ ਧੀ ਹੋਵੇਗੀ!"

ਫਿਰ ਦੋਹਾਂ ਪੀੜਤਾਂ ਨੂੰ ਕੁਝ ਦੂਰੀ ਤੱਕ ਪੈਦਲ ਚੱਲ ਕੇ ਜਾਣ ਲਈ ਕਿਹਾ ਗਿਆ। 19 ਸਾਲਾ ਪੀੜਤ ਅਨੁਸਾਰ, "ਉਦੋਂ ਤੱਕ ਮੇਰੀ ਕਮੀਜ਼ ਤੋਂ ਲੈ ਕੇ ਚੱਪਲਾਂ ਤੱਕ ਖ਼ੂਨ ਹੀ ਖ਼ੂਨ ਸੀ।" ਉਸ ਅਨੁਸਾਰ, ਪੱਥਰਾਂ ਅਤੇ ਚਾਕੂਆਂ ਤੋਂ ਇਲਾਵਾ ਭੀੜ ਵਿਚ ਸ਼ਾਮਿਲ ਲੋਕਾਂ ਦੇ ਹੱਥਾਂ ਵਿਚ ਬੰਦੂਕਾਂ ਵੀ ਸਨ। ਉਸ ਨੇ ਦੱਸਿਆ, "ਜਦੋਂ ਅਸੀਂ ਪੈਦਲ ਜਾ ਰਹੇ ਸੀ ਤਾਂ ਇਕ ਨੇ ਸਾਡੇ ਵੱਲ ਬੰਦੂਕ ਤਾਣ ਲਈ ਪਰ ਇਕ ਹੋਰ ਆਦਮੀ ਨੇ ਉਸ ਨੂੰ ਕਿਹਾ ਕਿ ਅਜੇ ਨਹੀਂ। ਇਸ ਤੋਂ ਬਾਅਦ ਉਸ ਨੇ ਬੰਦੂਕ ਦਾ ਮੂੰਹ ਮੋੜ ਲਿਆ।"

ਇਸ ਤੋਂ ਬਾਅਦ ਉਨ੍ਹਾਂ ਦੀ ਕੁੱਟਮਾਰ ਦਾ ਇਕ ਹੋਰ ਦੌਰ ਸ਼ੁਰੂ ਹੋ ਗਿਆ ਜਿਸ ਦੌਰਾਨ ਦੋਵੇਂ ਬੇਹੋਸ਼ ਹੋ ਗਈਆਂ। ਜਦੋਂ ਉਨ੍ਹਾਂ ਨੂੰ ਹੋਸ਼ ਆਈ ਤਾਂ ਉਹ ਹਸਪਤਾਲ ਵਿਚ ਸਨ। ਬਾਅਦ ਵਿਚ 19 ਸਾਲਾ ਪੀੜਤ ਨੂੰ ਹਵਾਈ ਜਹਾਜ਼ ਰਾਹੀਂ ਦਿੱਲੀ ਲਿਜਾਇਆ ਗਿਆ ਜਿੱਥੇ ਉਸ ਨੂੰ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦੇ ਟਰੌਮਾ ਸੈਂਟਰ ਦੇ ਇੰਟੈਂਸਿਵ ਕੇਅਰ ਯੂਨਿਟ ਵਿਚ ਦਾਖ਼ਲ ਕਰਵਾਇਆ ਗਿਆ। 20 ਸਾਲਾ ਪੀੜਤ ਨੂੰ ਪਹਿਲਾਂ ਇੰਫਾਲ ਦੇ ਫ਼ੌਜੀ ਹਸਪਤਾਲ ਅਤੇ ਫਿਰ ਚੂਰਾਚਾਂਦਪੁਰ ਦੇ ਜ਼ਿਲ੍ਹਾ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। 19 ਸਾਲਾ ਪੀੜਤਾ ਮਈ ਦੇ ਅਖੀਰ ਵਿਚ ਚੂਰਾਚਾਂਦਪੁਰ ਸਥਿਤ ਆਪਣੇ ਘਰ ਪਹੁੰਚੀ। ਉਸ ਨੇ ਦੱਸਿਆ, "ਮੈਂ ਹੁਣ ਥੋੜ੍ਹੀ ਠੀਕ ਹਾਂ ਪਰ ਘਰ ਆਉਣ ਤੋਂ ਬਾਅਦ ਵੀ ਮੈਨੂੰ ਕਈ ਦਿਨਾਂ ਤੱਕ ਚੱਕਰ ਅਤੇ ਉਲਟੀ ਆਉਂਦੇ ਰਹੇ।"

ਸਕਰੌਲ ਨੇ ਹੋਸਟਲ ਦੀ ਇਕ ਮੈਤੇਈ ਔਰਤ ਨਾਲ ਗੱਲ ਕੀਤੀ ਜਿਸ ਨੇ ਘਟਨਾ ਦੀ ਪੁਸ਼ਟੀ ਕੀਤੀ। ਉਸ ਨੇ ਦੱਸਿਆ, "ਇਹ ਕੁੜੀਆਂ ਵਿਦਿਆਰਥਣਾਂ ਸਨ। ਉਹ ਮੇਰੇ ਲਈ ਬੱਚਿਆਂ ਵਾਂਗ ਸਨ। ਮੈਨੂੰ ਝੋਰਾ ਹੈ ਕਿ ਮੈਂ ਉਨ੍ਹਾਂ ਨੂੰ ਬਚਾਉਣ ਲਈ ਕੁਝ ਨਹੀਂ ਕਰ ਸਕੀ।"

### ਸਾਡੇ ਸਾਰਿਆਂ ਲਈ ਸ਼ਰਮਨਾਕ

44 ਅਤੇ 21 ਸਾਲ ਦੀਆਂ ਦੋ ਹੋਰ ਪੀੜਤ ਔਰਤਾਂ ਕ੍ਰਮਵਾਰ ਚੂਰਾਚਾਂਦਪੁਰ ਅਤੇ ਤੇਂਗਨੋਪਾਲ ਜ਼ਿਲ੍ਹਿਆਂ ਵਿਚ ਇਸ ਸਮੇਂ ਆਪਣੇ ਪਰਿਵਾਰਾਂ ਨਾਲ ਰਹਿ ਰਹੀਆਂ ਹਨ। ਉਨ੍ਹਾਂ ਨਾਲ ਘਟਨਾ ਕੰਗਪੋਕਪੀ ਜ਼ਿਲ੍ਹੇ 'ਚ ਵਾਪਰੀ। 4 ਮਈ ਨੂੰ ਬੀ. ਫੈਨੋਮ ਦੇ ਵਸਨੀਕਾਂ ਨੂੰ ਜਿਉਂ ਹੀ ਪਤਾ ਲੱਗਾ ਕਿ ਮੈਤੇਈ ਲੋਕਾਂ ਦੀ ਭੀੜ ਨੇੜਲੇ ਪਿੰਡ ਵਿਚ ਘਰਾਂ ਨੂੰ ਅੱਗ ਲਗਾ ਰਹੀ ਹੈ ਤਾਂ ਉਨ੍ਹਾਂ ਨੇ ਆਪਣੇ ਘਰ ਛੱਡ ਕੇ ਜਾਣ ਲਈ ਸਮਾਨ ਬੰਨ੍ਹਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਚ ਪਿੰਡ ਦੇ ਮੁਖੀ ਦੀ ਪਤਨੀ (ਉਮਰ 44 ਸਾਲ) ਵੀ ਸੀ। ਬਹੁਤੇ ਪਰਿਵਾਰ ਉੱਥੋਂ ਨਿਕਲ ਗਏ ਪਰ ਇਸ ਔਰਤ ਅਤੇ ਉਸ ਦਾ ਗੁਆਂਢੀ ਪਰਿਵਾਰ ਨੂੰ ਦੇਰ ਹੋ ਗਈ। ਫਿਰ ਵੀ ਉਹ ਸਮੇਂ ਸਿਰ ਉੱਥੋਂ ਭੱਜਣ ਵਿਚ ਕਾਮਯਾਬ ਹੋ ਗਏ। ਦੋਵੇਂ ਪਰਿਵਾਰ ਘਰ ਨੇੜਲੇ ਜੰਗਲ ਵੱਲ ਜਾਣ ਵਾਲੇ ਰਸਤੇ ਵਿਚ ਲੁਕ ਗਏ। ਉਹ ਉੱਥੇ ਸੁਣ ਸਕਦੇ ਸਨ ਕਿ ਹਮਲਾਵਰ ਪਿੰਡ ਦੇ ਚਰਚ ਦੀਆਂ ਘੰਟੀਆਂ ਵਜਾ ਰਹੇ ਹਨ। ਉਥੋਂ ਉਨ੍ਹਾਂ ਨੂੰ ਸੜ ਰਹੇ ਘਰ ਵੀ ਨਜ਼ਰ ਆ ਰਹੇ ਸਨ। ਪੀੜਤ ਔਰਤ ਨੇ ਕਿਹਾ, "ਸਾਡੇ ਲੁਕਣ ਵਾਲੀ ਥਾਂ ਉੱਤੇ ਸੰਘਣੀਆਂ ਝਾੜੀਆਂ ਸਨ" ਪਰ ਹਮਲਾਵਰ ਭੀੜ ਨੇ ਉਨ੍ਹਾਂ ਨੂੰ ਲੱਭ ਲਿਆ। ਉਹ ਦੋ ਹਿੱਸਿਆਂ ਵਿਚ ਵੰਡ ਕੇ ਆਲੇ-ਦੁਆਲੇ ਲੁਕੇ ਲੋਕਾਂ ਦੀ ਭਾਲ ਕਰ ਰਹੇ ਸਨ। ਇਸ ਔਰਤ ਦੀਆਂ ਅੱਖਾਂ ਦੇ ਸਾਹਮਣੇ ਉਸ ਦੇ ਗੁਆਂਢੀ, 56 ਸਾਲਾ ਸ਼ਖਸ ਤੇ ਉਸ ਦੇ 19 ਸਾਲਾ ਪੁੱਤਰ ਨੂੰ ਮਾਰਿਆ ਗਿਆ। ਫਿਰ ਭੀੜ ਨੇ ਇਸ ਔਰਤ ਅਤੇ ਗੁਆਂਢੀ ਦੀ 21 ਸਾਲਾ ਧੀ ਨੂੰ ਫੜ ਲਿਆ। ਬਾਅਦ ਵਿਚ ਉਨ੍ਹਾਂ ਨੂੰ ਨੰਗੀਆਂ ਕਰ ਕੇ ਘੁੰਮਾਇਆ ਗਿਆ, ਉਨ੍ਹਾਂ ਦੇ ਜਣਨ ਅੰਗ ਨੋਚੇ ਮਸਲੇ ਗਏ। ਇਸ ਘਟਨਾ ਦੀ ਵੀਡੀਓ ਇੰਟਰਨੈੱਟ ਉੱਪਰ ਵਾਇਰਲ ਹੋਈ ਹੈ।

ਘਟਨਾ ਤੋਂ ਕੁਝ ਸਮੇਂ ਬਾਅਦ 21 ਸਾਲਾ ਕੁੜੀ ਦਾ ਵਿਆਹ ਹੋ ਗਿਆ ਅਤੇ ਹੁਣ ਉਹ ਤੇਂਗਨੋਪਾਲ ਵਿਚ ਰਹਿੰਦੀ ਹੈ। ਦੂਜੀ ਔਰਤ ਚੂਰਾਚੰਦਪੁਰ ਵਿਚ ਭੀੜ-ਭੜੱਕੇ ਵਾਲੇ ਰਾਹਤ ਕੈਂਪ ਵਿਚ ਰਹਿ ਰਹੀ ਹੈ। ਉੱਥੇ ਹੀ ਜੁਲਾਈ ਦੀ ਇਕ ਸ਼ਾਮ ਉਸ ਨੇ 'ਸਕਰੌਲ' ਨਾਲ ਆਪਣੇ ਨਾਲ ਹੋਈ-ਬੀਤੀ ਸਾਂਝੀ ਕੀਤੀ। ਦੋਹਾਂ ਪਰਿਵਾਰਾਂ ਦੇ ਫੜੇ ਜਾਣ ਤੋਂ ਬਾਅਦ ਮਰਦਾਂ ਨੇ ਉਨ੍ਹਾਂ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਭੀੜ ਵਿਚ ਸ਼ਾਮਿਲ ਕੁਝ (ਮੈਤੇਈ) ਮਰਦਾਂ ਨੇ ਕਿਹਾ ਕਿ ਔਰਤਾਂ ਨੂੰ ਮਾਰਨਾ ਠੀਕ ਨਹੀਂ। ਔਰਤ ਅਨੁਸਾਰ, "ਉਨ੍ਹਾਂ ਵਿਚੋਂ ਕੁਝ ਲੋਕ ਚੰਗੇ ਸਨ। ਕੁਝ ਨੇ ਤਾਂ ਇਹ ਵੀ ਕਿਹਾ, 'ਅਸੀਂ ਔਰਤਾਂ ਦੀ ਕੁੱਟਮਾਰ ਨਾ ਕਰੀਏ' ਪਰ ਹਮਲਾਵਰਾਂ ਦੀ ਜ਼ਿਆਦਾਤਰ ਭੀੜ ਨੇ ਉਨ੍ਹਾਂ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਨੇ ਸਾਨੂੰ ਲੱਤਾਂ ਮੁੱਕਿਆਂ ਨਾਲ ਕੁੱਟਿਆ, ਸਾਡੇ ਵਾਲ ਪੁੱਟੇ।"

ਨੇੜੇ ਹੀ ਪੁਲਿਸ ਦੀ ਗੱਡੀ ਖੜ੍ਹੀ ਸੀ। ਉਨ੍ਹਾਂ ਵਿਚੋਂ ਤਿੰਨ (ਇਹ ਔਰਤ, 21 ਸਾਲਾ ਲੜਕੀ ਅਤੇ 19 ਸਾਲਾ ਲੜਕਾ) ਕਾਰ ਵਿਚ ਚੜ੍ਹ ਗਏ ਪਰ ਲੜਕੇ ਦੇ ਪਿਤਾ ਨੂੰ ਬਾਹਰ ਧੂਹ ਕੇ ਮਾਰ ਦਿੱਤਾ ਗਿਆ। ਉਸ ਨੇ ਦੱਸਿਆ, "ਅਸੀਂ ਇਹ ਤਾਂ ਨਹੀਂ ਦੇਖਿਆ ਕਿ ਉਸ ਨੂੰ ਕਿਵੇਂ ਮਾਰਿਆ ਪਰ ਸਾਨੂੰ ਪਤਾ ਹੈ ਕਿ ਉਸ ਨੂੰ ਮਾਰ ਦਿੱਤਾ ਗਿਆ।" ਔਰਤ ਅਨੁਸਾਰ, ਉਸ ਨੇ ਪੁਲਿਸ ਵਾਲਿਆਂ ਨੂੰ ਕਾਰ ਸਟਾਰਟ ਕਰਨ ਲਈ ਕਿਹਾ ਤਾਂ ਜੋ ਉਹ ਭੱਜ ਸਕਣ- "ਪਹਿਲਾਂ ਤਾਂ ਪੁਲਿਸ ਵਾਲਿਆਂ ਨੇ ਗੱਡੀ ਹੀ ਨਹੀਂ ਤੋਰੀ। ਫਿਰ ਜਿਉਂ ਹੀ ਉਸ ਨੇ ਗੱਡੀ ਸਟਾਰਟ ਕੀਤੀ ਤਾਂ ਭੀੜ ਨੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਨੂੰ ਗੱਡੀ ਵਿਚੋਂ ਬਾਹਰ ਧੂਹ ਲਿਆ ਗਿਆ। ਲੜਕੇ ਨੂੰ ਦੋਹਾਂ ਤੋਂ ਵੱਖ ਕਰ ਕੇ ਘੜੀਸਦੇ ਹੋਏ ਝੋਨੇ ਦੇ ਉਸ ਖੇਤ ਵਿਚ ਲੈ ਗਏ ਜਿੱਥੇ ਉਸ ਦੇ ਪਿਤਾ ਨੂੰ ਮਾਰਿਆ ਸੀ।" ਉਸ ਔਰਤ ਨੇ ਦੂਰੋਂ ਦੇਖਿਆ ਕਿ ਲੜਕੇ 'ਤੇ ਮੋਟੇ ਡੰਡੇ ਨਾਲ ਵਾਰ ਕੀਤੇ ਜਾ ਰਹੇ ਸਨ। ਉਹ ਆਪਣੇ ਪਿਤਾ ਦੀ ਲਾਸ਼ ਉੱਪਰ ਢੇਰੀ ਹੋ ਗਿਆ।

ਇਸ ਦੌਰਾਨ ਭੀੜ ਨੇ ਦੋਹਾਂ ਔਰਤਾਂ ਨੂੰ ਘੇਰ ਲਿਆ ਅਤੇ ਕੱਪੜੇ ਉਤਾਰਨ ਲਈ ਕਿਹਾ। ਉਸ ਨੇ ਦੱਸਿਆ, "ਜਦੋਂ ਅਸੀਂ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਘਸੁੰਨ ਮਾਰੇ ਅਤੇ ਸਾਡੇ ਕੱਪੜੇ ਜ਼ਬਰਦਸਤੀ ਉਤਾਰਨ ਦੀ ਕੋਸ਼ਿਸ਼ ਕੀਤੀ।" ਮਰਦਾਂ ਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ 'ਜੇ ਤੁਸੀਂ ਆਪਣੇ ਕੱਪੜੇ ਨਾ ਉਤਾਰੇ ਤਾਂ ਅਸੀਂ ਤੁਹਾਨੂੰ ਜਾਨੋਂ ਮਾਰ ਦਿਆਂਗੇ'।"

ਔਰਤ ਨੇ ਦੱਸਿਆ ਕਿ ਉਸ ਕੋਲ "ਆਪਣੀ ਜਾਨ ਬਚਾਉਣ ਲਈ" ਇਕ-ਇਕ ਕਰ ਕੇ ਆਪਣੇ ਸਰੀਰ ਤੋਂ ਸਾਰੇ ਕੱਪੜੇ ਉਤਾਰਨ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ। ਇਸ ਦੌਰਾਨ ਉਸ ਨੂੰ ਥੱਪੜ ਅਤੇ ਘਸੁੰਨ ਮਾਰੇ ਜਾ ਰਹੇ ਸਨ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦੀ ਗੁਆਂਢੀ ਔਰਤ ਵੀ ਉਸ ਦੇ ਨੇੜੇ-ਤੇੜੇ ਹੀ ਹੈ ਪਰ ਉਸ ਨੂੰ ਬਿਲਕੁਲ ਨਹੀਂ ਪਤਾ ਲੱਗਾ ਕਿ ਉਸ ਨਾਲ ਕੀ ਹੋ ਰਿਹਾ ਹੈ। ਨੰਗੀ ਹਾਲਤ ਵਿਚ ਔਰਤ ਨੂੰ ਨੇੜਲੇ ਝੋਨੇ ਦੇ ਖੇਤ ਵਿਚ ਲਿਜਾਇਆ ਗਿਆ। ਭੀੜ ਉਸ ਦੇ ਪਿੱਛੇ ਸੀ। ਉੱਥੇ ਉਸ ਨੂੰ ਜ਼ਮੀਨ 'ਤੇ ਲੰਮੀ ਪੈਣ ਲਈ ਕਿਹਾ ਗਿਆ। ਉਸ ਨੇ ਦੱਸਿਆ, "ਤਿੰਨ ਮਰਦਾਂ ਨੇ ਮੈਨੂੰ ਘੇਰ ਲਿਆ... ਦੋ ਮੇਰੇ ਦੋਵੇਂ ਪਾਸੇ ਸਨ ਅਤੇ ਇਕ ਮੇਰੇ ਬਿਲਕੁਲ ਸਾਹਮਣੇ। ਉਨ੍ਹਾਂ ਵਿਚੋਂ ਇਕ ਨੇ ਦੂਜੇ ਨੂੰ ਕਿਹਾ, 'ਆਓ ਉਸ ਦਾ ਬਲਾਤਕਾਰ ਕਰੀਏ' ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਮੇਰੀ ਛਾਤੀ ਦੋ ਵਾਰ ਫੜੀ।"

ਔਰਤ ਨੂੰ ਯਾਦ ਹੈ ਕਿ ਹਮਲਾਵਰ ਉਸ ਨੂੰ ਕਹਿ ਰਹੇ ਸਨ ਕਿ "ਕੁਕੀ ਲੋਕਾਂ ਨੇ ਚੂਰਾਚਾਂਦਪੁਰ ਵਿਚ ਮੈਤੇਈ ਔਰਤਾਂ ਨਾਲ ਬਲਾਤਕਾਰ ਕੀਤਾ ਸੀ ਅਤੇ ਮੈਤੇਈ ਬੱਚਾ ਮਾਰ ਦਿੱਤਾ ਸੀ"; ਉਹ ਉਸ ਦਾ ਬਦਲਾ ਲੈ ਰਹੇ ਹਨ। ਉਹ ਉਸ ਨੂੰ ਖੇਤ ਵਿਚ ਛੱਡ ਕੇ ਚਲੇ ਗਏ। ਬਾਅਦ ਵਿਚ ਮੈਤੇਈ ਲੋਕਾਂ ਦਾ ਇਕ ਹੋਰ ਟੋਲਾ ਆਇਆ ਅਤੇ ਉਸ ਨੂੰ ਉਸ ਦੇ ਕੱਪੜੇ ਦਿੱਤੇ ਗਏ। ਉਹ ਪੁਲਿਸ ਦੀ ਗੱਡੀ ਵੱਲ ਜਾ ਰਹੀ ਸੀ ਪਰ ਰਾਹ ਵਿਚ ਹੀ ਉਸ ਨੂੰ ਇਕ ਹੋਰ ਭੀੜ ਨੇ ਰੋਕ ਲਿਆ। ਇਨ੍ਹਾਂ ਲੋਕਾਂ ਨੇ ਫਿਰ ਉਸ ਦੇ ਕੱਪੜੇ ਉਤਾਰ ਦਿੱਤੇ। ਔਰਤ ਅਨੁਸਾਰ ਮਰਦਾਂ ਦਾ ਪੁਰਾਣਾ ਟੋਲਾ ਫਿਰ ਆ ਗਿਆ। ਉਨ੍ਹਾਂ ਨੇ ਉਸ ਦੇ ਕੱਪੜੇ ਉਸ ਨੂੰ ਮੋੜ ਦਿੱਤੇ। ਉਦੋਂ ਹੀ ਉਸ ਦੀ ਗੁਆਂਢਣ, 21 ਸਾਲਾ ਔਰਤ, ਉਸ ਕੋਲ ਆਈ। ਦੋਹਾਂ ਨੇ ਆਪਣੇ ਕੱਪੜੇ ਇਕੱਠੇ ਕੀਤੇ ਅਤੇ ਨੇੜਲੇ ਪਿੰਡ ਚਲੀਆਂ ਗਈਆਂ।

ਔਰਤ ਨੇ ਕਿਹਾ ਕਿ ਉਸ ਨੇ ਖ਼ੁਦ ਪੁਲਿਸ ਕੋਲ ਕੋਈ ਸ਼ਿਕਾਇਤ ਦਰਜ ਨਹੀਂ ਕਰਵਾਈ ਪਰ ਉਸ ਦੇ ਇਕ ਰਿਸ਼ਤੇਦਾਰ ਨੇ ਸ਼ਿਕਾਇਤ ਕੀਤੀ। ਪੁਲਿਸ ਦਾ ਕਹਿਣਾ ਹੈ ਕਿ 18 ਮਈ ਨੂੰ ਕੰਗਪੋਕਪੀ ਜ਼ਿਲ੍ਹੇ ਦੇ ਸੈਕੁਲ ਥਾਣੇ ਵਿਚ ਜ਼ੀਰੋ ਐੱਫ.ਆਈ.ਆਰ. ਦਰਜ ਕੀਤੀ ਗਈ। ਇਸ ਵਿਚ ਔਰਤ ਦੀ ਉਮਰ 42 ਸਾਲ ਦੱਸੀ ਗਈ ਹੈ ਅਤੇ ਕਿਹਾ ਗਿਆ ਹੈ ਕਿ 21 ਸਾਲ ਦੀ ਔਰਤ ਦਾ ਦਿਨ-ਦਿਹਾੜੇ ਬੇਰਹਿਮੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਇਕ ਤੀਜੀ ਔਰਤ ਜੋ ਇਨ੍ਹਾਂ ਦੋ ਔਰਤਾਂ ਦੇ ਨਾਲ ਸੀ, ਨੂੰ ਵੀ ਕੱਪੜੇ ਲਾਹੁਣ ਲਈ ਮਜਬੂਰ ਕੀਤਾ ਗਿਆ। ਸੈਕੁਲ ਥਾਣੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ 'ਅਣਪਛਾਤੇ ਬਦਮਾਸ਼ਾਂ' ਜਿਨ੍ਹਾਂ ਦੀ ਗਿਣਤੀ 800-1000 ਸੀ, ਦੇ ਖ਼ਿਲਾਫ਼ ਬਲਾਤਕਾਰ, ਕਤਲ ਅਤੇ ਹੋਰ ਦੋਸ਼ਾਂ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ। ਦੋ ਮਹੀਨੇ ਬਾਅਦ 44 ਸਾਲਾ ਔਰਤ ਨੇ ਕਿਹਾ ਕਿ ਉਸ ਨੇ ਜੋ ਕੁਝ ਕੀਤਾ, ਆਪਣੀ ਜਾਨ ਬਚਾਉਣ ਲਈ ਕੀਤਾ। ਉਸ ਨੇ ਟੁੱਟ ਰਹੀ ਆਵਾਜ਼ ਵਿਚ ਕਿਹਾ, "ਭੀੜ ਦੇ ਸਾਹਮਣੇ ਮੈਂ ਬੇਵੱਸ ਸੀ।"

ਰਾਹਤ ਕੈਂਪ ਨੇੜੇ ਆਪਣੇ ਰਿਸ਼ਤੇਦਾਰਾਂ ਨਾਲ ਰਹਿ ਰਹੀ 21 ਸਾਲਾ ਔਰਤ ਦੀ ਮਾਂ ਡੂੰਘੇ ਡਿਪਰੈਸ਼ਨ ਕਾਰਨ ਆਪਣੇ ਹੋਸ਼ੋ-ਹਵਾਸ ਗੁਆ ਚੁੱਕੀ ਜਾਪਦੀ ਹੈ। ਉਸ ਨੇ ਘਟਨਾ ਦੇ ਵੇਰਵੇ ਦੱਸਣ ਦੀ ਕੋਸ਼ਿਸ਼ ਕੀਤੀ, ਜਿਵੇਂ ਉਸ ਦੀ ਧੀ ਨੇ ਉਸ ਨੂੰ ਦੱਸਿਆ ਸੀ ਪਰ ਉਹ ਆਪਣੇ ਆਪ ਨੂੰ ਸੰਭਾਲ ਨਾ ਸਕੀ ਅਤੇ ਫੁੱਟ-ਫੁੱਟ ਕੇ ਰੋ ਪਈ।

ਘਟਨਾ ਤੋਂ ਬਾਅਦ ਕੁੜੀ ਦੇ ਪ੍ਰੇਮੀ ਨੇ ਉਸ ਨੂੰ ਵਿਆਹ ਦੀ ਪੇਸ਼ਕਸ਼ ਕੀਤੀ। ਲੜਕੀ ਦੀ ਮਾਂ ਨੇ ਕਿਹਾ, "ਉਹ ਹੁਣ ਉਸ ਦੇ ਨਾਲ ਹੈ... ਕਿਸੇ ਹੋਰ ਜ਼ਿਲ੍ਹੇ ਵਿਚ... ਉਹ ਇਨ੍ਹਾਂ ਸਭ ਤੋਂ ਦੂਰ ਹੈ।"

ਜਿੱਥੋਂ ਤੱਕ ਪਿੰਡ ਦੇ ਮੁਖੀ ਦੀ 44 ਸਾਲਾ ਪਤਨੀ ਦਾ ਸਵਾਲ ਹੈ, ਉਹ ਕਹਿੰਦੀ ਹੈ ਕਿ ਭਾਵੇਂ ਉਸ ਨੂੰ ਕਿੰਨੀ ਵੀ ਤਕਲੀਫ਼ ਕਿਉਂ ਨਾ ਹੋਵੇ, ਉਹ ਮੀਡੀਆ ਅੱਗੇ ਆਪਣੀ ਹੱਡਬੀਤੀ ਦੁਹਰਾਉਣਾ ਮਹੱਤਵਪੂਰਨ ਸਮਝਦੀ ਹੈ। ਉਸ ਔਰਤ ਨੇ ਕਿਹਾ, "ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਨਾਲ ਕੀ ਵਾਪਰਿਆ ਹੈ ਪਰ ਜੋ ਹੋਇਆ, ਉਸ ਦੇ ਬਾਵਜੂਦ ਮੈਂ ਇਹ ਕਹਿਣਾ ਚਾਹਾਂਗੀ ਕਿ ਸਾਰੇ ਮੈਤੇਈ ਬੁਰੇ ਨਹੀਂ ... ਕੁਝ ਆਦਮੀਆਂ ਨੇ ਮੇਰੀ ਮਦਦ ਕਰਨ ਦੀ ਕੋਸ਼ਿਸ਼ ਕੀਤੀ।" ***(ਸਮਾਪਤ)***

# ਵਾਹ ! ਜ਼ਿੰਦਗੀ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਜ਼ਿੰਦਗੀ ਤੇ ਇਸ ਨੂੰ ਜਿਊਣ ਦੇ ਹੁਨਰ ਬਾਰੇ ਗੱਲ ਕੀਤੀ ਹੈ। ਉਨ੍ਹਾਂ ਅਨੁਸਾਰ ਜ਼ਿੰਦਗੀ ਜਨੂੰਨ, ਜਜ਼ਬਾਤ, ਜੋਤ, ਜ਼ਾਮਨ ਤੇ ਜਿਊਣ ਦੀ ਕਲਾ ਹੈ। ਹਰ ਪਲ ਜ਼ਿੰਦਗੀ ਦੇ ਜਸ਼ਨ ਮਨਾਓ, ਕਿਉਂਕਿ ਪਤਾ ਨਹੀਂ ਕਦ ਸਾਹ ਖ਼ਤਾ ਖਾ ਜਾਣ***

ਜ਼ਿੰਦਗੀ, ਜਿਊਣ ਦਾ ਹੁਨਰ ਅਤੇ ਹਾਸਲ। ਇਸ ਦੀਆਂ ਰਹਿਮਤਾਂ ਦਾ ਸ਼ੁਕਰਾਨਾ, ਨਿਆਮਤਾਂ ਦਾ ਗੁਣਗਾਣ। ਜੀਵਨ-ਰੰਗਾਂ ਦੀ ਪਛਾਣ।, ਇਨ੍ਹਾਂ ਵਿਚ ਰੰਗੇ ਜਾਣਾ ਅਤੇ ਨਰੋਏ ਅਰਥਾਂ ਦੀ ਨਿਸ਼ਾਨਦੇਹੀ ਕਰਨੀ।

ਜ਼ਿੰਦਗੀ, ਸਭ ਤੋਂ ਖ਼ੂਬਸੂਰਤ ਅਤੇ ਖ਼ੂਬਸੀਰਤ। ਇਹ ਸਾਡੀ ਜ਼ਿੰਮੇਵਾਰੀ ਕਿ ਅਸੀਂ ਇਸਨੂੰ ਹੋਰ ਹੁਸੀਨ ਅਤੇ ਯਾਦਗਾਰੀ ਕਿੰਝ ਬਣਾਉਣਾ।

ਜ਼ਿੰਦਗੀ, ਜ਼ਜ਼ਬਾ ਹੈ ਇਸਨੂੰ ਮਾਨਣ ਦਾ ਅਤੇ ਇਸਦੇ ਹਰ ਪਲ ਨੂੰ ਜਿਊਣਜੋਗਾ ਕਰਨ ਦਾ। ਇਸਨੂੰ ਜ਼ਿਕਰਯੋਗ ਪਲਾਂ ਦਾ ਨਾਮ ਦੇਣਾ ਜਿਨ੍ਹਾਂ ਨੂੰ ਸਾਡੇ ਜਾਣ ਤੋਂ ਬਾਅਦ ਵੀ ਸਾਡੀਆਂ ਨਸਲਾਂ ਨੇ ਯਾਦ ਕਰਨਾ।

ਜ਼ਿੰਦਗੀ ਜਨੂੰਨ ਹੈ ਕੁਝ ਅਜੇਹਾ ਕਰਨਾ ਦਾ ਕਿ ਸਮਾਜ ਦਾ ਮੁਹਾਂਦਰਾ ਲਿਸ਼ਕਦਾ ਰਹੇ। ਕਦਰਾਂ ਕੀਮਤਾਂ ਜਿਉਂਦੀਆਂ ਰਹਿਣ ਅਤੇ ਇਸਦੇ ਵਿਰਸੇ ਨੂੰ ਕੋਈ ਆਂਚ ਨਾ ਆਵੇ। ਸਾਡੀ ਜ਼ਿੰਦਗੀ ਇਹ ਸਾਡੀ ਕੌਮ ਦੀ ਪਛਾਣ ਬਣੇ।

ਜ਼ਿੰਦਗੀ ਜਜ਼ਬਾਤ ਹੈ ਜੋ ਸਾਡੀ ਚੁੱਪ ਨੂੰ ਬੋਲ ਬਖਸ਼ਦੀ, ਸਾਡੇ ਰਾਹਾਂ ਨੂੰ ਪੈੜਾਂ, ਦੀਦਿਆਂ ਨੂੰ ਸੁਪਨੇ ਅਤੇ ਸਾਡੀਆਂ ਸੋਚਾਂ ਨੂੰ ਭਵਿੱਖਮੁਖੀ ਬਣਾਉਂਦੀ। ਇਨ੍ਹਾਂ ਵਿਚੋਂ ਹੀ ਆਉਣ ਵਾਲੀਆਂ ਜ਼ਿੰਦਗੀਆਂ ਲਈ ਨਵੀਆਂ ਅਤੇ ਰੌਸ਼ਨ ਰਾਹਾਂ ਸਿਰਜੀਆਂ ਜਾਂਦੀਆਂ।

ਜ਼ਿੰਦਗੀ ਜੋਤ ਹੈ ਜਿਹੜੀ ਹਨੇਰੇ ਰਾਹਾਂ ਵਿਚ ਚਾਨਣ ਛਿੜਕਦੀ। ਕਾਲੀਆਂ ਰਾਤਾਂ ਵਿਚ ਪੁੰਨਿਆ ਦਾ ਚੰਨ ਬਣਦੀ। ਨਵੇਂ ਵਿਚਾਰਾਂ ਦੀ ਧਰਾਤਲ ਅਤੇ ਨਵੀਆਂ ਪਹਿਲਕਦਮੀਆਂ ਦਾ ਸ਼ੁੱਭ-ਸ਼ਗਨ ਹੁੰਦੀ।

ਜ਼ਿੰਦਗੀ ਜ਼ਾਮਨ ਹੈ ਸਾਨੂੰ ਕੁਦਰਤ ਵਲੋਂ ਬਖਸ਼ੀਆਂ ਸੁਗਾਤਾਂ ਦੀ। ਕਦੇ ਕਦਾਈਂ ਇਨ੍ਹਾਂ ਬਖਸ਼ਿਸ਼ਾਂ ਵਿਚੋਂ ਜ਼ਿੰਦਗੀ ਨੂੰ ਨਿਹਾਰਨਾ ਤਾਂ ਤੁਹਨੂੰ ਪਤਾ ਲਗੇਗਾ ਕਿ ਜ਼ਿੰਦਗੀ ਦੀ ਸੌਗਾਤ ਕਿੰਨੀ ਅਮੁੱਲ, ਅਜ਼ੀਮ ਅਤੇ ਅਦਭੁੱਤ ਹੈ? ਅਸੀਂ ਕਿੰਨੇ ਭਾਗਸ਼ਾਲੀ ਹਾਂ ਕਿ ਜ਼ਿੰਦਗੀ ਦੀ ਦਾਤ ਨਾਲ ਵਰੋਸਾਏ ਹਾਂ।

ਜ਼ਿੰਦਗੀ ਜਿਊਣ ਦੀ ਕਲਾ ਹੈ। ਅਸਲ ਵਿਚ ਜਿਊਣ-ਜਾਚ ਹੀ ਹੁੰਦੀ ਜਿਹੜੀ ਇਕ ਮਨੁੱਖ ਨੂੰ ਦੂਸਰੇ ਤੋਂ ਵੱਖਰਿਆਉਂਦੀ। ਕਿਉਂਕਿ ਕਿਸੇ ਲਈ ਜ਼ਿੰਦਗੀ ਬੋਝ ਹੁੰਦੀ ਜਦ ਕਿ ਕੁਝ ਜ਼ਿੰਦਗੀ ਨੂੰ ਕੁਦਰਤ ਦਾ ਅਣਮੁੱਲਾ ਤੋਹਫ਼ਾ ਮੰਨਦੇ। ਇਸ ਤੋਹਫ਼ੇ ਦੇ ਹਰ ਰੰਗਾਂ ਵਿਚ ਖੁਸ਼ ਰਹਿ, ਜ਼ਿੰਦਗੀ ਦੇ ਨਵੇਂ ਅਰਥਾਂ ਦੀ ਪਛਾਣ ਕਰਦੇ।

ਜ਼ਿੰਦਗੀ ਕਦੇ ਵੀ ਜੇਲ੍ਹ ਨਹੀਂ ਜਿਸ ਵਿਚ ਕੈਦ ਕੱਟਣ ਅਸੀਂ ਆਉਂਦੇ ਹਾਂ ਸਗੋਂ ਇਹ ਤਾਂ ਖੁੱਲ੍ਹੇ ਅੰਬਰਾਂ ਦੀ ਉਡਾਣ ਹੁੰਦੀ ਅਤੇ ਅਸੀਂ ਤਾਰਿਆਂ ਨੂੰ ਆਪਣਾ ਆੜੀ ਬਣਾਉਣਾ ਹੁੰਦਾ। ਜ਼ਿੰਦਗੀ ਜ਼ਬਰਦਸਤੀ ਵੀ ਨਹੀਂ ਕਿਉਂਕਿ ਮਨ ਦੀਆਂ ਮੁਹਾਰਾਂ ਮੋਕਲੀਆਂ ਹੋਣਗੀਆਂ ਤਾਂ ਵਸੀਹ ਦਰ ਸਾਡੇ ਲਈ ਖੁੱਲ੍ਹਣਗੇ। ਜ਼ਬਰਦਸਤੀ ਕੀਤਿਆਂ ਮਰ ਜਾਂਦਾ ਏ ਜ਼ਿੰਦਗੀ ਜਿਊਣ ਦਾ ਚਾਅ, ਅੱਧਮੋਏ ਹੋ ਜਾਂਦੇ ਨੇ ਅਹਿਸਾਸ

ਅਤੇ ਬਦਹਵਾਸ ਹੋਇਅ ਬੰਦਾ ਸਿਰਫ਼ ਆਪਣੀ ਅਰਥੀ ਨੂੰ ਸਿਵਿਆਂ ਵੰਨੀਂ ਜਾਂਦਿਆਂ ਹੀ ਕਿਆਸਦਾ।

ਜ਼ਿੰਦਗੀ ਜਾਗਦੀ ਜ਼ਮੀਰ ਦਾ ਸਿਰਨਾਵਾਂ ਹੁੰਦੀ। ਜਿਊਂਦੀ ਜ਼ਮੀਰ ਵਾਲੇ ਲੋਕ ਜ਼ਿੰਦਗੀ ਨੂੰ ਮਜੀਠੀ ਰੰਗ ਵਿਚ ਰੰਗਦੇ। ਉਹ ਦੁਨੀਆਂ ਵਿਚ ਵਿਚਰਦਿਆਂ ਆਪਣੇ ਹਿੱਸੇ ਦੀ ਜ਼ਿੰਦਗੀ ਵੀ ਜਿਉਂਦੇ। ਉਹ ਸਮਝਦੇ ਕਿ ਜ਼ਿੰਦਗੀ ਸਿਰਫ਼ ਇਕ ਵਾਰ ਮਿਲਦੀ ਅਤੇ ਇਸਨੂੰ ਰੂਹਦਾਰੀ ਨਾਲ ਜਿਊਂਦਿਆਂ ਤੁਹਾਡੇ ਮਨ ਵਿਚ ਕੋਈ ਰੋਸ ਜਾਂ ਸ਼ਿਕਵਾ ਨਹੀਂ ਰਹੇਗਾ ਕਿ ਮੈਂ ਆਪਣੇ ਹਿੱਸੇ ਦੀ ਜ਼ਿੰਦਗੀ ਹੀ ਨਹੀਂ ਮਾਣੀ ਹੈ।

ਜ਼ਿੰਦਗੀ ਤਾਂ ਜਸ਼ਨ ਹੈ। ਇਸਨੂੰ ਮਨਾਓ। ਦਿਲਲੱਗੀਆਂ ਕਰੋ। ਯਾਰਾਂ-ਬੇਲੀਆਂ ਨਾਲ ਮਸਤੀ ਕਰੋ। ਦੇਖਣਯੋਗ ਥਾਵਾਂ 'ਤੇ ਜਾਓ, ਅਣਗਾਹੀਆਂ ਧਰਤੀਆਂ ਨੂੰ ਗਾਹੋ। ਮਨ ਦੀਆਂ ਕਰੋ ਕਿਉਂਕਿ ਤੁਸੀਂ ਪਰਿਵਾਰ ਅਤੇ ਦੂਸਰਿਆਂ ਲਈ ਤਾਂ ਕਰਦੇ ਹੀ ਹੋ ਕਦੇ ਆਪਣੇ ਲਈ ਵੀ ਜੀਅ ਭਰ ਕੇ ਜੀਓ ਤਾਂ ਕਿ ਇਹ ਜਸ਼ਨਾਂ ਭਰੇ ਵਕਤ ਤੁਹਾਡੇ ਚੇਤਿਆਂ ਦਾ ਸਦੀਵੀ ਹਿੱਸਾ ਬਣ ਜਾਣ।

ਜ਼ਿੰਦਗੀ ਤਾਂ ਇਕ ਜੋੜਮੇਲਾ ਹੈ। ਦੁਨੀਆਂ ਦੇ ਵੱਖ-ਵੱਖ ਰੰਗਾਂ ਨੂੰ ਨਿਹਾਰਨ, ਹਰ ਕਿਸਮ ਦੇ ਲੋਕਾਂ ਨੂੰ ਮਿਲਣ ਅਤੇ ਜਾਨਣ ਦਾ। ਇਸ ਵਿਚੋਂ ਹੀ ਤੁਸੀਂ ਆਪਣੀਆਂ ਤਰਜੀਹਾਂ ਅਤੇ ਤਸ਼ਬੀਹਾਂ ਨੂੰ ਸਿਰਜ ਸਕਦੇ ਹੋ।

ਦੁਨੀਆ ਦੇ ਰੰਗ-ਤਮਾਸ਼ਿਆਂ ਦਾ ਇਹ ਜੋੜ ਮੇਲਾ ਵੀ ਤੁਹਾਡੇ ਕਰਕੇ ਹੀ ਹੈ। ਸੋ ਤੁਹਾਡੀ ਹਾਜ਼ਰੀ ਹੀ ਇਸਨੂੰ ਹੋਰ ਖੁਸ਼ਗਵਾਰ ਅਤੇ ਖੇੜਿਆਂ ਤੇ ਖੁਸ਼ੀਆਂ ਭਰਪੂਰ ਕਰੇਗੀ। ਜ਼ਿੰਦਗੀ ਕਦੇ ਵੀ ਬੋਝ ਨਹੀਂ ਹੁੰਦੀ। ਇਹ ਤਾਂ ਸੁਖਨ ਅਤੇ ਸਰੂਰ ਦਾ ਸਰੋਤ। ਇਸ ਵਿਚੋਂ ਹੀ ਤੁਸੀਂ ਮਨ ਦੀਆਂ ਮੌਜਾਂ ਅਤੇ ਰੂਹ ਦਾ ਰੱਜ ਮਾਨਣਾ ਹੁੰਦਾ। ਇਸ ਰੱਜ ਨੇ ਹੀ ਤੁਹਾਡੇ ਨਾਲ ਜਾਣਾ। ਤੁਹਾਡੀ ਦੌਲਤ ਦੇ ਅੰਬਾਰ ਅਤੇ ਸੁੱਖ ਸਹੂਲਤਾਂ ਨੇ ਤਾਂ ਇਥੇ ਹੀ ਰਹਿ ਜਾਣਾ। ਤੁਹਾਡੇ ਨਾਲ ਜਾਣੀਆਂ ਨੇ ਤੁਹਾਡੀਆਂ ਸਾਂਝਾਂ, ਦੋਸਤੀਆਂ, ਆਪਣਿਆਂ ਨਾਲ ਮਾਣੇ ਪਿਆਰੇ ਪਲ, ਤੁਹਾਡੇ ਨੇਕ ਕਾਰਜ, ਹਮਦਰਦੀ ਭਰੇ ਬੋਲ ਜਾਂ ਸੁਖਨ ਦੇ ਸ਼ਬਦ ਜਿਨ੍ਹਾਂ ਨੇ ਵਕਤ ਨਾਲ ਮੱਧਮ ਨਹੀਂ ਹੋਣਾ ਸਗੋਂ ਇਨ੍ਹਾਂ ਦੀ ਰੰਗਤ ਸਮੇਂ ਨਾਲ ਹੋਰ ਗੂੜ੍ਹੀ ਹੋਣੀ ਏ।



ਜ਼ਿੰਦਗੀ ਦੀ ਅਰਥਕਾਰੀ ਕਰਨ ਲਈ ਅਕਸਰ ਹੀ ਮੈਂ ਸ਼ਬਦਾਂ ਦੀ ਪਨਾਹ ਵਿਚ ਜਾਂਦਾ ਹਾਂ। ਹਰਫ਼ ਮੇਰੀਆਂ ਝੋਲੀਆਂ ਭਰਦੇ। ਇਨ੍ਹਾਂ ਵਿਚ ਅਰਥਾਂ ਦੇ ਜਗਦੇ ਚਿਰਾਗ ਮੇਰੇ ਮਨ ਮਸਤਕ ਨੂੰ ਰੁਸ਼ਨਾਉਂਦੇ। ਇਸ ਰੌਸ਼ਨੀ ਵਿਚ ਜ਼ਿੰਦਗੀ ਦਾ ਚਮਕਦਾ ਚਿਹਰਾ ਮੈਨੂੰ ਅਤੇ ਮੇਰੀ ਜ਼ਿੰਦਗੀ ਨੂੰ ਹੋਰ ਹੁਸੀਨ ਅਤੇ ਜਿਊਣ ਜੋਗੀ ਕਰਦਾ। ਜ਼ਿੰਦਗੀ ਦੀ ਇਹ ਇਬਾਰਤ ਸਫ਼ਿਆਂ 'ਤੇ ਫੈਲ ਹੌਲੀ ਹੌਲੀ ਇਬਾਦਤ ਦਾ ਰੂਪ ਧਾਰਦੀ।

ਜ਼ਿੰਦਗੀ ਸਿਰਫ਼ ਸਾਹ ਪੂਰੇ ਕਰਨਾ ਨਹੀਂ ਅਤੇ ਨਾ ਹੀ ਇਸਨੂੰ ਸਾਲਾਂ ਵਿਚ ਮਿਣਿਆ ਜਾਵੇ। ਇਹ ਕਦੇ ਉਮਰ ਦੀ ਮੁਥਾਜ਼ ਨਹੀਂ ਹੁੰਦੀ। ਜ਼ਿੰਦਗੀ ਤਾਂ ਉਹ ਹੁੰਦੀ ਜਿਹੜੀ ਕੁਝ ਅਮਿੱਟ ਯਾਦਾਂ ਤੇ ਸੁਖਨ-ਸੁਹਜ, ਸਮਿਆਂ ਦੇ ਨਾਮ ਕਰ, ਖ਼ੁਦ ਰੁਖਸਤਗੀ ਦਾ ਮਾਣ ਬਣਦੀ। ਜ਼ਿੰਦਗੀ ਤਾਂ ਹੁੰਦੀ ਏ ਆਸਾਂ ਤੇ ਵਿਸ਼ਵਾਸਾਂ ਦੀ ਆਧਾਰਸ਼ਿਲਾ, ਸੋਚਾਂ ਤੇ ਸੁਪਨਿਆਂ ਦੀ ਸੁੰਦਰ ਸਾਂਝ, ਪ੍ਰਾਪਤੀਆਂ ਤੇ ਪਹਿਲਾਂ ਦਾ ਨਾਮਕਰਨ, ਕਰਮਯੋਗਤਾ ਤੇ ਕੀਰਤੀਆਂ ਦਾ ਹਰਫ਼ਨਾਮਾ, ਮੁਹੱਬਤਾਂ ਤੇ ਮੋਹ ਦਾ ਪੈਗ਼ਾਮ, ਤਾਂਘਾਂ ਤੇ ਤਮੰਨਾਵਾਂ ਦੀ ਤਰਲਤਾ ਅਤੇ ਸੁਗੰਧ ਤੇ ਸੁਹੱਪਣ ਦਾ ਸ਼ਰਫਨਾਮਾ।

ਜ਼ਿੰਦਗੀ ਹੁੰਦਿਆਂ ਇਸਨੂੰ ਬਿਹਤਰੀਨ ਢੰਗ ਨਾਲ ਜੀਅ ਲਈਏ ਕਿਉਂਕਿ ਜਦ ਜ਼ਿੰਦਗੀ ਨਾ ਰਹੀ ਤਾਂ ਆਪਣੇ ਹੀ ਸ਼ਰਧਾਂਜਲੀ ਸਮਾਗਮ ਵਿਚ ਅਸੀਂ ਆਪ ਹੀ ਗ਼ੈਰਹਾਜ਼ਰ ਹੋ ਜਾਣਾ ਹੈ। ਸਾਡੇ ਪਿਆਰਿਆਂ ਨੇ ਸਾਡੀ ਜ਼ਿੰਦਗੀ ਦੀਆਂ ਹੀ ਪਰਤਾਂ ਫਰੋਲਣੀਆਂ ਨੇ ਜਿਸਦੇ ਰੰਗ ਤੁਸੀਂ ਦੇਖੇ ਅਤੇ ਮਾਣੇ ਹੁੰਦੇ। ਇਨ੍ਹਾਂ ਪਰਤਾਂ ਨੇ ਹੀ ਤੁਹਾਨੂੰ ਆਖ਼ਰੀ ਅਲਵਿਦਾ ਕਹਿਣ ਆਏ ਲੋਕਾਂ ਦੇ ਮਨਾਂ ਵਿਚ ਸਦਾ ਰਹਿਣਾ ਹੈ।

ਜ਼ਿੰਦਗੀ ਬਹੁਤ ਹੀ ਖੁਸ਼-ਮਿਜ਼ਾਜ ਅਤੇ ਖੁਸ਼ਨੁਮਾ ਹੁੰਦੀ ਜਦ ਅਸੀਂ ਆਪਣੇ ਮਿੱਤਰ ਪਿਆਰਿਆਂ ਦੀ ਸੰਗਤ ਮਾਣਦੇ। ਆਪਣਿਆਂ ਨਾਲ ਸਾਹਾਂ ਦੀ ਸਾਂਝ ਅਤੇ ਸੁਗੰਧਤ ਫਿਜ਼ਾ ਦਾ ਲੁਤਫ਼ ਮਾਣਦੇ। ਆਪਣਿਆਂ ਨਾਲ ਦਿਲਲਗੀ ਤੋਂ ਬਗੈਰ ਜ਼ਿੰਦਗੀ ਦੇ ਕੀ ਮਾਅਨੇ ਰਹਿ ਜਾਂਦੇ ਨੇ। ਜ਼ਿੰਦਗੀ ਤਾਂ ਜ਼ਫਰਨਾਮੇ ਦੀ ਜ਼ਿਆਰਤ ਵਰਗੀ ਹੋਣੀ ਚਾਹੀਦੀ ਹੈ ਜਿਥੇ ਤੁਸੀਂ ਗਲਤ ਨੂੰ ਗਲਤ ਕਹਿ ਕੇ ਕਿਸੇ ਦੁਸ਼ਟ ਦੀਆਂ ਕਮੀਨਗੀਆਂ ਦੀ ਖਿੱਦੋ ਉਧੇੜ, ਉਸਦਾ ਕੂੜ ਉਸਦੇ ਰੂਬਰੂ ਕਰ ਸਕੋ।

ਜ਼ਿੰਦਗੀ ਤਾਂ ਜ਼ਿਆਰਤ ਹੁੰਦੀ ਹੈ ਆਪਣੇ ਆਪ ਦੀ, ਆਪਣੀਆਂ ਸਮਰੱਥਾਵਾਂ, ਸੰਭਾਵਨਾਵਾਂ, ਸੁਪਨਿਆਂ ਅਤੇ ਸਫ਼ਲਤਾਵਾਂ ਦੀ। ਸੰਤੁਸ਼ਟੀ, ਸਹਿਜਤਾ ਅਤੇ ਸਮਰਪਿਤਾ ਦੇ ਸਫ਼ਲਨਾਮੇ ਦੀ। ਅੰਤਰੀਵ ਦੀ ਯਾਤਰਾ ਦੀ, ਆਪਣੇ ਤੋਂ ਆਪਣੇ ਤੀਕ ਦੇ ਸਫ਼ਰ ਦੀ ਅਤੇ ਆਪਣੇ ਮੂਲ ਨੂੰ ਜਾਨਣ ਅਤੇ ਪਛਾਨਣ ਦੀ। ਆਪਣੀਆਂ ਜੜ੍ਹਾਂ ਨੂੰ ਯਾਦ ਰੱਖਣ ਅਤੇ ਇਸਨੂੰ ਗਾਹੇ ਬਗਾਹੇ ਨਤਮਸਤਕ ਹੋਣ ਦੀ। ਸਭ ਤੋਂ ਅਹਿਮ ਹੁੰਦਾ ਹੈ ਆਪਣੇ ਆਪ ਨੂੰ ਮਿਲਣਾ ਅਤੇ ਸਮਝਣਾ।

ਜ਼ਿੰਦਗੀ ਨੂੰ ਜਜਮਾਨ ਨਾ ਬਣਾਓ। ਸਗੋਂ ਅਹੁਦੇਦਾਰੀਆਂ, ਰੁਤਬਿਆਂ ਅਤੇ ਜਾਤਾਂ ਦੀ ਵਰਣਵੰਡ ਨੂੰ ਨਕਾਰ ਕੇ ਹਰ ਇਕ ਨੂੰ ਆਪਣਾ ਬਣਾਓ, ਹਿੱਕ ਨਾਲ ਲਾਓ। ਹਰੇਕ ਦੀਆਂ ਭਾਵਨਾਵਾਂ ਦੀ ਕਦਰ ਕਰੋ ਅਤੇ ਆਪ ਕਦਰ ਕਰਵਾਓ। ਦਿਲੋਂ ਕਦਰ ਸਿਰਫ਼ ਉਹੀ ਕਰਦੇ ਜਦ ਤੁਸੀਂ ਇਸ ਕਦਰ ਦੇ ਕਾਬਲ ਹੁੰਦੇ ਹੋ। ਮੁੱਲ ਦੀ ਜਾਂ ਰੋਅਬ ਨਾਲ ਕਰਵਾਈ ਇੱਜ਼ਤ ਤੇ ਮਾਣ ਬੇਅਰਥੀ ਅਤੇ ਥੋੜ੍ਹਚਿਰੀ। ਬੜੀ ਜਲਦੀ ਤੁਹਾਨੂੰ ਤੁਹਾਡੀ ਹੀ ਔਕਾਤ ਪਤਾ ਲੱਗ ਜਾਂਦੀ।

ਜ਼ਿੰਦਗੀ ਕਦੇ ਵੀ ਜਮ੍ਹਾਂ/ਘਟਾਓ ਨਹੀਂ। ਦਿਮਾਗ ਦੀਆਂ ਗਿਣਤੀਆਂ ਵਿਚ ਉਲਝੀ ਜ਼ਿੰਦਗੀ ਹਮੇਸ਼ਾ ਹਾਰ ਜਾਂਦੀ। ਦਿਲ ਦੇ ਆਖੇ ਲੱਗ ਕੇ ਜੀਵੀ ਜ਼ਿੰਦਗੀ ਦਾ ਸੁਰਖ ਅਤੇ ਸੂਹਾ ਰੰਗ, ਤੁਹਾਡੀਆਂ ਜੀਵਨ-ਰੁੱਤਾਂ ਦਾ ਸਦਾ ਖ਼ੈਰਖਵਾਹ।

ਤੁਸੀਂ ਇਸ ਵਿਚੋਂ ਅਜਿਹੇ ਪਲਾਂ ਨੂੰ ਆਪਣੇ ਨਾਵੇਂ ਕਰਦੇ ਜੋ ਤੁਹਾਡੇ ਹੋਣਾ ਲੋਚਦੇ। ਜ਼ਿੰਦਗੀ ਵਗਦੇ ਪਾਣੀਆਂ ਵਰਗੀ ਗਤੀਸ਼ੀਲ, ਪਾਕੀਜ਼ ਅਤੇ ਪਵਿੱਤਰ ਹੋਣੀ ਚਾਹੀਦੀ ਹੈ। ਕਿਉਂਕਿ ਛੱਪੜਾਂ ਦੇ ਪਾਣੀ ਬੜੀ ਜਲਦੀ ਬੋਅ ਮਾਰਨ ਲੱਗ ਪੈਂਦੇ ਨੇ।

ਜ਼ਿੰਦਗੀ ਨੂੰ ਹਮੇਸ਼ਾਂ ਰੌਸ਼ਨ ਪੱਖ ਰਾਹੀਂ ਦੇਖੋਗੇ ਤਾਂ ਇਹ ਤੁਹਾਡੀ ਤਲੀ 'ਤੇ ਭਰਪੂਰ ਜੀਵਨ ਦਾ ਸ਼ਗੂਫ਼ਾ ਧਰੇਗੀ। ਤੁਹਾਨੂੰ ਕੋਈ ਹੇਰਵਾ ਨਹੀਂ ਹੋਵੇਗਾ। ਹਨੇਰੇ ਪੱਖ ਰਾਹੀਂ ਜ਼ਿੰਦਗੀ ਨੂੰ ਪਰਿਭਾਸ਼ਤ ਕਰਨ ਵਾਲੇ ਲੋਕ ਸਿਰਫ਼ ਨਿਰਾਸ਼ਾ ਦਾ ਆਲਮ ਅਤੇ ਉਦਾਸੀਨਤਾ ਦਾ ਧੁਖਦਾ ਜੰਗਲ ਹੁੰਦੇ ਜਿਹੜੇ ਆਪ ਵੀ ਸੜਦੇ ਅਤੇ ਆਲੇ-ਦੁਆਲੇ ਨੂੰ ਵੀ ਸਵਾਹ ਕਰਦੇ।

ਜ਼ਿੰਦਗੀ ਦਾ ਸੁੱਚਮ ਅਤੇ ਉਤਮ ਨੂੰ ਦੇਖਣਾ ਹੋਵੇ ਤਾਂ ਕਦੇ ਆਪਣੇ ਪੁਰਖਿਆਂ ਦੀ ਜੀਵਨ-ਜਾਚ ਨੂੰ ਆਪਣੇ ਚੇਤਿਆਂ ਵਿਚ ਨਵਿਆਉਣਾ। ਤੁਹਾਨੂੰ ਪਤਾ ਲੱਗੇਗਾ ਕਿ ਕੁਦਰਤੀ ਅਲਾਮਤਾਂ ਨਾਲ ਜੂਝਦੇ, ਬਿਮਾਰੀਆਂ ਵਿਚ ਘਿਰੇ ਅਤੇ ਸਹੂਲਤ ਵਿਹੂਣੇ ਵੀ ਜ਼ਿੰਦਗੀ ਨੂੰ ਜਸ਼ਨ ਵਾਂਗ ਮਨਾਉਂਦੇ ਸਨ। ਸਾਡੀਆਂ ਮਾਵਾਂ ਰਾਤ ਨੂੰ ਸੌਣ ਤੋਂ ਪਹਿਲਾਂ ਰੱਬ ਦਾ ਸ਼ੁਕਰਗੁਜ਼ਾਰ ਹੁੰਦਿਆਂ ਅਕਸਰ ਹੀ ਕਹਿੰਦੀਆਂ ਹੁੰਦੀਆਂ ਸਨ ਕਿ ਦਿਨ ਵਧੀਆ ਲੰਘਿਆ ਹੈ। ਰੱਬਾ! ਰਾਤ ਵੀ ਸੁੱਖਾਂ ਦੀ ਲੰਘਾਈਂ ਅਤੇ ਸਾਰੇ ਜੀਅ ਜੰਤ ਵਿਚ ਸ਼ਾਂਤੀ ਵਰਤਾਈਂ।

ਜ਼ਿੰਦਗੀ ਦੇ ਸਰੋਕਾਰਾਂ ਸੰਗ ਸੰਵਾਦ ਰਚਾਉਣਾ, ਚਿੰਤਾ ਵਿਚੋਂ ਚੇਤਨਾ ਪੈਦਾ ਕਰਨਾ, ਫ਼ਿਕਰ ਦੀ ਬਜਾਏ ਫ਼ੱਰਕਰਤਾ ਉਪਜਾਉਣਾ, ਝੂਰਨ ਦੀ ਥਾਂ ਸ਼ੁਕਰਗੁਜਾਰੀ ਅਤੇ ਕਿਸੇ ਘਾਟ ਦੀ ਬਜਾਏ ਮਿਲੀਆਂ ਦਾਤਾਂ ਦਾ ਸ਼ੁਕਰਾਨਾ ਹੀ ਜ਼ਿੰਦਗੀ ਦਾ ਮੂਲ-ਮੰਤਰ।

ਜ਼ਿੰਦਗੀ ਤਾਂ ਜਿਊਣ ਦੀ ਕਲਾ ਹੈ। ਬੰਦੇ ਨੇ ਇਕ ਦਿਨ ਤਾਂ ਮਰਨਾ ਹੀ ਹੁੰਦਾ। ਇਸਦੀ ਚਿੰਤਾ ਕਿਉਂ ਕਰਨੀ। ਰੋਜ਼ ਰੋਜ਼ ਮਰਨ ਨਾਲੋਂ ਬਿਹਤਰ ਹੁੰਦਾ ਹੈ ਜ਼ਿੰਦਗੀ ਵਿਚ ਮਿਲੇ ਪਲਾਂ ਨੂੰ ਪੂਰੇ ਜੋਸ਼ ਅਤੇ ਜਨੂੰਨ ਨਾਲ ਜਿਊਂਦਿਆਂ, ਇਸਦੇ ਹਰ ਰੰਗ ਵਿਚ ਜ਼ਿੰਦਗੀ ਨੂੰ ਹੋਰ ਲਬਰੇਜ਼ ਅਤੇ ਰੰਗ-ਰੱਤਾ ਕੀਤਾ ਜਾਵੇ।

ਜ਼ਿੰਦਗੀ ਤਾਂ ਜੋਸ਼ ਹੈ ਆਪਣੇ ਪੈਰਾਂ ਵਿਚ ਉਗੇ ਸਫ਼ਰ ਵਿਚ ਉਦਮ ਅਤੇ ਉਤਸ਼ਾਹ ਭਰਨ ਦਾ। ਮਿੱਥੀਆਂ ਮੰਜ਼ਲਾਂ 'ਤੇ ਪਹੁੰਚਣ ਅਤੇ ਉਨ੍ਹਾਂ ਦੇ ਮੱਥਿਆਂ 'ਤੇ ਸਫ਼ਲਤਾਵਾਂ ਦੇ ਸਿਰਲੇਖ ਖੁਣਨ ਦਾ। ਪਰ ਇਸ ਤੋਂ ਵੀ ਜ਼ਿਆਦਾ ਜ਼ਰੂਰੀ ਹੁੰਦਾ ਹੈ ਕਿ ਆਪਣੀਆਂ ਪ੍ਰਾਪਤੀਆਂ ਨੂੰ ਆਪਣਿਆਂ ਨਾਲ ਸਾਂਝਾ ਕਰੋ। ਇਸਨੂੰ ਮਾਣੋ ਤਾਂ ਕਿ ਸਮਾਂ ਬੀਤਣ ਤੋਂ ਬਾਅਦ ਤੁਹਾਡੇ ਮਨ ਵਿਚ ਕੋਈ ਹਿਰਖ਼ ਨਾ ਰਹਿ ਜਾਵੇ ਕਿ ਜ਼ਿੰਦਗੀ ਤਾਂ ਵਿਅਰਥ ਹੀ ਗਵਾਚ ਗਈ।

ਕਦੇ ਕਦਾਈਂ ਸਮਾਂ ਮਿਲੇ ਤਾਂ ਜ਼ਿੰਦਗੀ ਨੂੰ ਜ਼ਰੂਰ ਮੁਖ਼ਾਤਬ ਹੋਣਾ। ਪਤਾ ਕਰਨਾ ਕਿ ਜ਼ਿੰਦਗੀ ਕੀ ਹੈ? ਜ਼ਿੰਦਗੀ ਤੁਹਾਥੋਂ ਕੀ ਮੰਗਦੀ ਹੈ? ਤੁਸੀਂ ਜ਼ਿੰਦਗੀ ਨੂੰ ਕੀ ਦੇ ਰਹੇ ਹੋ? ਜ਼ਿੰਦਗੀ ਨੂੰ ਕੀ ਦੇਣਾ ਚਾਹੀਦਾ ਹੈ ਕਿ ਜ਼ਿੰਦਗੀ ਹੋਰ ਹੁਸੀਨ ਅਤੇ ਖ਼ੂਬਸੂਰਤ ਹੋ ਜਾਵੇ ਅਤੇ ਤੁਹਾਡਾ ਜਿਉਣਾ ਸਾਰਥਕ ਹੋ ਜਾਵੇ? ਜ਼ਿੰਦਗੀ ਵਿਚੋਂ ਜ਼ਿੰਦਗੀ ਦੀ ਨਿਸ਼ਾਨਦੇਹੀ ਅਤੇ ਸ਼ਬਦਕਾਰੀ ਹੀ ਜ਼ਿੰਦਗੀ ਨੂੰ ਸਮਝਣ ਅਤੇ ਇਸਨੂੰ ਸਦੀਵਤਾ ਬਖਸ਼ਣ ਲਈ ਅਹਿਮ। ਜ਼ਿੰਦਗੀ ਸਾਨੂੰ ਰੋਜ਼ ਮਿਲਦੀ। ਪਰ ਸੋਚਿਓ! ਤੁਸੀਂ ਜ਼ਿੰਦਗੀ ਨੂੰ ਕਦੋਂ ਅਤੇ ਕਿਵੇਂ ਮਿਲੇ ਸੀ? ਕੀ ਤੁਹਾਡੇ ਮਨ ਵਿਚ ਕਦੇ ਜ਼ਿੰਦਗੀ ਨੂੰ ਮਿਲਣ ਦਾ ਖ਼ਿਆਲ ਵੀ ਆਇਆ ਕਿ ਨਹੀਂ? ਸੋਚਣਾ ਜ਼ਰੂਰ। ਫਿਰ ਜ਼ਿੰਦਗੀ ਨੂੰ ਮਿਲਣ ਦੀ ਜਾਚ ਆ ਜਾਵੇਗੀ।

ਕਈ ਵਾਰ ਜ਼ਿੰਦਗੀ ਉਸ ਵੇਲੇ ਵੀ ਰੋਣ ਲੱਗ ਪੈਂਦੀ ਹੈ ਜਦ ਹੱਸਣ ਦਾ ਵੇਲਾ ਹੁੰਦਾ। ਉਸ ਵਕਤ ਰੁੱਸ ਜਾਂਦੀ ਜਦ ਮਿਲ ਬੈਠਣ ਦਾ ਮੌਕਾ ਹੁੰਦਾ। ਉਸ ਵਕਤ ਵੀ ਬੇਪਛਾਣ ਹੋ ਜਾਂਦੀ ਜਦ ਪਛਾਣ ਵਿਚੋਂ ਪ੍ਰਮਾਣ ਬਣਨ ਦੀ ਲੋਚਾ ਹੁੰਦੀ। ਜ਼ਿੰਦਗੀ ਸਿਰਫ਼ ਸੁਪਨੇ ਦੇਖਣ ਲਈ ਨਹੀਂ ਹੁੰਦੀ, ਜ਼ਿੰਦਗੀ ਤਾਂ ਸੁਪਨਿਆਂ ਨੂੰ ਸੱਚ ਕਰਨ ਲਈ ਹੁੰਦੀ ਜੋ ਜ਼ਿੰਦਗੀ ਖ਼ੁਦ ਵੀ ਦੇਖਦੀ ਅਤੇ ਜਹਾਨ ਵੀ ਦੇਖਦਾ।

ਜ਼ਿੰਦਗੀ ਤਲਖ਼ੀਆਂ ਤੋਂ ਤਜ਼ਰਬਿਆਂ ਦੀ ਦਾਸਤਾਨ, ਔਕੜਾਂ ਤੋਂ ਅਸਲੀਅਤ ਦੀ ਕਹਾਣੀ, ਹੱਠ ਤੋਂ ਹੰਭਲਿਆਂ ਦਾ ਸਫ਼ਰ, ਸਿਰੜ ਤੋਂ ਸਾਧਨਾ ਦਾ ਦਸਤਾਵੇਜ਼ ਅਤੇ ਮਿਹਨਤ ਤੋਂ ਮਾਣ ਤੀਕ ਦਾ ਬਿਰਤਾਂਤ।

ਜ਼ਿੰਦਗੀ ਜੁਸਤਜੂ ਵੀ ਹੁੰਦੀ, ਕੁਝ ਅਦਿੱਖ ਦਿਸਹੱਦਿਆਂ 'ਤੇ ਪਹੁੰਚਣ ਦੀ, ਕੁਝ ਮਨਚਾਹਿਆ ਪ੍ਰਾਪਤ ਕਰਨ ਦੀ, ਰੂਹ ਦੇ ਹਾਣੀ ਨਾਲ ਰੂਹਦਾਰੀ ਨਾਲ ਭਰੇ ਪਲ ਬਿਤਾਉਣ ਦੀ, ਮੋਹ ਵਿਚ ਪਿਘਲ ਜਾਣ ਦੀ, ਬੰਨੇਰੇ ਤੋਂ ਉਤਰ ਰਹੇ ਚੰਨ ਨਾਲ ਗੁਫ਼ਤਗੂ ਕਰਨ ਦੀ ਅਤੇ ਚਾਨਣੀ ਵਿਚ ਨਹਾਉਣ ਦੀ।

ਜ਼ਿੰਦਗੀ ਇਕ ਖੇਡ। ਇਸਨੂੰ ਖੇਡਣ ਅਤੇ ਜਿੱਤਣ ਲਈ ਜਾਨ ਦੀ ਬਾਜ਼ੀ ਲਾਉਣ ਵਾਲਿਆਂ ਲਈ ਜ਼ਿੰਦਗੀ ਤਲੀਆਂ ਵਿਛਾਉਂਦੀ ਅਤੇ ਨਿਆਮਤਾਂ ਦੇ ਢੇਰ ਲਾਉਂਦੀ। ਜ਼ਿੰਦਗੀ ਇਕ ਰੰਗਮੰਚ। ਅਸੀਂ ਸਾਰੇ ਆਪੋ ਆਪਣੇ ਰੋਲ ਕਰਦੇ ਅਤੇ ਰੰਗਮੰਚ ਤੋਂ ਅਲੋਪ ਹੋ ਜਾਂਦੇ। ਸਿਰਫ਼ ਕੁਝ ਹੀ ਲੋਕ ਚੇਤਿਆਂ ਵਿਚ ਸਦਾ ਲਈ ਸਮਾਏ ਰਹਿੰਦੇ ਜਿਨ੍ਹਾਂ ਲਈ ਲੋਕ ਖ਼ੂਬ ਤਾੜੀਆਂ ਮਾਰਦੇ ਕਿਉਂਕਿ ਉਹ ਜ਼ਿਕਰਯੋਗ ਅਦਾਵਾਂ ਨਾਲ ਜੀਵਨ ਦੇ ਸੁੱਚਮ ਨੂੰ ਰੂਪਮਾਨ ਕਰਦੇ। ਜ਼ਿੰਦਗੀ ਇਕ ਜੰਗ ਵੀ ਹੁੰਦੀ। ਇਸਨੂੰ ਜਿੱਤਣ ਲਈ ਬੰਦੇ ਨੂੰ ਹਰ ਦਾਅ ਵਰਤਦਿਆਂ, ਸਿਰੜ, ਹਿੰਮਤ ਅਤੇ ਦਲੇਰੀ ਨਾਲ ਜੰਗ ਨੂੰ ਜਿੱਤਣਾ ਹੁੰਦਾ ਅਤੇ ਵੈਰੀਆਂ ਨੂੰ ਚਿੱਤ ਕਰਨਾ ਹੁੰਦਾ।

ਜ਼ਿੰਦਗੀ ਵਿਚ ਉਸ ਸਮੇਂ ਦੀ ਉਡੀਕ ਨਾ ਕਰੋ ਕਿ ਫਿਰ ਜਸ਼ਨ ਮਨਾਵਾਂਗੇ। ਪਤਾ ਨਹੀਂ ਕਦੋਂ ਸਾਹ ਖ਼ਤਾ ਖਾ ਜਾਣ। ਜੀਵਨ ਵਿਚ ਹਰ ਪਲ ਨੂੰ ਆਖ਼ਰੀ ਪਲ ਸਮਝੋ ਅਤੇ ਇਸਦਾ ਜਸ਼ਨ ਮਨਾਓ। ਕਦੇ ਸੋਚਿਆ ਜੇ ਕਿ ਜ਼ਿੰਦਗੀ ਕੀ ਏ? ਜ਼ਿੰਦਗੀ ਤਾਂ ਕੁਝ ਵੀ ਨਹੀਂ। ਦਰਅਸਲ ਜ਼ਿੰਦਗੀ ਤਾਂ ਤੁਹਾਨੂੰ ਮਿਲਿਆ ਇਕ ਅਜੇਹਾ ਮੌਕਾ ਹੈ ਜਦ ਤੁਸੀਂ ਸੂਹੇ ਸ਼ਬਦਾਂ ਦੀ ਅਰਥਕਾਰੀ ਦਾ ਨਾਮ ਹੋ ਜਾਂਦੇ ਹੋ।

ਕਦੇ ਕਦੇ ਜ਼ਿੰਦਗੀ ਸਮਝਾਉਂਦੀ ਹੈ ਆਪਣਿਆਂ ਦੀ ਬੇਭਰੋਸਗੀ, ਨੇੜਲਿਆਂ ਦੀ ਬੇਵਫ਼ਾਈ, ਰਿਸ਼ਤਿਆਂ ਵਿਚਲੀ ਖੋਟ ਅਤੇ ਸੰਬੰਧਾਂ ਵਿਚਲਾ ਫਰੇਬ। ਕਰਵਾਉਂਦੀ ਹੈ ਨਕਾਬ ਹੇਠ ਛੁਪੇ ਹੋਏ ਚਿਹਰਿਆਂ ਦੀ ਪਛਾਣ।

ਜ਼ਿੰਦਗੀ ਤਾਂ ਬਹੁਤ ਲੰਮੇਰੀ ਹੁੰਦੀ ਪਰ ਅਸੀਂ ਖ਼ੁਦ ਹੀ ਇਸਨੂੰ ਛੋਟੀ ਕਰ ਦਿੰਦੇ ਹਾਂ। ਕਿਉਂਕਿ ਅਸੀਂ ਤਾਂ ਜਿਊਣਾ ਹੀ ਉਦੋਂ ਸ਼ੁਰੂ ਕਰਦੇ ਹਾਂ ਜਦ ਆਖਰੀ ਸਫ਼ਰ 'ਤੇ ਤੁਰਨ ਦੀ ਵੀ ਤਿਆਰੀ ਹੋ ਜਾਂਦੀ ਹੈ। ਜ਼ਿੰਦਗੀ ਨੂੰ ਪੂਰਨ ਰੂਪ ਵਿਚ ਸਮਝਣ ਲਈ ਇਸਦੀ ਸਮੁੰਦਰੀ ਡੂੰਘਾਈ ਨੂੰ ਮਿਣਨ ਦੀ ਦਿਲ ਵਿਚ ਧਾਰੋ। ਕੰਢੇ 'ਤੇ ਬਹਿ ਕੇ ਸਿਰਫ਼ ਲਹਿਰਾਂ ਹੀ ਗਿਣੀਆਂ ਜਾ ਸਕਦੀਆਂ। ਇਸਦੀ ਡੂੰਘਾਈ ਦਾ ਅੰਦਾਜ਼ਾ ਕਿੰਝ ਲਗਾਓਗੇ?

ਜ਼ਿੰਦਗੀ ਦੇ ਬਹੁਤ ਰੂਪ। ਕਦੇ ਧੁੱਪ ਹੁੰਦੀ ਤੇ ਕਦੇ ਛਾਂ। ਕਦੇ ਬੋਲ-ਬੁਲਾਰਾ ਤੇ ਕਦੇ ਚੁੱਪ-ਚਾਂ ਹੁੰਦੀ। ਕਦੇ ਇਹ ਮਤਰੇਈਆਂ ਵਰਗੀ ਅਤੇ ਕਦੇ ਸਕੀ ਮਾਂ ਹੁੰਦੀ। ਕਦੇ ਗਹਿਮਾ-ਗਹਿਮੀ ਤੇ ਕਦੇ ਉਜੜਿਆ ਗਰਾਂ ਹੁੰਦੀ। ਕਦੇ ਆਪਣਾ ਵਿਹੜਾ ਅਤੇ ਕਦੇ ਬੇਗਾਨੀ ਥਾਂ ਹੁੰਦੀ। ਖ਼ੂਬਸੂਰਤ ਜ਼ਿੰਦਗੀ ਲਈ ਜ਼ਰੂਰੀ ਹੁੰਦੀ ਹੈ ਰੂਹ ਦੀ ਪਾਕੀਜ਼ਗੀ, ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਆਪਣੇ ਅੰਦਾਜ਼ ਵਿਚ ਜਿਊਣਾ। ਮਨ ਦੀ ਮੌਜ ਤੇ ਮੁਹੱਬਤ ਦਾ ਰੱਜ। ਸਮਾਜ ਵਿਚ ਵਿਚਰਦਿਆਂ ਕਿਸੇ ਦੇ ਅੱਥਰੂ ਪੂੰਝਣ

ਦੀ ਜਾਚ, ਭੁੱਖੇ ਪੇਟ ਦੀ ਫ਼ਿਕਰਮੰਦੀ ਅਤੇ ਕੁਝ ਚੰਗੇਰਾ ਕਰਨ ਦੀ ਚਾਹਤ ਦਾ ਜਿਉਂਦੇ ਰਹਿਣਾ।

ਇਸ ਲਈ ਅਹਿਮ ਹੁੰਦਾ ਹੈ ਕਿ ਅਸੀਂ ਕਦੇ ਤਾਂ ਕਹੀਏ, ਵਾਹ! ਜ਼ਿੰਦਗੀ! ਤੇਰੇ ਕਿਆ ਕਹਿਣਾ! ਤੂੰ ਇਸ ਤਰ੍ਹਾਂ ਹੀ ਸਾਨੂੰ ਖੁਸ਼ੀਆਂ, ਖੇੜਿਆਂ ਅਤੇ ਰਾਂਗਲੇ ਸਮਿਆਂ ਨਾਲ ਨਿਵਾਜਦੀ ਰਹੀਂ।

# Noblesville

## *Trucks & Trailer Repair Shop*

**15203 Stony Creek Way,
Noblesville, IN 46060**




Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road
Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,
Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**


*COMING SOON...*

Gurbaksh S Randhawa
Call: 317-800-2976
Sam Bhullar: 317-995-2020

# ਹਨੇਰੇ ਰਾਹ

**ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**






## ਕਾਂਡ ਪੰਜ

### ਤੁਸੀਂ ਪੜ੍ਹ ਚੁੱਕੇ ਹੋ...

*ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਈਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਹੁਣ ਪੜ੍ਹੋ ਇਸ ਤੋਂ ਅਗਾਂਹ...*

ਗੁਰਸੀਰ

"ਮੁੰਡਿਆ, ਐਥੇ ਰੁਕ ਜਾਈਏ। ਮੈਥੋਂ ਨਹੀਂ ਟਰੱਕ ਚਲਾਇਆ ਜਾਣਾ। ਸਰੀਰ ਟੁੱਟਦਾ ਪਿਐ। ਲਗਦਾ ਬੁਖਾਰ ਜੇ। ਸਨੋਅ ਦਾ ਬਹਾਨਾ ਹੈ ਸਾਡੇ ਕੋਲ।" ਟਰੱਕ ਦੀ ਸਵਾਰੀ ਵਾਲੀ ਸੀਟ 'ਤੇ ਬੈਠਾ ਉਸਤਾਦ ਬੋਲਿਆ। ਕੈਨੇਡਾ ਦੇ ਪੂਰਬੀ ਹਿੱਸੇ ਵੱਲੋਂ ਮੁੜਦਿਆਂ ਡਰਾਈਵਰ ਬਦਲਣ ਲਈ ਉਹ ਐਡਮਿੰਟਨ ਟਰੱਕ ਸਟਾਪ 'ਤੇ ਰੁਕੇ ਸਨ। ਪਿਛਲੇ ਬਾਰਾਂ ਘੰਟੇ ਗੁਰਸੀਰ ਨੇ ਟਰੱਕ ਚਲਾਇਆ ਸੀ।

"ਸਨੋਅ ਐਨੀ ਨਹੀਂ ਉਸਤਾਦ। ਤੁਰੇ ਚਲਦੇ ਆਂ। ਕੱਲ੍ਹ ਨੂੰ ਅਮ੍ਰਿਤ ਦੀ ਜੌਬ ਇੰਟਰਵਿਊ ਐ। ਓਹਨੂੰ ਲੈ ਕੇ ਜਾਣੈ।" ਗੁਰਸੀਰ ਨੇ ਜਵਾਬ ਦਿੱਤਾ।




**ਹਰਪ੍ਰੀਤ ਸੇਖਾ**
**ਫੋਨ: +1-778-231-1189**


"ਕਿਸੇ ਹੋਰ ਨੂੰ ਆਖ ਛੱਡ, ਲੈ ਜਾਏਗਾ ਉਹਨੂੰ। ਬੱਸ 'ਤੇ ਨਈਓਂ ਜਾ ਸਕਦੀ ਉਹ?"

"ਬੱਸਾਂ ਦਾ ਓਹਨੂੰ ਬਹੁਤਾ ਹਿਸਾਬ ਨਹੀਂ ਆਇਆ। ਹਾਲੇ ਡਰਦੀ ਐ 'ਕੱਲੀ ਜਾਣੋਂ। ਕਹਿੰਦੀ ਇਹ ਜੌਬ ਮਿਲ ਜਾਣੀ ਐ। ਅਰਜੰਟ ਲੋੜ ਐ ਕਿਸੇ ਕੰਪਨੀ ਨੂੰ। ਅਪਲਾਈ ਕਰਨ ਸਾਰ ਅਗਲਿਆਂ ਨੇ ਇੰਟਰਵਿਊ ਲਈ ਸੱਦ ਲਿਐ।"

ਉਸਤਾਦ ਕੁੱਝ ਦੇਰ ਚੁੱਪ ਰਿਹਾ ਫੇਰ ਬੋਲਿਆ, "ਆਖ ਦੇਵੇ ਪਰਸੋਂ ਆ ਜਾਏਗੀ।"

"ਐਂ ਕੌਣ ਮੰਨਦੇ, ਉਸਤਾਦ। ਅਗਲਿਆਂ ਨੇ ਕਿਸੇ ਹੋਰ ਨੂੰ ਰੱਖ ਲੈਣਾ। ਤੂੰ ਇਉਂ ਕਰ ਉਸਤਾਦ, ਟੈਨਲ ਦੀ ਗੋਲੀ ਲੈ ਕੇ ਪੈ ਜਾ, ਮੈਂ ਵੇਲਮਾਊਂਟ ਦੀ ਸਕੇਲ ਤੋਂ ਥੋੜ੍ਹਾ ਜਿਹਾ ਉਰ੍ਹਾਂ ਤਕ ਲਈ ਜਾਨੈਂ। ਉਦੋਂ ਤਕ ਤੇਰਾ ਬੁਖਾਰ ਠੀਕ ਹੋ ਜਾਊ।"

"ਮੁੰਡਿਆ, ਆਖੇ ਲੱਗਜਾ। ਸਨੋਅ ਪੈਂਦੀ ਏ। ਸਲਿੱਪਰੀ ਜੇ। ਹਿੱਲ ਦੀ ਚੜ੍ਹਾਈ ਆਉਣ ਵੇਲੇ ਟਾਇਰਾਂ 'ਤੇ ਚੇਨਾਂ ਚੜ੍ਹਾਉਣ ਲਈ ਟਰੱਕ 'ਚੋਂ ਬਾਹਰ ਨਿਕਲਣਾ ਪਏਗਾ। ਗਰਮ-ਸਰਦ ਹੋ ਕੇ ਕੰਮ ਵਿਗੜ ਨਾ ਜਾਏ।"

"ਚੇਨਾਂ ਤਾਂ ਕੋਕਾਹਾਲਾ ਦੀ ਚੜ੍ਹਾਈ ਵੇਲੇ ਚੜ੍ਹਾਉਣੀਆਂ, ਮੈਂ ਓਦੋਂ ਉੱਠ ਪਊਂਗਾ, ਤੂੰ ਟਰੱਕ 'ਚੋਂ ਬਾਹਰ ਨਾ ਨਿਕਲੀਂ।"

"ਚੰਗਾ, ਤੇਰੀ ਮਰਜੀ ਜੇ। ਮੈਂ ਤੇ ਪੈਨਾਂ ਫਿਰ।" ਆਖ ਕੇ ਉਸਤਾਦ ਟਰੱਕ ਦੇ ਕੈਬਿਨ ਵਿਚ ਚਲਾ ਗਿਆ। ਗੁਰਸੀਰ ਨੇ ਟਰੱਕ ਤੋਰ ਲਿਆ। ਹਾਲੇ ਉਹ ਐਡਮਿੰਟਨ ਸ਼ਹਿਰ ਦੀ ਹੱਦ 'ਚੋਂ ਬਾਹਰ ਹੀ ਨਿਕਲੇ ਸੀ ਕਿ ਬਰਫ਼ਬਾਰੀ ਤੇਜ਼ ਹੋ ਗਈ। ਮੂਹਰਲੇ ਸ਼ੀਸ਼ੇ ਤੋਂ ਬਰਫ਼ ਹਟਾਉਣ ਲਈ ਵਾਈਪਰ ਪੂਰਾ ਜ਼ੋਰ ਲਾ ਰਹੇ ਸਨ ਪਰ ਬਰਫ਼ ਦੇ ਹੋਰ ਮੋਟੇ ਹੋ ਗਏ ਫੰਬੇ ਉਨ੍ਹਾਂ ਦੀ ਪੇਸ਼ ਨਹੀਂ ਸੀ ਜਾਣ ਦਿੰਦੇ। ਗੁਰਸੀਰ ਨੇ ਟਰੱਕ ਹੋਰ ਵੀ ਹੌਲੀ ਕਰ ਲਿਆ। ਮੂਹਰਲੇ ਸ਼ੀਸ਼ੇ 'ਤੇ ਡਿੱਗਦੀ ਬਰਫ਼ ਕਾਰਨ ਉਸ ਨੂੰ ਮੂਹਰੇ ਸੜਕ ਸਾਫ਼ ਨਹੀਂ ਸੀ ਦਿਸਦੀ। ਉਸ ਦੇ ਚਿੱਤ 'ਚ ਆਈ ਕਿ ਟਰੱਕ ਸੜਕ ਦੇ ਪਾਸੇ ਖੜ੍ਹਾ ਕਰ ਦੇਵੇ। ਦੂਜੇ ਮਨ ਨੇ ਹੱਲਾਸ਼ੇਰੀ ਦਿੱਤੀ, 'ਤੁਰਿਆ ਚੱਲ ਹੌਲੀ-ਹੌਲੀ। ਮਸਾਂ ਜੌਬ ਮਿਲਣ ਦੀ ਝਾਕ ਹੋਈ ਐ। ਮਿਲੇ ਕਿਤੇ ਨੌਕਰੀ ਤਾਂ ਹੱਥ ਕੁੱਝ ਸੌਖਾ ਹੋਵੇ।' ਉਸ ਨੇ ਟਰੱਕ ਖੜ੍ਹਾ ਕਰਨ ਵਾਲਾ ਇਰਾਦਾ ਛੱਡ ਦਿੱਤਾ ਅਤੇ ਮੂਹਰਲੇ ਸ਼ੀਸ਼ੇ 'ਤੇ ਨਿਗ੍ਹਾ ਗੱਡ ਕੇ ਟਰੱਕ ਤੋਰੀ ਰੱਖਿਆ। ਕੁੱਝ ਦੇਰ ਬਾਅਦ ਇਸ ਤਰ੍ਹਾਂ ਦੇਖਦੇ ਦੀਆਂ ਅੱਖਾਂ ਦਰਦ ਕਰਨ ਲੱਗੀਆਂ। ਉਸ ਦੇ ਚਿੱਤ 'ਚ ਆਈ, 'ਜੇ ਟਰੱਕ ਤਿਲਕ ਗਿਆ, ਅਮ੍ਰਿਤ ਲਈ ਜੌਬ ਲੱਭਦਾ ਲੱਭਦਾ ਕਿਤੇ ਆਵਦੀ ਵੀ ਨਾ ਗਵਾ ਬੈਠਾਂ! ਉਸਤਾਦ ਦੇ ਆਖੇ ਲੱਗ ਕੇ ਰੁਕ ਜਾਂਦੇ ਤਾਂ ਚੰਗਾ ਸੀ।'

'ਤੁਰਿਆ ਚੱਲ। ਕੀ ਐ ਅੱਗੇ ਚੱਲ ਕੇ ਸਨੋਅ ਘਟ ਜਾਵੇ।' ਇਨ੍ਹਾਂ ਜੱਕਾਂ-ਤੱਕਾਂ ਵਿਚ ਉਹ ਅੱਗੇ ਚਲਦਾ ਰਿਹਾ। ਐਡੀਸਨ ਸ਼ਹਿਰ ਟੱਪ ਕੇ ਬਰਫ਼ਬਾਰੀ ਘੱਟ ਹੋ ਗਈ। ਗੁਰਸੀਰ ਨੇ ਸੁੱਖ ਦਾ ਸਾਹ ਲਿਆ। ਬੀ ਸੀ ਸੂਬੇ ਦੇ ਸ਼ਹਿਰ ਵੇਲਮਾਊਂਟ ਪਹੁੰਚਣ ਤੋਂ ਪਹਿਲਾਂ ਗੁਰਸੀਰ ਕੈਬਿਨ ਵਿਚ ਜਾ ਪਿਆ ਅਤੇ ਉਸਤਾਦ ਟਰੱਕ ਚਲਾਉਣ ਲੱਗਾ।

ਗੁਰਸੀਰ ਦੀ ਅੱਖ ਹਾਲੇ ਲੱਗੀ ਹੀ ਸੀ ਕਿ ਉਸ ਨੂੰ ਉਸਤਾਦ ਦੀ ਆਵਾਜ਼ ਸੁਣੀ। ਉਹ ਆਖ ਰਿਹਾ ਸੀ, "ਮੁੰਡਿਆ, ਤਿਆਰ ਹੋ ਚੇਨਾਂ ਪਾਣ ਲਈ। ਚੇਨਅੱਪ ਏਰੀਆ ਆਉਣ ਵਾਲਾ ਜੇ।"

"ਆ ਵੀ ਗਿਆ?" ਆਖਦੇ ਗੁਰਸੀਰ ਨੇ ਅੱਖਾਂ ਖੋਲ੍ਹੀਆਂ ਤੇ ਫਿਰ ਨਾ ਚਾਹੁੰਦਿਆਂ ਵੀ ਸਿੱਧਾ ਹੋ ਕੇ ਬੈਠ ਗਿਆ। ਉਸ ਦੇ ਸਿਰ ਨੂੰ ਨੀਂਦ ਚੜ੍ਹੀ ਹੋਈ ਸੀ। ਉਹ ਕੁੱਝ ਪਲ ਉਵੇਂ ਹੀ ਬੈਠਾ ਰਿਹਾ। ਫਿਰ ਸਿਰ ਝਟਕ ਕੇ ਅੱਖਾਂ ਉਘੇੜੀਆਂ। ਆਪਣੇ ਫੋਨ 'ਤੇ ਟਾਈਮ ਦੇਖਿਆ। ਫਿਰ ਬਾਹਰਲਾ ਤਾਪਮਾਨ ਚੈੱਕ ਕੀਤਾ। ਇਹ ਜ਼ੀਰੋ ਤੋਂ ਗਿਆਰਾਂ ਡਿਗਰੀ ਥੱਲੇ ਸੀ। ਵਿੰਡ ਚਿੱਲ (ਹਵਾ ਨਾਲ) ਨਾਲ ਮਨਫੀ ਵੀਹ ਡਿਗਰੀ ਸੀ। ਬਾਹਰਲਾ ਤਾਪਮਾਨ ਦੇਖ ਕੇ ਉਸ ਦਾ ਨਿੱਘ 'ਚੋਂ ਨਿਕਲਣ ਲਈ ਜੀਅ ਨਾ ਕੀਤਾ।

'ਉਠਣਾ ਪਊ ਗੁਰਸੀਰ ਸਿਆਂ, ਇਓਂ ਨਹੀਂ ਸਰਨਾ', ਉਸ ਦੇ ਅੰਦਰੋਂ ਆਵਾਜ਼ ਆਈ। ਉਸ ਨੇ ਆਪਣਾ ਹੱਥ ਸਿਰ 'ਤੇ ਫੇਰਿਆ। ਸਿਰ 'ਤੇ ਲਈ ਟੂਕ ਠੀਕ ਕੀਤੀ। ਸਰਕ ਗਈਆਂ ਜੁਰਾਬਾਂ ਨੂੰ ਖਿੱਚ ਕੇ ਉੱਪਰ ਕੀਤਾ। ਜੈਕਟ ਪਾ ਕੇ ਚਿਹਰੇ ਦੇ ਨੰਗੇ ਹਿੱਸੇ ਦੁਆਲੇ ਗੁਲੂਬੰਦ ਲਪੇਟਿਆ। ਬੂਟਾਂ ਦੇ ਤਸਮੇਂ ਬੰਨ੍ਹਣ ਤੋਂ ਬਾਅਦ ਦਸਤਾਨੇ ਚੜ੍ਹਾ ਲਏ। ਇੰਨੀ ਦੇਰ ਵਿਚ ਉਸਤਾਦ ਨੇ ਟਰੱਕ 'ਚੇਨਅੱਪ ਏਰੀਏ' ਵਿਚ ਰੋਕ ਲਿਆ। ਇੱਥੋਂ ਪਹਾੜ ਦੀ ਚੜ੍ਹਾਈ ਸ਼ੁਰੂ ਹੁੰਦੀ ਸੀ। ਚੜ੍ਹਾਈ ਚੜ੍ਹਦਿਆਂ ਟਰੱਕ ਨੂੰ ਤਿਲਕਣ ਤੋਂ ਬਚਾਉਣ ਲਈ ਉਸ ਨੇ ਟਾਇਰਾਂ ਉੱਪਰ ਚੇਨਾਂ ਚੜ੍ਹਾਉਣੀਆਂ ਸਨ। ਗੁਰਸੀਰ ਨੇ ਕੈਬਿਨ ਵਿਚੋਂ ਬਾਹਰ ਆ ਕੇ ਟਰੱਕ ਦੀ ਖਿੜਕੀ ਖੋਲ੍ਹੀ। ਹਵਾ ਨਾਲ ਉਡਦੀ ਬਰਫ਼ ਧੁੱਸ ਦੇ ਕੇ ਟਰੱਕ ਅੰਦਰ ਵੜ ਗਈ। ਡਰਾਈਵਰ ਸੀਟ 'ਤੇ ਬੈਠਾ ਉਸਤਾਦ ਚੀਕਿਆ, "ਛੇਤੀ ਬੰਦ ਕਰ, ਔਗ ਲਾ ਏਹਨੂੰ, ਮੈਨੂੰ ਫੇਰ ਬੀਮਾਰ ਕਰੇਂਗਾ।" ਗੁਰਸੀਰ ਨੇ ਧੁਤਧਤੀ ਲਈ ਅਤੇ ਟਰੱਕ 'ਚੋਂ ਬਾਹਰ ਆ ਗਿਆ। ਚਾਰੇ ਪਾਸੇ ਬਰਫ਼ ਹੀ ਬਰਫ਼ ਸੀ। ਭਾਵੇਂ ਨਵੀਂ ਨਹੀਂ ਸੀ ਪੈ ਰਹੀ ਪਰ ਪਹਿਲਾਂ ਹੀ ਪਈ ਹਵਾ ਨਾਲ ਉੱਡ ਕੇ ਸਰੀਰ ਅੰਦਰ ਸੱਲ ਕਰ ਰਹੀ ਸੀ।

ਜਦੋਂ ਗੁਰਸੀਰ ਨੇ ਟੂਲ ਬੌਕਸ ਵਿਚੋਂ ਬਾਹਰ ਕੱਢਣ ਲਈ ਸੰਗਲਾਂ ਨੂੰ ਹੱਥ ਪਾਇਆ, ਉਹ ਬਰਫ਼ 'ਚ ਲੱਗੇ ਪਏ ਸਨ। ਉਸ ਨੇ ਛੇਤੀ ਨਾਲ ਇਕ ਪਾਸੇ ਦੇ ਸੰਗਲ ਕੱਢੇ ਅਤੇ ਪਿਛਲੇ ਟਾਇਰਾਂ ਹੇਠ ਵਿਛਾਉਣ ਹੀ ਲੱਗਾ ਸੀ ਕਿ ਸਾਂਅ-ਸਾਂਅ ਕਰਦੀ ਹਵਾ ਨੇ ਗੁਰਸੀਰ ਨੂੰ ਬਰਫ਼ ਨਾਲ ਭਰ ਦਿੱਤਾ। ਉਹ ਆਪਣੀਆਂ ਅੱਖਾਂ ਦੁਆਲਿਓਂ ਬਰਫ਼ ਝਾੜਨ ਲੱਗਾ। ਨੱਕ ਦੀ ਸਾਹ ਲੈਣ ਜੋਗੀ ਛੱਡੀ ਨੰਗੀ ਥਾਂ ਸੁਰਖ ਹੋ ਗਈ ਅਤੇ ਝਿੰਮਣੀਆਂ 'ਤੇ ਬਰਫ਼ ਦੇ ਫੰਬੇ ਟਿਕ ਗਏ। ਫਿਰ ਉਸ ਨੇ ਦੂਜੇ ਪਾਸੇ ਦੇ ਟਾਇਰਾਂ ਪਿੱਛੇ ਸੰਗਲ ਵਿਛਾਅ ਕੇ ਉੱਚੀ ਆਵਾਜ਼ 'ਚ ਕਿਹਾ, "ਉਸਤਾਦ, ਕਰ ਬੈਕ ਟਰੱਕ।" ਟਰੱਕ ਦੇ ਪਿੱਛੇ ਹੋਣ ਤੋਂ ਬਾਅਦ ਗੁਰਸੀਰ ਨੇ ਟਾਇਰਾਂ ਦੁਆਲੇ ਸੰਗਲ ਵਲ੍ਹ ਦਿੱਤੇ ਅਤੇ ਕੁੰਡੀਆਂ ਫਸਾਉਣ ਲਈ ਨੀਵਾਂ ਹੋਇਆ ਹੀ ਸੀ ਕਿ ਫਿਰ ਬਰਫ਼ ਉਡਾਉਂਦੀ ਸ਼ੂਕਦੀ ਹਵਾ ਨੇ ਉਸ ਦੇ ਪੈਰ ਉਖਾੜ ਦਿੱਤੇ। ਉਹ ਫਿਰ ਬਰਫ਼ ਝਾੜਨ ਲੱਗਾ। ਬਰਫ਼ ਝਾੜ ਕੇ ਉਹ ਸੰਗਲ ਦੀਆਂ ਕੁੰਡੀਆਂ ਮੇਲਣ ਦੀ ਕੋਸ਼ਿਸ਼ ਕਰਨ ਲੱਗਾ ਪਰ ਦਸਤਾਨਿਆਂ 'ਚ ਢਕੇ ਹੱਥਾਂ ਨਾਲ ਉਹ ਆਪਸ ਵਿਚ ਮਿਲ ਨਹੀਂ ਸੀ ਰਹੀਆਂ। ਗੁਰਸੀਰ ਨੇ ਦਸਤਾਨੇ ਲਾਹ ਲਏ। ਕੁੰਡੀ ਫਸਾਉਣ ਦੀ ਕੋਸ਼ਿਸ਼ ਕਰਦਿਆਂ ਹੱਥ ਨੀਲੇ ਹੋ ਗਏ। ਕੁੰਡੀਆਂ ਫਿਰ ਵੀ ਨਹੀਂ ਮਿਲੀਆਂ। ਠੰਢ ਨਾਲ ਸੁੰਨ ਹੋਏ ਹੱਥਾਂ ਤੋਂ ਦਿਮਾਗ ਦੇ ਆਦੇਸ਼ ਦੀ ਪਾਲਣਾ ਨਹੀਂ ਸੀ ਹੋ ਰਹੀ। ਕੁੰਡੀ ਕਦੇ ਅਗਾਂਹ ਹੋ ਜਾਂਦੀ, ਕਦੇ ਪਿੱਛੇ ਰਹਿ ਜਾਂਦੀ। ਪਿਛਲੇ ਪਾਸਿਓਂ ਹੁੰਦੀ ਬਰਫੀਲੀ ਬੁਛਾੜ ਕੱਪੜਿਆਂ ਦੀਆਂ ਤਹਿਆਂ ਵਿਚ ਦੀ ਪਿੱਠ 'ਚ ਛੇਕ ਕਰੀ ਜਾਂਦੀ। ਗੁਰਸੀਰ ਕੁੱਝ ਦੇਰ ਟਿੱਲ ਲਾਉਂਦਾ ਰਿਹਾ, ਫਿਰ ਸੰਗਲ ਛੱਡ ਕੇ ਟਰੱਕ ਦੀ ਬਾਰੀ ਵੱਲ ਹੋ ਗਿਆ। ਉਸ ਨੂੰ ਆਪਣੇ ਪੈਰ ਵੀ ਸੁੰਨ ਹੋ ਗਏ ਲੱਗੇ। ਟਰੱਕ ਵਿਚ ਚੜ੍ਹਨ ਲਈ ਉਸ ਨੇ ਡੰਡੇ ਨੂੰ ਹੱਥ ਪਾਇਆ ਪਰ ਬਰਫ਼ 'ਚ ਲੱਗੇ ਹੱਥਾਂ ਤੋਂ ਉਹ ਚੰਗੀ ਤਰ੍ਹਾਂ ਫੜ ਨਾ ਹੋਇਆ ਤੇ ਗੁਰਸੀਰ ਪਿੱਠ ਪਰਨੇ ਡਿੱਗ ਪਿਆ। ਉਸਤਾਦ ਤੇਜ਼ੀ ਨਾਲ ਟਰੱਕ 'ਚੋਂ ਉੱਤਰਿਆ। ਬਰਫ਼ ਦਾ ਹੱਲਾ ਉਸ ਦੇ ਚਿਹਰੇ 'ਤੇ ਵੀ ਹੋ ਗਿਆ। ਉਸ ਨੇ ਚਿਹਰੇ ਦੁਆਲੇ ਗੁਲੂਬੰਦ ਵੀ ਨਹੀਂ ਸੀ ਲਪੇਟਿਆ ਹੋਇਆ ਤੇ ਨਾ ਹੀ ਵੱਡਾ ਕੋਟ ਪਾਇਆ ਸੀ। ਉਹ ਇਕ ਹੱਥ ਨਾਲ ਮੂੰਹ 'ਤੇ ਪਈ ਬਰਫ਼ ਝਾੜਦਾ ਤੇ ਦੂਜੀ ਬਾਂਹ ਨਾਲ ਉੱਡਦੀ ਬਰਫ਼ ਤੋਂ ਮੂੰਹ ਲਕਾਉਂਦਾ ਹੋਇਆ ਗੁਰਸੀਰ ਵੱਲ ਵਧਿਆ। ਉਹ ਕੂਹਣੀਆਂ ਸਹਾਰੇ ਉੱਠਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸਤਾਦ ਉਸ ਨੂੰ ਬਾਹੋਂ ਫੜ ਕੇ ਖੜ੍ਹਾ ਕਰਦਾ ਹੋਇਆ ਬੋਲਿਆ, "ਨਾਲੇ ਆਪ ਮਰਦਾ ਏ, ਨਾਲੇ ਮੈਨੂੰ ਠੰਢ ਨਾਲ ਮਾਰਨ ਡਿਹੈ। ਸੱਟ ਤੋਂ ਬਚਾਅ ਜੇ?" ਗੁਰਸੀਰ ਨੇ 'ਹਾਂ' 'ਚ ਸਿਰ ਹਿਲਾਇਆ। ਉਸ ਨੂੰ ਬਰਫ਼ ਨਾਲ ਲਿਬੜਿਆ ਦੇਖ ਕੇ ਉਸਤਾਦ ਨੇ ਹੱਸਦਿਆਂ ਕਿਹਾ, "ਜਵਾਂ ਸਨੋਅਮੈਨ ਲਗਦਾ ਜੇ।" ਫਿਰ ਸ਼ੂਕਦੀ ਹਵਾ ਵੱਲ ਪਿੱਠ ਕਰ ਕੇ ਉਸਤਾਦ ਨੇ ਗੁਰਸੀਰ ਉੱਪਰਲੀ ਬਰਫ਼ ਨੂੰ ਝਾੜਿਆ ਤੇ ਪਿੱਛੋਂ ਧੱਕ ਕੇ ਉਸ ਨੂੰ ਟਰੱਕ ਵਿਚ ਵਾੜਿਆ। "ਜਵਾਂ ਸੁੰਨ ਹੋਗੇ", ਆਖਦਾ ਗੁਰਸੀਰ ਟਰੱਕ ਦੀ ਸਵਾਰੀ ਵਾਲੀ ਸੀਟ 'ਤੇ ਟਿਕ ਗਿਆ। ਉਸ ਨੇ ਹੀਟ ਵੈਂਟ ਵਿਚੋਂ ਨਿਕਲਦੀ ਗਰਮ ਹਵਾ ਅੱਗੇ ਹੱਥ ਕਰ ਦਿੱਤੇ। ਧੁਤਧਤੀ ਲੈਂਦਾ ਉਸਤਾਦ ਬੋਲਿਆ, "ਤੂੰ ਕਿਸੇ ਕੰਜਰ ਦੇ ਆਖੇ ਨਹੀਂ ਜੇ ਲਗਦਾ। ਦਿਵਾ ਲਈ ਜੇ ਇੰਟਰਵਿਊ ਵਾਈਫ ਦੀ? ਲੈ ਲਿਆ ਜੇ ਸਵਾਦ? ਜੇ ਟੁੱਟ ਜਾਂਦਾ ਚੂਕਣਾ, ਫੇਰ ਲਗਦਾ ਪਤਾ---।" ਉਸਤਾਦ ਉਸ ਨੂੰ ਹੋਰ ਵੀ ਤੱਤੀਆਂ ਸੁਣਾਉਂਦਾ ਰਿਹਾ। ਕੱਚਾ ਹੁੰਦਾ ਗੁਰਸੀਰ ਬੂਟਾਂ ਵਿਚ ਵੜ ਗਈ ਬਰਫ਼ ਕੱਢਣ ਲਈ ਪੈਰਾਂ ਨਾਲ ਹੀ ਬੂਟ ਲਾਹੁਣ ਦੇ ਆਹਰ ਲੱਗ ਗਿਆ। ਉਸਤਾਦ ਨੇ ਹੀਟ ਫੁੱਲ ਕਰ ਦਿੱਤੀ ਸੀ। ਗੁਰਸੀਰ ਦੇ ਕਮੀਜ਼ ਹੇਠ ਵੀ ਬਰਫ਼ ਚਲੀ ਗਈ ਸੀ। ਬੁਨੈਣ ਗਿੱਲੀ ਹੋ ਗਈ ਸੀ। ਉਸ ਦਾ ਜੀਅ ਕੀਤਾ ਕਿ ਕੈਬਿਨ ਵਿਚ ਜਾ ਕੇ ਕੱਪੜੇ ਬਦਲ ਲਵੇ ਅਤੇ ਆਰਾਮ ਨਾਲ ਬਿਸਤਰੇ ਵਿਚ ਵੜ ਜਾਵੇ। ਫਿਰ ਉਸ ਦੇ ਚਿੱਤ 'ਚ ਆਈ ਕਿ ਤਿੰਨ-ਚਾਰ ਘੰਟਿਆਂ ਦੀ ਵਾਟ ਰਹਿ ਗਈ ਸੀ। ਥੋੜ੍ਹੀ ਜਿਹੀ ਹੋਰ ਤਕਲੀਫ਼ ਪਿੱਛੇ ਵੇਰੀ ਢਾਹੁਣੀ ਠੀਕ ਨਹੀਂ ਸੀ। ਹੱਥ-ਪੈਰ ਨਿੱਘੇ ਕਰ ਕੇ ਉਹ ਫਿਰ ਸੰਗਲ ਦੀਆਂ ਕੁੰਡੀਆਂ ਫਸਾਉਣ ਲਈ ਟਰੱਕ 'ਚੋਂ ਉੱਤਰ ਗਿਆ।

ਕਾਂਬਾ ਲੱਥਣ ਤੋਂ ਬਾਅਦ ਉਸ ਦੀ ਅੱਖ ਲੱਗੀ ਹੀ ਸੀ ਕਿ ਪਹਾੜੀ ਦੀ ਢਲਾਣ ਮੁੱਕੇ ਤੋਂ ਟਾਇਰਾਂ ਤੋਂ ਸੰਗਲ ਲਾਹੁਣ ਲਈ ਉਸਤਾਦ ਨੇ ਮੁੜ ਉਸ ਨੂੰ ਜਗਾ ਲਿਆ।

ਇਸ ਤੋਂ ਬਾਅਦ ਉਹ ਘੰਟਾ-ਡੇਢ ਘੰਟਾ ਹੀ ਮਸਾਂ ਸੁੱਤਾ ਹੋਵੇਗਾ ਕਿ ਟਰੱਕ ਸਰੀ ਪਹੁੰਚ ਗਿਆ। ਦੋ ਸੌ ਕਿਲੋਮੀਟਰ ਦੂਰ, ਕੋਕਾਹਾਲਾ ਪਹਾੜੀ ਦੇ ਸਿਰੇ 'ਤੇ, ਤਾਪਮਾਨ ਸਿਫ਼ਰ ਡਿਗਰੀ ਤੋਂ ਥੱਲੇ ਸੀ। ਪਹਾੜੀਆਂ ਤੋਂ ਥੱਲੇ ਉੱਤਰ ਕੇ ਮੈਦਾਨੀ ਇਲਾਕੇ ਵਿਚ ਵੜਦਿਆਂ ਹੋਪ ਸ਼ਹਿਰ ਤੋਂ ਤਾਪਮਾਨ ਵਧਣਾ ਸ਼ੁਰੂ ਹੋ ਗਿਆ ਸੀ। ਸਮੁੰਦਰ ਦੇ ਨੇੜੇ, ਸਰੀ ਸ਼ਹਿਰ 'ਚ, ਜ਼ੀਰੋ ਤੋਂ ਚਾਰ ਡਿਗਰੀ ਉੱਪਰ ਹੋ ਗਿਆ ਸੀ। ਗੁਰਸੀਰ ਨੂੰ ਉਸ ਦੀ ਬੇਸਮੈਂਟ ਨੇੜੇ ਉਤਾਰ ਕੇ ਉਸਤਾਦ ਅੱਗੇ ਟਰੱਕ ਅਨਲੋਡ ਕਰਵਾਉਣ ਚਲਿਆ ਗਿਆ। ਗੁਰਸੀਰ ਦੇ ਘਰ ਪਹੁੰਚਦਿਆਂ ਅੱਗੋਂ ਅਮ੍ਰਿਤ ਤਿਆਰ ਖੜ੍ਹੀ ਸੀ। ਅਮ੍ਰਿਤ ਦਾ ਖਿੜਿਆ ਚਿਹਰਾ ਦੇਖ ਕੇ ਗੁਰਸੀਰ ਨੂੰ ਰਾਹ 'ਚ ਝੱਲੀ ਔਖਿਆਈ ਭੁੱਲ ਗਈ।

---

ਗੁਰਸੀਰ ਛੇਤੀ 'ਚ ਨਹਾਤਾ। ਚਾਹ ਪੀਤੀ ਤੇ ਅਮ੍ਰਿਤ ਨੂੰ ਨਾਲ ਲੈ ਕੇ ਬੱਸ ਸਟਾਪ ਵੱਲ ਤੁਰ ਪਿਆ। ਉਨ੍ਹਾਂ ਨੇ ਆਪੋ-ਆਪਣੀਆਂ ਛਤਰੀਆਂ ਚੁੱਕ ਲਈਆਂ। ਬਾਹਰ ਮੀਂਹ ਪੈ ਰਿਹਾ ਸੀ। ਜਦੋਂ ਦੀ ਅਮ੍ਰਿਤ ਸਰੀ ਪਹੁੰਚੀ ਸੀ, ਮਹੀਨਾ ਭਰ ਤੋਂ ਮੀਂਹ ਪੈ ਰਿਹਾ ਸੀ। ਵਿਚ-ਵਿਚ ਰੁਕ ਜਾਂਦਾ ਪਰ ਬੱਦਲ ਨਹੀਂ ਸੀ ਚੁੱਕੇ ਗਏ। ਬੱਸ ਸਟਾਪ ਉਨ੍ਹਾਂ ਦੇ ਘਰ ਤੋਂ ਦੋ ਬਲਾਕਾਂ ਦੀ ਵਿੱਥ 'ਤੇ ਹੀ ਸੀ। ਉਥੇ ਪਹੁੰਚ ਕੇ ਅਮ੍ਰਿਤ ਨੇ ਆਪਣੀ ਛਤਰੀ ਬੰਦ ਕਰ ਦਿੱਤੀ ਅਤੇ ਗੁਰਸੀਰ ਦੀ ਛਤਰੀ ਹੇਠ ਉਸ ਦੇ ਨਾਲ ਲੱਗ ਕੇ ਖੜ੍ਹ ਗਈ।

"ਗੁਰਸੀਰ ਇਹ ਨੌਕਰੀ ਤਾਂ ਲਗਦਾ ਮਿਲ ਹੀ ਜਾਊ। ਡਾਲਰ ਵੀ ਘੰਟੇ ਦੇ ਸਤਾਰਾਂ ਲਿਖਿਆ ਹੋਇਆ ਸੀ।" ਅਮ੍ਰਿਤ ਬੋਲੀ।

"ਅੱਛਾ? ਕਿਸੇ ਗੋਰੇ ਦੀ ਐ ਪੀਜ਼ਾ ਸ਼ਾਪ?" ਗੁਰਸੀਰ ਨੇ ਹੈਰਾਨੀ ਭਰੀ ਖੁਸ਼ੀ 'ਚ ਪੁੱਛਿਆ। ਬੀ ਸੀ ਵਿਚ ਕਾਨੂੰਨਨ ਘੱਟੋ-ਘੱਟ ਪ੍ਰਤੀ ਘੰਟਾ ਤਨਖਾਹ ਦੀ ਦਰ ਸਾਢੇ ਦਸ ਡਾਲਰ ਸੀ। ਗੁਰਸੀਰ ਨੂੰ ਵੀ ਅਮ੍ਰਿਤ ਲਈ ਅਜਿਹੀ ਹੀ ਕੋਈ ਘੱਟ ਤਨਖਾਹ ਵਾਲੀ ਨੌਕਰੀ ਮਿਲਣ ਦੀ ਆਸ ਸੀ। 'ਘੰਟੇ ਦੇ ਸਤਾਰਾਂ ਡਾਲਰ' ਸੁਣ ਕੇ ਉਸ ਨੂੰ ਜਿਵੇਂ ਯਕੀਨ ਨਾ ਆਇਆ ਹੋਵੇ।

"ਨਾਂ ਤੋਂ ਤਾਂ ਪੀਜ਼ਾ ਸ਼ਾਪ ਕਿਸੇ ਗੋਰੇ ਦੀ ਲਗਦੀ ਐ ਪਰ ਜਿਸ ਭਾਈ ਨੇ ਇੰਟਰਵਿਊ ਵਾਸਤੇ ਫੋਨ ਕੀਤਾ ਸੀ, ਆਵਾਜ਼ ਤੋਂ ਤਾਂ ਆਪਣਾ ਲਗਦਾ ਸੀ।" ਅਮ੍ਰਿਤ ਨੇ ਦੱਸਿਆ।

"ਹੋ ਸਕਦਾ ਹੈ ਕਿ ਮਨੇਜਰ 'ਆਪਣਾ' ਹੋਵੇ। ਇਹ ਨੌਕਰੀ ਮਿਲ ਜਾਏ ਤਾਂ ਹੋਰ ਆਪਾਂ ਨੂੰ ਕੀ ਚਾਹੀਦੈ?"

"ਮੈਂ ਬੱਸ ਰੂਟ ਵੀ ਇੰਟਰਨੈੱਟ 'ਤੇ ਦੇਖ ਲਿਐ। ਸਰੀ ਸੈਂਟਰਲ ਸਟੇਸ਼ਨ ਤਕ ਬੱਸ, ਉਸ ਤੋਂ ਅੱਗੇ ਨਿਊ ਵੈਸਟਮਿਨਸਟਰ ਸਟੇਸ਼ਨ ਤਕ ਸਕਾਈ ਟਰੇਨ 'ਤੇ। ਅਗਾਂਹ ਪੈਦਲ ਨੇੜੇ ਈ ਹੈ।"

"ਤੂੰ ਤਾਂ ਬੜਾ ਕੁੱਝ ਸਿੱਖ ਗਈ ਮਹੀਨੇ 'ਚ ਹੀ।"

"ਸਿੱਖ ਤਾਂ ਗਈ ਪਰ ਹਾਲੇ ਪਹਿਲੀ ਵਾਰ ਕਿਤੇ 'ਕੱਲੀ ਜਾਣੋਂ ਡਰ ਲਗਦੈ। ਜੇ ਥੋੜੇ ਤੋਂ ਨਾ ਪਹੁੰਚਿਆ ਜਾਂਦਾ ਤਾਂ ਮੈਂ ਸੋਚ ਲਿਆ ਸੀ ਕਿ 'ਕੱਲੀ ਹੀ ਚਲੀ ਜਾਵਾਂਗੀ।"

"ਲੈ ਇਓਂ ਕਿਉਂ ਨਾ ਪਹੁੰਚਿਆ ਜਾਂਦਾ?" ਆਖਦੇ ਗੁਰਸੀਰ ਨੇ ਅਮ੍ਰਿਤ ਵੱਲ ਦੇਖਿਆ। ਉਸ ਦੀਆਂ ਜਗਦੀਆਂ ਅੱਖਾਂ ਵਿਚ ਦੇਖ ਕੇ ਗੁਰਸੀਰ ਦਾ ਮਨ ਆਪਣੀ ਬਾਂਹ ਉਸ ਦੁਆਲੇ ਵਲਣ ਲਈ ਕੀਤਾ ਪਰ ਸੜਕ 'ਤੇ ਖੜ੍ਹਿਆਂ ਇਸ ਤਰ੍ਹਾਂ ਕਰਨੋਂ ਉਹ ਜਕ ਗਿਆ। ਉਨ੍ਹਾਂ ਦੇ ਨਜ਼ਦੀਕ ਹੀ ਬੱਸ ਦੀ ਉਡੀਕ ਵਿਚ ਖੜ੍ਹੇ ਇਕ ਜੋੜੇ ਨੇ ਆਪਣੀਆਂ ਬਾਹਾਂ ਇਕ ਦੂਜੇ ਦੁਆਲੇ ਵਲੀਆਂ ਹੋਈਆਂ ਸਨ। ਗੁਰਸੀਰ ਨੇ ਅੱਖ ਦੇ ਇਸ਼ਾਰੇ ਨਾਲ ਅਮ੍ਰਿਤ ਦਾ ਧਿਆਨ ਉਨ੍ਹਾਂ ਵੱਲ ਕੀਤਾ। ਅਮ੍ਰਿਤ ਨੇ ਚੋਰ ਅੱਖ ਨਾਲ ਉਨ੍ਹਾਂ ਵੱਲ ਦੇਖਿਆ ਤੇ ਮੁੜ ਗੁਰਸੀਰ ਵੱਲ ਝਾਕੀ ਤੇ ਬੋਲੀ, "ਦੇਖੀਂ, ਇਹ ਤਾਂ ਜਵਾਂ ਨੀ ਸੰਗਦੇ।" ਗੁਰਸੀਰ ਬੋਲਿਆ, "ਅਗਾਂਹ ਨੂੰ ਕਨੇਡਾ ਹੀ ਜੰਮਾਂਗੇ।" ਅਮ੍ਰਿਤ ਨੇ ਨਖਰੇ ਨਾਲ ਬੁੱਲ੍ਹ ਘੁੱਟੇ। ਉਸ ਦੀ ਇਸ ਅਦਾ ਨੂੰ ਦੇਖ ਕੇ ਗੁਰਸੀਰ ਦਾ ਮਨ ਹੋਰ ਮਚਲਣ ਲੱਗਾ। ਉਨ੍ਹਾਂ ਦੀ ਬੱਸ ਆ ਗਈ। ਬੱਸ 'ਚ ਬੈਠਣ ਸਾਰ ਹੀ ਅਮ੍ਰਿਤ ਬੋਲੀ, "ਸ਼ੀਰ, ਜੇ ਮੈਨੂੰ ਇਹ ਨੌਕਰੀ ਮਿਲ ਗਈ ਨਾ, ਮੈਂ ਫੇਰ ਕੋਈ ਹੋਰ ਪਾਰਟ ਟਾਈਮ ਨੌਕਰੀ ਵੀ ਲੱਭ ਲੈਣੀ ਆ। ਘਰੇ 'ਕੱਲੀ ਬੈਠੀ ਦਾ ਭੋਰਾ ਜੀਅ ਨੀ ਲਗਦਾ।"

ਗੁਰਸੀਰ ਨੇ ਅਮ੍ਰਿਤ ਵੱਲ ਦੇਖਿਆ। ਉਸ ਨੂੰ ਅਮ੍ਰਿਤ ਦੇ ਚਿਹਰੇ 'ਤੇ ਚਾਅ ਨੱਚਦਾ ਦਿਸਿਆ। ਗੁਰਸੀਰ ਨੂੰ ਆਪਣੇ ਵੱਲ ਤੱਕਦਾ ਦੇਖ ਅਮ੍ਰਿਤ ਬੋਲੀ, "ਸ਼ੀਰ, ਮੇਰੇ ਨਹੁੰ ਦੇਖਿਓ। ਕਿਵੇਂ ਲਗਦੇ ਆ? ਮੈਂ ਆਪੇ ਬਣਾਏ ਆ।" ਗੁਰਸੀਰ ਨੂੰ ਅਮ੍ਰਿਤ ਦੇ ਤਰਾਸ਼ੇ ਨਹੁੰਆਂ ਦੇ ਨਾਲ-ਨਾਲ ਉਸ ਦੀਆਂ ਫਲੀਆਂ ਵਰਗੀਆਂ ਉਂਗਲਾਂ ਵੀ ਲੁਭਾਉਣੀਆਂ ਲੱਗੀਆਂ। ਉਸ ਨੇ ਅਮ੍ਰਿਤ ਦੀਆਂ ਉਂਗਲਾਂ ਆਪਣੇ ਹੱਥਾਂ ਵਿਚ ਲੈ ਲਈਆਂ ਤੇ ਉਸ ਦੇ ਨਹੁੰਆਂ ਵੱਲ ਦੇਖਣ ਲੱਗਾ। ਉਸ ਦੇ ਚਿੱਤ 'ਚ ਆਈ, 'ਜੇ ਕੰਮ ਮਿਲ ਗਿਆ, ਕੱਲ੍ਹ ਨੂੰ ਏਨ੍ਹਾਂ ਨਹੁੰਆਂ ਨੇ ਭਾਂਡੇ ਧੋਂਦਿਆਂ ਘਸ ਜਾਣੈ। ਇਸ ਤਰ੍ਹਾਂ ਦੇ ਸੋਹਣੇ ਨਹੀਂ ਰਹਿਣਾ।' ਉਸ ਨੇ ਇਹ ਗੱਲ ਅਮ੍ਰਿਤ ਨੂੰ ਨਾ ਕਹੀ ਤੇ ਉਸ ਦੇ ਹੱਥਾਂ ਨੂੰ

*(ਬਾਕੀ ਅਗਲੇ ਸਫੇ 'ਤੇ)*

# ਨੌਜਵਾਨ ਪੀੜ੍ਹੀ ਅਤੇ ਖ਼ੁਦਮੁਖ਼ਤਾਰੀ ਦਾ ਰਾਹ

**ਡਾ. ਸ਼ਿਆਮ ਸੁੰਦਰ ਦੀਪਤੀ**
**ਫੋਨ: +91-98158-08506**

ਨੌਜਵਾਨੀ ਦੀ ਇਕ ਤਸਵੀਰ ਜੋ ਪੇਸ਼ ਹੁੰਦੀ ਹੈ ਤੇ ਕਾਫੀ ਹੱਦ ਤਕ ਨਜ਼ਰ ਵੀ ਆਉਂਦੀ ਹੈ, ਉਹ ਜ਼ਰੂਰ ਨਿਰਾਸ਼ ਕਰਦੀ ਹੈ ਪਰ ਇਸ ਦਾ ਦੂਜਾ ਪਾਸਾ ਵੀ ਹੈ ਕਿ ਇਹ ਉਮਰ ਖ਼ੁਦਮੁਖ਼ਤਾਰੀ ਹਾਸਲ ਕਰਨ, ਆਤਮ-ਨਿਰਭਰ ਹੋਣ, ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਕਰਨ ਦੀ ਸਮਰੱਥਾ ਵਾਲੇ ਹੁਨਰ ਦੀ ਵੀ ਹੈ; ਨਤੀਜੇ ਵਜੋਂ ਆਪਣਾ ਰਾਹ ਤਲਾਸ਼ ਕੇ ਬੁਲੰਦੀਆਂ ਹਾਸਲ ਕਰਨ ਦੇ ਯੋਗ ਵੀ ਹੈ। ਇਕ ਪਾਸੇ ਨੌਜਵਾਨ ਭੀੜ ਦਾ ਹਿੱਸਾ ਬਣ ਕੇ ਤੋੜ-ਫੋੜ, ਤਬਾਹੀ ਵੱਲ ਪਿਆ ਦਿਸਦਾ ਹੈ, ਨਵੇਂ ਭੀੜ-ਤੰਤਰ ਦਾ ਆਗੂ ਬਣ ਕੇ ਹਜੂਮੀ ਹੱਤਿਆ (ਲਿੰਚਿੰਗ) ਕਰਦਾ (ਭੀੜ-ਹਿੰਸਾ ਰਾਹੀਂ ਦੰਗਈ ਬਣਿਆ) ਨਜ਼ਰ ਆਉਂਦਾ ਹੈ ਤੇ ਆਪਣੇ ਕਾਰਨਾਮੇ 'ਤੇ ਮਾਣ ਵੀ ਕਰਦਾ ਹੈ। ਇਸ ਉਮਰ ਵਰਗ ਦਾ ਦੂਜਾ ਪਹਿਲੂ ਹੈ- ਲੱਖਾਂ ਹੀ ਨੌਜਵਾਨ ਆਪਣਾ ਭਵਿੱਖ ਰੋਸ਼ਨ ਕਰਨ ਲਈ ਦਾਖਲਿਆਂ ਦੀ ਤਿਆਰੀ ਵਿਚ ਸਿਰ ਸੁੱਟ ਕੇ ਮਿਹਨਤ ਕਰਦੇ ਹਨ। ਦਾਖਲਾ ਇਮਤਿਹਾਨ ਵਿਚੋਂ ਪਾਸ ਹੋ ਕੇ ਆਈ.ਆਈ.ਟੀ., ਆਈ.ਆਈ.ਐੱਮ., ਪ੍ਰਸ਼ਾਸਨਕ ਸੇਵਾਵਾਂ, ਡਾਕਟਰੀ, ਇੰਜਨੀਅਰਿੰਗ ਤੋਂ ਬਾਅਦ ਚੰਗੇ ਅਹੁਦਿਆਂ 'ਤੇ ਤਾਇਨਾਤ ਹੋ ਕੇ ਕਾਮਯਾਬੀ ਨਾਲ ਵਿਚਰਦੇ ਹਨ। ਇਸ ਤੋਂ ਇਲਾਵਾ ਕੁਝ ਸਰਦੇ ਪੁੱਜਦੇ ਘਰਾਣੇ, ਆਪਣੀ ਆਰਥਿਕ ਸਮਰੱਥਾ ਸਦਕਾ ਆਪਣੇ ਨੌਜਵਾਨ ਬੱਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਨ ਅਤੇ ਕੰਮ ਕਰਨ ਲਈ ਵੀ ਭੇਜਦੇ ਦੇਖੇ ਜਾ ਸਕਦੇ ਹਨ।

ਇਨ੍ਹਾਂ ਨੌਜਵਾਨਾਂ ਦੀ ਉਮਰ ਦਾ ਪੜਾਅ ਜ਼ਰੂਰ ਇਕੋ ਜਿਹਾ ਹੈ; ਭਾਵ, ਸੋਲਾਂ-ਸਤਾਰਾਂ ਸਾਲ ਤੋਂ ਇੱਕੀ-ਬਾਈ ਸਾਲ ਦਾ ਪਰ ਪਿਛੋਕੜ ਬਹੁਤ ਅਲਗ ਹੈ। ਜੇ ਕੁਦਰਤ ਦੇ ਪੈਦਾਵਾਰੀ ਅਮਲ ਨੂੰ ਸਾਹਮਣੇ ਰੱਖਿਆ ਜਾਵੇ ਤੇ ਜਨਮ ਤੋਂ ਜਵਾਨ ਹੋਣ ਤੱਕ ਦੇ ਵਰਤਾਰੇ ਨੂੰ ਸਮਝੀਏ ਤਾਂ ਕੁਦਰਤ ਪੱਖੋਂ ਸਭ ਨੂੰ ਇਕੋ ਜਿਹਾ ਬਿਨਾ ਕਿਸੇ ਵਿਤਕਰੇ ਤੋਂ ਵਿਕਾਸ ਮਿਲਿਆ ਹੈ। ਜੋ ਗੱਲ ਸਾਫ ਹੁੰਦੀ ਹੈ, ਉਹ ਇਹ ਕਿ ਕਿਵੇਂ ਸਾਡਾ ਸਮਾਜ, ਆਲਾ-ਦੁਆਲਾ ਅਤੇ ਸਾਡੀ ਵਿਵਸਥਾ ਜਿਵੇਂ ਚਾਹੇ ਉਸ ਰਾਹ ਪਾ ਦਿੰਦੇ ਹਨ।

ਇਸ ਤੋਂ ਇਕ ਨਤੀਜੇ 'ਤੇ ਤਾਂ ਪਹੁੰਚਿਆ ਜਾ ਸਕਦਾ ਹੈ- ਕੁਦਰਤ ਵੱਲੋਂ ਮਨੁੱਖ ਨੂੰ ਦਿੱਤੀ ਸਮਰੱਥਾ ਅਤੇ ਕਾਬਲੀਅਤ ਸਭ ਕੋਲ ਹੈ। ਜੋ ਕੋਈ ਇਸ ਨੂੰ ਉਲੀਕੇ, ਸਮਝੇ ਤਾਂ ਉਸ ਮੁਤਾਬਕ ਉਹ ਖ਼ੁਦ ਵੀ ਆਪਣਾ ਰਾਹ, ਆਪਣੀ ਖ਼ੁਦਮੁਖ਼ਤਾਰੀ ਹਾਸਲ ਕਰ ਸਕਦਾ ਹੈ। ਸਕੂਲ ਵਿਚ ਸਾਰੇ ਪੜ੍ਹਨ ਜਾਂਦੇ ਹਨ। ਛੇ ਸਾਲ ਦਾ ਬੱਚਾ ਪਹਿਲੀ ਜਮਾਤ ਵਿਚ ਦਾਖਲ ਹੋਵੇਗਾ, ਇਹ ਸਮਾਜਿਕ ਅਮਲ ਕੁਦਰਤ ਦੇ ਅਧਿਐਨ ਤੋਂ ਲਿਆ ਗਿਆ ਹੈ ਕਿ ਉਸ ਉਮਰ ਤੱਕ ਦਿਮਾਗ ਆਪਣਾ ਸਰੀਰਕ ਪੱਖ ਤੋਂ ਵਿਕਾਸ ਪੂਰਾ ਕਰ ਲੈਂਦਾ ਹੈ ਪਰ ਇਸ ਦੇ ਨਾਲ ਹੀ ਸਕੂਲ ਛੱਡ ਜਾਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਜੋ ਮੁੱਢਲੇ ਸਕੂਲ, 12ਵੀਂ ਅਤੇ ਫਿਰ ਗ੍ਰੈਜੂਏਸ਼ਨ ਤੋਂ ਬਾਅਦ ਸਪਸ਼ਟ ਨਜ਼ਰ ਆਉਂਦਾ ਹੈ।

ਸਕੂਲੀ ਪੜ੍ਹਾਈ ਦਾ ਦ੍ਰਿਸ਼ ਸਾਡੇ ਸਾਹਮਣੇ ਹੈ। ਸਰਕਾਰੀ ਸਕੂਲ ਜੋ ਹੁਣ ਸਿਰਫ ਅਤਿ ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਰਾਖਵੇਂ ਹਨ, ਦੇ ਹਾਲਾਤ ਇਹ ਹਨ ਕਿ ਪੰਜ ਜਮਾਤਾਂ ਲਈ ਇਕ ਅਧਿਆਪਕ ਹੈ ਜਾਂ ਵੱਧ ਤੋਂ ਵੱਧ ਦੋ। ਪੰਜਵੀਂ ਤਕ ਪੜ੍ਹਾਈ ਲਾਜ਼ਮੀ ਹੈ। ਬੱਚੇ ਸਾਰੇ ਦਾਖਲ ਕਰਨੇ ਜ਼ਰੂਰੀ ਹਨ ਤੇ ਪਾਸ ਕਰਨੇ ਵੀ। ਕਾਰਗੁਜ਼ਾਰੀ ਦੀ ਹਾਲਤ ਇਹ ਹੈ ਕਿ ਛੇਵੀਂ ਵਿਚ ਪਹੁੰਚੇ ਬੱਚੇ ਨੂੰ ਦੂਜੀ ਜਮਾਤ ਦਾ ਬੁਨਿਆਦੀ ਹੁਨਰ ਵੀ ਨਹੀਂ ਹੁੰਦਾ। ਇਥੋਂ ਸਕੂਲ ਛੱਡਣ ਦੀ ਸ਼ੁਰੂਆਤ ਹੁੰਦੀ ਹੈ। ਨੌਵੀਂ ਜਮਾਤ ਵਿਚ ਜਿੱਥੇ ਵਿਗਿਆਨ ਦੀ ਸਿਧਾਂਤਕ ਪੜ੍ਹਾਈ ਸ਼ੁਰੂ ਹੁੰਦੀ ਹੈ, ਉਹ ਚਾਹੇ ਭੌਤਿਕ ਹੋਵੇ, ਜੀਵ ਵਿਗਿਆਨ ਜਾਂ ਸਮਾਜ ਮਨੋਵਿਗਿਆਨ; ਬੱਚੇ ਨੇ ਸਭ ਕੁਝ ਪ੍ਰਯੋਗਸ਼ਾਲਾ ਰਾਹੀਂ ਖ਼ੁਦ ਕਰ ਕੇ ਨਿਰਖ-ਪਰਖ ਰਾਹੀਂ ਸਿੱਖਣਾ ਹੁੰਦਾ ਹੈ।



ਪਿਛਲੇ ਕੁਝ ਦਹਾਕਿਆਂ ਤੋਂ ਉਦਾਰੀਕਰਨ, ਨਿਜੀਕਰਨ ਨੂੰ ਹਰ ਖੇਤਰ ਵਿਚ ਖੁੱਲ੍ਹ ਦੇ ਕੇ ਗਲੀ ਗਲੀ ਕਾਲਜ ਅਤੇ ਸ਼ਹਿਰ ਸ਼ਹਿਰ ਯੂਨੀਵਰਸਿਟੀਆਂ ਖੋਲ੍ਹਣ ਦਾ ਰਾਹ ਪੱਧਰਾ ਹੋਇਆ ਹੈ ਪਰ ਇਥੇ ਵੀ ਮੋਟੀ ਫੀਸ ਪੜ੍ਹਾਈ ਵਿਚ ਅੜਿੱਕਾ ਬਣਦੀ ਹੈ; ਭਾਵ, ਕੁਦਰਤ ਵਲੋਂ ਮਿਲੀ ਇਕਸਾਰ, ਬਰਾਬਰ ਕਾਬਲੀਅਤ ਅਤੇ ਸਮਰੱਥਾ ਦੇ ਹੁੰਦੇ ਹੋਇਆਂ ਵੀ ਸਾਡਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਮਾਹੌਲ ਅਜਿਹਾ ਵਾਤਾਵਰਨ ਸਿਰਜ ਦਿੰਦਾ ਹੈ ਕਿ ਖ਼ੁਦ-ਬਖ਼ੁਦ ਬਿਨਾ ਕਿਸੇ ਵੱਡੀ ਆਲੋਚਨਾ ਜਾਂ ਬੁਲੰਦ ਵਿਰੋਧ ਦੀ ਆਵਾਜ਼ ਦੇ ਸਮਾਜ ਦੋ ਬਿਲਕੁਲ ਹੀ ਦੋ ਵੱਖਰੇ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਹੁਣ ਸਵਾਲ ਕੁਦਰਤ ਵੱਲੋਂ ਮਿਲੀ ਸਮਰੱਥਾ ਅਤੇ ਕਾਬਲੀਅਤ ਦਾ ਹੈ। ਠੀਕ ਹੈ ਕਿ ਸਕੂਲੀ ਪੜ੍ਹਾਈ ਉਸ ਨੂੰ ਤਿੱਖਾ ਕਰਦੀ ਹੈ ਜਾਂ ਕੋਈ ਰਾਹ ਦਿਖਾਉਂਦੀ ਹੈ ਪਰ ਇਹ ਸਕੂਲੀ ਵਿਵਸਥਾ ਤਾਂ ਕੁਝ ਕੁ ਸਾਲਾਂ ਤੋਂ ਹੀ ਹੋਂਦ ਵਿਚ ਆਈ ਹੈ ਪਰ ਮਨੁੱਖੀ ਸਿਆਣਪ ਨੇ ਕੁਦਰਤ ਨੂੰ ਦੇਖ ਦੇਖ ਕੇ ਕਿੰਨੇ ਹੀ ਕ੍ਰਿਸ਼ਮੇ ਕੀਤੇ ਹਨ।

ਮਨੁੱਖ ਜੋ ਖ਼ੁਦ ਨੂੰ ਸਾਰੇ ਜੀਵਾਂ ਵਿਚੋਂ ਸਿਖਰ 'ਤੇ ਰੱਖਦਾ ਹੈ, ਨੇ ਆਪਣਾ ਨਾਂ 'ਹੋਮੋ ਸੇਪੀਅਨ' ਰੱਖਿਆ ਹੈ ਜਿਸ ਦਾ ਅਰਥ ਹੈ ਸਿਆਣਾ ਮਨੁੱਖ। ਜੀਵ ਵਿਕਾਸ ਵਿਚ ਮਨੁੱਖ ਦੇ ਕਈ ਰੂਪ, ਹੋਮੋ ਵਰਗ ਦੇ ਕਈ ਪੜਾਵਾਂ ਦਾ ਜ਼ਿਕਰ ਹੈ ਜੋ ਅੱਜ ਸਾਡੇ ਸਾਹਮਣੇ ਹੈ ਜਾਂ ਅਸੀਂ ਸਭ ਤੋਂ ਸਿਆਣੇ ਹਾਂ। ਇਹ ਮਨੁੱਖਾਂ ਦੇ ਅਧਿਐਨ ਅਤੇ ਉਸ 'ਤੇ ਆਧਾਰਿਤ ਸਾਂਝੇ ਨਿਰਣੇ ਦਾ ਨਤੀਜਾ ਹੈ, ਇਹ ਕੋਈ ਜਜ਼ਬਾਤੀ ਹੋ ਕੇ ਆਪਣੇ ਹੱਕ ਵਿਚ ਕੀਤਾ ਫ਼ੈਸਲਾ ਨਹੀਂ। ਜੇ ਸਿਆਣਪ ਵਾਲੇ ਇਸ ਪੱਖ ਨੂੰ ਸਮਝਣਾ ਹੋਵੇ ਤਾਂ ਉਸ ਦਾ ਕਾਰਨ ਹੈ, ਸਾਡੇ ਕੋਲ ਕੁਦਰਤ ਤੋਂ ਮਿਲਿਆ ਅਤੇ ਵਿਕਾਸ ਦੀ ਪ੍ਰਕਿਰਿਆ ਵਿਚ ਵਿਕਸਿਤ ਹੋਇਆ ਦਿਮਾਗ। ਦਿਮਾਗ ਭਾਵੇਂ ਸਾਰੇ ਜਾਨਵਰਾਂ ਕੋਲ ਹੈ ਪਰ ਮਨੁੱਖੀ ਦਿਮਾਗ ਦੀ ਖਾਸੀਅਤ ਹੈ ਕਿ ਇਹ ਵਿਸ਼ਲੇਸ਼ਣੀ ਹੈ, ਸਮੱਸਿਆ ਮੌਕੇ ਇਹ ਨਿਰਖ-ਪਰਖ ਰਾਹੀਂ ਫੈਸਲੇ ਕਰਦਾ ਹੈ। ਫੈਸਲਿਆਂ ਦੇ ਨਤੀਜੇ ਤੋਂ ਹੀ ਅਸੀਂ ਕਿਸੇ ਵੀ ਮਨੁੱਖ ਦੀ ਸਿਆਣਪ ਦਾ ਅੰਦਾਜ਼ਾ ਲਗਾ ਸਕਦੇ ਹਾਂ। ਫੈਸਲੇ ਕਰਨ ਦੀ ਇਹ ਸਮਰੱਥਾ ਅਤੇ ਇਸ ਵਿਚ ਵੀ ਚੰਗੇ-ਬੁਰੇ ਦਾ ਫੈਸਲਾ ਕਰਨ ਦੀ ਕਾਬਲੀਅਤ ਜਵਾਨ ਹੁੰਦੇ ਹੁੰਦੇ ਆ ਜਾਂਦੀ ਹੈ ਜਿਸ ਦੇ ਆਧਾਰ 'ਤੇ ਸਮਾਜਿਕ ਵਿਵਸਥਾ ਨੌਜਵਾਨ ਨੂੰ ਵੋਟ ਦੇਣ ਦਾ ਅਧਿਕਾਰ ਦਿੰਦੀ ਹੈ ਤੇ ਇਸੇ ਤਰ੍ਹਾਂ ਸੜਕ 'ਤੇ ਸਹੀ ਫੈਸਲੇ ਨਾਲ ਵਾਹਨ ਚਲਾਉਣ ਲਈ ਡਰਾਈਵਿੰਗ ਲਾਈਸੈਂਸ ਲਈ ਵੀ ਉਮਰ ਅਠਾਰਾਂ ਸਾਲ ਤੈਅ ਹੋਈ ਹੈ।

ਇਉਂ ਨੌਜਵਾਨਾਂ ਵਿਚ ਇਹ ਕਾਬਲੀਅਤ ਹੈ ਜੋ ਉਸ ਨੂੰ ਫੈਸਲੇ ਕਰਨ ਦੇ ਯੋਗ ਬਣਾਉਂਦੀ ਹੈ ਤੇ ਆਪਣਾ ਰਾਹ ਤੈਅ ਕਰਨ ਲਈ ਕਾਬਲ ਠਹਿਰਾਉਂਦੀ ਹੈ। ਅਸੀਂ ਦੇਖਦੇ ਹਾਂ ਕਿ ਇਸ ਉਮਰ 'ਤੇ ਪਹੁੰਚ ਕੇ ਵੀ ਮਾਪੇ-ਅਧਿਆਪਕ ਜਾਂ ਹੋਰ ਵੱਡੇ ਲੋਕ ਆਪਣਾ ਫ਼ੈਸਲਾ ਥੋਪਦੇ ਹਨ। ਮੰਨ ਲਿਆ, ਉਨ੍ਹਾਂ ਕੋਲ ਉਮਰ ਦੇ ਲਿਹਾਜ਼ ਨਾਲ ਵੱਧ ਤਜਰਬਾ ਅਤੇ ਸਿਆਣਪ ਹੋ ਸਕਦੀ ਹੈ ਪਰ ਜੋ ਸਮਝਣ ਵਾਲੀ ਗੱਲ ਹੈ, ਫ਼ੈਸਲਾ ਨੌਜਵਾਨ ਦੀ ਜ਼ਿੰਦਗੀ ਬਾਰੇ ਹੋ ਰਿਹਾ ਹੈ ਤੇ ਉਹ ਆਪਣੀ ਰਾਹ ਪਛਾਨਣ ਵਿਚ ਸਮਰੱਥ ਹੈ, ਉਸ 'ਤੇ ਫੈਸਲਾ ਥੋਪਣ ਦੀ ਬਜਾਇ ਉਸ ਦੀ ਰਾਏ ਲੈਣਾ, ਆਪਣਾ ਫੈਸਲਾ ਰੱਖਣਾ ਤੇ ਚਰਚਾ ਕਰਨ ਦਾ ਮੌਕਾ ਜ਼ਰੂਰ ਦੇਣਾ ਚਾਹੀਦਾ ਹੈ। ਨਹੀਂ ਤਾਂ ਅਸੀਂ ਦੇਖਦੇ ਹਾਂ ਕਿ ਨੌਜਵਾਨ ਖ਼ੁਦ ਫੈਸਲੇ ਕਰ ਕੇ ਮਾਂ-ਪਿਉ ਤੋਂ ਬਾਗ਼ੀ ਹੋ ਜਾਂਦੇ ਹਨ।

ਮਨੁੱਖ ਆਪਣੀ ਦਿਮਾਗੀ ਸਮੱਰਥਾ ਕਰ ਕੇ ਜਿਗਿਆਸੂ ਹੈ। ਇਹ ਕੁਦਰਤੀ ਗੁਣ ਅਮੀਰ ਗਰੀਬ, ਪੇਂਡੂ ਸ਼ਹਿਰੀ, ਦੂਰ ਦਰਾਜ, ਸਾਰੇ ਮਨੁੱਖਾਂ ਨੂੰ ਜਾਤ, ਧਰਮ ਜਾਂ ਹੋਰ ਸਮਾਜਿਕ ਵਖਰੇਵਿਆਂ ਦੇ ਹੁੰਦਿਆਂ ਸਭ ਵਿਚ ਪਿਆ ਹੁੰਦਾ ਹੈ। ਇਹੀ ਜਿਗਿਆਸਾ ਮਨੁੱਖ ਨੂੰ ਖੋਜੀ ਬਣਾਉਂਦੀ ਹੈ ਤੇ ਉਹ ਖੋਜ ਦੇ ਰਾਹ ਤੁਰ ਪੈਂਦਾ ਹੈ। ਜੇ ਉਸ ਨੂੰ ਕੋਈ ਸਹੀ ਰਾਹ ਦਸੇਰਾ, ਕੋਈ ਗੁਰੂ ਪਿਆਰਾ ਸਮਰੱਥ ਹੈ ਤਾਂ ਉਹ ਆਪਣੀ ਇਸ ਸਮਰੱਥਾ ਨੂੰ ਸੇਧ ਦੇ ਸਕਦਾ ਹੈ ਤੇ ਕਈ ਕੁਝ ਪ੍ਰਾਪਤ ਕਰ ਸਕਦਾ ਹੈ ਤੇ ਉਹ ਨੌਜਵਾਨ ਕੋਈ ਖੋਜ ਮਨੁੱਖਤਾ ਦੀ ਝੋਲੀ ਪਾ ਸਕਦਾ ਹੈ। ਸਾਡੇ ਕੋਲ ਇਤਿਹਾਸ ਵਿਚ ਅਜਿਹੀਆਂ ਅਨੇਕਾਂ ਉਦਾਹਰਨਾਂ ਹਨ ਜਿਨ੍ਹਾਂ ਨੇ ਅਜੋਕੇ ਕਿਸਮ ਦੀ ਸਕੂਲੀ ਵਿਦਿਆ ਹਾਸਲ ਨਹੀਂ ਕੀਤੀ ਪਰ ਅਨੇਕਾਂ ਲਾਜਵਾਬ ਮੱਲਾਂ ਮਾਰੀਆਂ ਹਨ।

ਸਿਆਣਪ ਦੇ ਇਸ ਪਹਿਲੂ ਦੇ ਮੱਦੇਨਜ਼ਰ ਅਸੀਂ ਦੇਖਦੇ ਹਾਂ ਕਿ ਇਸ ਨੂੰ ਮਾਪਣ-ਜਾਂਚਣ ਦੇ ਪੈਮਾਨੇ ਵੀ ਕੱਢੇ ਗਏ ਹਨ ਤੇ ਇਕ ਹੈ, 'ਆਈ ਕਿਊ' ਪਰ ਇਸ 'ਤੇ ਕਈ ਸਵਾਲੀਆ ਚਿੰਨ੍ਹ ਲੱਗੇ ਹਨ। ਇਕ ਤਾਂ ਇਹ ਸਕੂਲੀ ਪੜ੍ਹਾਈ 'ਤੇ ਆਧਾਰਿਤ ਹੈ ਤੇ ਮਨੁੱਖੀ ਸਭਿਆਚਾਰਕ ਪਿਛੋਕੜ ਨੂੰ ਅਣਗੌਲਿਆਂ ਕਰਦਾ ਹੈ। ਅਸੀਂ ਦੇਖਦੇ ਹਾਂ ਕਿ ਸਮਾਜ ਵਿਚ ਅਨੇਕਾਂ ਸ਼ੋਹਬੇ ਹਨ, ਕਿਸੇ ਦੀ ਕਿਸੇ ਵਿਚ ਦਿਲਚਸਪੀ ਤੇ ਕਿਸੇ ਦੇ ਹੋਰ ਵਿਚ; ਕੋਈ ਵਿਗਿਆਨ ਵੱਲ ਰੁਚਿਤ ਹੈ, ਕੋਈ ਕਲਾ ਤੇ ਸੰਗੀਤ ਵੱਲ, ਕੋਈ ਆਗੂ ਦੀ ਭੂਮਿਕਾ ਨਿਭਾਉਣ ਵਿਚ ਸੰਤੁਸ਼ਟੀ ਮਹਿਸੂਸ ਕਰਦਾ ਹੈ। ਇਹ ਸਿਆਣਪ ਦੇ ਰੂਪ ਹਨ। ਦੂਜਾ ਪਹਿਲੂ ਇਹ ਵੀ ਹੈ ਕਿ ਬਹੁਤ ਜ਼ਿਆਦਾ ਸਿਆਣਾ, ਪੜ੍ਹਾਕੂ, ਜਮਾਤਾਂ ਵਿਚ ਅੱਵਲ ਰਹਿਣ ਵਾਲਾ ਕਈ ਵਾਰ ਜ਼ਿੰਦਗੀ ਵਿਚ ਸਫਲ ਨਹੀਂ ਹੁੰਦਾ। ਇਸ ਪ੍ਰਸੰਗ ਵਿਚ ਇਕ ਸਮਝ ਹੈ: 'ਜਜ਼ਬਾਤੀ ਸਿਆਣਪ'; ਕਹਿਣ ਤੋਂ ਭਾਵ ਜਜ਼ਬਾਤ ਦਾ ਸਿਆਣਪ ਨਾਲ ਇਸਤੇਮਾਲ, ਦੋਹਾਂ ਦਾ ਸਿਹਤਮੰਦ ਸੰਤੁਲਨ।

ਜਿਥੇ ਮਨੁੱਖ ਦੀ ਖਾਸੀਅਤ ਦਿਮਾਗ ਹੈ, ਦੂਜਾ ਉਸ ਦੀ ਸੰਵੇਦਨਸ਼ੀਲਤਾ ਹੈ। ਸੰਵੇਦਨਸ਼ੀਲਤਾ ਮਨੁੱਖ ਨੂੰ ਦੂਜੇ ਦੀ ਮਦਦ ਲਈ ਪ੍ਰੇਰਦੀ ਹੈ। ਸਾਰੇ ਜੀਵਾਂ ਵਿਚ ਸੰਵੇਦਨਾ ਹੁੰਦੀ ਹੈ ਪਰ ਮਨੁੱਖੀ ਸੰਵੇਦਨਾ ਦਾ ਪੜਾਅ ਨਵੇਕਲਾ ਤੇ ਵੱਖਰਾ ਹੈ; ਉਹ ਕਿਸੇ ਦਾ ਵੀ ਦਰਦ ਆਪਣੇ ਪਿੰਡੇ 'ਤੇ ਮਹਿਸੂਸ ਕਰ ਸਕਦਾ ਹੈ ਤੇ ਉਸ ਦਰਦ ਦੀ ਕੰਬਣੀ ਵਿਚੋਂ ਲੰਘਦਾ ਫ਼ਿਕਰਮੰਦੀ ਦਾ ਇਜ਼ਹਾਰ ਕਰ ਸਕਦਾ ਹੈ।

ਇਕ ਖਾਸੀਅਤ ਹੋਰ ਜੋ ਮਨੁੱਖ ਵਿਚ ਹੈ, ਉਹ ਹੈ ਆਪਸੀ ਮਦਦ ਅਤੇ ਸਹਿਯੋਗ। ਦੂਸਰੇ ਦਾ ਹੱਥ ਫੜ ਕੇ ਨਾਲ ਤੁਰਨਾ, ਸਹਾਰਾ ਦੇਣਾ। ਦੂਜੇ ਦੇ ਦੁੱਖ ਦਾ ਭਾਈਵਾਲ ਹੋਣਾ। ਜੇ ਨਜ਼ਰ ਮਾਰੀਏ ਤਾਂ ਇਹ ਸਾਰੇ ਮਨੁੱਖੀ ਵਿਲੱਖਣ ਗੁਣ, ਸਿਆਣਪ, ਸੰਵੇਦਨਸ਼ੀਲਤਾ ਅਤੇ ਸਹਿਯੋਗ ਮਨੁੱਖੀ ਜੀਵਨ ਵਿਚ ਭਾਵੇਂ ਜਨਮ ਤੋਂ ਹੁੰਦੇ ਹਨ ਪਰ ਨੌਜਵਾਨੀ ਦੇ ਪੜਾਅ 'ਤੇ ਇਨ੍ਹਾਂ ਸਾਰੀਆਂ ਵਿਲੱਖਣਤਾਵਾਂ ਨੂੰ ਨੌਜਵਾਨ ਖ਼ੁਦ ਮਹਿਸੂਸ ਕਰ ਸਕਦੇ ਹਨ ਤੇ ਅਸੀਂ ਉਨ੍ਹਾਂ ਨੂੰ ਇਸ ਦਿਸ਼ਾ ਵਿਚ ਕਾਰਜਸ਼ੀਲ ਹੁੰਦੇ ਦੇਖ ਸਕਦੇ ਹਾਂ। ਸਵਾਲ ਹੈ, ਨੌਜਵਾਨਾਂ ਦਾ ਕੋਈ ਰਾਹ ਦਸੇਰੇ ਹੋਵੇ। ਉਂਝ, ਜੇ ਅਸੀਂ ਕੁਝ ਕਰਨਾ ਹੈ ਤਾਂ ਘੱਟੋ-ਘੱਟ ਅਸੀਂ ਅੜਿੱਕਾ ਨਾ ਬਣੀਏ, ਨੌਜਵਾਨ ਆਪਣੇ ਆਪ ਹੀ ਖ਼ੁਦਮੁਖ਼ਤਾਰੀ ਦੇ ਰਾਹ ਪੈ ਜਾਣਗੇ। ਨੌਜਵਾਨ ਪਲ ਪਲ ਸੁਚੇਤ ਰਹਿਣ ਅਤੇ ਆਪਣੇ ਅੰਦਰ ਵਿਕਸਿਤ ਹੋ ਰਹੀਆਂ ਇਨ੍ਹਾਂ ਕਾਬਲੀਅਤਾਂ ਨੂੰ ਪਛਾਣਨ, ਉਲੀਕਣ ਅਤੇ ਅੱਗੇ ਹੋ ਕੇ ਇਨ੍ਹਾਂ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਣ।

---

# ਹਨੇਰੇ ਰਾਹ

***(ਪਿਛਲੇ ਸਫੇ ਦੀ ਬਾਕੀ)***

ਸਹਿਲਾਉਣ ਲੱਗਾ। ਅਮ੍ਰਿਤ ਬੋਲੀ, "ਕਿੰਨੇ ਦਿਨਾਂ ਬਾਅਦ ਮੁੜੇ ਐਂ। ਥੋਡਾ ਜੀਅ ਲੱਗ ਜਾਂਦੈ?" ਗੁਰਸੀਰ ਦਾ ਜੀਅ ਕਰਦਾ ਸੀ ਕਿ ਅਮ੍ਰਿਤ ਇਸੇ ਤਰ੍ਹਾਂ ਬੋਲਦੀ ਰਹੇ। ਉਸ ਦੀ ਆਵਾਜ਼ ਗੁਰਸੀਰ ਅੰਦਰ ਤਰਬਾਂ ਛੇੜ ਰਹੀ ਸੀ। ਅਮ੍ਰਿਤ ਵੀ ਕੋਈ ਹੁੰਗਾਰਾ ਉਡੀਕੇ ਤੋਂ ਬਿਨਾਂ ਅਗਲੀ ਗੱਲ ਸ਼ੁਰੂ ਕਰ ਲੈਂਦੀ, ਜਿਵੇਂ ਉਸ ਅੰਦਰ ਡੱਕੀਆਂ ਗੱਲਾਂ ਦਾ ਬੰਨ੍ਹ ਟੁੱਟ ਗਿਆ ਹੋਵੇ। ਅਮ੍ਰਿਤ ਬੋਲੀ, "ਦਾਲ਼ ਸਬਜ਼ੀ ਪੂਰੀ ਆ ਗਈ ਸੀ? ਮੈਂ ਸੋਚਿਐ ਅਗਲੀ ਵਾਰ ਤੋਂ ਕੁੱਝ ਮਿੱਠਾ ਬਣਾ ਕੇ ਵੀ ਨਾ਼ਲ ਪਾ ਦਿਆਂ ਕਰਾਂ।"

ਗੱਲਾਂ ਵਿਚ ਹੀ ਉਹ ਬੱਸ 'ਚੋਂ ਉੱਤਰ ਕੇ ਸਕਾਈ ਟ੍ਰੇਨ ਚੜ੍ਹੇ ਅਤੇ ਫਿਰ ਨਿਊ ਵੈਸਟਮਿਨਸਟਰ ਸਟੇਸ਼ਨ 'ਤੇ ਉੱਤਰ ਗਏ। ਉਨ੍ਹਾਂ ਦਾ ਇਹ ਸਫ਼ਰ ਜਿਵੇਂ ਅੱਖ ਝਪਕਦੇ ਹੀ ਮੁੱਕ ਗਿਆ ਹੋਵੇ। ਪੀਜ਼ਾ ਸ਼ਾਪ ਵੱਲ ਜਾਂਦਿਆਂ ਅਮ੍ਰਿਤ ਨੇ ਆਪਣੀ ਛਤਰੀ ਨਾ ਖੋਲ੍ਹੀ। ਉਹ ਗੁਰਸੀਰ ਦੇ ਨਾ਼ਲ ਲੱਗ ਕੇ ਹੀ ਉਸ ਦੀ ਛੱਤਰੀ ਹੇਠ ਤੁਰਦੀ ਰਹੀ।

ਜਦ ਉਹ ਪੀਜ਼ਾ ਸ਼ਾਪ ਅੰਦਰ ਗਏ, ਮੂਹਰਲੇ ਕਾਊਂਟਰ 'ਤੇ ਕੋਈ ਵੀ ਨਹੀਂ ਸੀ। ਕੁੱਝ ਮਿੰਟਾਂ ਬਾਅਦ ਦੁਕਾਨ ਦੇ ਪਿਛਲੇ ਹਿੱਸੇ ਜਿੱਥੇ ਅੰਗਰੇਜ਼ੀ ਵਿਚ 'ਕੇਵਲ ਕਰਮਚਾਰੀ' ਲਿਖਿਆ ਹੋਇਆ ਸੀ, 'ਚੋਂ ਨਿਕ਼ਲ ਕੇ ਇਕ ਔਰਤ ਆਈ ਤੇ ਬੋਲੀ, "ਹਾਓ ਮੇ ਆਈ ਹੈਲਪ ਯੂ?" (ਮੈਂ ਤੁਹਾਡੀ ਸਹਾਇਤਾ ਕਿਵੇਂ ਕਰ ਸਕਦੀ ਹਾਂ?" ਔਰਤ ਦੇ ਨੈਣ-ਨਕਸ਼ਾਂ ਤੋਂ ਅਮ੍ਰਿਤ ਨੇ ਅੰਦਾਜ਼ਾ ਲਾ ਲਿਆ ਕਿ ਉਹ ਪੰਜਾਬੀ ਹੈ ਪਰ ਆਪਣੀ ਅੰਗਰੇਜ਼ੀ ਬੋਲ ਸਕਣ ਦੀ ਸਮਰੱਥਾ ਦੱਸਣ ਲਈ ਅਮ੍ਰਿਤ ਅੰਗਰੇਜ਼ੀ ਵਿਚ ਹੀ ਬੋਲੀ, "ਮੈਂ ਇੰਟਰਵਿਊ ਦੇਣ ਆਈ ਹਾਂ।"

"ਉਹ ਅੱਛਾ! ਭਾਅ ਜੀ ਤਾਂ ਹਾਲੇ ਆਏ ਨਹੀਂ।" ਔਰਤ ਨੇ ਜਵਾਬ ਦਿੱਤਾ।

"ਮੈਨੂੰ ਇਕ ਵਜੇ ਦਾ ਟਾਈਮ ਦਿੱਤਾ ਸੀ।" ਆਖਦੀ ਅਮ੍ਰਿਤ ਨੇ ਕੰਧ 'ਤੇ ਟੰਗੀ ਘੜੀ ਵੱਲ ਦੇਖਿਆ। ਉਸ ਉੱਪਰ ਇਕ ਵੱਜਣ ਵਿਚ ਦਸ ਮਿੰਟ ਰਹਿੰਦੇ ਸਨ।

"ਵੇਟ ਕਰ ਲਓ। ਆ ਜਾਣਗੇ ਜੇ ਟਾਈਮ ਦਿੱਤਾ ਹੈ ਤਾਂ।"

ਔਰਤ ਨੂੰ ਪੰਜਾਬੀ ਵਿਚ ਗੱਲ ਕਰਦਿਆਂ ਦੇਖ ਕੇ ਅਮ੍ਰਿਤ ਦਾ ਹੌਸਲਾ ਵਧ ਗਿਆ। ਉਸ ਨੇ ਪੁੱਛ ਲਿਆ, "ਦੀ, ਤੁਹਾਡੀ ਸ਼ਾਪ ਹੈ ਜਾਂ---?"

"ਨਹੀਂ, ਮੈਂ ਤਾਂ ਕੰਮ ਹੀ ਕਰਦੀ ਹਾਂ ਇੱਥੇ।" ਔਰਤ ਨੇ ਅਮ੍ਰਿਤ ਦੇ ਅਧੂਰੇ ਛੱਡੇ ਪ੍ਰਸ਼ਨ ਦਾ ਜਵਾਬ ਦੇ ਦਿੱਤਾ।

"ਅੱਛਾ, ਆਪਣੇ ਈ ਆ ਮਾਲਕ?"

"ਹਾਂ।"

"ਦੀ, ਮੈਂ ਨਵੀਂ ਹੀ ਆਈ ਆਂ ਇੰਡੀਆ ਤੋਂ। ਮੇਰੀ ਸਿਫਾਰਸ਼ ਕਰ ਦਿਉਂਗੇ? ਥੋਨੂੰ ਕੋਈ ਉਲਾਂਭਾ ਨਹੀਂ ਦਿਵਾਉਂਦੀ।"

ਔਰਤ ਨੇ ਅਮ੍ਰਿਤ ਦੇ ਚਿਹਰੇ ਵੱਲ ਦੇਖਿਆ, ਫਿਰ ਬੋਲੀ, "ਮੈਨੂੰ ਤਾਂ ਕੋਈ ਨਹੀਂ ਸਿਫਾਰਸ਼ ਕਰ ਦੇਊਂਗੀ ਪਰ---।" ਆਖਦੀ ਉਹ ਚੁੱਪ ਕਰ ਗਈ।

> ***ਗੁਰਸੀਰ ਨੇ ਅਮ੍ਰਿਤ ਵੱਲ ਦੇਖਿਆ। ਉਸ ਨੂੰ ਅਮ੍ਰਿਤ ਦੇ ਚਿਹਰੇ 'ਤੇ ਚਾਅ ਨੱਚਦਾ ਦਿਸਿਆ। ਗੁਰਸੀਰ ਨੂੰ ਆਪਣੇ ਵੱਲ ਤੱਕਦਾ ਦੇਖ ਅਮ੍ਰਿਤ ਬੋਲੀ, "ਸ਼ੀਰ, ਮੇਰੇ ਨਹੁੰ ਦੇਖਿਓ। ਕਿਵੇਂ ਲਗਦੇ ਆ? ਮੈਂ ਆਪੇ ਬਣਾਏ ਆ।" ਗੁਰਸੀਰ ਨੂੰ ਅਮ੍ਰਿਤ ਦੇ ਤਰਾਸ਼ੇ ਨਹੁੰਆਂ ਦੇ ਨਾ਼ਲ-ਨਾ਼ਲ ਉਸ ਦੀਆਂ ਫਲੀਆਂ ਵਰਗੀਆਂ ਉਂਗਲਾਂ ਵੀ ਲੁਭਾਉਣੀਆਂ ਲੱਗੀਆਂ। ਉਸ ਨੇ ਅਮ੍ਰਿਤ ਦੀਆਂ ਉਂਗਲਾਂ ਆਪਣੇ ਹੱਥਾਂ ਵਿਚ ਲੈ ਲਈਆਂ ਤੇ ਉਸ ਦੇ ਨਹੁੰਆਂ ਵੱਲ ਦੇਖਣ ਲੱਗਾ। ਉਸ ਦੇ ਚਿੱਤ 'ਚ ਆਈ, 'ਜੇ ਕੰਮ ਮਿਲ ਗਿਆ, ਕੱਲ੍ਹ ਨੂੰ ਏਨ੍ਹਾਂ ਨਹੁੰਾਂ ਨੇ ਭਾਂਡੇ ਧੋਂਦਿਆਂ ਘਸ ਜਾਣੈ। ਇਸ ਤਰ੍ਹਾਂ ਦੇ ਸੋਹਣੇ ਨਹੀਂ ਰਹਿਣਾ।'***

"ਦੀ ਪਲੀਜ਼, ਸਾਨੂੰ ਜੌਬ ਦੀ ਬਹੁਤ ਲੋੜ ਆ।"

"ਤੁਸੀਂ ਇੰਟਰਵਿਊ ਦੇ ਦਿਓ। ਬਹਿਜੋ।" ਆਖ ਕੇ ਔਰਤ ਅੰਦਰ ਜਾਣ ਲੱਗੀ ਫਿਰ ਮੁੜ ਆਈ ਤੇ ਬੋਲੀ, "ਵਾਲਮਾਰਟ ਸਟੋਰ 'ਚ ਅਪਲਾਈ ਕਰ ਦਿਓ। ਓਹ ਹਾਇਰ ਕਰਦੇ ਆ। ਮੇਰਾ ਅੰਦਰ ਕੰਮ ਕਰਨ ਵਾਲ਼ਾ ਪਿਐ।" ਆਖ ਕੇ ਉਹ ਅੰਦਰ ਚਲੀ ਗਈ।

ਅਮ੍ਰਿਤ ਨੇ ਗੁਰਸੀਰ ਵੱਲ ਦੇਖਿਆ। ਉਹ ਬੋਲਿਆ, "ਬਹਿ ਜਾਨੇ ਆਂ।"

ਸਵਾ ਇਕ ਵਜੇ ਤੱਕ ਕੋਈ ਵੀ ਨਾ ਆਇਆ। ਗੁਰਸੀਰ ਨੇ ਕਿਹਾ, "ਜਾਹ, ਪੁੱਛ ਤਾਂ ਅੰਦਰੋਂ।"

ਅਮ੍ਰਿਤ ਉਸ ਕੰਧ ਕੋਲ ਗਈ ਜਿੱਥੇ 'ਕੇਵਲ ਕਰਮਚਾਰੀ' ਲਿਖਿਆ ਸੀ ਤੇ ਉੱਚੀ ਆਵਾਜ਼'ਚ ਬੋਲੀ, "ਦੀ।"

ਅੰਦਰੋਂ ਹੁੰਗਾਰਾ ਸੁਣ ਕੇ ਅਮ੍ਰਿਤ ਮੁੜ ਬੋਲੀ, "ਕਦੋਂ ਕੁ ਤਕ ਆ ਜਾਣਗੇ ਮਾਲਕ?"

"ਮੈਂ ਦੇਖਦੀ ਹਾਂ ਫੋਨ ਕਰ ਕੇ।" ਔਰਤ ਨੇ ਅੰਦਰੋਂ ਹੀ ਜਵਾਬ ਦਿੱਤਾ। ਫਿਰ ਕੁੱਝ ਮਿੰਟਾਂ ਬਾਅਦ ਬਾਹਰ ਆ ਕੇ ਬੋਲੀ, "ਓਨ੍ਹਾਂ ਤੋਂ ਨਹੀਂ ਛੇਤੀ ਆ ਹੋਣਾ, ਲਓ ਤੁਸੀਂ ਫੋਨ'ਤੇ ਹੀ ਗੱਲ ਕਰ ਲਓ।" ਔਰਤ ਨੇ ਫੋਨ ਅਮ੍ਰਿਤ ਨੂੰ ਫੜਾ ਦਿੱਤਾ।

"ਸਰ, ਆਈ ਐਮ ਹੇਅਰ ਫਾਰ ਦਾ ਇੰਟਰਵਿਊ।" ਅਮ੍ਰਿਤ ਨੇ ਫੋਨ'ਚ ਕਿਹਾ। ਇਹ ਫਿਕਰਾ ਬੋਲਣ ਲਈ ਉਹ ਅਭਿਆਸ ਕਰਦੀ ਰਹੀ ਸੀ। ਅੰਗਰੇਜ਼ੀ ਜਾਣਦੀ ਹੋਣ ਦਾ ਚੰਗਾ ਪ੍ਰਭਾਵ ਪਾਉਣ ਲਈ ਉਸ ਨੇ ਕਈ ਸੰਭਾਵੀ ਪ੍ਰਸ਼ਨਾਂ ਦੇ ਜਵਾਬ ਦੇਣ ਲਈ ਅਭਿਆਸ ਕੀਤਾ ਸੀ।

"ਸਰ, ਪਹਿਲਾਂ ਤਾਂ ਕਿਸੇ ਪੀਜ਼ਾ ਸ਼ਾਪ 'ਚ ਕੰਮ ਨਹੀਂ ਕੀਤਾ ਪਰ ਮੈਂ ਛੇਤੀ ਸਿੱਖ ਜਾਵਾਂਗੀ।"

"ਠੀਕ ਐ, ਸਰ।" ਅਮ੍ਰਿਤ ਨੇ ਕਿਹਾ ਅਤੇ ਫੋਨ ਔਰਤ ਨੂੰ ਫੜਾ ਦਿੱਤਾ ਤੇ ਬੋਲੀ, "ਉਹ ਕਹਿੰਦੇ ਦੋ-ਤਿੰਨ ਹੋਰਾਂ ਨੇ ਵੀ ਆਉਣੈ ਇੰਟਰਵਿਊ ਦੇਣ ਲਈ। ਦੀ, ਮੈਂ ਕੰਮ ਛੇਤੀ ਸਿੱਖ ਜਾਊਂ, ਜੇ ਕਹੋਂ ਤਾਂ ਇਕ ਹ਼ਫ਼ਤਾ ਫਰੀ ਕੰਮ 'ਤੇ ਆ ਜਾਊਂ ਟ੍ਰੇਨਿੰਗ ਲੈਣ ਪਰ ਤੁਸੀਂ ਮੇਰੀ---।" ਔਰਤ ਵਿਚੋਂ ਹੀ ਬੋਲੀ, "ਸੱਚੀ ਗੱਲ ਦੱਸਾਂ? ਤੁਹਾਨੂੰ ਇਹ ਜੌਬ ਨਹੀਂ ਮਿਲਣੀ। ਇਹ ਤਾਂ ਏਨ੍ਹਾਂ ਨੇ ਐੱਲ ਐੱਮ ਆਈ ਏ ਅਪਰੂਵ ਕਰਵਾਉਣ ਲਈ ਫਰਜ਼ੀ ਐਡਵਰਟਾਈਜ਼ ਕੀਤੀ ਹੋਈ ਐ। ਤੁਹਾਡੇ ਤਰਲੇ ਸੁਣ ਕੇ ਮੈਥੋਂ ਦੱਸ ਹੋ ਗਿਆ।"

ਇਹ ਸੁਣਦਿਆਂ ਹੀ ਅਮ੍ਰਿਤ ਦੀਆਂ ਅੱਖਾਂ ਭਰ ਆਈਆਂ। ਗੁਰਸੀਰ ਦੇ ਅੰਦਰੋਂ ਲਾਟ ਉੱਠੀ। ਉਸ ਦੀਆਂ ਮੁੱਠੀਆਂ ਮਿਚ ਗਈਆਂ। ਉਸ ਨੇ ਅਮ੍ਰਿਤ ਵੱਲ ਦੇਖਿਆ। ਉਸ ਦੀਆਂ ਅੱਖਾਂ ਵੱਲ ਦੇਖ ਕੇ ਗੁਰਸੀਰ ਨੇ ਉਸ ਦੀ ਬਾਂਹ ਫੜੀ ਤੇ ਬੋਲਿਆ, "ਆ ਚੱਲੀਏ। ਕੋਈ ਨਾ ਕਿਤੇ ਹੋਰ ਮਿਲ ਜਾਊ। ਤੂੰ ਅਗਾਂਹ ਨੂੰ 'ਆਪਣਿਆਂ' ਦੇ ਅਪਲਾਈ ਹੀ ਨਾ ਕਰੀਂ।" ***(ਚੱਲਦਾ)***

# ਮਜ਼ਹਬ ਹੀ ਸਿਖਾਤਾ ਹੈ ਆਪਸ ਮੇਂ ਵੈਰ ਰੱਖਣਾ...

ਜੰਗਲੀ ਮਨੁੱਖ ਨੇ ਸੱਭਿਅਕ ਹੋਣ ਵੱਲ ਜਿੰਨੇ ਕਦਮ ਪੁੱਟੇ ਹਨ, ਇਸ ਨੇ ਆਪਣੇ ਵੱਖਰੇ ਕਬੀਲੇ ਸਿਰਜਣ ਵੱਲ ਵੀ ਉਸ ਤੋਂ ਵੱਧ ਕਦਮ ਪੁੱਟੇ ਹਨ। ਜੰਗਲ ਵਿਚ ਇਸ ਨੂੰ ਜਾਨਵਰਾਂ ਦੇ ਸ਼ਿਕਾਰ ਲਈ ਅਤੇ ਖੂੰਖਾਰ ਜਾਨਵਰਾਂ ਨੂੰ ਮਾਰਨ ਲਈ ਮਨੁੱਖੀ ਝੁੰਡ ਬਣਾਉਣੇ ਪਏ। ਇਕ ਦੂਸਰੇ ਤੋਂ ਸ਼ਿਕਾਰ ਖੋਹਣ ਲਈ ਗਰੁੱਪ ਆਪਸ ਵਿਚ ਵੀ ਲੜਦੇ ਰਹੇ। ਇਨ੍ਹਾਂ ਗਰੁੱਪਾਂ ਤੋਂ ਹੀ ਵੱਖਰੇ ਵੱਖਰੇ ਕਬੀਲੇ ਹੋਂਦ ਵਿਚ ਆਏ। ਸ਼ਾਇਦ ਉਹੀ ਜੰਗਲੀ-

**ਰਵਿੰਦਰ ਚੋਟ**
**ਫੋਨ-98726-73703**

ਰੁਚੀ ਸਭਿਆ ਸਮਾਜ ਸਿਰਜਣ ਤੋਂ ਬਾਅਦ ਵੀ ਇਸ ਦੇ ਅਵਚੇਤਨ ਦਾ ਹਿੱਸਾ ਬਣੀ ਹੋਈ ਹੈ। ਇਨ੍ਹਾਂ ਕਬੀਲਿਆਂ ਵਿਚ ਮਹਜ਼ਬ, ਧਰਮ, ਜਾਤ-ਪਾਤ ਅਤੇ ਊਚ-ਨੀਚ ਦੀਆਂ ਦੀਵਾਰਾਂ ਉਸਰਦੀਆਂ ਗਈਆ। ਹਰ ਮਜ਼ਹਬ ਦੇ ਆਗੂਆਂ ਨੇ ਆਪਣੇ ਆਪਣੇ ਕਬੀਲੇ ਦੀ ਵਿਚਾਰਧਾਰਾ ਘੜੀ ਅਤੇ ਸਖਤ ਨਿਯਮ ਬਣਾਏ, ਸਖਤੀ ਨਾਲ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਵਾਈ। ਹੌਲੀ ਹੌਲੀ ਬੰਦੇ ਨੂੰ ਬੰਦਾ ਬਣਾਉਣ ਲਈ ਵੱਖਰੇ ਵੱਖਰੇ ਧਰਮ ਹੋਂਦ ਵਿਚ ਆਏ ਸਨ ਪਰ ਬੰਦੇ ਦੀ ਘਟੀਆ ਸੋਚ ਕਾਰਨ ਆਪਣੇ ਦਾਇਰਿਆਂ ਵਿਚ ਸੀਮਤ ਹੋ ਕੇ ਇੱਕ ਦੂਸਰੇ ਨਾਲ ਸਿੰਗ ਫਸਾ ਕੇ ਬੈਠ ਗਏ। ਭਾਵੇਂ ਹਰ ਧਰਮ ਦੀ ਰੂਹ ਇਨਸਾਨੀਅਤ/ਮਨੁੱਖਤਾ ਅਤੇ ਮਾਨਵਤਾ ਦਾ ਪ੍ਰਚਾਰ ਕਰਦੀ ਹੈ ਪਰ ਧਰਮਾਂ ਦੇ ਪੈਰੋਕਾਰਾਂ ਨੇ ਆਪਣੀ ਜੰਗਲੀ ਰੁਚੀ ਕਾਰਨ ਦੂਸਰੇ ਧਰਮ ਦੇ ਪੀਰਾਂ-ਪੈਗੰਬਰਾਂ, ਧਾਰਮਿਕ ਗ੍ਰੰਥਾਂ ਅਤੇ ਧਾਰਮਿਕ ਸਥਾਨਾਂ ਨੂੰ ਨੀਚਾ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ।

ਇਹੀ ਜੰਗਲੀ ਰੁਚੀ ਹੁਣ ਇਨਸਾਨ ਨੂੰ ਬਹੁਤ ਹੇਠਲੇ ਪੱਧਰ 'ਤੇ ਲੈ ਆਈ ਹੈ। ਹਰਿਆਣਾ ਦੇ ਨੂਹ ਸ਼ਹਿਰ ਵਿਖੇ ਦੋ ਮਸਜ਼ਿਦਾਂ ਅਤੇ ਦੁਕਾਨਾਂ ਨੂੰ ਅੱਗ ਲਗਾਈ ਗਈ। ਹਰਿਆਣੇ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਟਕਰਾਅ ਬਹੁਤ ਮੰਦਭਾਗਾ ਹੋ ਨਿੱਬੜਿਆ ਹੈ। ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਵਲੋਂ ਕੱਢੀ ਗਈ ਸ਼ੋਭਾ ਯਾਤਰਾ ਦੌਰਾਨ ਹੋਏ ਦੰਗਿਆਂ ਦਾ ਸੇਕ ਨੂਹ, ਸੁਹਾਣਾ, ਗੁਰੂਗ੍ਰਾਮ ਕਸਬਿਆਂ ਤੋਂ ਹੁੰਦਾ ਹੋਇਆ ਫਰੀਦਾਬਾਦ ਤਕ ਪਹੁੰਚਿਆ। ਭੜਕੀ ਭੀੜ ਵਲੋਂ ਇਕ ਖਾਸ ਫਿਰਕੇ ਦੀ ਦੁਕਾਨ ਨੂੰ ਅੱਗ ਲਗਾਈ ਗਈ। ਗੁਰੂਗ੍ਰਾਮ ਦੇ ਸੈਕਟਰ 56-57 ਵਿਚ ਨਿਰਮਾਣ ਅਧੀਨ ਇਕ ਧਾਰਮਿਕ ਸਥਾਨ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਕੁੱਝ ਮੌਤਾਂ ਵੀ ਹੋਈਆਂ ਦੱਸੀਆਂ ਗਈਆਂ ਹਨ। ਅਫਵਾਹ ਇਹ ਸੀ ਕਿ ਮੋਨੂ ਮਾਨੇਸਰ ਜਿਸ ਉਤੇ ਦੋ ਮੁਸਲਮਾਨਾਂ ਦੀ ਹੱਤਿਆ ਦਾ ਦੋਸ਼ ਲਗਿਆ ਹੋਇਆ ਹੈ, ਉਹ ਵੀ ਸ਼ੋਭਾ ਯਾਤਰਾ ਵਿਚ ਆ ਰਿਹਾ ਹੈ ਪਰ ਉਹ ਨਹੀਂ ਆਇਆ। ਮੁਸਲਮਾਨਾਂ ਨੂੰ ਪਹਿਲਾਂ ਹੀ ਉਸ ਨਾਲ ਨਫਰਤ ਸੀ। ਉਸ ਵਲੋਂ ਦਿਤੀਆਂ ਧਮਕੀਆਂ ਵੀ ਨਫਰਤ ਦਾ ਕਾਰਨ ਬਣੀਆਂ। ਮਨੀਪੁਰ ਵਿਚ ਤਾਂ ਇਹ ਸੰਪ੍ਰਦਾਇਕ ਹਿੰਸਾ ਲਗਪਗ ਪਿਛਲੇ ਤਿੰਨ ਮਹੀਨਿਆਂ ਤੋਂ ਚੱਲ ਰਹੀ ਹੈ। ਇਹ ਹਿੰਸਾ ਕੁਕੀ ਭਾਈਚਾਰੇ ਅਤੇ ਮੈਤੇਈ ਭਾਈਚਾਰੇ ਵਿਚਕਾਰ ਚੱਲ ਰਹੀ ਹੈ। ਇਹ ਅੱਗ ਤਾਂ ਲੰਬੇ ਅਰਸੇ ਤੋਂ ਸੁਲਗ ਰਹੀ ਹੈ ਪਰ ਜਦੋਂ ਮੈਤੇਈ ਪੁਰਸ਼ਾਂ ਨੇ ਕੁਕੀ ਭਾਈਚਾਰੇ ਨਾਲ ਸਬੰਧਤ ਦੋ ਔਰਤਾਂ ਨੂੰ ਨਗਨ ਕਰ ਕੇ ਸ਼ਰੇਆਮ ਉਨ੍ਹਾਂ ਨਾਲ ਕੁਕਰਮ ਕੀਤੇ ਅਤੇ ਉਨ੍ਹਾਂ ਨੂੰ ਇਸੇ ਹਾਲਤ ਵਿਚ ਬਜ਼ਾਰਾਂ ਵਿਚ ਘੁਮਾਇਆ ਤਾਂ ਇਹ



ਅੱਗ ਭਾਂਬੜ ਬਣ ਗਈ ਜਿਹੜੀ ਕਿ ਹੁਣ ਬੁੱਝਣ ਦਾ ਨਾਂ ਨਹੀਂ ਲੈ ਰਹੀ। ਹਰ ਰੋਜ਼ ਕੱਟ ਵੱਢ ਹੋ ਰਹੀ ਹੈ, ਲੋਕ ਮਾਰੇ ਜਾ ਰਹੇ ਹਨ, ਸੈਂਕੜੇ ਲੋਕ ਜ਼ਖਮੀ ਹੋ ਰਹੇ ਹਨ ਪਰ ਸਰਕਾਰਾਂ ਜਾਣਬੁੱਝ ਕੇ ਆਪਣੇ ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਇਸ ਹਿੰਸਾ ਨੂੰ ਰੋਕਣ ਵਲ ਪੁਖਤਾ ਕਦਮ ਨਹੀਂ ਉਠਾ ਰਹੀਆਂ। ਇਹ ਵੀ ਦੋਸ਼ ਲੱਗ ਰਹੇ ਹਨ ਕਿ ਸਰਕਾਰਾਂ ਕੁਕੀ ਲੋਕਾਂ ਦੇ ਜੰਗਲਾਂ 'ਤੇ ਕਾਰਪੋਰੇਟ ਸੈਕਟਰ ਦਾ ਕਬਜ਼ਾ ਵੀ ਕਰਵਾਉਣਾ ਚਾਹੁੰਦੀਆਂ ਹਨ। ਕੁਕੀ ਭਾਈਚਾਰੇ ਦੇ ਮਾਰੇ ਗਏ ਲੋਕਾਂ ਨੂੰ ਦਫਨਾਉਣ 'ਤੇ ਵੀ ਪਾਬੰਦੀਆਂ ਲੱਗ ਰਹੀਆਂ ਹਨ। ਆਜ਼ਾਦੀ ਤੋਂ ਪਹਿਲਾਂ ਵੀ ਇਹੋ ਜਿਹੇ ਮੰਦਭਾਗੇ ਵਰਤਾਰੇ ਹੁੰਦੇ ਰਹੇ ਹਨ। ਇਸੇ ਲਈ ਈਸਵੀ 1904 ਵਿਚ ਉਰਦੂ ਦੇ ਉੱਘੇ ਸ਼ਾਇਰ ਮੁਹੰਮਦ ਇਕਬਾਲ ਨੇ ਦੇਸ਼ ਪਿਆਰ ਦੀ ਇਕ ਗ਼ਜ਼ਲ ਵਿਚ ਲਿਖਿਆ ਸੀ;

ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰੱਖਣਾ...।

ਪਰ ਹੁਣ ਵਰਤਾਰਾ ਇਸ ਦੇ ਉਲਟ ਹੋ ਗਿਆ ਹੈ। ਫਿਰਕੂ ਦੰਗਿਆਂ ਦਾ ਇਤਿਹਾਸ ਭਾਵੇਂ ਸਾਰੇ ਸੰਸਾਰ ਵਿਚ ਮਿਲਦਾ ਹੈ ਪਰ ਸਾਡੇ ਮੁਲਕ ਵਿਚ ਇਨ੍ਹਾਂ ਦਾ ਰੰਗ ਕੁਝ ਜ਼ਿਆਦਾ ਹੀ ਗੂੜ੍ਹਾ ਹੈ। ਭਾਗਲਪੁਰ ਵਿਖੇ ਸੰਨ 1989 ਮਿਤੀ 24 ਅਕਤੂਬਰ ਨੂੰ ਰਾਮ ਸ਼ਿਲਾ ਪੂਜਨ ਸਮੇਂ ਕੱਢੀ ਗਈ ਯਾਤਰਾ ਤੋਂ ਬਾਅਦ ਦੰਗੇ ਭੜਕੇ ਅਤੇ ਹਿੰਦੂ ਮੁਸਲਮਾਨਾਂ ਵਿਚ ਮਾਰ-ਧਾੜ ਸ਼ੁਰੂ ਹੋਈ ਜਿਹੜੀ ਕਿ ਦੋ ਮਹੀਨੇ ਚਲਦੀ ਰਹੀ। ਸ਼ੁਰੂ ਵਿਚ ਹੀ 27 ਅਕਤੂਬਰ 1989 ਨੂੰ 116 ਲੋਕਾਂ ਨੂੰ ਮਾਰ ਕੇ ਖੇਤਾਂ ਵਿਚ ਦਫਨਾ ਕੇ ਉਪਰ ਗੋਭੀ ਬੀਜ ਦਿੱਤੀ ਗਈ। ਇਨ੍ਹਾਂ ਦੰਗਿਆਂ ਵਿਚ ਲਗਪਗ 1062 ਲੋਕਾਂ ਦੀ ਮੌਤ ਹੋਈ। ਇਸੇ ਤਰ੍ਹਾਂ ਗੁਜਰਾਤ ਵਿਚ ਸਾਲ 2002 ਵਿਚ ਦੰਗੇ ਭੜਕੇ ਜਿਸ ਵਿਚ 790 ਮੁਸਲਮਾਨ ਅਤੇ 254 ਹਿੰਦੂ ਮਾਰੇ ਗਏ। ਇਹ ਦੰਗੇ ਵੀ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਹੋਏ। ਕਾਰਨ ਇਹ ਬਣਿਆ ਕਿ ਹਿੰਦੂਆਂ ਨੂੰ ਸ਼ੱਕ ਹੋ ਗਿਆ ਸੀ ਕਿ ਮੁਸਲਮਾਨ ਹਿੰਦੂਆਂ ਨੂੰ ਲਿਜਾ ਰਹੀ ਟਰੇਨ 'ਤੇ ਹਮਲਾ ਕਰਨਗੇ। ਇਸੇ ਸ਼ੱਕ ਅਧੀਨ ਹਿੰਦੂਆਂ ਨੇ ਮੁਸਲਮਾਨਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਤਾਂ ਤਿੰਨ ਦਿਨਾਂ ਵਿਚ ਹੀ ਏਨੇ ਲੋਕ ਆਪਣੀ ਜਾਨ ਤੋਂ ਹੱਥ ਧੋ ਬੈਠੇ। ਗੁਜਰਾਤ ਵਿਚ 1969 ਦੇ ਸਤੰਬਰ ਵਿਚ ਵੀ ਇਨ੍ਹਾਂ ਦੋਵਾਂ ਫਿਰਕਿਆਂ ਵਿਚ ਦੰਗੇ ਭੜਕੇ ਸਨ ਕਿਉਂਕਿ ਮੁਸਲਿਮ ਲੋਕਾਂ ਨੇ ਕੁੱਝ ਹਿੰਦੂ ਸਾਧੂਆਂ 'ਤੇ ਹਮਲਾ ਕਰ ਦਿੱਤਾ ਸੀ ਅਤੇ ਇਕ ਮੰਦਰ ਨੂੰ ਨੁਕਸਾਨ ਪਹੁੰਚਾਇਆ ਸੀ। ਇਸ ਤੋਂ ਬਾਅਦ ਹਿੰਦੂਆਂ ਨੇ ਮੁਸਲਿਮ ਦਰਗਾਹ 'ਤੇ ਹਮਲਾ ਕਰ ਕੇ ਬੰਦੇ ਮਾਰ ਦਿੱਤੇ ਸਨ। ਇਨ੍ਹਾਂ ਦੰਗਿਆਂ ਵਿਚ ਦੋਵਾਂ ਧਿਰਾਂ ਦੇ ਤਕਰੀਬਨ 512 ਲੋਕ ਮਾਰੇ ਗਏ ਸਨ ਜਿਨ੍ਹਾਂ ਵਿਚ 430 ਮੁਸਲਿਮ ਸਨ। ਹਜ਼ਾਰਾਂ ਲੋਕ ਜ਼ਖਮੀ ਹੋਏ ਸਨ ਅਤੇ 48000 ਲੋਕਾਂ ਦੀ ਪ੍ਰਾਪਰਟੀ ਤਬਾਹ ਹੋਈ ਸੀ। ਾਲ 1946 ਵਿਚ ਕਲਕੱਤਾ ਵਿਚ 16 ਤੋਂ 19 ਅਗਸਤ ਤਕ ਹਿੰਦੂਆਂ ਤੇ ਮੁਸਲਮਾਨਾਂ ਵਿਚ ਭੇੜ ਹੁੰਦਾ ਰਿਹਾ। ਇਕ ਅੰਦਾਜ਼ੇ ਮੁਤਾਬਕ ਇਨ੍ਹਾਂ ਚਾਰ ਦਿਨਾਂ ਵਿਚ 5000 ਲੋਕ ਮਾਰੇ ਗਏ ਅਤੇ 15000 ਜ਼ਖਮੀ ਹੋਏ ਸਨ। ਜੰਮੂ ਕਸ਼ਮੀਰ ਵਿਚ ਵੀ ਪੈਦਾ ਹੋਈ ਮਿਲੀਟੈਂਸੀ ਦੇ ਕਾਰਨ ਬਹੁਤ ਸਾਰੇ ਦੰਗੇ ਹੁੰਦੇ ਰਹੇ। ਇਹ ਵੀ ਮਜ਼ਹਬਾਂ ਦਾ ਵਿਕਰਾਲ ਰੂਪ ਹੀ ਸੀ। ਇਸ ਕਾਰਨ ਸਾਲ 1990 ਵਿਚ ਤਕਰੀਬਨ 177 ਹਿੰਦੂ ਅਤੇ 679 ਮੁਸਲਿਮ ਮਾਰੇ ਗਏ। 1991 ਵਿਚ 34 ਹਿੰਦੂ ਅਤੇ 549 ਮੁਸਲਿਮ ਜਾਨੋਂ ਗਏ। 1992 ਵਿਚ 67 ਹਿੰਦੂ ਅਤੇ 747 ਮੁਸਲਿਮ ਜਾਨ ਤੋਂ ਹੱਥ ਧੋ ਬੈਠੇ। 1993 ਵਿਚ 88 ਹਿੰਦੂ ਅਤੇ 891 ਮੁਸਲਿਮ ਮਾਰੇ ਗਏ। ਦੋਵਾਂ ਧਰਮਾਂ ਵਿਚ ਅਜੇ ਵੀ ਖਿੱਚੋਤਾਣ ਚਲਦੀ ਰਹਿੰਦੀ ਹੈ ਤੇ ਬੰਦੇ ਮਾਰਦੇ ਅਤੇ ਮਰਦੇ ਰਹਿੰਦੇ ਹਨ। 1984 ਵਿਚ ਦਿੱਲੀ ਦੰਗਿਆਂ ਵਿਚ ਇਕੋ ਫਿਰਕੇ ਦੇ ਲਗਪਗ 3000 ਲੋਕ ਮਾਰ ਦਿੱਤੇ ਗਏ ਅਤੇ ਹੋਰ 40 ਸ਼ਹਿਰਾਂ ਵਿਚ ਵੀ ਅੰਦਾਜ਼ਨ ਹਜ਼ਾਰਾਂ ਲੋਕਾਂ ਨੂੰ ਜ਼ਿੰਦਗੀ ਤੋਂ ਹੱਥ ਧੋਣੇ ਪਏ। ਇਹ ਵੀ ਇਕ ਕਿਸਮ ਦਾ ਮਜ਼ਹਬੀ ਵਰਤਾਰਾ ਸੀ। ਇਸੇ ਤਰ੍ਹਾਂ ਦਿੱਲੀ ਦੇ ਸ਼ਾਹੀਨ ਬਾਗ ਵਿਚ ਮੁਸਲਿਮ ਔਰਤਾਂ ਵਲੋਂ ਦਿੱਤਾ ਗਿਆ ਧਰਨਾ ਭਾਵੇਂ ਸੀ.ਏ.ਏ, ਐਨ.ਆਰ.ਸੀ ਅਤੇ ਐਨ.ਪੀ.ਆਰ ਐਕਟਾਂ ਦੇ ਖ਼ਿਲਾਫ ਸੀ ਪਰ ਡੂੰਘਾਈ ਵਿਚ ਵੇਖਿਆਂ ਮਹਿਸੂਸ ਹੁੰਦਾ ਹੈ ਕਿ ਇਹ ਅੰਦੋਲਨ ਵੀ ਮਜ਼ਹਬੀ ਧੱਕੇਸ਼ਾਹੀ ਖ਼ਿਲਾਫ ਹੀ ਸੀ ਕਿਉਂਕਿ ਇਸ ਵਿਚ ਹਿੱਸਾ ਲੈਣ ਵਾਲੀਆਂ ਔਰਤਾਂ ਵੀ ਲਗਪਗ ਇਕੋ ਮਜ਼ਹਬ ਨਾਲ ਸਬੰਧ ਰੱਖਦੀਆਂ ਸਨ।

ਬਹੁਤ ਸਾਰੇ ਦੇਸ਼ਾਂ ਦੀ ਵੰਡ ਵੀ ਮਜ਼ਹਬ ਦੇ ਆਧਾਰ 'ਤੇ ਹੀ ਹੋਈ ਜਿਵੇਂ ਕਿ ਹਿੰਦੁਸਤਾਨ ਤੇ ਪਾਕਿਸਤਾਨ। ਇਨ੍ਹਾਂ ਦੋਹਾਂ ਮੁਲਕਾਂ ਦੀ ਵੰਡ ਨੇ ਤਕਰੀਬਨ ਦਸ ਲੱਖ ਤੋਂ ਵੱਧ ਭਾਰਤੀ ਨਿਗਲ ਲਏ, ਹਜ਼ਾਰਾਂ ਔਰਤਾ ਦੀ ਬੇਪੱਤੀ ਹੋਈ, ਹਜ਼ਾਰਾਂ ਯਤੀਮ ਹੋਏ, ਕਰੋੜਾਂ ਦੀਆਂ ਜਾਇਦਾਦਾਂ ਤਬਾਹ ਹੋਈਆਂ ਅਤੇ ਦੋਵਾਂ ਖਿੱਤਿਆਂ ਦੇ ਸਾਂਝੇ ਸਭਿਆਚਾਰਕ ਵਿਰਸੇ ਬਿੱਖਰ ਗਏ। ਦੋਵਾਂ ਦੇਸ਼ਾਂ ਦੀ ਆਰਥਿਕ ਹਾਲਤ ਵੀ ਬੁਰੀ ਤਰ੍ਹਾਂ ਪਤਲੀ ਪੈ ਗਈ ਜਿਸ ਨੂੰ ਸੁਧਾਰਨ ਲਈ ਅਜੇ ਤਕ ਜਦੋ-ਜਹਿਦ ਜਾਰੀ ਹੈ। ਹੋਰ ਵੀ ਬਹੁਤ ਸਾਰੇ ਦੇਸ਼ ਜਿਵੇਂ ਕਿ ਬੋਸਨੀਆ ਤੇ ਯੂਗੋਸਲਾਵੀਆ ਵੰਡੇ ਗਏ ਕਿਉਂਕਿ ਬੋਸਨੀਆ ਵਿਚ ਵੀ ਮੁਸਲਿਮ ਲੋਕ ਜ਼ਿਆਦਾ ਸਨ। ਆਇਰਲੈਂਡ ਦੇ ਵਖਰੇਵੇਂ ਦਾ ਕਾਰਨ ਵੀ ਪ੍ਰੋਟੈਸਟੈਂਟ ਅਤੇ ਕੈਥੋਲਿਕ ਬਣੇ। ਤੀਮੋਰ ਤੇ ਇੰਡੋਨੇਸ਼ੀਆ, ਨੋਰਥ ਸੁਡਾਨ ਤੇ ਸਾਊਥ ਸੁਡਾਨ, ਇਜ਼ਰਾਇਲ ਤੇ ਪੋਲਿਸਟਰੇਟ ਆਦਿ ਵੀ ਧਰਮਾਂ/ਫਿਰਕਿਆਂ ਦੇ ਆਧਾਰ 'ਤੇ ਵੰਡੇ ਗਏ। ਕਿਤੇ ਸੁਨੀ ਤੇ ਸ਼ੀਆ ਦੇ ਵੀ ਮਸਲੇ ਹਨ। ਭਾਰਤ, ਰੋਮਾਨੀਆ, ਨੇਪਾਲ, ਟਰਕੀ, ਆਸਟਰੇਲੀਆ, ਕੈਨੇਡਾ, ਸਿੰਗਾਪੁਰ, ਸਾਊਥ ਅਫਰੀਕਾ, ਸਾਊਥ ਕੋਰੀਆ, ਸਵਿਟਜ਼ਰਲੈਂਡ ਆਦਿ ਦੇਸ਼ਾਂ ਦਾ ਕੋਈ ਰਾਸ਼ਟਰੀ ਧਰਮ ਨਹੀਂ ਹੈ। ਧਰਮਾਂ ਨੇ ਲੋਕਾਂ ਨੂੰ ਰਾਜਨੀਤੀ ਨਾਲੋਂ ਵੀ ਵੱਧ ਵੰਡਿਆ ਹੈ। ਇਸ ਦੇ ਨਾਲ ਨਾਲ ਧਰਮਾਂ ਵਿਚ ਕੁਰੱਪਸ਼ਨ ਅਤੇ ਮਸੰਦਪੁਣੇ ਨੇ ਇਨ੍ਹਾਂ ਦਾ ਉਦੇਸ਼ ਹੀ ਬਦਲ ਦਿੱਤਾ ਹੈ। ਜਿੱਥੇ ਧਰਮ ਬੰਦੇ ਨੂੰ ਬੰਦਾ ਬਣਾਉਣ ਲਈ ਪੈਦਾ ਹੋਏ ਸਨ ਉੱਥੇ ਓਨਾ ਹੀ ਇਹ ਬੰਦੇ ਨੂੰ ਇਨਸਾਨੀਅਤ ਤੋਂ ਦੂਰ ਲਿਜਾ ਰਹੇ ਹਨ। ਜਿਹੜੇ ਮੁਲਕਾਂ ਨੂੰ ਅਸੀਂ ਨਾਸਤਿਕ ਸਮਝਦੇ ਹਾਂ ਉਨ੍ਹਾਂ ਮੁਲਕਾਂ ਵੱਲ ਆਸਤਿਕ ਮੁਲਕਾਂ ਦੇ ਬੱਚੇ ਰੋਜ਼ੀ ਰੋਟੀ ਲਈ ਪਰਸਥਾਨ ਕਰ ਰਹੇ ਹਨ। ਇਕ ਫਿਰਕੇ ਦੇ ਧਾਰਮਿਕ ਸਥਾਨ ਢਾਹ ਕੇ ਦੂਸਰੇ ਧਰਮ ਸਥਾਨ ਉਸਾਰੇ ਜਾਂਦੇ ਰਹੇ ਹਨ ਤੇ ਹੁਣ ਵੀ ਇਹੀ ਦੁਹਰਾਇਆ ਜਾ ਰਿਹਾ ਹੈ।

ਅੰਗਰੇਜ਼ਾਂ ਨੇ "ਪਾੜੋ ਤੇ ਰਾਜ ਕਰੋ" ਦੀ ਨੀਤੀ ਸਾਰੇ ਥਾਈਂ ਰਾਜ ਕਰਨ ਲਈ ਵਰਤੀ ਤੇ ਜਿਥੇ ਵੀ ਉਹ ਗਏ ਉੱਥੋਂ ਦੇ ਲੋਕਾਂ ਦੇ ਜ਼ਿਹਨ ਵਿਚ ਵੀ ਇਸ ਦਾ ਬੀਜ ਬੀਜ ਗਏ। ਸਾਡੇ ਦੇਸ਼ ਵਿਚ ਧਰਮਾਂ ਦਾ ਵੀ ਇਹੀ ਵਰਤਾਰਾ ਚਲ ਰਿਹਾ ਹੈ। ਧਰਮਾਂ ਦੇ ਕੁੱਝ ਲਾਲਚੀ ਲੀਡਰ ਧਰਮ, ਲੋਕਾਂ ਨੂੰ ਅਤੇ ਧਾਰਮਿਕ ਸਥਾਨਾਂ ਨੂੰ ਵੀ ਪਾੜ ਕੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਕਰਦੇ ਹਨ। ਹਰ ਧਰਮ ਦੇ ਸਿਰਜਕਾਂ ਨੇ ਇਨਸਾਨੀਅਤ, ਮਨੁੱਖਤਾ ਤੇ ਮਾਨਵਤਾ ਦਾ ਪਾਠ ਪੜ੍ਹਾਇਆ ਹੈ ਪਰ ਪੈਰੋਕਾਰਾਂ ਨੇ ਉਨ੍ਹਾਂ ਦੀ ਸਿੱਖਿਆ 'ਤੇ ਅਮਲ ਕਰਨ ਦੀ ਬਜਾਏ ਅਰਥਾਂ ਦੇ ਅਨਰਥ ਕਰ ਛੱਡੇ ਹਨ। ਧਾਰਮਿਕ ਸਥਾਨਾਂ ਨੂੰ ਵੀ ਫਿਰਕਿਆਂ, ਜਾਤਾਂ-ਗੋਤਾਂ ਤੇ ਉਚ-ਨੀਚ ਵਿਚ ਵੰਡ ਛੱਡਿਆ ਹੈ। ਜੇਕਰ ਮਨੁੱਖ ਨੇ ਸਹੀ ਪਾਠ ਪੜ੍ਹਿਆ ਹੁੰਦਾ ਤਾਂ ਅੱਜ ਧਾਰਮਿਕ ਸਥਾਨਾਂ ਦੀ ਗਿਣਤੀ ਬਹੁਤ ਘੱਟ ਹੋਣੀ ਸੀ। ਵਿਦਿਅਕ-ਅਦਾਰਿਆਂ, ਸਰਕਾਰੀ ਮਹਿਕਮਿਆਂ ਵਿਚ ਹੱਕਾਂ ਲਈ ਲੜਨ ਲਈ ਯੂਨੀਅਨਾਂ ਵੀ ਜਾਤਾਂ ਆਧਾਰਤ ਬਣੀਆਂ ਹੋਈਆਂ ਹਨ। ਪੰਜਾਬੀ ਸਿਮੌਰ ਗ਼ਜ਼ਲਕਾਰ ਉਲਫਤ ਬਾਜਵਾ ਨੇ ਠੀਕ ਹੀ ਲਿਖਿਆ ਹੈ-

ਚੰਗਾ ਰੱਬ ਦਾ ਰਾਹ ਦਿਖਲਾਇਆ ਮਜ਼੍ਹਬਾਂ ਨੇ,
ਜਗ ਨੂੰ ਭੰਬਲ ਭੂਸੇ ਪਾਇਆ ਮਜ਼੍ਹਬਾਂ ਨੇ।
ਵੇਦ ਕਿਤਾਬਾਂ ਵਿਚ ਹੈ ਪਾਠ ਮੁਹੱਬਤ ਦਾ,
ਪਰ ਨਫਰਤ ਦਾ ਪਾਠ ਪੜ੍ਹਾਇਆ ਮਜ਼੍ਹਬਾਂ ਨੇ।
ਬਣ-ਮਾਣਸ ਬਣਿਆ ਸੀ ਬੰਦਾ ਮਸਾਂ ਮਸਾਂ,
ਇਸ ਨੂੰ ਬਾਂਦਰ ਫੇਰ ਬਣਾਇਆ ਮਜ਼੍ਹਬਾਂ ਨੇ।

# 'ਜੂਨੀਅਰ' ਫ਼ਿਲਮ ਰਾਹੀਂ ਮਮਤਾ ਦੀ ਹੂਕ ਬਣੇਗੀ ਸ੍ਰਿਸ਼ਟੀ ਜੈਨ

ਛੋਟੇ ਪਰਦੇ ਦੇ ਵੱਡੇ ਸੀਰੀਅਲਾਂ ਵਿਚ ਵੱਖਰੀ ਪਛਾਣ ਬਣਾਉਣ ਵਾਲੀ ਸ੍ਰਿਸ਼ਟੀ ਜੈਨ ਨੇ ਹੁਣ ਪੰਜਾਬੀ ਸਿਨਮੇ ਦੇ ਬੂਹੇ ਦਸਤਕ ਦਿੱਤੀ ਹੈ। ਬਹੁਤ ਜਲਦ ਦਰਸ਼ਕ ਸ੍ਰਿਸ਼ਟੀ ਜੈਨ ਨੂੰ ਨਿਰਮਾਤਾ ਤੋਂ ਹੀਰੋ ਬਣੇ ਅਮੀਕ ਵਿਰਕ ਨਾਲ ਫ਼ਿਲਮ "ਜੂਨੀਅਰ" ਵਿਚ ਵੇਖਣਗੇ।

ਆਪਣੇ ਕਿਰਦਾਰ ਬਾਰੇ ਗੱਲ ਕਰਦਿਆਂ ਸ੍ਰਿਸ਼ਟੀ ਜੈਨ ਨੇ ਦੱਸਿਆ ਕਿ ਪਹਿਲੀ ਵਾਰ ਪੰਜਾਬੀ ਫ਼ਿਲਮ 'ਚ ਕੰਮ ਕਰ ਕੇ ਉਸਨੂੰ ਬਹੁਤ ਵਧੀਆ ਲੱਗਾ। ਇਸ ਦੌਰਾਨ ਉਸ ਨੇ ਬਹੁਤ ਕੁਝ ਨਵਾਂ ਸਿੱਖਿਆ ਹੈ। ਇਸ ਫ਼ਿਲਮ ਵਿਚ ਉਸ ਨੇ 'ਸੁਮੈਰਾ' ਨਾਂ ਦੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜੋ ਬਹੁਤ ਪਿਆਰੀ, ਚੁਲਬੁਲੀ ਤੇ ਮਿਲਣਸਾਰ ਹੈ।

ਇਸ ਫ਼ਿਲਮ ਵਿਚ ਦਰਸ਼ਕ ਰੁਮਾਂਸ ਤੋਂ ਇਲਾਵਾ ਇਕ ਮਾਂ ਦੀਆਂ ਮਮਤਾ ਭਰੀਆਂ ਭਾਵਨਾਵਾਂ ਤੇ ਦਰਦ ਵਿਛੋੜੇ ਦੇ ਵੱਖ-ਵੱਖ ਸ਼ੇਡਜ਼ ਵਾਲੇ ਕਿਰਦਾਰਾਂ ਨੂੰ ਵੇਖਣਗੇ। ਪੰਜਾਬੀ ਸਿਨਮੇ ਲਈ ਇਹ ਕਮਾਲ ਦੀ ਐਕਸ਼ਨ ਫ਼ਿਲਮ ਸਾਬਤ ਹੋਵੇਗੀ। ਅਮੀਕ ਵਿਰਕ ਨੇ ਇਸ ਫ਼ਿਲਮ ਵਿਚ ਜ਼ਬਰਦਸਤ ਐਕਸ਼ਨ ਪੇਸ਼ ਕੀਤਾ ਹੈ।

ਭੋਪਾਲ ਦੀ ਜੰਮਪਲ ਸ੍ਰਿਸ਼ਟੀ ਜੈਨ ਨੇ ਦੱਸਿਆ ਕਿ ਬਚਪਨ ਤੋਂ ਹੀ ਉਸਨੂੰ ਕਲਾ ਨਾਲ ਮੋਹ ਸੀ ਤੇ ਉਹ ਐਕਟਰਸ ਬਣਨਾ ਚਾਹੁੰਦੀ ਸੀ ਪਰੰਤੂ ਘਰ ਦੇ ਹਾਲਾਤ ਤੇ ਪਰਿਵਾਰਕ ਨਾ-ਮਨਜ਼ੂਰੀ ਨੇ ਉਸਨੂੰ ਬਹੁਤ ਸਮੇਂ ਲਈ ਅੱਗੇ ਨਾ ਆਉਣ ਦਿੱਤਾ ਫਿਰ ਜਦ ਉਸਦੇ ਪਿਤਾ ਜੀ ਦੀ ਜੌਬ ਬਦਲ ਕੇ ਮੁੰਬਈ ਲੱਗੀ ਤਾਂ ਕਾਲਜ ਪੜ੍ਹਦਿਆਂ ਉਸਦਾ ਸੰਪਰਕ ਕੁਝ ਸੀਨੀਅਰ ਕਲਾਕਾਰਾਂ ਨਾਲ ਹੋਇਆ ਜੋ ਪਾਰਟ ਟਾਈਮ ਫ਼ਿਲਮਾਂ 'ਚ ਐਕਟਿੰਗ ਕਰਦੇ ਸੀ। ਉਸਨੇ ਵੀ ਆਡੀਸ਼ਨ ਦੇਣੇ ਸ਼ੁਰੂ ਕੀਤੇ। ਕਾਫ਼ੀ ਮੇਹਨਤ ਮਗਰੋਂ ਉਸਨੂੰ ਵੀ ਕੰਮ ਮਿਲਣ ਲੱਗਿਆ ਤੇ ਉਹ ਟੈਲੀਵਿਜ਼ਨ ਦੀ ਨਾਮੀ ਅਭਿਨੇਤਰੀ ਬਣ ਗਈ। ਜ਼ਿਕਰਯੋਗ ਹੈ ਕਿ ਸ੍ਰਿਸ਼ਟੀ ਜੈਨ ਨੇ ਸਟਾਰ ਪਲੱਸ ਲਈ 'ਮੇਰੀ ਦੁਰਗਾ' ਤੇ ਸੋਨੀ ਟੀ ਵੀ



ਲਈ 'ਮੈਂ ਮਾਇਕੇ ਚਲੀ ਜਾਊਂਗੀ' ਵਰਗੇ ਵੱਡੇ ਸੀਰੀਅਲ ਕੀਤੇ। ਇਸ ਤੋਂ ਇਲਾਵਾ ਬਾਲੀਵੁੱਡ ਫ਼ਿਲਮਾਂ 'ਵਾਰ ਛੋੜ ਨਾ ਯਾਰ' ਤੇ 'ਦੰਡ' ਵਿਚ ਵੀ ਅਹਿਮ ਕਿਰਦਾਰ ਨਿਭਾਏ। ਟੈਲੀਵਿਜ਼ਨ 'ਤੇ ਉਸਦੇ 'ਸੁਹਾਨੀ ਸੀ ਏਕ ਲੜਕੀ', 'ਮੇਰੀ ਦੁਰਗਾ', 'ਮੈਂ ਮਾਇਕੇ ਚਲੀ ਜਾਊਂਗੀ', 'ਏਕ ਥੀ ਰਾਣੀ ਏਕ ਥਾ ਰਾਵਨ', 'ਅਲੀ ਬਾਬਾ', 'ਬੜੇ ਅੱਛੇ ਲਗਤੇ ਹੈਂ-3' ਆਦਿ ਚਰਚਿਤ ਲੜੀਵਾਰ ਹਨ।

18 ਅਗਸਤ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ "ਜੂਨੀਅਰ" ਬਾਰੇ ਸ੍ਰਿਸ਼ਟੀ ਜੈਨ ਨੇ ਦੱਸਿਆ ਕਿ ਇਹ ਫ਼ਿਲਮ ਕਰਾਈਮ ਦੀ ਦੁਨੀਆ ਦਾ ਹਿੱਸਾ ਰਹੇ ਇਕ ਐਸੇ ਨੌਜਵਾਨ ਦੀ ਕਹਾਣੀ ਹੈ ਜੋ ਆਮ ਨਾਗਰਿਕ ਦੀ ਜ਼ਿੰਦਗੀ ਜਿਊਣਾ ਚਾਹੁੰਦਾ ਹੈ ਪ੍ਰੰਤੂ ਉਸਦੇ ਹੱਸਦੇ-ਵਸਦੇ ਪਰਿਵਾਰ ਵਿਚ ਉਸ ਵੇਲੇ ਸੱਥਰ ਵਿਛ ਜਾਂਦਾ ਹੈ ਜਦ ਉਸਦੀ ਮਾਸੂਮ ਬੱਚੀ ਗੈਂਗਸਟਰਾਂ ਦੀ ਗੋਲੀ ਦਾ ਸ਼ਿਕਾਰ ਹੋ ਜਾਂਦੀ ਹੈ।

ਇਸ ਫ਼ਿਲਮ ਵਿਚ ਇਨਸਾਨੀ ਜੀਵਨ ਤੇ ਕਰਾਈਮ ਦੀ ਦੁਨੀਆ ਦਾ ਸੱਚ ਬਹੁਤ ਹੀ ਬਰੀਕੀ ਨਾਲ ਪੇਸ਼ ਕੀਤਾ ਗਿਆ ਹੈ। ਇਕ ਹੋਰ ਗੱਲ ਕਿ ਇਹ ਫ਼ਿਲਮ ਆਮ ਫ਼ਿਲਮਾਂ ਵਰਗੀ ਨਹੀਂ ਹੈ ਇਸ ਵਿਚ ਪੰਜਾਬੀ ਦੇ ਨਾਲ ਨਾਲ ਹਿੰਦੀ, ਅੰਗਰੇਜ਼ੀ ਤੇ ਕੁਝ ਹੋਰ ਭਾਸ਼ਾਵਾਂ ਵੀ ਹਨ।

ਨਦਰ ਫ਼ਿਲਮਜ਼ ਦੀ ਪੇਸ਼ਕਸ ਨਿਰਮਾਤਾ ਬੀਰਇੰਦਰ ਕੌਰ ਤੇ ਅਮੀਕ ਵਿਰਕ ਦੀ ਇਸ ਫ਼ਿਲਮ ਵਿਚ ਅਮੀਕ ਵਿਰਕ, ਸ੍ਰਿਸ਼ਟੀ ਜੈਨ, ਕਬੀਰ ਬੇਦੀ, ਯੋਗਰਾਜ ਸਿੰਘ, ਪਰਦੀਪ ਚੀਮਾ, ਅਜੇ ਜੇਠੀ, ਰੋਮੀ ਸਿੰਘ, ਰਾਮ ਔਜਲਾ, ਪਰਦੀਪ ਰਾਵਤ, ਰਾਣਾ ਜੈਸਲੀਨ ਤੇ ਕਬੀਰ ਸਿੰਘ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਨਿਰਦੇਸ਼ਨ ਹਰਮਨ ਢਿੱਲੋਂ ਤੇ ਨਦਰ ਫ਼ਿਲਮਜ਼ ਨੇ ਕੀਤਾ ਹੈ।

*-ਸੁਰਜੀਤ ਜੱਸਲ*
*ਫੋਨ: 98146-07737*

# ਬੇਭਰੋਸਗੀ ਦਾ ਮਤਾ -'ਬਾਤ ਤੋ ਖ਼ੂਬ ਹੂਈ ਉਨ ਸੇ ਮਗਰ, ਸਿਰਫ ਮੁੱਦੇ ਕੀ ਬਾਤ ਹੀ ਨਾ ਹੂਈ'

ਲੋਕ ਸਭਾ ਵਿਚ ਬੇਭਰੋਸਗੀ ਦੇ ਮਤੇ ਉਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2 ਘੰਟੇ 13 ਮਿੰਟ ਬੋਲੇ! ਉਨ੍ਹਾਂ ਦੇ ਗਲੇ ਅਤੇ 'ਲੰਗ-ਪਾਵਰ' ਦੀ ਸਿਫਤ ਕਰਨੀ ਬਣਦੀ ਹੈ ਅਤੇ ਉਨ੍ਹਾਂ ਨੂੰ ਸੁਣਨ ਵਾਲਿਆਂ ਦੇ ਸਬਰ ਦੀ ਸਰਾਹਨਾ (ਭਾਵੇਂ ਉਨ੍ਹਾਂ ਦੀ ਆਪਣੀ ਪਾਰਟੀ ਦੇ ਹੀ ਕਈ ਮੈਂਬਰ, ਸਮੇਤ ਕੁਝ ਮੰਤਰੀਆਂ ਦੇ, ਐਨੇ ਲੰਮੇ ਭਾਸ਼ਨ ਦੌਰਾਨ ਸੁੱਤੇ ਪਾਏ ਗਏ!)

ਐਡੇ ਲੰਮੇਰੇ ਭਾਸ਼ਨ ਵਿਚ ਕੇਂਦਰ ਬਿੰਦੂ-ਮਨੀਪੁਰ ਬਾਰੇ ਸਿਰਫ ਦੋ-ਢਾਈ ਮਿੰਟ ਹੀ ਬੋਲਿਆ ਗਿਆ ਅਤੇ ਉਹ ਵੀ ਉਦੋਂ ਜਦੋਂ ਠੀਕ 97ਵੇਂ ਮਿੰਟ ਵਿਚ 'ਮਨੀਪੁਰ ਮਨੀਪੁਰ' ਦੀ ਇਕਸੁਰ ਪੁਕਾਰ ਕਰਦਿਆਂ ਕਰਦਿਆਂ ਅੱਕ ਕੇ ਵਿਰੋਧੀ ਪਾਰਟੀਆਂ ਦੇ ਨਵੇਂ ਗੱਠਜੋੜ 'ਇੰਡੀਆ' ਦੇ ਮੈਂਬਰਾਂ ਨੇ ਸਦਨ ਵਿਚੋਂ ਵਾਕ ਆਊਟ ਕਰ ਦਿੱਤਾ। ਜਾਣੀ ਬੇਭਰੋਸਗੀ ਦਾ ਮਤਾ ਵਿਰੋਧੀ ਧਿਰ ਨੇ ਇਸ 'ਮਜਬੂਰੀ' ਵਿਚ ਲਿਆਂਦਾ ਸੀ ਕਿ ਪ੍ਰਧਾਨ ਮੰਤਰੀ ਸੰਸਦ ਵਿਚ ਆ ਕੇ ਮਨੀਪੁਰ ਉਪਰ ਕੋਈ ਬਿਆਨ ਨਹੀਂ ਸਨ ਦੇ ਰਹੇ। ਵਿਰੋਧੀ ਧਿਰ ਨੇ ਰਾਜ ਸਭਾ ਦੇ ਚੇਅਰਮੈਨ (ਉਪ-ਰਾਸ਼ਟਰਪਤੀ) ਨੂੰ ਵੀ ਬੇਨਤੀ ਕੀਤੀ ਕਿ ਉਹ ਪ੍ਰਧਾਨ ਮੰਤਰੀ ਨੂੰ ਸਦਨ ਵਿਚ ਆ ਕੇ ਮਨੀਪੁਰ ਬਾਰੇ ਬਿਆਨ ਦੇਣ ਲਈ ਕਹਿਣ। ਪਰ ਚੇਅਰਮੈਨ ਨੇ ਵੀ ਕੋਰੀ ਨਾਂਹ ਕਰ ਦਿੱਤੀ। ਭਲਾ ਕੌਣ ਕਹੇ ਰਾਣੀਏ ਅੱਗਾ ਢੱਕ?



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਇਹ ਜਾਣਦਿਆਂ ਕਿ ਉਨ੍ਹਾਂ ਕੋਲ ਗਿਣਤੀ ਨਹੀਂ ਹੈ ਫਿਰ ਵੀ 'ਇੰਡੀਆ' ਗੱਠਜੋੜ ਵਾਲਿਆਂ ਵਲੋਂ ਸੰਸਦ ਮੈਂਬਰ ਗੌਰਵ ਗੋਗੋਈ ਨੇ ਕਿਹਾ ਕਿ ਉਨ੍ਹਾਂ ਦੇ ਗੱਠਜੋੜ ਨੇ 3 ਮੰਗਾਂ ਲਈ ਬੇਭਰੋਸਗੀ ਦਾ ਮਤਾ ਪੇਸ਼ ਕੀਤਾ ਹੈ- ਪਹਿਲਾ, ਪ੍ਰਧਾਨ ਮੰਤਰੀ ਮਨੀਪੁਰ ਕਿਉਂ ਨਹੀਂ ਗਏ? ਦੂਜਾ ਉਨ੍ਹਾਂ ਨੂੰ ਮੀਡੀਆ ਅੱਗੇ ਮਨੀਪੁਰ ਦੇ ਸ਼ਰਮਨਾਕ ਨਗਨ-ਪਰੇਡ ਕਾਂਡ ਉਪਰ ਬੋਲਣ ਲਈ 80 ਦਿਨ ਕਿਉਂ ਲੱਗ ਗਏ? ਤੇ ਤੀਜਾ ਮਨੀਪੁਰ ਦੇ ਮੁੱਖ ਮੰਤਰੀ ਨੂੰ ਬਰਖਾਸਤ ਕਿਉਂ ਨਹੀਂ ਕੀਤਾ?

ਪ੍ਰਧਾਨ ਮੰਤਰੀ ਨੇ ਇਨ੍ਹਾਂ 'ਚੋਂ ਇਕ ਗੱਲ ਦਾ ਵੀ ਜਵਾਬ ਨਹੀਂ ਦਿੱਤਾ! ਉਨ੍ਹਾਂ ਨੇ ਲੋਕ ਸਭਾ ਵਿਚ ਬੇਭਰੋਸਗੀ ਦੇ ਮਤੇ ਉਪਰ ਇਉਂ ਬੋਲਿਆ ਜਿਵੇਂ ਉਹ ਸਦਨ ਨੂੰ ਸੰਬੋਧਨ ਨਾ ਕਰ ਰਹੇ ਹੋਣ ਸਗੋਂ ਕਿਸੇ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਹੋਣ। ਆਪਣੇ 2 ਘੰਟੇ ਅਤੇ 13 ਮਿੰਟ ਦੇ ਰਿਕਾਰਡ-ਤੋੜ ਲੰਮੇ ਭਾਸ਼ਨ ਵਿਚ ਉਨ੍ਹਾਂ ਨੇ ਲਗਭਗ ਇਕ ਘੰਟਾ ਤਾਂ ਕਾਂਗਰਸ ਦੀ ਕੁਮਾਠੀ ਕਰਨ ਅਤੇ ਇਕ ਘੰਟਾ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੱਸਣ ਉਪਰ ਲਗਾਇਆ। ਸੁਆਦ ਅਤੇ ਚਟਖਾਰੇ ਲੈ ਲੈ, ਪਾਣੀ ਪੀ-ਪੀ, ਵਿਅੰਗ ਕੱਸ-ਕੱਸ, ਚੁਟਕਲੇਬਾਜ਼ੀ/ਜੁਮਲੇਬਾਜ਼ੀ ਅਤੇ ਡੈਸਕ ਥਪ ਥਪਾ ਕੇ ਪੂਰੀ ਭੜਾਸ ਕੱਢੀ। ਉਹ ਇਕ ਤਰ੍ਹਾਂ ਕਾਂਗਰਸ ਵਿਰੁੱਧ ਨਾਅਰੇਬਾਜ਼ੀ ਜਿਹੀ ਕਰਵਾਉਂਦੇ ਰਹੇ। ਉਨ੍ਹਾਂ ਵਾਰ ਵਾਰ 'ਇੰਡੀਆ' ਨਾਮ ਦੇ ਗੱਠਜੋੜ ਨੂੰ 'ਘੁਮੰਡੀਆ' ਗੱਠਜੋੜ ਗਰਦਾਨਿਆ।

ਲਗਭਗ ਪੌਣੇ ਦੋ ਘੰਟੇ ਤਕ ਪ੍ਰਧਾਨ ਮੰਤਰੀ ਨੇ ਮਨੀਪੁਰ ਤਾਂ ਕੀ, ਇਸ ਦਾ ਪਹਿਲਾ ਅੱਖਰ 'ਮ' ਤਕ ਦਾ ਨਾਮ ਨਹੀਂ ਲਿਆ। ਵਿਰੋਧੀ ਪਾਰਟੀਆਂ ਇਕ ਸੁਰਤਾਲ ਵਿਚ 'ਮਨੀਪੁਰ ਮਨੀਪੁਰ' ਦੀ ਪੁਕਾਰ/ਗੁਹਾਰ ਲਗਾਉਂਦੀਆਂ ਰਹੀਆਂ ਪਰ ਪ੍ਰਧਾਨ ਮੰਤਰੀ ਨੇ ਮਜਾਲ ਐ ਕਿ ਮਨੀਪੁਰ ਬਾਰੇ ਇਕ ਸ਼ਬਦ ਵੀ ਬੋਲਿਆ ਹੋਵੇ। ਪਰ ਜਿਉਂ ਹੀ ਗੱਠਜੋੜ ਨਾਲ ਸਬੰਧਤ ਪਾਰਟੀਆਂ ਨੇ ਵਾਕ ਆਊਟ ਕੀਤਾ ਤਾਂ ਤੁਰੰਤ ਪ੍ਰਧਾਨ ਮੰਤਰੀ ਨੇ ਦੋ-ਢਾਈ ਮਿੰਟ ਲਈ ਬੇਭਰੋਸਗੀ ਦੇ 'ਮੁੱਖ ਮੁੱਦੇ' ਮਨੀਪੁਰ ਉਪਰ ਬੋਲਣਾ ਸ਼ੁਰੂ ਕਰ ਦਿੱਤਾ। ਜਿਵੇਂ ਉਹ ਉਡੀਕ ਰਹੇ ਹੋਣ ਕਿ ਕਦੋਂ ਉਨ੍ਹਾਂ ਦੇ ਲੰਮੇ ਭਾਸ਼ਨ ਤੋਂ ਅੱਕ ਕੇ ਵਿਰੋਧੀ ਧਿਰ ਬਾਹਰ ਜਾਵੇ ਤੇ ਉਹ ਮਨੀਪੁਰ ਉਪਰ ਕੁਝ ਸ਼ਬਦ ਬੋਲਣ ਦੀ ਉਪਚਾਰਕਤਾ ਪੂਰੀ ਕਰਨ। ਚਲੋ, ਕੁਫਰ ਟੂਟਾ ਖੁਦਾ ਖੁਦਾ ਕਰਕੇ! ਬੋਲੇ ਤਾਂ ਸਹੀ ਪਰ ਬੋਲੇ ਕੀ? ਓਹੀ ਜੁਮਲੇਬਾਜ਼ੀ, ਸ਼ਬਦੀ ਜਾਲ, ਗੱਲਾਂ ਦੇ ਗੁਲਗੁਲੇ! ਅਖੇ ਪੂਰਾ ਦੇਸ਼ ਅਤੇ ਸਦਨ ਮਨੀਪੁਰ ਦੇ ਲੋਕਾਂ ਨਾਲ ਹੈ। ਮਹਿਲਾਵਾਂ ਨੂੰ ਵੀ ਭਰੋਸਾ ਦਿੱਤਾ। ਰਾਜ ਅਤੇ ਕੇਂਦਰ ਸਰਕਾਰ ਵੱਲੋਂ ਮਿਲ ਕੇ ਸ਼ਾਂਤੀ ਬਹਾਲੀ ਦੇ ਯਤਨਾਂ ਦੀ ਗਲ ਵੀ ਕੀਤੀ। ਇਕ ਸਜਰੇ ਸੂਰਜ ਦੇ ਉਗਣ ਦਾ ਸਾਹਿਤਕ ਜੁਮਲਾ ਵੀ ਦਾਗਿਆ।

ਇਥੇ ਵੀ ਉਹ ਸਿਆਸਤ ਕਰਨੋਂ ਬਾਜ਼ ਨਹੀਂ ਆਏ। ਕਾਂਗਰਸ ਵਲੋਂ ਬੀਤੇ ਸਮੇਂ ਵਿਚ ਮਿਜ਼ੋਰਮ ਉਪਰ ਹਵਾਈ ਸੈਨਾ ਦੀ ਕਾਰਵਾਈ ਕਰਨ ਅਤੇ ਅਕਾਲ ਤਖਤ ਉਪਰ ਹਮਲੇ ਦੀ ਗੱਲ ਵੀ ਕਰ ਦਿੱਤੀ।

ਪਰ ਇਹ ਨਹੀਂ ਦੱਸਿਆ ਕਿ ਮਨੀਪੁਰ ਵਿਚ ਅਮਲੀ ਰੂਪ 'ਚ ਸਰਕਾਰ ਕੀ ਕਰ ਰਹੀ ਹੈ। ਪਿਛਲੇ ਚਾਰ ਮਹੀਨਿਆਂ ਤੋਂ ਮਨੀਪੁਰ ਸੜ ਰਿਹੈ, ਬਹੁਗਿਣਤੀ ਮੈਤੇਈ ਫਿਰਕੇ ਦੇ ਲੋਕ ਘੱਟਗਿਣਤੀ ਕੁੱਕੀ-ਜ਼ੋਮ ਆਦਿ-ਵਾਸੀਆਂ ਉਪਰ ਕਹਿਰ ਢਾਹ ਰਹੇ ਹਨ, ਬਹੁਗਿਣਤੀ ਫਿਰਕੇ ਦਾ ਮੁੱਖ ਮੰਤਰੀ ਅਤੇ ਉਸ ਦੀ ਪੁਲਿਸ ਨਾਲ ਰਲੀ ਹੋਈ ਹੈ। ਹੁਣ ਤਾਂ ਸੁਪਰੀਮ ਕੋਰਟ ਨੇ ਵੀ ਇਹ ਕਹਿ ਦਿੱਤਾ ਕਿ ਮਨੀਪੁਰ ਪੁਲਿਸ ਦੀ ਕਾਰਗੁਜ਼ਾਰੀ ਸ਼ੱਕ ਦੇ ਘੇਰੇ ਵਿਚ ਹੈ।

ਸੁਪਰੀਮ ਕੋਰਟ ਦੇ 3-ਮੈਂਬਰੀ ਬੈਂਚ ਨੇ ਉੱਤਰ-ਪੂਰਬੀ ਸੂਬੇ 'ਚ ਔਰਤਾਂ ਵਿਰੁੱਧ ਹੋ ਰਹੇ ਅਪਰਾਧਾਂ ਉਪਰ ਰੋਸ ਪ੍ਰਗਟਾਉਂਦਿਆਂ ਇਹ ਕਿਹੈ ਕਿ 'ਮਨੀਪੁਰ 'ਚ ਜਿਨਸੀ ਹਿੰਸਾ ਰੋਕਣਾ ਸਰਕਾਰ ਦੀ ਜ਼ਿੰਮੇਵਾਰੀ ਹੈ'। ਬੈਂਚ ਨੇ ਇਹ ਵੀ ਕਿਹਾ ਕਿ ਰਾਜ ਦੇ ਪੁਲਿਸ ਅਧਿਕਾਰੀਆਂ ਦੀ ਹਿੰਸਾ ਵਿਚਲੀ ਭੂਮਿਕਾ ਵੀ ਜਾਂਚ ਦੇ ਘੇਰੇ ਵਿਚ ਹੈ।

ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ, ਜਿਸ ਵਿਚ ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਸ਼ਾਮਿਲ ਹਨ, ਨੇ 7 ਅਗਸਤ ਵਾਲੇ ਆਪਣੇ ਹੁਕਮ, ਜਿਸ ਨੂੰ 10 ਅਗਸਤ ਨੂੰ ਅੱਪਲੋਡ ਕੀਤਾ ਗਿਐ, ਵਿਚ ਕਿਹੈ-"ਭੀੜ ਦੂਜੇ ਵਰਗਾਂ ਨੂੰ ਆਪਣੀ ਅਧੀਨਤਾ ਦਾ ਸੁਨੇਹਾ ਦੇਣ ਲਈ ਜਿਨਸੀ ਹਿੰਸਾ ਦਾ ਇਸਤੇਮਾਲ ਕਰਦੀ ਹੈ



ਤੇ ਰਾਜ ਇਸ ਨੂੰ ਰੋਕਣ ਲਈ ਪਾਬੰਦ ਹੈ"। ਜਿਨਸੀ ਹਿੰਸਾ ਨੂੰ ਭਿਆਨਕ, ਨਿੰਦਣਯੋਗ ਅਤੇ ਅਤਿਆਚਾਰ ਗਰਦਾਨਦਿਆਂ ਬੈਂਚ ਨੇ ਕਿਹਾ, 'ਜਿਨ੍ਹਾਂ ਲੋਕਾਂ ਨੂੰ ਅਜਿਹੀ ਹਿੰਸਾ ਦਾ ਨਿਸ਼ਾਨਾ ਬਣਾਇਆ ਜਾਂਦੈ, ਉਨ੍ਹਾਂ ਦੀ ਰੱਖਿਆ ਕਰਨਾ ਰਾਜ ਦਾ ਪਹਿਲਾ ਫਰਜ਼ ਹੈ-ਇਹ ਉਸ ਦਾ ਸਭ ਤੋਂ ਮਹੱਤਵਪੂਰਨ ਫਰਜ਼ ਵੀ ਹੈ"।

ਪਰ ਪ੍ਰਧਾਨ ਮੰਤਰੀ ਸੁਪਰੀਮ ਕੋਰਟ ਨੂੰ ਟਿੱਚ ਜਾਣਦੈ (ਚੀਫ਼ ਜਸਟਿਸ ਨੂੰ ਚੋਣ ਕਮਸ਼ਿਨ ਦੇ ਮੈਂਬਰਾਂ ਦੀ ਚੋਣ ਕਰਨ ਵਾਲੇ 3-ਮੈਂਬਰੀ ਪੈਨਲ 'ਚੋਂ ਬਾਹਰ ਕਢਣ ਲਈ ਰਾਜ ਸਭਾ ਵਿਚ ਪੇਸ਼ ਕੀਤਾ ਗਿਆ ਬਿੱਲ ਇਸ ਦੀ ਤਾਜ਼ਾ ਮਿਸਾਲ ਹੈ)।

ਜੋ ਸਿਖਰਲੀ ਅਦਾਲਤ ਨੂੰ ਨਹੀਂ ਮੰਨਦਾ ਉਹ ਵਿਰੋਧੀ ਪਾਰਟੀਆਂ ਨੂੰ ਕੀ ਮੰਨੂ? ਉਸ ਕੋਲ ਗਿਣਤੀ ਹੀ ਐਨੀ ਹੈ ਕਿ ਉਹ ਕਿਸੇ ਨੂੰ ਕੱਖ ਨਹੀਂ ਜਾਣਦਾ।

ਮਾਹਿਰਾਂ ਅਨੁਸਾਰ ਪਿਛਲੇ 75 ਸਾਲਾਂ ਵਿਚ ਕੋਈ 28 ਬੇਭਰੋਸਗੀ ਦੇ ਮਤੇ ਪੇਸ਼ ਕੀਤੇ ਜਾ ਚੁੱਕੇ ਹਨ (10 ਅਗਸਤ ਵਾਲੇ ਸਮੇਤ)। ਹੁਣ ਵਾਲਾ ਅਤੇ 2018 ਤੇ 2003 ਵਾਲੇ ਮਤੇ ਮੌਨਸੂਨ ਸੈਸ਼ਨ ਵੇਲੇ ਆਮ ਚੋਣਾਂ ਤੋਂ ਪਹਿਲਾਂ ਪੇਸ਼ ਕੀਤੇ ਗਏ। ਸਭ ਪਾਰਟੀਆਂ ਨੇ ਇਸ ਨੂੰ ਚੋਣ ਬਿਗਲ ਵਜਾਉਣ ਵਜੋਂ ਵਰਤਦਿਆਂ ਆਪਣੀ ਆਪਣੀ ਕਾਰਗੁਜ਼ਾਰੀ ਨੂੰ ਬਣਾ-ਸੰਵਾਰ ਕੇ ਪੇਸ਼ ਕੀਤਾ/ਲੋਕਾਂ ਅੱਗੇ ਪਰੋਸਿਆ। ਸੱਤਾਧਾਰੀ ਪਾਰਟੀ ਦੇ ਗ੍ਰਹਿ ਮੰਤਰੀ ਨੇ ਆਪਣੇ ਦੋ ਘੰਟੇ ਦੇ ਭਾਸ਼ਨ ਦੌਰਾਨ ਮੋਦੀ ਸਰਕਾਰ ਦੀਆਂ ਮਾਅਰਕਾਖੇਜ਼ ਮੱਲਾਂ ਮਾਰੇ ਜਾਣ ਦੇ ਕਸੀਦੇ ਪੜ੍ਹੇ। ਰਹਿੰਦੀ ਕਸਰ ਮੋਦੀ ਨੇ ਆਪ ਪੂਰੀ ਕਰ ਦਿੱਤੀ।

3 ਦਿਨ ਅਤੇ 20 ਘੰਟੇ ਦੀ ਇਸ ਬਹਿਸ ਨੇ ਇਕ ਗੱਲ ਸਪੱਸ਼ਟ ਕਰ ਦਿੱਤੀ ਕਿ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰਾਂ ਵਿਚ ਸੰਵਾਦ ਨਦਾਰਦ ਹੈ। ਜਿਸ ਤਰ੍ਹਾਂ ਇਸ ਬੇਭਰੋਸਗੀ ਮਤੇ ਵਿਚ ਬੁਲਾਰਿਆਂ ਦੇ ਬੋਲਾਂ ਵਿਚ ਕੁੜੱਤਣ ਸੀ, ਆਕਰਮਕ ਟੋਕਾ-ਟਾਕੀ ਸੀ, ਉਸ ਤੋਂ ਸਾਫ ਦਿਸਦਾ ਸੀ ਕਿ ਸਾਡੀ ਸਿਆਸਤ ਵਿਚਲਾ ਪਾਰਾ ਬਹੁਤ ਚੜ੍ਹ ਗਿਆ ਹੈ। ਸੀ ਬੇਸ਼ਕ ਮੌਨਸੂਨ ਸੈਸ਼ਨ ਅਤੇ ਸੰਸਦ ਦੀ ਕਾਰਵਾਈ ਹੜ੍ਹ ਮਾਰੇ ਇਲਾਕਿਆਂ ਵਾਂਗ ਰੌਲੇ ਰੱਪੇ ਦੇ ਵਹਾਅ ਵਿਚ ਹੀ ਰੁੜ੍ਹ ਗਈ, ਪਰ ਗਰਮਾ-ਗਰਮੀ, ਮਿਹਣ-ਕੁਮੇਹਣੀ ਦੀ ਕੋਈ ਹੱਦ ਨਹੀਂ ਰਹੀ।

ਇਸ ਦਾ ਪ੍ਰਮਾਣ ਇਸ ਗੱਲ ਤੋਂ ਮਿਲ ਜਾਂਦੈ ਕਿ ਸਪੀਕਰ ਨੇ ਕੁੱਲ 40 ਦੇ ਕਰੀਬ ਇਤਰਾਜ਼ਯੋਗ ਸ਼ਬਦ ਖਾਰਜ (ਡਿਲੀਟ) ਕੀਤੇ। 2018 ਦੇ ਮਤੇ ਵੇਲੇ ਇਹ ਗਿਣਤੀ ਪੰਜ ਵੀ ਨਹੀਂ ਸੀ।

ਕਈ ਮੈਂਬਰਾਂ ਨੂੰ ਮੁਅੱਤਲ ਵੀ ਕੀਤਾ ਗਿਆ। 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਤਾਂ ਬਾਹਰ ਹੀ ਬੈਠੇ ਰਹੇ! ਕਾਂਗਰਸ ਦੇ ਅਧੀਰ ਰੰਜਨ ਚੌਧਰੀ ਨੂੰ ਵੀ ਮੁਅੱਤਲ ਕੀਤਾ ਗਿਆ। ਆਪਣੇ ਭਾਸ਼ਨ ਵਿਚ ਉਨ੍ਹਾਂ ਇਕ ਬੜਾ ਸੁੰਦਰ ਸ਼ੇਅਰ ਬੋਲਿਆ-"ਐ ਕਾਫਿਲੇ ਵਾਲੋ ਤੁਮ ਇਤਨਾ ਭੀ ਨਹੀਂ ਸਮਝੇ,/ ਲੁਟਾ ਹੈ ਤੁਮਹੇ ਰਾਹਜ਼ਨ ਨੇ ਰਾਹਬਰ ਕੇ ਇਸ਼ਾਰੇ ਪਰ"। ਜਾਂਦਿਆਂ ਜਾਂਦਿਆਂ ਰਾਹੁਲ ਗਾਂਧੀ ਨੇ 'ਫਲਾਇੰਗ ਕਿਸ" ਦੇ ਕੇ ਭਾਜਪਾ ਦੀਆਂ ਮਹਿਲਾ ਸੰਸਦ ਮੈਂਬਰਾਂ ਦੇ ਸੱਤੀਂ ਕੱਪੜੀਂ ਅੱਗ ਲਗਾ ਦਿੱਤੀ। ਗੁਸੇ ਵਿਚ ਕੇਂਦਰੀ ਮੰਤਰੀ ਸਮਰਿਤੀ ਇਰਾਨੀ ਤਾਂ ਕੱਪੜਿਆਂ ਤੋਂ ਬਾਹਰ ਹੀ ਹੋ ਗਈ। ਸਪੀਕਰ ਕੋਲ ਰਾਹੁਲ ਦੇ ਔਰਤ-ਨਫਰਤੀ ਵਰਤਾਰੇ ਵਿਰੁੱਧ ਸ਼ਿਕਾਇਤ ਦਰਜ ਕਰਵਾਈ। ਇਸ ਵਰਤਾਰੇ ਸਬੰਧੀ ਉਨ੍ਹਾਂ ਨੇ ਅੰਗਰੇਜ਼ੀ ਦਾ ਇਕ ਭਾਰੀ ਭਰਕਮ ਸ਼ਬਦ 'ਮਾਈਸੋਜਿਨਿਸਟਿਕ' ਵੀ ਬੋਲਿਆ!

ਬਹਿਸ ਵਿਚਲੀ ਕੁੜੱਤਣ ਦੇਖ ਕੇ ਸਾਨੂੰ ਭਾਜਪਾ ਨੇਤਾ ਅਤੇ ਤਤਕਾਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਯਾਦ ਆਏ। ਵਾਹ ਲਗਦੀ ਨੂੰ ਉਹ ਵਿਰੋਧੀਆਂ ਨੂੰ ਨਾਲ ਲੈ ਕੇ ਚੱਲਦੇ ਸਨ। ਸੰਵਾਦ ਬਣਾਈ ਰੱਖਦੇ ਸਨ, ਉਨ੍ਹਾਂ ਦੀ ਗੱਲ ਸੁਣਦੇ ਸਨ, ਮੰਨਣਯੋਗ ਸਲਾਹ ਮੰਨਦੇ ਸਨ।

ਪਰ ਹੁਣ ਤਾਂ 'ਦਰਅਸਲ ਵੋ ਸਾਬਤ ਹੂਏ ਬਿਖਰੇ ਹੂਏ ਪੰਨੇ, ਜੋ ਖੁਦ ਕੋ ਕਹਿ ਰਹੇ ਥੇ ਮੁਕੰਮਲ ਕਿਤਾਬ ਹੈਂ"।

ਬੇਭਰੋਸਗੀ ਦੇ ਮਤੇ ਸਬੰਧੀ ਤਾਂ ਇਹੀ ਕਿਹਾ ਜਾ ਸਕਦੈ- "ਬਾਤ ਤੋ ਖ਼ੂਬ ਹੂਈ ਉਨ ਸੇ ਮਗਰ, ਸਿਰਫ ਮੁੱਦੇ ਕੀ ਬਾਤ ਹੀ ਨਾ ਹੂਈ"।

ਆਪਣੇ ਲਈ ਮਨੀਪੁਰ ਵਾਲਿਆਂ ਨੂੰ ਆਪ ਹੀ ਕੁਝ ਕਰਨਾ ਪਊ-ਬਦਲਾਅ ਲਿਆ ਕੇ। ਜੇ ਬਦਲਾਅ ਨਹੀਂ ਲਿਆ ਸਕੇ ਤਾਂ ਫਿਰ-

"ਜਬ ਚੁਨਾ ਹੀ ਹੈ ਉਸੇ 'ਕਤਲ-ਏ-ਆਮ' ਕਾ ਹੁਨਰ ਦੇਖ ਕਰ,

ਤੋ ਮਾਯੂਸ ਕਿਉਂ ਹੋ 'ਲਾਸ਼ੋਂ ਕਾ ਸ਼ਹਿਰ' ਦੇਖ ਕਰ"!

---

# ਇੱਕੀਵੀਂ ਸਦੀ ਦੇ ਗੁਲਾਮ

ਕੋਈ ਸਮਾਂ ਸੀ ਜਦੋਂ ਮਨੁੱਖਾਂ ਨੂੰ ਪਸ਼ੂਆਂ ਵਾਂਗ ਵੇਚਿਆ-ਖਰੀਦਿਆ ਜਾਂਦਾ ਸੀ, ਖਰੀਦ-ਵੇਚ ਵਾਸਤੇ ਮੰਡੀਆਂ ਲੱਗਦੀਆਂ ਸਨ। ਮਨੁੱਖਾਂ ਤੋਂ ਪਸ਼ੂਆਂ ਵਾਂਗ ਹੀ ਕੰਮ ਲਿਆ ਜਾਂਦਾ ਸੀ। ਇਸਨੂੰ ਗੁਲਾਮਦਾਰੀ ਸਮਾਜ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਮਾਜ ਦੇ ਉੱਪਰਲੇ ਤਬਕੇ ਲਈ ਗੁਲਾਮ ਮਨੁੱਖੀ ਸ਼ਕਲ ਵਾਲ਼ੇ ਪਸ਼ੂ ਸਨ। ਇਨ੍ਹਾਂ ਗੁਲਾਮਾਂ ਦੇ ਗੁਲਾਮਦਾਰੀ ਵਿਰੁੱਧ ਲੰਬੇ ਘੋਲ਼ ਸਦਕਾ ਸਮਾਜ ਨੇ ਅਗਾਂਹ ਪੁਲਾਂਘ ਪੁੱਟੀ ਤੇ ਇੱਕ ਨਵੇਂ ਦੌਰ 'ਚ ਦਾਖਲ ਹੋਇਆ ਤੇ ਚਲਦਾ-ਚਲਦਾ ਮੌਜੂਦਾ ਸਮਾਜ ਦਾ ਰੂਪ ਧਾਰਿਆ। ਵੈਸੇ ਤਾਂ ਸਾਡਾ ਮੌਜੂਦਾ ਸਮਾਜ ਵੀ ਮਜ਼ਦੂਰ ਦੀ ਕਿਰਤ ਦੀ ਲੁੱਟ 'ਤੇ ਟਿਕਿਆ ਮਨੁੱਖ ਦੋਖੀ ਢਾਂਚਾ ਹੈ ਪਰ ਬੀਤੇ ਦੀ ਰਹਿੰਦ-ਖੂੰਹਦ ਜੋ ਅਤਿ ਭਿਅੰਕਰ ਹੋਵੇ, ਦੀ ਹੋਂਦ ਹੋਣਾ ਏਸ ਸਮਾਜ 'ਤੇ ਇੱਕ ਕਲੰਕ ਹੈ।

ਕਿਸੇ ਵੀ ਵਿਅਕਤੀ ਲਈ ਉੱਪਰਲੀ ਘਟਨਾ ਬੀਤੇ ਦੀ ਘਟਨਾ ਹੈ, ਅੱਜ ਉਸਦਾ ਜ਼ਿਕਰ ਕਰਨਾ ਬੇਲੋੜਾ ਲਗਦਾ ਹੈ ਪਰ ਜੇਕਰ ਅਸੀਂ ਪੰਜਾਬ ਦੇ ਹੀ ਕੁੱਝ ਜ਼ਿਲ੍ਹਿਆਂ ਵੱਲ ਝਾਤ ਮਾਰੀਏ ਤਾਂ ਸਾਨੂੰ ਇਹ ਵਰਤਾਰਾ ਵਿਖੇਗਾ।

ਪੰਜਾਬ ਦੇ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਫਿਰੋਜ਼ਪੁਰ,

**ਜਸਵਿੰਦਰ ਸਿੰਘ**
**ਫੋਨ: 98555-03174**

ਗੁਰਦਾਸਪੁਰ ਤੇ ਤਰਨਤਾਰਨ 'ਚ ਪ੍ਰਵਾਸੀਆਂ (ਸਥਾਨਕ ਵੀ) ਤੋਂ ਗੁਲਾਮਾਂ ਵਾਂਗ ਕੰਮ ਕਰਵਾਉਣਾ ਆਮ ਵਰਤਾਰਾ ਹੈ। ਜਿਸ 'ਤੇ ਤੁਸੀਂ ਸੋਸ਼ਲ ਮੀਡੀਆ 'ਤੇ ਘੁੰਮਦੀਆਂ ਬਹੁਤ ਸਾਰੀਆਂ ਵੀਡੀਓਜ਼ ਵੀ ਵੇਖੀਆਂ ਹੋਣਗੀਆਂ ਕਿ ਨੌਜਵਾਨਾਂ ਜਾਂ ਆਮ ਲੋਕਾਂ ਦੀ ਟੀਮ ਜਾ ਕੇ ਕਿਸੇ ਬੰਧੂਆਂ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀ ਨੂੰ ਕੈਦ 'ਚੋਂ ਛੁਡਵਾਉਂਦੀ ਹੈ। ਕਿਤੇ ਕਿਸੇ ਦੇ ਲੋਹੇ ਦਾ ਸੰਗਲ਼ ਲਾਇਆ ਹੋਇਆ ਹੈ ਤੇ ਕਿਤੇ ਨਿਗਰਾਨੀ ਦਾ ਸੰਗਲ਼ ਹੈ।

ਇਸਦੀ ਸ਼ੁਰੂਆਤ ਹੁੰਦੀ ਹੈ ਅੰਮ੍ਰਿਤਸਰ ਸ਼ਹਿਰ ਤੋਂ। ਅੰਮ੍ਰਿਤਸਰ ਇਕ ਵੱਡਾ ਸ਼ਹਿਰ ਹੋਣ ਦੇ ਨਾਲ਼ ਹੀ ਸੈਲਾਨੀਆਂ ਦਾ ਸ਼ਹਿਰ ਵੀ ਹੈ। ਇੱਥੇ ਲੱਖਾਂ ਹੀ ਯਾਤਰੀਆਂ ਨਾਲ਼ ਟ੍ਰੇਨਾਂ 'ਚ ਬਾਹਰਲੇ ਸੂਬਿਆਂ ਤੋਂ ਦਿਮਾਗੀ ਤੌਰ 'ਤੇ ਬਿਮਾਰ ਲੋਕ ਵੀ ਆ ਜਾਂਦੇ ਹਨ। ਜਿਨ੍ਹਾਂ ਨੂੰ ਧਾਰਮਿਕ ਸਥਾਨਾਂ ਲਾਗੇ ਘੁੰਮਦੇ ਅਸੀਂ ਆਮ ਵੇਖਦੇ ਹਾਂ। ਲੋੜ ਤਾਂ ਹੈ ਕਿ ਅਜਿਹੇ ਲੋਕਾਂ ਦਾ ਇਲਾਜ ਕਰ ਕੇ ਦਿਮਾਗੀ ਤੌਰ 'ਤੇ ਨਿਰੋਗ ਕੀਤੇ ਜਾਣ ਪਰ ਇਸਦੀ ਥਾਂ ਜਨਮ ਲਿਆ ਇਕ ਨਵੇਂ ਰੁਝਾਨ ਨੇ। ਜੋ ਮਨੁੱਖਾਂ ਦੀ ਤਸਕਰੀ ਦਾ ਧੰਦਾ ਹੈ। ਏਥੋਂ ਮਨੁੱਖੀ ਤਸਕਰ ਦਿਮਾਗੀ ਤੌਰ 'ਤੇ ਬਿਮਾਰਾਂ ਨੂੰ ਫੜ ਕੇ ਜਾਂ ਜੇ ਆਪੇ ਨਾਲ਼ ਤੁਰ ਪੈਣ ਤਾਂ ਠੀਕ ਨਹੀਂ ਧੱਕੇ ਨਾਲ਼ ਲਿਜਾ ਕੇ ਅੱਗੇ ਪਿੰਡਾਂ ਦੇ ਲੋਕਾਂ ਨੂੰ ਵੇਚ ਦਿੰਦੇ ਹਨ। ਪਿੰਡਾਂ 'ਚ ਮਾਨਸਿਕ ਬਿਮਾਰਾਂ ਦੇ ਖਰੀਦਦਾਰ ਡੇਅਰੀ ਦਾ ਧੰਦਾ ਕਰਨ ਵਾਲ਼ੇ ਹਨ ਜਿਨ੍ਹਾਂ ਦੇ ਘਰੇ ਮੱਝਾਂ-ਗਾਵਾਂ ਰੱਖੀਆਂ ਹੁੰਦੀਆਂ ਨੇ, ਉਹ ਲੋਕ ਇਨ੍ਹਾਂ ਨੂੰ ਗੋਹਾ-ਕੂੜਾ, ਚਾਰਾ ਲਿਆਉਣ ਤੇ ਹੋਰ ਕੰਮ ਕਰਵਾਉਣ ਲਈ ਖਰੀਦ ਲੈਂਦੇ ਹਨ। ਪਰ ਪਿੰਡਾਂ ਦੇ ਲੋਕਾਂ ਦੇ ਨਾਲ ਹੀ ਨਿਰੋਲ ਪਸ਼ੂਆਂ ਦਾ ਹੀ ਕੰਮ ਕਰਨ ਵਾਲ਼ੇ ਗੁੱਜਰ ਵੀ ਅਜਿਹੇ ਲੋਕਾਂ ਦੇ ਖਰੀਦਦਾਰ ਹਨ। ਗੁੱਜਰਾਂ ਦਿਆਂ ਵਾੜਿਆਂ 'ਚੋਂ ਵੀ ਬਹੁਤ ਲੋਕਾਂ ਨੂੰ ਆਜ਼ਾਦ ਕਰਵਾਇਆ ਗਿਆ। ਕਿਉਂਕਿ ਇਹ ਅਤਿ ਸਸਤੇ ਮਜ਼ਦੂਰ ਹਨ। ਸਿਰਫ ਇੱਕ ਵਾਰ ਕੀਮਤ ਅਦਾ ਕਰ ਕੇ ਮੁੜਕੇ ਜਿੰਨਾ ਮਰਜ਼ੀ ਤੇ ਜਿੰਨਾ ਹੀ ਸਮਾਂ ਕੰਮ ਲਈ ਜਾਓ।

ਅਜਿਹੇ ਲੋਕਾਂ ਨੂੰ ਛੁਡਵਾਉਣ ਦਾ ਕੰਮ ਕਰ ਰਹੀਆਂ ਸੰਸਥਾਵਾਂ ਅਨੁਸਾਰ ਪੰਜਾਬ ਦੇ ਚਾਰ ਜ਼ਿਲ੍ਹਿਆਂ 'ਚ ਹੀ 5 ਤੋਂ 7 ਹਜ਼ਾਰ ਅਜਿਹੇ ਲੋਕ ਹਨ ਜਿਨ੍ਹਾਂ ਤੋਂ ਘਰਾਂ 'ਚ ਬੰਨ੍ਹ ਕੇ ਕੰਮ ਕਰਵਾਇਆ ਜਾਂਦਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਇਕੱਲੇ ਵੱਛੀਵਿੰਢ ਪਿੰਡ 'ਚ 500 ਦੇ ਲਗਭਗ ਗੁਲਾਮ ਬਣਾਏ ਹੋਏ ਬੰਦੇ ਹਨ। ਇਸ ਪਿੰਡ ਦੇ ਪੰਚਾਇਤ ਮੈਂਬਰ ਦੇ ਆਵਦੇ ਘਰੇਂ ਮਾਨਸਿਕ ਤੌਰ 'ਤੇ ਬਿਮਾਰ ਦੋ ਪ੍ਰਵਾਸੀ ਬੰਦਿਆਂ ਤੋਂ ਕੰਮ ਲਿਆ ਜਾ ਰਿਹਾ ਸੀ। ਜਦੋਂ ਉੱਥੇ ਮੀਡੀਆ ਦੀ ਟੀਮ ਪਹੁੰਚੀ ਤਾਂ ਉਨ੍ਹਾਂ ਬੰਦਿਆਂ ਦੇ ਨਵੇਂ ਕੱਪੜੇ ਪੁਆ ਕੇ, ਜੱਫੀਆਂ ਜਿਹੀਆਂ ਪਾ ਕੇ ਨਕਲੀ ਹੇਜ ਜਤਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਹੈਗਾ ਤਾਂ ਸਭ ਸਾਫ ਸੀ, ਉਹ ਗੁਲਾਮ ਬਣਾ ਕੇ ਹੀ ਰੱਖੇ ਹੋਏ ਸਨ। ਹੁਣ ਇਨ੍ਹਾਂ ਖੇਖਣਾ ਨਾਲ਼ ਉਨ੍ਹਾਂ ਦੀ ਜ਼ਿੰਦਗੀ ਦਾ ਕੁੱਝ ਨਹੀਂ ਬਦਲਣ ਵਾਲ਼ਾ ਸੀ।

ਇਨ੍ਹਾਂ ਬੰਦਿਆਂ ਤੋਂ ਗੁਲਾਮਾਂ ਵਾਂਗ ਕੰਮ ਲੈਣ ਵਾਲ਼ੇ ਲੋਕ ਉਲਟਾ ਤਰਕ ਦਿੰਦੇ ਹਨ ਕਿ ਅਸੀਂ ਇਨ੍ਹਾਂ ਬੇਸਹਾਰਾ ਨੂੰ ਰੋਟੀ ਤੇ ਛੱਤ ਦਿੰਦੇ ਹਾਂ, ਬਾਹਰ ਭਟਕਣ ਨਾਲ਼ੋਂ ਇਹ ਜ਼ਿਆਦਾ ਵਧੀਆ ਹੈ। ਪਰ ਪਾਟੇ ਕੱਪੜੇ, ਸਿਰ 'ਚ ਜੂੰਆਂ ਤੇ ਪੈਰਾਂ ਤੱਕ ਲੱਗਿਆ ਪਸ਼ੂਆਂ ਦਾ ਗੋਹਾ ਕਿਹੋ ਜਿਹੀ ਜ਼ਿੰਦਗੀ ਦਰਸਾ ਰਿਹਾ?

ਏਸੇ ਪਿੰਡ ਨੇ ਏਦੂੰ ਵੀ ਅਗਾਂਹ ਜਾਂਦਿਆਂ ਇੱਕ ਬੰਦੇ ਨੂੰ ਬਲਦ ਦੀ ਥਾਂ ਜੋਤਿਆ ਹੋਇਆ ਸੀ। ਉਹ ਸਵੇਰੇ ਉੱਠ ਕੇ ਪਹਿਲਾਂ ਪਸ਼ੂ ਸਾਂਭਦਾ ਤੇ ਬਾਅਦ 'ਚ ਬਲਦ ਦੀ ਥਾਂ ਰੇਹੜੇ 'ਚ ਆਪ ਜੁਤ ਕੇ ਖੇਤੋਂ ਹਰਾ-ਚਾਰਾ ਲਿਆਉਂਦਾ। ਹੁਣ ਅਸੀਂ ਆਪ ਸੋਚ ਕੇ ਵੇਖੀਏ ਕਿ ਕੀ ਇਹ ਮਨੁੱਖ ਨਾਲ਼ ਮਨੁੱਖ ਜਿਹਾ ਵਿਵਹਾਰ ਹੈ? ਪਰ ਜਦੋਂ ਉੱਥੇ ਪਹੁੰਚੀ ਸੰਸਥਾ ਦੇ ਲੋਕ ਇਸ 'ਤੇ ਸੁਆਲ ਕਰਦੇ ਨੇ ਤਾਂ ਉਸ ਘਰ ਦੀ ਬੀਬੀ ਉਲਟਾ ਰੋਅਬ ਝਾੜਦੀ ਹੈ।

ਕਾਮੇ ਬਣਾਏ ਇਨ੍ਹਾਂ ਬੰਦਿਆਂ ਨੂੰ ਰਹਿਣ ਲਈ ਪਸ਼ੂਆਂ ਦਾ ਵਰਾਂਡਾ ਜਾਂ ਨੀਰੇ ਵਾਲ਼ਾ ਕੋਠਾ ਦਿੱਤਾ ਹੋਇਆ।

ਕੰਮ ਲੈਣ ਲਈ ਸ਼ਰਾਬ ਪਿਲਾਉਣਾ, ਮਾਰ-ਕੁਟਾਈ ਕਰਨਾ ਵੀ ਕੋਈ ਵੱਡੀ ਗੱਲ ਨਹੀਂ ਹੈ। ਕਿਉਂਕਿ ਮਾਨਸਿਕ ਤੌਰ 'ਤੇ ਬਿਮਾਰ ਹੋਣ ਕਾਰਨ ਅਜਿਹੇ ਲੋਕ ਆਮ ਮਨੁੱਖ ਵਾਂਗ ਗੱਲ ਨਹੀਂ ਸਮਝ ਸਕਦੇ ਤੇ ਨਾ ਹੀ ਕੰਮ ਕਰ ਸਕਦੇ ਹਨ। ਇਸ ਲਈ "ਸਾਧਣ" ਲਈ ਮਾਰ-ਕੁੱਟਣ ਦਾ ਢੰਗ ਅਪਣਾਇਆ ਜਾਂਦਾ ਹੈ। ਜ਼ਿਆਦਾਤਰ ਨੇ ਇਹ ਬੰਦੇ ਪੈਸੇ ਦੇ ਕੇ ਖਰੀਦੇ ਹਨ ਤੇ ਏਸ ਡਰ ਕਾਰਨ ਕਿ ਕਿਧਰੇ ਭੱਜ ਨਾ ਜਾਣ ਤਾਂ ਰਾਤ ਸਮੇਂ ਬੰਨ੍ਹ ਦਿੱਤਾ ਜਾਂਦਾ ਹੈ। ਇੱਕ ਘਰੇ ਤੂੜੀ ਦੇ ਜਾਲ਼ ਵਾਲ਼ੀ ਟਰਾਲੀ 'ਚ ਵਾੜ ਕੇ ਬੰਦ ਕਰ ਦਿੱਤਾ ਜਾਂਦਾ ਸੀ ਤੇ ਇੱਕ ਘਰ ਲੋਹੇ ਦੇ ਜਾਲ਼ ਦਾ ਮੰਜਾ ਸੀ ਜਿਸ 'ਤੇ ਸੰਗਲ਼ ਲਾ ਕੇ ਬੰਨ੍ਹ ਦਿੱਤਾ ਜਾਂਦਾ ਸੀ ਤੇ ਜਿੰਦਰਾ ਲਾ ਦਿੱਤਾ ਜਾਂਦਾ ਸੀ।

ਇਸ 'ਚ ਪ੍ਰਵਾਸੀ ਵੱਡੀ ਗਿਣਤੀ 'ਚ ਨੇ ਪਰ ਪੰਜਾਬੀ ਵੀ ਕੋਈ ਥੋੜੇ ਨਹੀਂ ਹਨ। ਪਿਛਲੇ ਸਮੇਂ 'ਚ ਅੰਮ੍ਰਿਤਸਰ ਦੇ ਜਸਤਾਰਵਾਲਾ ਪਿੰਡ ਤੋਂ 45 ਸਾਲਾ ਜਤਿੰਦਰ ਵਰਮਾ ਨਾਮ ਦੇ ਵਿਅਕਤੀ ਨੂੰ ਛੁਡਵਾਇਆ ਗਿਆ ਜੋ ਮਾਨਸਿਕ ਤੌਰ 'ਤੇ ਬਿਲਕੁਲ ਠੀਕ ਸੀ ਤੇ ਆਪਣੇ ਘਰ ਦਾ ਪਤਾ ਸਭ ਜਾਣਦਾ ਸੀ ਪਰ ਉਸ ਨੂੰ ਉਸਦੇ ਘਰ ਜਲੰਧਰ ਛੱਡਣ ਦੀ ਬਜਾਏ ਬੰਨ੍ਹ ਕੇ ਕੰਮ ਕਰਵਾਉਣਾ ਸ਼ੁਰੂ ਕਰਵਾ ਦਿੱਤਾ।

ਹਰਿਆਣੇ ਤੋਂ ਇਕ ਮਾਨਸਿਕ ਰੋਗੀ ਜਿਸਦੀ ਬਾਂਹ 'ਤੇ ਘਰਦਿਆਂ ਨੇ ਪਤਾ ਤੇ ਨੰਬਰ ਵੀ ਲਿਖਵਾਇਆ ਹੋਇਆ ਸੀ ਤਾਂ ਜੋ ਗੁਆਚਣ ਸਮੇਂ ਉਸਨੂੰ ਘਰ ਪਹੁੰਚਾਉਣਾ ਸੌਖਾ ਹੋ ਜਾਏ ਪਰ ਘਰ ਤਾਂ ਕੀ ਪਹੁੰਚਾਉਣਾ ਸੀ ਸਗੋਂ ਉਸ ਪਤੇ 'ਤੇ ਟੈਟੂ ਬਣਵਾ ਕੇ ਮਿਟਾ ਦਿੱਤਾ ਗਿਆ ਤੇ ਜਦੋਂ ਲੱਭਿਆ ਤਾਂ ਪਸ਼ੂ ਸਾਂਭਣ ਲਾ ਰੱਖਿਆ ਸੀ।

ਏਸ ਧੰਦੇ 'ਚ ਪ੍ਰਸ਼ਾਸਨ ਤੇ ਸਰਕਾਰ ਦੀ ਭੂਮਿਕਾ ਬੜੀ ਸ਼ਰਮਨਾਕ ਹੈ। ਅਜਿਹੇ ਲੋਕਾਂ ਨੂੰ ਛੁਡਵਾਉਣ ਵਾਲ਼ੀਆਂ ਸੰਸਥਾਵਾਂ ਦੀਆਂ ਵੀਡੀਓਜ਼ ਨੂੰ ਲੱਖਾਂ ਹੀ ਲੋਕ ਵੇਖਦੇ ਹਨ ਤੇ ਅਖਬਾਰਾਂ 'ਚ ਵੀ ਆਮ ਪੜ੍ਹਨ ਨੂੰ ਮਿਲ਼ ਜਾਦਾ ਹੈ ਪਰ ਪ੍ਰਸ਼ਾਸਨ ਤੇ ਸਰਕਾਰ ਨੇ ਕਦੇ ਵੀ ਏਧਰ ਧਿਆਨ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਘਰ ਪਹੁੰਚਾਉਣ ਤੋਂ ਬਿਨਾਂ ਅਜਿਹੇ ਕਾਨੂੰਨ ਵੀ ਹਨ ਜਿਸਦੇ ਜ਼ਰੀਏ ਸਰਕਾਰ ਮਾਨਸਿਕ ਤੌਰ 'ਤੇ ਬਿਮਾਰ ਲੋਕਾਂ ਦਾ ਮੁੜ ਵਸੇਬਾ ਕਰਵਾ ਸਕਦੀ ਹੈ ਪਰ ਇਸਦੇ ਪ੍ਰਤੀ ਚੁੱਪੀ ਸਾਬਤ ਕਰਦੀ ਹੈ ਕਿ ਇਹ ਧੰਦਾ ਬਿਨਾਂ ਸਰਕਾਰੀ ਬੰਦਿਆਂ ਦੀ ਹਿੱਸੇਦਾਰੀ ਦੇ ਤਾਂ ਚੱਲ ਨਹੀਂ ਸਕਦਾ।

ਅਸੀਂ ਆਪਣੇ ਦੁਆਲ਼ੇ ਵੀ ਵੇਖਦੇ ਹਾਂ ਜਿੱਥੇ ਵੀ ਕਿਤੇ ਗੈਰ ਕਾਨੂੰਨੀ ਧੰਦਾ ਚਲਦਾ ਹੈ ਉਹਦੇ ਵਿਚ ਛੋਟੇ ਤੋਂ ਲੈ ਕੇ ਵੱਡੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਹਿੱਸੇਦਾਰੀ ਹੁੰਦੀ ਹੈ, ਇਸ ਲਈ ਅਜਿਹੀਆਂ ਮਾਸ ਖਾਣੀਆਂ ਗਿਰਝਾਂ ਤੋਂ ਅਜਿਹੀ ਝਾਕ ਰੱਖਣੀ ਵੀ ਨਹੀਂ ਚਾਹੀਦੀ।

ਮਨੁੱਖਾਂ ਤੋਂ ਪਸ਼ੂਆਂ ਵਾਂਗ ਕੰਮ ਪਿੱਛੇ ਦਾ ਅਸਲ ਕਾਰਨ ਹੈ ਮੁਨਾਫਾ ਤੇ ਉਹ ਤਦ ਹੀ ਆਏਗਾ ਜਦੋਂ ਸਸਤੇ ਤੋਂ ਸਸਤਾ ਕੰਮ ਕਰਨ ਵਾਲ਼ਾ ਹੋਏਗਾ ਕਿਉਂਕਿ ਕੰਮ ਕਰਨ ਵਾਲ਼ੇ ਬਿਨਾਂ ਤਾਂ ਮੁਨਾਫਾ ਆ ਨਹੀਂ ਸਕਦਾ। ਅੱਜ ਜ਼ਰੂਰਤ ਅਜਿਹੀਆਂ ਅਲਾਮਤਾਂ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਦੇ ਨਾਲ਼-ਨਾਲ਼ ਇਸ ਤੋਂ ਵੀ ਅਗਾਂਹ ਸਰਮਾਏਦਾਰਾ ਢਾਂਚੇ ਨੂੰ ਤਬਾਹ ਕਰਨ ਦੀ ਹੈ ਜੋ ਏਦਾਂ ਦੀਆਂ ਹੋਰ ਕਿੰਨੀਆਂ ਹੀ ਅਲਾਮਤਾਂ ਨੂੰ ਪੈਦਾ ਕਰਨ ਵਾਲ਼ਾ ਹੈ।

# ਆਮ ਪੰਜਾਬੀਆਂ ਲਈ ਕਬੱਡੀ ਹੀ ਓਲੰਪਿਕ ਖੇਡਾਂ

ਕੈਨੇਡਾ ਕਬੱਡੀ ਕੱਪ 2023



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕਦੇ ਮੈਂ ਲਿਖਿਆ ਸੀ: ਇਕ ਬੰਨੇ ਓਲੰਪਿਕ ਖੇਡਾਂ ਹੋ ਰਹੀਆਂ ਹੋਣ ਤੇ ਦੂਜੇ ਬੰਨੇ ਕਬੱਡੀ ਤਾਂ ਆਮ ਪੰਜਾਬੀ ਕਬੱਡੀ ਵੇਖਣ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਲਈ ਕਬੱਡੀ ਸਰੀਰਕ ਕਰਤਬਾਂ ਦੀ ਸ਼ਾਇਰੀ ਹੈ। ਪੰਜਾਬੀ ਕਬੱਡੀ ਦੇ ਦੀਵਾਨੇ ਹਨ, ਆਸ਼ਕ ਹਨ, ਮਸਤਾਨੇ ਹਨ। ਉਹ ਪਰਵਾਨਿਆਂ ਵਾਂਗ ਕਬੱਡੀ 'ਤੇ ਡਿੱਗਦੇ ਹਨ। ਬੇਸ਼ੱਕ ਬਿਜਲੀ ਕੜਕਦੀ ਹੋਵੇ, ਝੱਖੜ ਝੁਲਦਾ ਹੋਵੇ, ਨਦੀ ਚੜ੍ਹੀ ਹੋਵੇ, ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਨਦੀ ਦੇ ਪਰਲੇ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ। ਫੇਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ 'ਚ ਪੈਂਦੇ ਸੱਪਾਂ ਸ਼ੀਹਾਂ ਦੀ ਵੀ ਪਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਦਾਇਰੇ ਦੁਆਲੇ ਜਾ ਖੜ੍ਹੇਗਾ। ਜਿਵੇਂ ਹਿੰਦ ਮਹਾਂਦੀਪ ਦੇ ਲੋਕਾਂ ਨੂੰ ਕ੍ਰਿਕਟ ਨੇ ਪੱਟਿਆ, ਜੱਗ ਜਹਾਨ ਦੇ ਗੋਰੇ ਕਾਲਿਆਂ ਨੂੰ ਫੁੱਟਬਾਲ ਨੇ ਕਮਲੇ ਕੀਤਾ ਉਵੇਂ ਪੂਰਬ ਤੇ ਪੱਛਮ ਦੇ ਪੰਜਾਬੀਆਂ ਨੂੰ ਕਬੱਡੀ ਚੜ੍ਹੀ ਹੋਈ ਹੈ। ਕਬੱਡੀ 'ਚ ਕੈਂਚੀਆਂ ਤੇ ਠਿੱਬੀਆਂ ਵੀ ਹਨ, ਡਾਲਰਾਂ ਦੀ ਡਾਜ ਵੀ ਹੈ, ਪੱਛਮੀ ਦੇਸ਼ਾਂ ਦੇ ਵੀਜ਼ੇ ਵੀ ਹਨ, ਵੀਡੀਓਜ਼ ਦੀ ਮਸ਼ਹੂਰੀ ਹੈ ਵੀ ਤੇ ਕਲਹਿਣੀ ਡਰੱਗ ਦਾ ਜੱਫਾ ਵੀ ਪਿਆ ਹੋਇਐ। ਕਬੱਡੀ 'ਚ ਆ ਰਹੇ ਐਬਾਂ ਤੋਂ ਕਬੱਡੀ ਪ੍ਰੇਮੀਆਂ ਤੇ ਪ੍ਰਮੋਟਰਾਂ ਨੂੰ ਹਮੇਸ਼ਾ ਸਾਵਧਾਨ ਰਹਿਣਾ ਚਾਹੀਦੈ।




ਕਬੱਡੀ ਦੀ ਖੇਡ ਵਾਹੇ ਵਾਹਣਾਂ, ਕੱਲਰਾਂ ਤੇ ਰੜੀਆਂ ਰੋੜਾਂ ਤੋਂ ਹੁਣ ਵਾਤਾਨੁਕੂਲ ਖੇਡ ਭਵਨਾਂ ਤਕ ਪੁੱਜ ਗਈ ਹੈ। ਇਹਦੇ ਮੈਚ ਹੁਣ ਮਿੱਟੀ 'ਤੇ ਨਹੀਂ ਮੈਟਾਂ ਉਤੇ ਖੇਡੇ ਜਾਣ ਲੱਗੇ ਹਨ। ਕਬੱਡੀ ਪ੍ਰਮੋਟਰ ਖਿਡਾਰੀਆਂ, ਰੈਫਰੀਆਂ ਤੇ ਕੁਮੈਂਟੇਟਰਾਂ ਨੂੰ ਤਾਂ ਪ੍ਰਮੋਟ ਕਰਨ ਲੱਗ ਪਏ ਹਨ ਪਰ ਕਬੱਡੀ ਨੂੰ ਲਿਖਤੀ ਤੌਰ 'ਤੇ ਰਿਕਾਰਡ ਕਰਨ ਵਾਲਿਆਂ ਵੱਲ ਅਜੇ ਉਨ੍ਹਾਂ ਦਾ ਧਿਆਨ ਨਹੀਂ ਗਿਆ। ਤਦੇ ਕਿਹਾ ਜਾਂਦਾ ਹੈ ਕਿ ਪੰਜਾਬੀ ਮੱਲਾਂ ਤਾਂ ਵੱਡੀਆਂ ਮਾਰ ਲੈਂਦੇ ਹਨ ਪਰ ਉਨ੍ਹਾਂ ਦਾ ਲਿਖਤੀ ਰਿਕਾਰਡ ਰੱਖਣ ਵੱਲੋਂ ਅਵੇਸਲੇ ਰਹਿੰਦੇ ਹਨ। ਇਹੋ ਕਾਰਨ ਹੈ ਕਿ ਅਨੇਕਾਂ ਧਨੰਤਰ ਖਿਡਾਰੀ ਤੇ ਖਰੇ ਖੇਡ ਪ੍ਰਮੋਟਰ ਥੋੜ੍ਹਚਿਰੀ ਬੱਲੇ ਬੱਲੇ ਕਰਵਾਉਣ ਪਿੱਛੋਂ ਸਾਡੇ ਚੇਤਿਆਂ 'ਚੋਂ ਵਿਸਰ ਜਾਂਦੇ ਹਨ।

### ਕੈਨੇਡਾ ਕਬੱਡੀ ਕੱਪ 2023

12 ਅਗਸਤ 2023 ਨੂੰ 30ਵਾਂ ਕੈਨੇਡਾ ਕਬੱਡੀ ਕੱਪ ਹੋਇਆ ਜੋ ਕਬੱਡੀ ਫੈਡਰੇਸ਼ਨ ਓਂਟਾਰੀਓ ਦੀ ਸਰਪ੍ਰਸਤੀ ਹੇਠ ਯੂਨਾਈਟਿਡ ਬਰੈਂਪਟਨ ਸਪੋਰਟਸ ਕਲੱਬ ਵੱਲੋਂ ਨੇਪਰੇ ਚਾੜ੍ਹਿਆ ਗਿਆ। ਉਸ ਦਿਨ ਟੋਰਾਂਟੋ ਦੇ ਕਬੱਡੀ ਪ੍ਰੇਮੀਆਂ ਦਾ ਮੁਹਾਣ ਹੈਮਿਲਟਨ ਦੇ ਇਨਡੋਰ ਸਟੇਡੀਅਮ, ਫਸਟ ਓਨਟਾਰੀਓ ਸੈਂਟਰ ਹੈਮਿਲਟਨ ਵੱਲ ਸੀ। ਗੱਡੀਆਂ ਤੇ ਜੀਪਾਂ ਵਿਚ ਕਬੱਡੀ ਦੇ ਗੀਤ ਗੂੰਜਦੇ ਜਾਂਦੇ ਸਨ, ਢੁੱਘਦੇ ਆ ਬੂਰੀਆਂ ਤੇ ਖੇਡਦੇ ਕਬੱਡੀਆਂ...! ਕੈਨੇਡਾ ਵਿਚ ਕਬੱਡੀ ਦੀਆਂ ਜੜ੍ਹਾਂ ਲਾਉਣ ਵਾਲੇ ਪੁਰੇਵਾਲ ਭਰਾਵਾਂ 'ਚੋਂ ਗੁਰਜੀਤ ਸਿੰਘ ਪੁਰੇਵਾਲ ਵੈਨਕੂਵਰ ਤੋਂ ਰਾਤ ਦੀ ਫਲਾਈਟ ਫੜ ਕੇ ਸਾਡੇ ਕੋਲ ਬਰੈਂਪਟਨ ਪਹੁੰਚ ਚੁੱਕਾ ਸੀ। ਮੇਰਾ ਤੇ ਮੇਰੇ ਪੁੱਤਰਾਂ ਵਰਗੇ ਕਬੱਡੀ ਕੁਮੈਂਟੇਟਰ ਪ੍ਰੋ. ਮੱਖਣ ਸਿੰਘ ਹਕੀਮਪੁਰੀਏ ਦਾ ਸਾਰਥੀ ਟੋਰਾਂਟੋ-ਵਾਅਨ ਦਾ ਹੀਰਾ ਸਰਬਜੀਤ ਸਿੰਘ ਦਿਓਲ ਸੀ। ਉਹਦੀ ਗੱਡੀ ਹਵਾ ਨੂੰ ਗੰਢਾਂ ਦਿੰਦੀ ਜਾਂਦੀ ਸੀ।

ਉਂਜ ਤਾਂ ਕਬੱਡੀ ਦੇ ਬਥੇਰੇ ਕੱਪ ਹੁੰਦੇ ਹਨ ਪਰ ਕੈਨੇਡਾ ਕਬੱਡੀ ਕੱਪ ਦੀ ਸ਼ਾਨ ਨਿਰਾਲੀ ਹੈ। ਦੇਸ਼ ਵਿਦੇਸ਼ ਦੇ ਪੰਜਾਬੀ ਉਸ ਨੂੰ 'ਕਬੱਡੀ ਦੀ ਓਲੰਪਿਕਸ' ਹੀ ਸਮਝਦੇ ਹਨ। 1991 ਵਿਚ ਟੋਰਾਂਟੋ ਦੇ ਕਬੱਡੀ ਪ੍ਰੇਮੀਆਂ ਨੇ ਵਿਉਂਤ ਬਣਾਈ ਸੀ ਕਿ ਅਜਿਹਾ ਕੱਪ ਕਰਵਾਇਆ ਜਾਵੇ ਜਿਸ ਵਿਚ ਵਿਸ਼ਵ ਦੇ ਤਕੜੇ ਕਬੱਡੀ ਖਿਡਾਰੀਆਂ ਦੀ ਖੇਡ ਇਕੋ ਥਾਂ ਵੇਖਣ ਨੂੰ ਮਿਲੇ। ਉਦੋਂ ਪੰਜ ਹਜ਼ਾਰ ਡਾਲਰ ਦਾ ਕੱਪ ਬਣਵਾਇਆ ਗਿਆ ਤੇ ਜੇਤੂ ਟੀਮ ਨੂੰ ਦਸ ਹਜ਼ਾਰ ਡਾਲਰ ਦਾ ਇਨਾਮ ਰੱਖਿਆ ਗਿਆ। ਕੱਪ ਵੇਖਣ ਲਈ ਪੰਜ ਡਾਲਰ ਦੀ ਟਿਕਟ ਲਾਈ ਗਈ। 30ਵੇਂ ਕੈਨੇਡਾ ਕਬੱਡੀ ਕੱਪ ਤਕ ਪੁੱਜਦਿਆਂ ਕੱਪ ਵੇਖਣ ਦੀ ਟਿਕਟ 5 ਡਾਲਰ ਤੋਂ 120 ਡਾਲਰ ਦੀ ਹੋ ਗਈ। ਦਰਸ਼ਕਾਂ ਨੂੰ ਉੱਦਣ ਸਟੇਡੀਅਮ 'ਚ ਬਹਿ ਕੇ ਕੱਪ ਵੇਖਣਾ ਘੱਟੋ-ਘੱਟ ਦੋ-ਦੋ ਸੌ ਡਾਲਰਾਂ 'ਚ ਪਿਆ। ਫਿਰ ਵੀ ਸਟੇਡੀਅਮ ਲਗਭਗ ਭਰ ਗਿਆ। ਪ੍ਰਬੰਧਕਾਂ ਦਾ ਤਰਕ ਹੈ ਕਿ ਕੱਪ ਕਰਾਉਣ ਦੇ ਖਰਚੇ ਬਹੁਤ ਵਧ ਗਏ ਹਨ।

ਪਹਿਲਾ ਕੈਨੇਡਾ ਕਬੱਡੀ ਕੱਪ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ 8 ਅਗਸਤ 1991 ਨੂੰ 'ਵਰਸਿਟੀ ਸਟੇਡੀਅਮ ਟੋਰਾਂਟੋ 'ਚ ਕਰਵਾਇਆ ਸੀ ਜਿਸ ਲਈ ਕੈਨੇਡਾ, ਭਾਰਤ, ਪਾਕਿਸਤਾਨ, ਇੰਗਲੈਂਡ, ਅਮਰੀਕਾ ਤੇ ਸਕਾਟਲੈਂਡ ਦੀਆਂ ਟੀਮਾਂ ਨੂੰ ਸੱਦਿਆ ਗਿਆ। ਪਾਕਿਸਤਾਨ ਦੀ ਟੀਮ ਨੂੰ ਵੀਜ਼ਾ ਨਾ ਮਿਲਣ ਕਰਕੇ ਕੈਨੇਡਾ ਦੀਆਂ ਦੋ ਟੀਮਾਂ ਈਸਟ ਤੇ ਵੈਸਟ ਪਾ ਕੇ ਛੇ ਟੀਮਾਂ ਦੇ ਮੈਚ ਕਰਾਏ ਗਏ। ਫਾਈਨਲ ਮੈਚ ਅਮਰੀਕਾ ਤੇ ਭਾਰਤ ਦੀਆਂ ਟੀਮਾਂ ਵਿਚਕਾਰ ਹੋਇਆ ਜੋ ਅਮਰੀਕਾ ਦੀ ਟੀਮ ਜਿੱਤੀ। ਬੈਸਟ ਰੇਡਰ ਅੰਗਰੇਜ਼ ਬਿੱਲਾ ਤੇ ਬੈਸਟ ਜਾਫੀ ਸੁਖਵਿੰਦਰ ਨੇਕੀ ਐਲਾਨੇ ਗਏ।

1995 ਦਾ ਕੈਨੇਡਾ ਕੱਪ ਜਿਸ ਨੂੰ ਆਲਮੀ ਕਬੱਡੀ ਚੈਂਪੀਅਨਸ਼ਿਪ ਦਾ ਨਾਂ ਦਿੱਤਾ ਗਿਆ ਕੈਨੇਡਾ ਕਬੱਡੀ ਕੱਪਾਂ ਦੇ ਇਤਿਹਾਸ ਵਿਚ ਮੀਲ ਪੱਥਰ ਹੈ। ਉਹ ਕੋਪਿਸ ਕੋਲੀਜ਼ੀਅਮ ਹੈਮਿਲਟਨ ਵਿਚ ਕਰਵਾਇਆ ਗਿਆ ਜਿਸ ਨੂੰ ਚੌਦਾਂ ਹਜ਼ਾਰ ਦਰਸ਼ਕਾਂ ਨੇ ਵੇਖਿਆ। ਫਾਈਨਲ ਮੈਚ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਾਲੇ ਹੋਇਆ ਜੋ ਭਾਰਤ ਦੀ ਟੀਮ ਨੇ ਜਿੱਤਿਆ। ਬੈਸਟ ਧਾਵੀ ਹਰਜੀਤ ਬਾਜਾਖਾਨਾ ਤੇ ਬੈਸਟ ਜਾਫੀ ਜਗਤਾਰ ਧਨੌਲਾ ਨਿਕਲੇ। ਇਹ ਕੱਪ ਤਿੰਨ ਕਲੱਬਾਂ, ਓਂਟਾਰੀਓ ਕਬੱਡੀ ਕਲੱਬ, ਸ਼ੇਰੇ ਪੰਜਾਬ ਸਪੋਰਟਸ ਤੇ ਦੇਸ਼ ਭਗਤ ਸਪੋਰਟਸ ਕਲੱਬ ਨੇ ਰਲ ਮਿਲ ਕੇ ਕਰਵਾਇਆ ਸੀ। ਉਦੋਂ ਮੈਂ ਤੇ ਦਾਰਾ ਸਿੰਘ ਗਰੇਵਾਲ ਕੇਵਲ ਦੋ ਕੁਮੈਂਟੇਟਰ ਸਾਂ। 30ਵੇਂ ਕੱਪ ਤਕ ਪੁੱਜਦਿਆਂ ਕੁਮੈਂਟਰੀ ਕਰਨ ਵਾਲੇ ਅੱਧੀ ਦਰਜਨ ਤੋਂ ਵੀ ਵਧ ਗਏ। ਕੁਮੈਂਟੇਟਰਾਂ ਦੀ ਫੁਲਵਾੜੀ 'ਚ ਹੁਣ ਦਰਜਨਾਂ ਫੁੱਲ ਟਹਿਕ ਰਹੇ ਹਨ।

29ਵਾਂ ਕੈਨੇਡਾ ਕਬੱਡੀ ਕੱਪ 2022 ਵਿਚ ਚਾਰ ਸਾਲਾਂ ਦੇ ਵਕਫ਼ੇ ਬਾਅਦ ਹੋਇਆ ਸੀ। ਉਸ ਵਿਚ ਛੇ ਟੀਮਾਂ ਕੈਨੇਡਾ ਈਸਟ, ਕੈਨੇਡਾ ਵੈਸਟ, ਯੂਐਸਏ, ਯੂਰਪ, ਪੰਜਾਬ ਇੰਡੀਆ ਤੇ ਇੰਗਲੈਂਡ ਦੀਆਂ ਟੀਮਾਂ ਨੇ ਭਾਗ ਲਿਆ ਸੀ। ਫਾਈਨਲ ਮੈਚ ਕੈਨੇਡਾ ਈਸਟ ਤੇ ਪੰਜਾਬ ਇੰਡੀਆ ਦੀਆਂ ਟੀਮਾਂ ਵਿਚਕਾਰ ਹੋਇਆ ਸੀ ਜੋ ਕੈਨੇਡਾ ਈਸਟ ਨੇ 47-46 ਅੰਕਾਂ ਨਾਲ ਜਿੱਤਿਆ। ਬੰਟੀ ਟਿੱਬੇ ਨੂੰ 21 ਰੇਡਾਂ ਵਿਚ 21 ਅੰਕ ਲੈਣ ਕਰਕੇ ਬੈਸਟ ਧਾਵੀ ਤੇ ਫਰਿਆਦ ਅਲੀ ਨੂੰ 21 ਯਤਨਾਂ ਵਿਚ 8 ਜੱਫੇ ਲਾਉਣ ਕਰਕੇ ਬੈਸਟ ਜਾਫੀ ਐਲਾਨਿਆ ਗਿਆ ਸੀ।

30ਵੇਂ ਕਬੱਡੀ ਕੱਪ ਦੀ ਸ਼ੁਰੂਆਤ ਛੇ ਟੀਮਾਂ ਦੇ ਮਾਰਚ ਪਾਸਟ, ਖਿਡਾਰੀਆਂ ਵੱਲੋਂ ਸਹੁੰ ਚੁੱਕਣ, ਕੱਪ ਦੀ ਸਫਲਤਾ ਲਈ ਅਰਦਾਸ ਕਰਨ ਤੇ ਢੋਲ ਦੇ ਡੱਗੇ 'ਤੇ ਭੰਗੜੇ ਦੀ ਧਮਕ ਨਾਲ ਸ਼ੁਰੂ ਹੋਈ। ਪਹਿਲਾ ਮੈਚ ਕੈਨੇਡਾ ਈਸਟ ਤੇ ਯੂਕੇ ਵਿਚਕਾਰ ਹੋਇਆ ਜੋ ਕੈਨੇਡਾ ਈਸਟ ਨੇ 48-32 ਅੰਕਾਂ ਨਾਲ ਜਿੱਤਿਆ। ਦੂਜਾ ਮੈਚ ਬੜਾ ਫਸਵਾਂ ਰਿਹਾ ਜਿਸ ਵਿਚ ਅਮਰੀਕਾ ਨੇ ਪਾਕਿਸਤਾਨ ਨੂੰ 37-34 ਅੰਕਾਂ ਨਾਲ ਮਸੀਂ ਹਰਾਇਆ। ਤੀਜਾ ਮੈਚ ਕੈਨੇਡਾ ਵੈਸਟ ਤੇ ਯੂਕੇ ਦੀਆਂ ਟੀਮਾਂ ਵਿਚਾਲੇ ਹੋਇਆ ਜੋ ਕੈਨੇਡਾ ਵੈਸਟ ਨੇ 39-33 ਅੰਕਾਂ ਨਾਲ ਜਿੱਤਿਆ। ਚੌਥੇ ਮੈਚ ਵਿਚ ਭਾਰਤ ਯਾਨੀ ਪੰਜਾਬ ਦੀ ਟੀਮ ਨੇ ਪਾਕਿਸਤਾਨ ਯਾਨੀ ਪੱਛਮੀ ਪੰਜਾਬ ਦੀ ਟੀਮ ਨੂੰ 39-28 ਅੰਕਾਂ ਨਾਲ ਹਰਾ ਦਿੱਤਾ। ਪਹਿਲਾ ਸੈਮੀ ਫਾਈਨਲ ਮੈਚ ਅਮਰੀਕਾ ਨੇ ਕੈਨੇਡਾ ਵੈਸਟ ਤੋਂ 44-36 ਅੰਕਾਂ ਦੇ ਫਰਕ ਨਾਲ ਜਿੱਤਿਆ। ਦੂਜੇ ਸੈਮੀ ਫਾਈਨਲ ਵਿਚ ਕੈਨੇਡਾ ਈਸਟ ਨੇ ਭਾਰਤੀ ਟੀਮ ਨੂੰ 47-43 ਅੰਕਾਂ ਨਾਲ ਹਰਾ ਦਿੱਤਾ। ਫਾਈਨਲ ਮੈਚ ਵਿਚ ਕੈਨੇਡਾ ਈਸਟ ਨੇ ਅਮਰੀਕਾ ਦੀ ਟੀਮ ਨੂੰ 53-45 ਅੰਕਾਂ ਨਾਲ ਹਰਾ ਕੇ ਦੁਬਾਰਾ ਧੰਨ ਧੰਨ ਕਰਾਈ। ਰਵੀ ਦਿਓੜਾ ਨੂੰ ਫਾਈਨਲ ਮੈਚ ਵਿਚ 24 ਅੰਕ ਲੈਣ ਕਰਕੇ ਬੈਸਟ ਧਾਵੀ ਤੇ ਰਵੀ ਸਾਹੋਕੇ ਨੂੰ 15 ਕੋਸ਼ਿਸ਼ਾਂ ਵਿਚ 3 ਜੱਫੇ ਲਾਉਣ ਕਰਕੇ ਬੈਸਟ ਜਾਫੀ ਐਲਾਨਿਆ ਗਿਆ। ਦੋਹਾਂ ਖਿਡਾਰੀਆਂ ਨੂੰ ਯਾਦਗਾਰੀ ਕੱਪਾਂ ਤੇ 5100-5100 ਡਾਲਰ ਦੇ ਨਕਦ ਇਨਾਮਾਂ ਨਾਲ ਸਨਮਾਨਿਆ ਗਿਆ। 31ਵਾਂ ਕੈਨੇਡਾ ਕੱਪ ਸੰਭਵ ਹੈ ਯੰਗ ਸਪੋਰਟਸ ਕਲੱਬ ਬਰੈਂਪਟਨ, ਟੋਰਾਂਟੋ ਦੇ ਸਕਾਈਡੋਮ ਵਿਚ ਕਰਾਵੇ ਤੇ ਟਿਕਟ ਹੋਰ ਵੀ ਮਹਿੰਗੀ ਹੋ ਜਾਵੇ।

ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਅਮਰੀਕਾ ਦੀ ਟੀਮ ਵਿਚ ਨਾ ਸਾਰੇ ਖਿਡਾਰੀ ਅਮਰੀਕੀ ਹੁੰਦੇ ਨੇ, ਨਾ ਕੈਨੇਡਾ ਦੀਆਂ ਟੀਮਾਂ 'ਚ ਸਾਰੇ ਕੈਨੇਡਾ ਦੇ ਤੇ ਨਾ ਯੂਕੇ ਦੀ ਟੀਮ ਵਿਚਲੇ ਸਾਰੇ ਇੰਗਲੈਂਡੀਏ। ਵਧੇਰੇ ਖਿਡਾਰੀ ਪੰਜਾਬ ਦੇ ਹੀ ਵੱਖ ਵੱਖ ਮੁਲਕਾਂ ਦੀਆਂ ਟੀਮਾਂ ਵਿਚ ਪਾ ਕੇ ਟੀਮਾਂ ਬਰਾਬਰ ਦੀਆਂ ਬਣਾਈਆਂ ਜਾਂਦੀਆਂ ਨੇ। ਕਬੱਡੀ ਖਿਡਾਰੀਆਂ ਦੀ ਸਰਜ਼ਮੀਨ ਤਾਂ ਅਸਲ ਵਿਚ ਚੜ੍ਹਦਾ ਤੇ ਲਹਿੰਦਾ ਪੰਜਾਬ ਹੀ ਹੈ ਜਾਂ ਮਾੜਾ ਮੋਟਾ ਹਰਿਆਣਾ। ਪੱਛਮੀ ਦੇਸ਼ ਪੰਜਾਬ ਤੋਂ ਹੀ ਖਿਡਾਰੀ ਖਰੀਦਦੇ ਹਨ ਜਿਨ੍ਹਾਂ ਨਾਲ ਨਾਮਾਜ਼ਾਈ ਖਟਦੇ ਹਨ। ਵਿਦੇਸ਼ਾਂ 'ਚ ਜੰਮੇ ਪੰਜਾਬੀ ਬੱਚਿਆਂ 'ਚੋਂ ਕੇਵਲ ਉਂਗਲਾਂ 'ਤੇ ਗਿਣਨ ਜੋਗੇ ਖਿਡਾਰੀ ਹੀ ਉੱਚ ਪਾਏ ਦੀ ਕਬੱਡੀ ਖੇਡਦੇ ਹਨ।

ਉਂਜ ਕਬੱਡੀ ਪੰਜਾਬੀਆਂ ਲਈ ਸਰੀਰਕ ਕਰਤਬਾਂ ਦੀ ਸ਼ਾਇਰੀ ਹੈ। ਇਹਦੇ ਵਿਚ ਵੀ ਉਹ ਬਹੁਤ ਕੁੱਝ ਵੇਖਦੇ ਹਨ। ਆਪਣਾ ਇਤਿਹਾਸ, ਆਪਣੀ ਸੂਰਬੀਰਤਾ, ਜਿਗਰਾ, ਸਿਰੜ, ਸਹਿਣਸ਼ੀਲਤਾ, ਦਮ ਤੇ ਆਪਣੀ ਤਾਕਤ। ਪੰਜਾਬ ਦੀ ਧਰਤੀ ਸਦੀਆਂ ਬੱਧੀ ਹਮਲਿਆਂ ਤੇ ਠੱਲ੍ਹਾਂ ਦਾ ਮੈਦਾਨ ਬਣੀ ਰਹੀ। ਪੰਜਾਬੀ ਹਮਲਾਵਰਾਂ ਨੂੰ ਡੱਕਦੇ ਰਹੇ। ਹਮਲਾਵਰ ਤਕੜਾ ਹੁੰਦਾ ਤਾਂ ਮਾਰ ਧਾੜ ਕਰ ਕੇ ਆਪਣੇ ਘਰ ਪਰਤ ਜਾਂਦਾ। ਰਾਖੇ ਤਕੜੇ ਹੁੰਦੇ ਤਾਂ ਹਮਲਾਵਰ ਮਾਰਿਆ ਜਾਂਦਾ। ਇਸੇ ਕਰਮ ਨੂੰ ਕਬੱਡੀ ਦੀ ਖੇਡ ਵਿੱਚ ਵਾਰ ਵਾਰ ਦੁਹਰਾਇਆ ਜਾਂਦੈ ਤੇ ਇਸੇ ਕਾਰਨ ਇਹ ਖੇਡ ਪੰਜਾਬੀਆਂ ਦੇ ਮਨਾਂ ਨੂੰ ਵਧੇਰੇ ਟੁੰਬਦੀ ਹੈ।

ਬਲਿਹਾਰ ਸਿੰਘ ਰੰਧਾਵੇ ਦੇ ਸ਼ਬਦਾਂ ਵਿਚ: ਹਜ਼ਾਰਾਂ ਵਰ੍ਹਿਆਂ ਦੇ ਅਥਰੇ ਲਫੇੜਿਆਂ, ਸਿਆਲਾਂ ਹੁਨਾਲਾਂ, ਮੀਹਾਂ ਝੱਖੜਾਂ ਤੇ ਪਿਆਰ ਮਜਬੂਰੀਆਂ ਨੇ ਪੰਜਾਬੀਆਂ ਦਾ ਜੋ ਸੁਭਾਅ ਬਣਾਇਆ ਦਾਇਰੇ ਵਾਲੀ ਕਬੱਡੀ ਉਹਦੇ ਅਨੁਕੂਲ ਹੈ। 'ਕੱਲੇ ਨੂੰ 'ਕੱਲੇ ਦਾ ਟੱਕਰਨਾ ਤੇ ਉਹ ਵੀ ਸਾਹਮਣਿਓਂ। ਹਿੱਕ ਨੂੰ ਹੱਥ ਲਾ ਕੇ ਵੰਗਾਰਨਾ। ਗੁੱਟ ਫੜ ਕੇ ਅਗਲੇ ਨੂੰ ਖੜ੍ਹਾ ਕਰ ਦੇਣਾ। ਥਾਪੀਆਂ ਮਾਰਦੇ ਵਿਰੋਧੀਆਂ ਦੀ ਭੀੜ 'ਚੋਂ ਗਲੀਆਂ ਘੱਤ ਕੇ ਬੁੱਕਦਿਆਂ ਲੰਘ ਜਾਣਾ। ਦਾਬ ਦੇਂਦਿਆਂ ਦਲਾਂ ਨੂੰ ਭਾਜੜਾਂ ਪਾਉਣੀਆਂ। ਡਾਂਗਾਂ ਮਾਰ ਮਾਰ ਅਫੜਾ ਤਫੜੀਆਂ ਮਚਾਉਣੀਆਂ। ਹਜ਼ਾਰਾਂ ਵਰ੍ਹਿਆਂ ਦੀ ਡਗਰ 'ਤੇ ਵੱਜਦੀ ਆ ਰਹੀ ਡਮਾ-ਡਮ, ਖਗਾ-ਖਗ, ਗੜਾ-ਗੜ ਤੋਂ ਬਣੀ ਹੈ ਕਬੱਡੀ।

ਜਿਵੇਂ ਢੋਲ ਦਾ ਡੱਗਾ ਨੱਚਣ ਵਾਲਿਆਂ ਦੇ ਪੱਬ ਚੁੱਕ ਦਿੰਦੈ ਉਵੇਂ ਕਬੱਡੀ ਦੀ ਕੁਮੈਂਟਰੀ ਦਰਸ਼ਕਾਂ ਨੂੰ ਪੱਬਾਂ ਭਾਰ ਕਰੀ ਰੱਖਦੀ ਹੈ। ਜਿਵੇਂ ਸਪੇਰਾ ਬੀਨ ਨਾਲ ਸੱਪ ਨੂੰ ਕੀਲ ਲੈਂਦੈ ਉਵੇਂ ਕਬੱਡੀ ਦਾ ਬੁਲਾਰਾ ਆਪਣੀ ਲੱਛੇਦਾਰ ਕੁਮੈਂਟਰੀ ਨਾਲ ਦਰਸ਼ਕਾਂ ਨੂੰ ਹਿੱਲਣ ਨਹੀਂ ਦਿੰਦਾ। ਉਹਦੇ ਲਲਕਾਰਵੇਂ, ਹੁਲਾਰਵੇਂ ਤੇ ਬਲਿਹਾਰਵੇਂ ਬੋਲ ਖੇਡ ਵਿਖਾਉਣ ਤੇ ਖੇਡ ਵੇਖਣ ਵਾਲਿਆਂ ਦੇ ਦਿਲਾਂ 'ਚ ਤਰੰਗਾਂ ਛੇੜਦੇ ਉਨ੍ਹਾਂ ਦਾ ਮਨ ਪਰਚਾਈ ਰੱਖਦੇ ਹਨ। ਜਿਵੇਂ ਗੀਤ ਤੇ ਸਾਜ਼ ਦਾ ਸੰਬੰਧ ਹੈ ਕੁੱਝ ਉਸੇ ਤਰ੍ਹਾਂ ਦਾ ਰਿਸ਼ਤਾ ਕਬੱਡੀ ਤੇ ਕੁਮੈਂਟਰੀ ਦਾ ਜੁੜ ਗਿਆ ਹੈ।

ਪੰਜਾਬ ਦੇ ਕਿਸੇ ਜੁਆਨ ਨੇ ਪੱਛਮੀ ਮੁਲਕਾਂ ਦੇ ਨਜ਼ਾਰੇ ਲੈਣੇ ਹੋਣ ਤਾਂ ਨਸ਼ੇ ਪੱਤੇ ਛੱਡ ਕੇ, ਕਸਰਤਾਂ ਕਰ ਕੇ, ਕਬੱਡੀ ਦਾ ਤਕੜਾ ਖਿਡਾਰੀ ਬਣ ਕੇ, ਹਵਾਈ ਜਹਾਜ਼ਾਂ ਦਾ ਸਵਾਰ ਬਣ ਸਕਦੈ। ਪੱਲਿਓਂ ਕਿਰਾਇਆ ਖਰਚਣ ਦੀ ਥਾਂ ਜਿੰਨੀ ਵਧੀਆ ਖੇਡ ਖੇਡੇ ਉਨੇ ਵੱਧ ਡਾਲਰ ਵੀ ਕਮਾ ਸਕਦੈ। ਕਈ ਵਾਰ ਇਕੋ ਜੱਫੇ ਦੇ ਹਜ਼ਾਰਾਂ ਡਾਲਰ ਬਟੋਰ ਸਕਦੈ। ਸੋਨੀ ਸੁਨੇਤ ਨੂੰ ਦੋ ਜੱਫਿਆਂ ਦੇ ਦੋ ਲੱਖ ਰੁਪਏ ਮਿਲੇ ਸਨ। ਸਟਾਰ ਖਿਡਾਰੀ ਦਾ ਸੀਜ਼ਨ ਪੰਜਾਹ ਸੱਠ ਹਜ਼ਾਰ ਡਾਲਰ ਨੂੰ ਪੁੱਜ ਗਿਐ ਯਾਨੀ ਚਹੁੰ ਮਹੀਨਿਆਂ ਦਾ ਪੱਚੀ ਤੀਹ ਲੱਖ ਰੁਪਿਆ! ਲੱਖਾਂ ਨਹੀਂ ਕਰੋੜਾਂ ਰੁਪਏ ਨੇ ਕਬੱਡੀ 'ਚ। ਖੇਡੋ ਮੁੰਡਿਓ ਖੇਡ ਕਬੱਡੀ, ਖਤੂਨਾ ਛੱਡ ਦਿਓ ਮੋੜਾਂ 'ਤੇ, ਕਬੱਡੀ ਕੱਪਾਂ ਨੇ ਚਾੜ੍ਹ ਦਿੱਤੀ ਆ, ਕੌਡੀ ਹੁਣ ਕਰੋੜਾਂ 'ਤੇ!

2011 ਵਿਚ ਪੰਜਾਬ ਦੇ 1000 ਤੋਂ ਵੱਧ ਖਿਡਾਰੀ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਖੇਡਣ ਹਵਾਈ ਜਹਾਜ਼ਾਂ 'ਤੇ ਚੜ੍ਹੇ ਸਨ। ਦਰਜਨ ਕੁ ਕਬੱਡੀ ਕੁਮੈਂਟੇਟਰ, ਇੰਨੇ ਕੁ ਖੇਡ ਲੇਖਕ, ਰੈਫਰੀ ਤੇ ਕਬੱਡੀ ਕੋਚਾਂ ਨੇ ਪਰਵਾਸੀ ਕਬੱਡੀ ਫੈਡਰੇਸ਼ਨਾਂ ਦੇ ਸੱਦੇ ਉਤੇ ਪੱਛਮੀ ਦੇਸ਼ਾਂ ਦੀ ਸੈਰ ਕੀਤੀ। ਵਿਦੇਸ਼ਾਂ ਵਿਚ ਸੌ ਕੁ ਕਬੱਡੀ ਟੂਰਨਾਮੈਂਟ ਹੋਣ ਲੱਗ ਪਏ ਹਨ ਜਿਨ੍ਹਾਂ ਨੂੰ ਕਬੱਡੀ ਮੇਲੇ ਕਹਿਣਾ ਵਾਜਬ ਹੋਵੇਗਾ। ਮੈਂ ਆਪਣੀ ਪੁਸਤਕ 'ਮੇਲੇ ਕਬੱਡੀ ਦੇ' ਵਿਚ ਸੈਂਕੜੇ ਕਬੱਡੀ ਮੇਲਿਆਂ ਦੇ ਅੱਖੀਂ ਡਿੱਠੇ ਨਜ਼ਾਰੇ ਪੇਸ਼ ਕੀਤੇ ਹਨ।

ਵਧੇਰੇ ਖਿਡਾਰੀ ਕਬੱਡੀ ਖੇਡਦੇ ਹੀ ਏਸ ਲਈ ਹਨ ਕਿ ਉਨ੍ਹਾਂ ਨੂੰ ਵਿਦੇਸ਼ ਜਾਣ ਦਾ ਵੀਜ਼ਾ ਮਿਲ ਜਾਵੇਗਾ। ਉਹ ਵੀਜ਼ੇ ਨੂੰ ਹੀ ਗੋਲਡ ਮੈਡਲ ਸਮਝਦੇ ਹਨ। ਪੰਜਾਬ ਦੀ ਜੁਆਨੀ ਦਾ ਮੂੰਹ ਦੇਸ਼ ਵਿਚ ਕੁੱਝ ਕਰਨ ਦੀ ਥਾਂ ਵਿਦੇਸ਼ਾਂ ਵੱਲ ਹੈ। ਇਹੋ ਕਾਰਨ ਹੈ ਕਿ ਚੰਗੇ ਜੁੱਸਿਆਂ ਵਾਲੇ ਜੁਆਨ ਓਲੰਪਿਕ ਖੇਡਾਂ ਵਿਚਲੀਆਂ ਖੇਡਾਂ ਖੇਡਣ ਅਤੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮੈਡਲ ਜਿੱਤਣ ਦੀ ਥਾਂ ਕਬੱਡੀ ਵੱਲ ਉਲਰ ਗਏ ਹਨ। ਕਬੱਡੀ ਵਿਚ ਪੈਸਾ ਹੈ, ਜਹਾਜ਼ਾਂ ਦੇ ਝੂਟੇ ਹਨ ਤੇ ਵਿਦੇਸ਼ 'ਚ ਪੱਕੇ ਹੋਣ ਦੀ ਆਸ ਹੈ। ਪੰਜਾਬ ਦੀਆਂ ਦਰਜਨ ਕੁ ਕਬੱਡੀ ਅਕੈਡਮੀਆਂ ਵਿਚ ਸੈਂਕੜੇ ਖਿਡਾਰੀ ਇਸੇ ਆਸ 'ਤੇ ਕਬੱਡੀ ਖੇਡਦੇ ਹਨ।

ਕਬੱਡੀ ਅਕੈਡਮੀਆਂ ਤੇ ਫੈਡਰੇਸ਼ਨਾਂ ਦਾ ਆਪੋ ਆਪਣਾ ਜੁਗਾੜ ਹੈ। ਕਿਸੇ ਦਾ ਕਿਸੇ ਵਿਦੇਸ਼ੀ ਕਲੱਬ ਨਾਲ ਤੇ ਕਿਸੇ ਦਾ ਕਿਸੇ ਕਬੱਡੀ ਫੈਡਰੇਸ਼ਨ ਨਾਲ। ਵਧੇਰੇ ਖਿਡਾਰੀ ਸੱਦਣ ਲਈ ਕਲੱਬ ਵਧੀ ਜਾਂਦੇ ਹਨ ਤੇ ਕਬੱਡੀ ਫੈਡਰੇਸ਼ਨਾਂ ਦੁਫਾੜ ਹੋ ਕੇ ਦੋ-ਦੋ ਬਣੀ ਜਾਂਦੀਆਂ ਹਨ। ਕੈਨੇਡਾ ਤੇ ਇੰਗਲੈਂਡ ਦੀਆਂ ਅੰਬੈਸੀਆਂ ਨੇ ਕਬੱਡੀ ਫੈਡਰੇਸ਼ਨਾਂ ਦੀ ਗਰੰਟੀ ਉਤੇ ਕਬੱਡੀ ਖਿਡਾਰੀਆਂ ਨੂੰ ਵੀਜ਼ੇ ਦੇਣ ਦੀ ਲਚਕ ਦਿੱਤੀ ਹੋਈ ਹੈ। ਪਰ ਜਦੋਂ ਕੋਈ ਖਿਡਾਰੀ ਕਬੱਡੀ ਖੇਡਣ ਦੀ ਥਾਂ 'ਕਬੂਤਰ' ਬਣ ਜਾਂਦੇ ਤਾਂ ਪੰਜਾਬੀ ਭਾਈਚਾਰੇ ਨੂੰ ਨਮੋਸ਼ੀ ਹੁੰਦੀ ਹੈ। ਕਬੱਡੀ ਨੂੰ ਡਰੱਗ ਤੇ ਕਬੂਤਰਬਾਜ਼ੀ ਦੋਹਾਂ ਤੋਂ ਬਚਾਉਣ ਦੀ ਲੋੜ ਹੈ।

ਕਬੱਡੀ ਦੇ ਬਹੁਤ ਸਾਰੇ ਖਿਡਾਰੀਆਂ ਨੂੰ ਘਾਤਕ ਡਰੱਗਾਂ ਨੇ ਡੱਸ ਲਿਆ ਹੈ। ਇਹ ਨਸ਼ੀਲੀ ਜ਼ਹਿਰਾਂ ਕੁੱਝ ਇਕਨਾਂ ਨੂੰ ਤਾਂ ਅਸਲੋਂ ਲੈ ਬੈਠੀਆਂ ਹਨ, ਜੇ ਕੋਈ ਬਾਨ੍ਹਣੂੰ ਨਾ ਬੰਨ੍ਹਿਆ ਗਿਆ ਤਾਂ ਬਾਕੀਆਂ ਨੂੰ ਵੀ ਲੈ ਬਹਿਣਗੀਆਂ। ਇਨ੍ਹਾਂ ਦਾ ਸੇਵਨ ਕਰਨ ਵਾਲੇ ਖਿਡਾਰੀ ਖੇਡ ਪਿੱਛੋਂ ਢਿੱਲੇ ਤਾਂ ਪੈਂਦੇ ਹੀ ਹਨ, ਕਈ ਨਪੁੰਸਕ ਵੀ ਹੋ ਜਾਂਦੇ ਹਨ ਤੇ ਹਾਲਤ ਇਥੋਂ ਤਕ ਪਹੁੰਚ ਗਈ ਹੈ ਕਿ ਹੁਣ ਜਾਨਾਂ ਵੀ ਖ਼ਤਰੇ ਵਿਚ ਹਨ।

ਖੇਡ ਬੰਦੇ ਦੀ ਖ਼ੂਬਸੂਰਤ ਸਰਗਰਮੀ ਹੁੰਦੀ ਹੈ। ਇਸ ਨੂੰ ਖੇਡਣ ਵਾਲਾ ਤੇ ਵੇਖਣ ਵਾਲੇ ਸਭ ਅਨੰਦ ਮਾਣਦੇ ਹਨ। ਖੇਡਾਂ ਸਿਹਤਮੰਦ ਮਨੋਰੰਜਨ ਕਰਦੀਆਂ ਹਨ ਤੇ ਮਨੁੱਖ ਨੂੰ ਮਾੜੇ ਮਨੋਰੰਜਨ ਤੋਂ ਬਚਾਉਂਦੀਆਂ ਹਨ। ਉਨ੍ਹਾਂ ਅਨਸਰਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ ਜੋ ਖੇਡਾਂ ਵਰਗੀ ਖ਼ੂਬਸੂਰਤ ਸਰਗਰਮੀ ਨੂੰ ਆਪਣੇ ਸੌੜੇ ਸਿਆਸੀ ਜਾਂ ਨਿੱਜੀ ਵਣਜ ਵਪਾਰੀ ਹਿੱਤਾਂ ਲਈ ਵਰਤਦੇ ਹਨ। ਜਿਨ੍ਹਾਂ ਨੇ ਡਰੱਗ ਵੇਚਣੀ ਹੁੰਦੀ ਹੈ ਉਨ੍ਹਾਂ ਨੇ ਤਾਂ ਹਰੇਕ ਨੂੰ ਡਰੱਗ 'ਤੇ ਲਾਉਣਾ ਹੀ ਹੁੰਦਾ ਹੈ ਬੇਸ਼ੱਕ ਉਹ ਖਿਡਾਰੀ ਵੀ ਕਿਉਂ ਨਾ ਹੋਣ। ਇਹ ਖਿਡਾਰੀਆਂ ਨੂੰ ਸੋਚਣਾ ਚਾਹੀਦੈ ਕਿ ਖੇਡ ਖੇਡ ਵਿਚ ਉਹ ਆਪਣੇ ਜੁੱਸਿਆਂ ਦਾ ਸੱਤਿਆਨਾਸ ਨਾ ਕਰਨ ਤੇ ਮਗਰੋਂ ਮਜਬੂਰੀਆਂ ਦੇ ਬਹਾਨੇ ਨਾ ਬਣਾਉਣ। ਖੇਡ ਫੈਡਰੇਸ਼ਨਾਂ ਨੂੰ ਵੀ ਸਹੀ ਡੋਪ ਟੈਸਟਾਂ ਨਾਲ ਇਹਦਾ ਇਲਾਜ ਲੱਭਣਾ ਚਾਹੀਦੈ। ਵਿਖਾਵੇ ਦੇ ਡੋਪ ਟੈਸਟਾਂ ਨਾਲ ਖਰੇ ਖਿਡਾਰੀਆਂ ਤੇ ਖੇਡ ਪ੍ਰੇਮੀਆਂ ਦੇ ਅੱਖੀਂ ਘੱਟਾ ਨਹੀਂ ਪਾਉਣਾ ਚਾਹੀਦਾ।

## ਯਾਦ ਰੱਖਣਯੋਗ ਗੱਲਾਂ

*ਅੱਜ ਕੱਲ੍ਹ ਦੇ ਰਿਸ਼ਤੇ ਝੂਠ ਬੋਲਣ ਨਾਲ ਨਹੀਂ ਬਲਕਿ ਸੱਚ ਬੋਲਣ ਨਾਲ ਟੁੱਟ ਜਾਂਦੇ ਨੇ।

*ਜਦੋਂ ਚਾਰੇ ਪਾਸੇ ਕੂੜ ਪ੍ਰਚਾਰਿਆ ਜਾ ਰਿਹਾ ਹੋਵੇ, ਤਾਂ ਸੱਚ ਬਿਆਨ ਕਰਨਾ ਵੀ ਇਨਕਲਾਬੀ ਕਦਮ ਹੁੰਦਾ ਹੈ। (ਜੋਰਿਜ ਓਰਵਿਲ)

*ਆਪਣੀ ਔਲਾਦ ਨੂੰ ਵਿਦੇਸ਼ਾਂ ਵਿਚ ਭੇਜਣ ਵਾਲਿਆਂ ਨੂੰ ਅਪੀਲ ਹੈ ਕਿ ਗੁਆਂਢੀਆਂ ਨਾਲ ਸਬੰਧ ਵਧੀਆ ਰੱਖੋ ਕਿਉਂਕਿ ਮੋਰਚਰੀ ਵਿਚ ਛੱਡ ਕੇ ਆਉਣ ਦਾ ਫਰਜ਼ ਗੁਆਂਢੀਆਂ ਨੇ ਹੀ ਨਿਭਾਉਣਾ ਹੈ।

* ਅੱਜ ਦੇ ਰਿਸ਼ਤਿਆਂ ਨਾਲੋਂ ਤਾਂ ਮੋਬਾਈਲ ਫੋਨ ਦੀ ਬੈਟਰੀ ਸਿਆਣੀ ਹੈ ਖਤਮ ਹੋਣ ਤੋਂ ਪਹਿਲਾਂ ਸੁਚੇਤ ਕਰ ਦੇਂਦੀ ਹੈ।

* ਜਦੋਂ ਭੇਤੀ ਦੁਸ਼ਮਣਾਂ ਨਾਲ ਰਲ ਜਾਣ ਤਾਂ ਸ਼ੇਰ ਵੀ ਕੁੱਤਿਆਂ ਹੱਥੋਂ ਮਾਰੇ ਜਾ ਸਕਦੇ ਹਨ।

* ਮੌਜੂਦਾ ਹਾਲਾਤ ਦੀ ਤਰਜਮਾਨੀ: - ਅੰਨ੍ਹੇ ਦੇਣ ਗਵਾਹੀਆਂ ਅਤੇ ਬੋਲੇ ਸੁਣਨ ਦਲੀਲ, ਅੱਜ ਝੂਠੇ ਜਿੱਤਣ ਬਾਜ਼ੀਆਂ ਤੇ ਸੱਚੇ ਹੋਣ ਜ਼ਲੀਲ।

* ਅੱਜ ਬੇਈਮਾਨੀ ਦੇ ਜ਼ਮਾਨੇ ਵਿਚ ਜੇ ਕਿਸੇ 'ਤੇ ਕੋਈ ਦੋਸ਼ ਵੀ ਲਾਉਣਾ ਹੋਵੇ ਤਾਂ ਤਾਰੀਫ਼ (ਸਿਫਤਾਂ) ਦਾ ਪਹਿਰਾਵਾ ਪੁਆ ਕੇ ਲਾਇਆ ਜਾਂਦਾ ਹੈ।

* ਇਤਿਹਾਸ ਗਵਾਹ ਹੈ ਕਿ ਇਨਸਾਨ ਜਿਸ ਦਾ ਮੁਕਾਬਲਾ ਨਹੀਂ ਕਰ ਸਕਦਾ ਉਸ ਦੀ ਬੁਰਾਈ ਕਰਨੀ ਸ਼ੁਰੂ ਕਰ ਦੇਂਦਾ ਹੈ।

*-ਹਰਦੀਪ ਸਿੰਘ ਸੋਢੀ ਨਡਾਲਾ*
*ਫੋਨ: 480 794 0325*

# ਮਨੁੱਖੀ ਸੋਚ - ਹਾਂ ਪੱਖੀ ਅਤੇ ਨਾਂਹ ਪੱਖੀ

ਕੁਦਰਤ ਦਾ ਨਿਯਮ ਹੈ ਕਿ ਇਸ ਦੁਨੀਆ ਵਿਚ ਮਨੁੱਖ ਸਮੇਤ ਜਿਸ ਨੇ ਵੀ ਜਨਮ ਲਿਆ ਉਸ ਨੇ ਇੱਕ ਦਿਨ ਮਰਨਾ/ ਖਤਮ ਹੋਣਾ/ ਸੁੱਕਣਾ ਹੀ ਹੈ। ਕਿਉਂਕਿ ਮਨੁੱਖ ਕੁਦਰਤ ਦੀ ਬਿਹਤਰੀਨ ਪੈਦਾਵਾਰ ਹੈ ਇਸ ਲਈ ਮਨੁੱਖ ਨੂੰ ਚੰਗੀ ਸੋਚ ਰੱਖਦਿਆਂ ਆਪਣੇ ਦਿਮਾਗ ਦੀ ਵਰਤੋਂ ਬਿਹਤਰੀਨ ਕੰਮਾਂ ਲਈ ਕਰਦਿਆਂ ਅਤੇ ਜ਼ਿੰਦਗੀ ਦੇ ਪਲ ਪਲ ਨੂੰ ਸਫਲ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ।

ਨਰਿੰਦਰ ਸਿੰਘ ਢਿੱਲੋਂ
1 587 436 4032

ਇਹ ਕਾਰਜ ਮਨੁੱਖ ਦੀ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸ ਦੀ ਸੋਚ ਜ਼ਿੰਦਗੀ ਵਿਚ ਵਿਚਰਨ ਲਈ ਹਾਂ-ਪੱਖੀ ਹੈ ਕਿ ਨਾਂਹ-ਪੱਖੀ ਹੈ। ਇਸ ਲਈ ਇਹ ਵਿਸ਼ਾ ਵੀ ਚਰਚਾ ਦੀ ਮੰਗ ਕਰਦਾ ਹੈ ਕਿ ਮਨੁੱਖ ਆਪਣੀ ਸੋਚ ਬਦਲ ਕੇ ਜ਼ਿੰਦਗੀ ਨੂੰ ਸਫ਼ਲ ਅਤੇ ਆਨੰਦਮਈ ਕਿਵੇਂ ਬਣਾ ਸਕਦਾ ਹੈ।

ਮਨੁੱਖ ਦੀ ਸੋਚ ਤੋਂ ਹੀ ਉਸ ਦਾ ਦ੍ਰਿਸ਼ਟੀਕੋਣ ਤੈਅ ਹੁੰਦਾ ਹੈ ਅਤੇ ਮਨੁੱਖ ਦਾ ਮਾਨਸਿਕ ਕੱਦ ਉਸ ਦੇ ਦ੍ਰਿਸ਼ਟੀਕੋਣ ਤੋਂ ਹੀ ਮਾਪਿਆ ਜਾ ਸਕਦਾ ਹੈ? ਸਮਾਜ ਅਤੇ ਦੁਨੀਆ ਵਿਚ ਵਾਪਰ ਰਹੇ ਵੱਖ-ਵੱਖ ਘਟਨਾਕ੍ਰਮ ਬਾਰੇ ਮਨੁੱਖ ਦੇ ਹਾਂ-ਪੱਖੀ (ਸਕਾਰਾਤਮਕ) ਅਤੇ ਨਾਂਹ-ਪੱਖੀ (ਨਕਾਰਾਤਮਕ) ਦ੍ਰਿਸ਼ਟੀਕੋਣ ਤੋਂ ਹੀ ਉਸ ਦੇ ਆਚਾਰ ਵਿਹਾਰ, ਜ਼ਿੰਦਗੀ ਦੇ ਅਸੂਲ ਅਤੇ ਨੈਤਿਕ ਗੁਣਾਂ ਦਾ ਪਤਾ ਲਗਦਾ ਹੈ। ਉੱਚੀ ਸ਼ਖਸੀਅਤ ਵਾਲਾ ਮਨੁੱਖ ਬੇਸ਼ੁਮਾਰ ਧਨ ਦੌਲਤ ਕਰਕੇ ਨਹੀਂ, ਆਪਣੇ ਅੰਦਰਲੇ ਗੁਣਾਂ ਕਰਕੇ ਉੱਚਾ ਹੁੰਦਾ ਹੈ। ਜਿਸ ਮਨੁੱਖ ਦਾ ਚਰਿੱਤਰ, ਉਦੇਸ਼ ਅਤੇ ਦੂਜਿਆਂ ਪ੍ਰਤੀ ਵਿਹਾਰ ਵਧੀਆ ਹੋਵੇ ਸਮਾਜ ਵਿਚ ਉਸ ਦਾ ਸਥਾਨ ਬਹੁਤ ਉੱਚਾ ਹੁੰਦਾ ਹੈ। ਇਹ ਪੈਮਾਨਾ ਸਮਾਜਿਕ ਖੇਤਰ ਤੋਂ ਬਾਅਦ ਰਾਜਨੀਤਕ ਅਤੇ ਧਾਰਮਿਕ ਖੇਤਰ ਵਿਚ ਵੀ ਲਾਗੂ ਹੁੰਦਾ ਹੈ।

ਨਾਂਹ ਪੱਖੀ ਸੋਚ ਬੀਤੇ ਦੀਆਂ ਮਾੜੀਆਂ ਘਟਨਾਵਾਂ, ਚਿੰਤਾ, ਕੁਦਰਤ ਦੀਆਂ ਖ਼ੌਫਨਾਕ ਘਟਨਾਵਾਂ ਦਾ ਡਰ, ਸਮਾਜਿਕ ਵਾਤਾਵਰਨ ਅਤੇ ਹੁੰਦੀਆਂ ਬੇਇਨਸਾਫੀਆਂ, ਆਰਥਿਕ ਤੰਗੀਆਂ ਆਦਿ ਤੋਂ ਪੈਦਾ ਹੁੰਦੀ ਹੈ। ਛੋਟੀਆਂ ਮੋਟੀਆਂ ਗੱਲਾਂ 'ਤੇ ਲੋੜ ਤੋਂ ਜ਼ਿਆਦਾ ਸੋਚੀ ਜਾਣਾ ਵੀ ਨਾਂਹ-ਪੱਖੀ ਸੋਚ ਨੂੰ ਜਨਮ ਦਿੰਦਾ ਹੈ। ਦੁਨੀਆ ਵਿਚ ਮਨੁੱਖ ਨੇ ਭਾਵੇਂ ਮਿਹਨਤ ਕਰ ਕੇ ਬਹੁਤ ਸਾਰੀਆਂ ਹੈਰਾਨੀਜਨਕ ਖੋਜਾਂ ਕੀਤੀਆਂ ਹਨ ਪਰ ਉੱਤਮ ਮਨੁੱਖ ਹੀ ਹੈ। ਇਸ ਕਰਕੇ ਮਨੁੱਖੀ ਜ਼ਿੰਦਗੀ ਨੂੰ ਅਨੰਦਮਈ ਬਣਾਉਣਾ ਅਤੇ ਮਨੁੱਖਤਾ ਦੀ ਰਾਖੀ ਕਰਨ ਦਾ ਪਵਿੱਤਰ ਕਾਰਜ ਵੀ ਮਨੁੱਖ ਦੀ ਜ਼ਿੰਮੇਵਾਰੀ ਹੈ। ਇਹ ਪਵਿੱਤਰ ਕਾਰਜ ਮਨੁੱਖ ਹਾਂ-ਪੱਖੀ ਸੋਚ ਨਾਲ ਹੀ ਪੂਰਾ ਕਰ ਸਕਦਾ ਹੈ। ਇਸੇ ਕਰਕੇ ਜੇਮਸ ਵਿਲੀਅਮ ਨੇ ਕਿਹਾ ਸੀ 'ਮੇਰੀ ਪੀੜ੍ਹੀ ਦੀ ਸਭ ਤੋਂ ਮਹੱਤਵਪੂਰਨ ਖੋਜ ਇਹ ਹੈ ਕਿ ਮਨੁੱਖ ਆਪਣੀ ਸੋਚ ਵਿਚ ਬਦਲਾਵ ਲਿਆ ਕੇ ਆਪਣੀ ਜ਼ਿੰਦਗੀ ਨੂੰ ਆਨੰਦਮਈ ਬਣਾ ਸਕਦਾ ਹੈ।'

ਕੁਝ ਲੋਕ ਇਹ ਸਮਝਦੇ ਹਨ ਕਿ ਚੰਗਾ ਮਨੁੱਖ ਬਣਨ ਜਾਂ ਹਾਂ-ਪੱਖੀ ਸੋਚ ਦੇ ਧਾਰਨੀ ਹੋਣ ਵਾਲੇ ਮਨੁੱਖ ਦਾ ਦਿਮਾਗ ਜਨਮ ਤੋਂ ਹੀ ਚੰਗਾ ਹੁੰਦਾ ਹੈ ਪਰ ਇਹ ਸਹੀ ਨਹੀਂ ਹੈ। ਅਸਲ ਵਿਚ ਨਾਂਹ-ਪੱਖੀ ਸੋਚ ਵਾਲੇ ਲੋਕ ਜਮਾਂਦਰੂ ਨਹੀਂ ਹਾਲਾਤ ਦੀ ਪੈਦਾਵਾਰ ਹੁੰਦੇ ਹਨ। ਵੱਖ ਵੱਖ ਘਟਨਾਵਾਂ, ਸਮਾਜਿਕ, ਘਰੇਲੂ ਵਾਤਾਵਰਨ ਆਦਿ ਤੋਂ ਪੈਦਾ ਹੋਈ ਨਾਂਹ-ਪੱਖੀ ਸੋਚ ਕਾਰਨ ਉਹ ਆਪਣੇ ਦਿਮਾਗ ਨੂੰ ਠੀਕ ਪਾਸੇ ਲਾਉਣ ਦਾ ਯਤਨ ਹੀ ਨਹੀਂ ਕਰਦੇ। ਸਾਡੇ ਸਮਾਜ ਅੰਦਰ ਇਸ ਤਰ੍ਹਾਂ ਦੇ ਲੋਕਾਂ ਲਈ ਅਗਵਾਈ ਦੀ ਵੀ ਘਾਟ ਹੈ। ਉਹ ਇਹ ਭਰਮ ਪਾਲਣ ਤਕ ਚਲੇ ਜਾਂਦੇ ਹਨ ਕਿ ਸਭ ਤੋਂ ਵੱਧ ਅਕਲ ਉਨ੍ਹਾਂ ਨੂੰ ਹੀ ਹੈ। ਆਮ ਗੱਲਬਾਤ ਵਿਚ ਜੋ ਲੋਕ ਉਨ੍ਹਾਂ ਦੀ ਕਿਸੇ ਦਲੀਲ ਨੂੰ ਕੱਟਦੇ ਹਨ ਤਾਂ ਉਨ੍ਹਾਂ ਵਿਰੁੱਧ ਇਨ੍ਹਾਂ ਅੰਦਰ ਖਿਝ, ਗੁੱਸਾ ਅਤੇ ਸਾੜਾ ਆਦਿ ਉਬਾਲੇ ਮਾਰਦਾ ਰਹਿੰਦਾ ਹੈ। ਮਿਹਨਤ ਕਰ ਕੇ ਅੱਗੇ ਵਧਣ ਵਾਲੇ ਲੋਕਾਂ ਨੂੰ ਉਹ ਸ਼ਾਬਾਸ਼ ਨਹੀਂ ਦੇ ਸਕਦੇ। ਸਗੋਂ ਉਨ੍ਹਾਂ ਨੂੰ ਕਾਮਯਾਬ ਹੁੰਦੇ ਵੇਖ ਕੇ ਉਹ ਦੁਖੀ ਹੁੰਦੇ ਹਨ ਲੇਕਿਨ ਹਾਂ-ਪੱਖੀ ਸੋਚ ਵਾਲੇ ਲੋਕ ਮਿਹਨਤ ਕਰ ਕੇ ਅੱਗੇ ਵਧ ਰਹੇ ਲੋਕਾਂ ਨੂੰ ਸ਼ਾਬਾਸ਼ ਕਹਿੰਦਿਆਂ ਖੁਸ਼ ਹੁੰਦੇ ਹਨ ਅਤੇ ਲੋੜ ਪੈਣ 'ਤੇ ਉਨ੍ਹਾਂ ਨੂੰ ਅਗਵਾਈ ਵੀ ਦਿੰਦੇ ਹਨ। ਨਾਂਹ- ਪੱਖੀ ਸੋਚ ਮਨੁੱਖ ਦੇ ਪੈਰ ਪਿਛਾਂਹ ਨੂੰ ਖਿੱਚਦੀ ਹੈ ਅਤੇ ਕੁੱਝ ਹਾਲਤਾਂ ਵਿਚ ਉਸ ਨੂੰ ਸਿਹਤਮੰਦ ਮਨੁੱਖੀ ਗੁਣਾਂ ਤੋਂ ਵੀ ਦੂਰ ਲੈ ਜਾਂਦੀ ਹੈ ਇਸੇ ਤਰ੍ਹਾਂ ਦਿਨ ਪ੍ਰਤੀ ਦਿਨ ਉਨ੍ਹਾਂ ਵਿਚ ਮਾਯੂਸੀ ਆਉਂਦੀ ਹੈ ਤੇ ਉਨ੍ਹਾਂ ਦੇ ਦੁੱਖਾਂ ਵਿਚ ਵਾਧਾ ਕਰਦੀ ਹੈ।

ਨਾਂਹ-ਪੱਖੀ ਸੋਚ ਸੰਕੀਰਨਤਾ ਨੂੰ ਜਨਮ ਦਿੰਦੀ ਹੈ। ਸਮਾਜ ਅਤੇ ਘਰਾਂ ਵਿਚ ਮਾਮੂਲੀ ਗੱਲਾਂ 'ਤੇ ਆਪਸੀ ਝਗੜਾ ਹੋਣ ਦਾ ਇਕ ਕਾਰਨ ਇਹ ਵੀ ਹੁੰਦਾ ਹੈ। ਇਸੇ ਸੋਚ ਦਾ ਹੀ ਨਤੀਜਾ ਹੈ ਕਿ ਇਹ ਸੋਚ ਚਿੰਤਾ ਅਤੇ ਉਦਾਸੀਨਤਾ (ਡਿਪ੍ਰੈਸ਼ਨ) ਨੂੰ ਜਨਮ ਦਿੰਦਿਆਂ ਦਿਮਾਗ ਅਤੇ ਸਵੈ ਵਿਸ਼ਵਾਸ ਨੂੰ ਗੰਭੀਰ ਸੱਟ ਮਾਰਦੀ ਹੈ। ਘਰ ਵਿਚ ਭਰਾ-ਭਰਾ, ਚਾਚੇ-ਤਾਏ, ਨੂੰਹ-ਸੱਸ ਅਤੇ ਹੋਰ ਝਗੜਿਆਂ ਦੀ ਜਨਮ ਭੂਮੀ ਆਮ ਕਰਕੇ ਸੰਕੀਰਨ ਸੋਚ ਹੀ ਹੁੰਦੀ ਹੈ। ਇੱਥੋਂ ਹੀ ਇਕ ਦੂਜੇ ਦੀ ਗੱਲ ਨੂੰ ਬਰਦਾਸ਼ਤ ਨਾ ਕਰਨ ਦਾ ਰੁਝਾਨ ਪੈਦਾ ਹੁੰਦਾ ਹੈ। ਫਰਾਂਸੀਸੀ ਫਿਲਾਸਫਰ ਬਲੇਜ ਬਾਸਕਲ ਨੇ, ਲੰਮਾ ਸਮਾਂ ਲੋਕਾਂ ਨੂੰ ਨਾਂਹ ਪੱਖੀ ਸੋਚ ਛੱਡ ਕੇ ਜ਼ਿੰਦਗੀ ਦਾ ਆਨੰਦ ਮਾਨਣ ਦਾ ਉਪਦੇਸ਼ ਦਿੱਤਾ। ਉਸ ਤੋਂ ਪ੍ਰਭਾਵਿਤ ਹੋ ਕੇ ਇਕ ਵਿਅਕਤੀ ਨੇ ਉਸ ਨੂੰ ਕਿਹਾ "ਜੇ ਮੇਰੇ ਕੋਲ ਵੀ ਤੁਹਾਡੇ ਵਰਗਾ ਦਿਮਾਗ ਹੁੰਦਾ ਤਾਂ ਮੈਂ ਵੀ ਚੰਗਾ ਇਨਸਾਨ ਬਣ ਸਕਦਾ ਸੀ"। ਉਸ ਦੀ ਗੱਲ ਸੁਣ ਕੇ ਪਾਸਕਲ ਨੇ ਕਿਹਾ "ਤੂੰ ਚੰਗਾ ਇਨਸਾਨ ਬਣ ਤੇਰਾ ਦਿਮਾਗ ਆਪ ਹੀ ਮੇਰੇ ਦਿਮਾਗ ਵਰਗਾ ਹੋ ਜਾਵੇਗਾ ਲੇਕਿਨ ਚੰਗਾ ਇਨਸਾਨ ਬਣਨ ਲਈ ਨਾਂਹ ਪੱਖੀ ਸੋਚ ਦਾ ਤਿਆਗ ਕਰ।"

ਇਮਾਰਤ ਜਿੱਡੀ ਵੱਡੀ ਬਣਾਉਣੀ ਹੋਵੇ ਉਸ ਦੀ ਨੀਂਹ ਵੀ ਓਨੀ ਹੀ ਮਜ਼ਬੂਤ ਰੱਖਣੀ ਪੈਂਦੀ ਹੈ। ਕਾਮਯਾਬ ਮਨੁੱਖ ਬਣਨ ਲਈ ਹਾਂ-ਪੱਖੀ ਸੋਚ ਹੀ ਮਨੁੱਖ ਦੀ ਨੀਂਹ ਹੈ। ਮਨੁੱਖ ਦਾ ਸੋਚਣ ਢੰਗ ਜਿੰਨਾ ਵਿਸ਼ਾਲ ਅਤੇ ਤਰਕ ਸੰਗਤ ਹੋਵੇਗਾ ਮਨੁੱਖ ਓਨਾ ਹੀ ਮਹਾਨ ਹੋਵੇਗਾ। ਹਾਂ-ਪੱਖੀ ਸੋਚ ਮਨੁੱਖ ਅੰਦਰ ਦਲੇਰੀ ਪੈਦਾ ਕਰਦੀ ਹੈ ਜਿਸ ਕਰਕੇ ਉਹ ਹਰ ਅਸੰਭਵ ਕੰਮ ਨੂੰ ਵੀ ਸੰਭਵ ਬਣਾ ਸਕਦਾ ਹੈ। ਉਹ ਮਨੁੱਖ ਭੂਤ-ਪ੍ਰੇਤ, ਬਲਾਵਾਂ, ਜਾਦੂ-ਟੂਣੇ, ਕਾਲਾ ਇਲਮ ਆਦਿ ਅੰਧ ਵਿਸ਼ਵਾਸ ਤੋਂ ਨਹੀਂ ਡਰਦਾ। ਲੇਕਿਨ ਨਾਂਹ-ਪੱਖੀ ਸੋਚ ਵਾਲਾ ਵਿਅਕਤੀ ਵਹਿਮਾਂ-ਭਰਮਾਂ ਵਿਚ ਫਸਿਆ ਉਪਰੋਕਤ ਗੱਲਾਂ ਤੋਂ ਡਰਦਾ ਹੋਇਆ ਝਟਪਟ ਫਰੇਬੀ ਤਾਂਤਰਿਕਾਂ, ਸਾਧਾਂ ਆਦਿ ਦੇ ਮਗਰ ਲੱਗ ਤੁਰਦਾ ਹੈ ਅਤੇ ਆਪਣੇ ਮਾੜੇ ਕਰਮਾਂ ਦੀ ਹੀ ਗੱਲ ਕਰਦਾ ਹੈ।

ਹਾਂ-ਪੱਖੀ ਸੋਚ ਨੂੰ ਸੁਚੱਜੀ ਅਤੇ ਨਾਂਹ-ਪੱਖੀ ਨੂੰ ਕੁਚੱਜੀ ਕਹਿਣਾ ਬਿਹਤਰ ਹੋਵੇਗਾ। ਹਾਂ-ਪੱਖੀ ਸੋਚ ਮਨੁੱਖ ਨੂੰ ਸਮਾਜ ਪ੍ਰਤੀ ਸਾਫ਼ ਸੁਥਰਾ ਨਜ਼ਰੀਆ ਰੱਖਣ ਦੇ ਯੋਗ ਬਣਾਉਂਦੀ ਹੈ ਜਦ ਕਿ ਨਾਂਹ-ਪੱਖੀ ਸੋਚ ਦਿਮਾਗ ਵਿਚ ਦੁਚਿੱਤੀ, ਵਹਿਮ ਭਰਮ ਅਤੇ ਸਮਾਜ ਪ੍ਰਤੀ ਧੁੰਦਲਾ ਨਜ਼ਰੀਆ ਬਣਾ ਦਿੰਦੀ ਹੈ। ਜਿਸ ਵਿਭਾਗ/ ਕੰਪਨੀ/ ਬੋਰਡ ਜਾਂ ਦਫ਼ਤਰ ਆਦਿ ਦਾ ਮੁਖੀ ਹਾਂ-ਪੱਖੀ ਦ੍ਰਿਸ਼ਟੀਕੋਣ ਦਾ ਮਾਲਕ ਹੋਵੇਗਾ ਉਹ ਆਪਣੇ ਚੰਗੇ ਵਤੀਰੇ ਕਾਰਨ ਸਟਾਫ਼ ਤੋਂ ਵਧੀਆ ਢੰਗ ਨਾਲ ਕੰਮ ਵੀ ਲੈ ਸਕਦਾ ਹੈ ਅਤੇ ਸਟਾਫ ਵੀ ਸਹਿਯੋਗੀ ਵਤੀਰੇ ਵਾਲਾ ਬਣ ਜਾਂਦਾ ਹੈ। ਲੇਕਿਨ ਨਾਂਹ-ਪੱਖੀ ਅਫਸਰ ਆਪਣੇ ਸਟਾਫ਼ ਨਾਲ ਛੋਟੀ ਛੋਟੀ ਗੱਲ 'ਤੇ ਉਲਝਦਾ ਰਹਿੰਦਾ ਹੈ। ਉਸ ਨੂੰ ਇਹ ਸ਼ੱਕ ਰਹਿੰਦਾ ਹੈ ਕਿ ਹੇਠਲਾ ਮੁਲਾਜ਼ਮ ਉਸਨੂੰ ਆਪਣਾ ਅਫ਼ਸਰ ਨਹੀਂ ਮੰਨਦਾ।

ਨਾਂਹ-ਪੱਖੀ ਸੋਚ ਵਾਲੇ ਵਿਅਕਤੀ ਨੂੰ ਜਦ ਕੋਈ ਖੁਸ਼ ਹੋ ਕੇ ਮਿਲਦਾ ਹੈ ਤਾਂ ਉਹ ਇਸ ਉੱਤੇ ਵੀ ਸ਼ੱਕ ਕਰਦਾ ਹੈ। ਉਹ ਹਮੇਸ਼ਾ ਆਪਣੀਆਂ ਖੁਸ਼ੀਆਂ ਨੂੰ ਨਜ਼ਰਅੰਦਾਜ਼ ਕਰ ਕੇ ਆਪਣੀਆਂ ਮੁਸ਼ਕਲਾਂ ਦੀ ਹੀ ਗੱਲ ਕਰਦਾ ਹੈ। ਉਹ ਨਾ ਖਿੜਖਿੜਾ ਕੇ ਹੱਸਦਾ ਹੈ ਤੇ ਨਾ ਹੱਸਣ ਵਾਲਿਆਂ ਨੂੰ ਪਸੰਦ ਕਰਦਾ ਹੈ। ਉਹ ਖਿੜਖਿੜਾ ਕੇ ਹੱਸਣ ਵਾਲਿਆਂ ਵਿਚ ਬੈਠਣਾ ਵੀ ਪਸੰਦ ਨਹੀਂ ਕਰਦਾ। ਉਸ ਵਿਚ ਮਿਲਾਪੜਾਪਨ ਬਹੁਤ ਘੱਟ ਹੁੰਦਾ ਹੈ ਤੇ ਘਰ ਆਏ ਮਹਿਮਾਨ ਨੂੰ ਪਾਣੀ ਦਾ ਘੁੱਟ ਪਿਆਉਣ ਵਿਚ ਵੀ ਔਖ ਮਹਿਸੂਸ ਕਰਦਾ ਹੈ। ਉਸ ਨੂੰ ਆਪਣੀ ਚੰਗੀ ਸਿਹਤ ਤੋਂ ਵੀ ਡਰਦਿਆਂ ਸ਼ੱਕ ਲਗਦਾ ਹੈ ਕਿ ਉਸ ਨੂੰ ਕਿਸੇ ਦਿਨ ਕੋਈ ਬਿਮਾਰੀ ਲੱਗ ਸਕਦੀ ਹੈ ਜਿਸ ਕਰਕੇ ਉਹ ਨਿੱਕੀ-ਨਿੱਕੀ ਗੱਲ 'ਤੇ ਡਾਕਟਰ ਵੱਲ ਤੁਰਿਆ ਰਹਿੰਦਾ ਹੈ। ਸਖਤ ਮਿਹਨਤ ਕਰਨ ਵਾਲੇ ਵਿਅਕਤੀ ਨੂੰ ਵੇਖ ਕੇ ਉਹ ਆਖਦਾ ਹੈ ਕਿ ਭੱਜ ਭੱਜ ਕੇ ਕੰਮ ਕਰਨ ਵਿਚ ਵਿਚ ਕੀ ਰੱਖਿਆ ਹੋਇਆ ਹੈ।

ਹਾਂ-ਪੱਖੀ ਵਿਅਕਤੀ ਹਮੇਸ਼ਾ ਆਸ਼ਾਵਾਦੀ ਅਤੇ ਮਜ਼ਬੂਤ ਮਾਨਸਿਕਤਾ ਵਾਲਾ ਹੁੰਦਾ ਹੈ। ਜਦਕਿ ਨਾਂਹ ਪੱਖੀ ਵਿਅਕਤੀ ਨਿਰਾਸ਼ਾਵਾਦੀ ਤੇ ਕਮਜ਼ੋਰ ਮਾਨਸਿਕਤਾ ਵਾਲਾ ਹੁੰਦਾ ਹੈ। ਹਾਂ-ਪੱਖੀ ਸੋਚ ਵਾਲਾ ਵਿਅਕਤੀ ਆਪਣੀ ਗਲਤੀ 'ਤੇ ਸਵੈ-ਪੜਚੋਲ ਕਰਦਾ ਹੈ ਜਦਕਿ ਦੂਸਰਾ ਆਪਣੇ ਆਪ ਨੂੰ ਮਜਬੂਰ ਪੇਸ਼ ਕਰਦਾ ਹੈ। ਹਾਂ-ਪੱਖੀ ਸੋਚ ਵਾਲਾ ਵਿਅਕਤੀ ਲੋਕਾਂ ਵਿਚ ਵਿਚਰਦਿਆਂ ਮੁਸਕਰਾਹਟ ਰੱਖਦਾ ਹੈ ਲੇਕਿਨ ਦੂਸਰਾ ਲੋਕਾਂ ਵਿਚ ਵਿਚਰਦਿਆਂ ਐਵੇਂ ਮੱਥੇ 'ਤੇ ਤਿਊੜੀਆਂ ਪਾਈ ਰੱਖਦਾ ਹੈ।



ਉਹ ਕਿਸੇ ਗੱਲਬਾਤ ਵਿਚ ਤਰਕ ਸੰਗਤ ਦਲੀਲ ਦੀ ਥਾਂ 'ਤੇ ਘਟੀਆ ਦਲੀਲਬਾਜ਼ੀ ਪੇਸ਼ ਕਰਦਾ ਹੈ। ਕੰਮ ਕਰਨ ਵਿਚ ਟਾਲ ਮਟੋਲ ਕਰਨ, ਢੇਰੀ ਢਾਹ ਕੇ ਬੈਠ ਜਾਣ ਜਾਂ ਕੰਮ ਨੂੰ ਅੱਗੇ ਹੀ ਅੱਗੇ ਪਾ ਕੇ ਪਾਈ ਜਾਣ ਦੀ ਆਦਤ ਨਾਂਹ-ਪੱਖੀ ਸੋਚ ਲਈ ਹੋਰ ਜਰਖੇਜ਼ ਭੂਮੀ ਤਿਆਰ ਕਰਦੀ ਹੈ। ਮਨੁੱਖ ਦੀਆਂ ਭਾਵਨਾਵਾਂ ਅਤੇ ਵਤੀਰਾ ਆਪਸ ਵਿਚ ਜੁੜੇ ਹੁੰਦੇ ਹਨ ਜੋ ਮਨੁੱਖ ਦੇ ਗੁਣ ਅਤੇ ਔਗੁਣ ਤੈਅ ਕਰਦੇ ਹਨ। ਹਾਂ-ਪੱਖੀ ਸੋਚ ਵਾਲਾ ਵਿਅਕਤੀ ਕੰਮ ਨੂੰ ਫੌਰਨ ਨਿਪਟਾਉਣ ਵਿਚ ਰੁਚੀ ਰੱਖਦਾ ਹੈ ਜਦ ਕਿ ਦੂਸਰਾ ਕੰਮ ਨੂੰ ਲਟਕਾਈ ਰੱਖਦਾ ਹੈ।

ਮੇਰਾ ਵਿਚਾਰ ਹੈ ਕਿ ਹਾਂ-ਪੱਖੀ ਸੋਚ ਨੂੰ ਹੋਰ ਮਜ਼ਬੂਤ ਕਰਨ ਲਈ ਸਵੈ ਪੜਚੋਲ ਕਰਦਿਆਂ ਆਪਣੇ ਆਪ ਨੂੰ ਤਣਾਅ ਮੁਕਤ ਰੱਖਣ ਦਾ ਯਤਨ ਕਰ ਕੇ ਆਰਾਮ ਦੀ ਨੀਂਦ ਸੌਣਾ ਚਾਹੀਦਾ ਹੈ। ਮਨੁੱਖ ਨੂੰ ਚੰਗਾ ਬੋਲਣ, ਚੰਗਾ ਪੜ੍ਹਨ, ਚੰਗਾ ਸੁਣਨ ਅਤੇ ਚੰਗਾ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਇਸੇ ਕਿਰਦਾਰ ਵਾਲੇ ਮਨੁੱਖ ਨੂੰ ਹੀ ਚੰਗਾ ਮਨੁੱਖ ਗਿਣਿਆ ਜਾ ਸਕਦਾ ਹੈ। ਟੈਲੀਵਿਜ਼ਨ 'ਤੇ ਲੱਚਰ ਪ੍ਰੋਗਰਾਮ, ਲੱਚਰ ਗੀਤ, ਮਨੁੱਖੀ ਜ਼ਿੰਦਗੀ ਤੋਂ ਦੂਰ ਸੀਰੀਅਲ ਤੇ ਫਿਲਮਾਂ ਅਤੇ ਦੇਰ ਰਾਤ ਤੱਕ ਟੀਵੀ ਵੇਖਣ ਦੀ ਆਦਤ ਤੋਂ ਦੂਰ ਰਹਿਣਾ ਚਾਹੀਦਾ ਹੈ। ਇਨ੍ਹਾਂ ਬਹੁਤੇ ਪ੍ਰੋਗਰਾਮਾਂ ਵਿਚ ਆਮ ਤੌਰ 'ਤੇ ਗੁੰਡਾਗਰਦੀ, ਨਸ਼ੇ ਅਤੇ ਵਿਆਹ ਤੋਂ ਪਹਿਲਾਂ ਨਾਜਾਇਜ਼ ਸੰਬੰਧ ਆਦਿ ਮਨੁੱਖ ਦੀਆਂ ਨੈਤਿਕ ਕਦਰਾਂ ਕੀਮਤਾਂ 'ਤੇ ਵੀ ਸੱਟ ਮਾਰਦੇ ਹਨ। ਇਹ ਬਹੁਤ ਸਾਰੇ ਲੋਕਾਂ ਨੂੰ ਉਦਾਸੀਨਤਾ (ਡਿਪ੍ਰੈਸ਼ਨ) ਵੱਲ ਤੋਰਦੇ ਅਤੇ ਨਾਂਹ-ਪੱਖੀ ਸੋਚ ਨੂੰ ਹੱਲਾਸ਼ੇਰੀ ਦਿੰਦੇ ਹਨ। ਕਈ ਧਾਰਮਿਕ ਆਗੂਆਂ/ ਬਾਬਿਆਂ ਦੀਆਂ ਨਾਂਹ-ਪੱਖੀ ਕਥਾਵਾਂ ਵੀ ਲੋਕਾਂ ਵਿਚ ਵਹਿਮ-ਭਰਮ ਫੈਲਾ ਕੇ ਉਨ੍ਹਾਂ ਦੇ ਸਵੈਮਾਣ ਨੂੰ ਮਸਲ ਦਿੰਦੀਆਂ ਹਨ ਅਤੇ ਮਨੁੱਖ ਦੇ ਦਿਮਾਗ ਨੂੰ ਖੜੋਤ ਵਿਚ ਰੱਖਣ ਦਾ ਕੰਮ ਕਰਦੀਆਂ ਹਨ। ਇਸ ਨਾਲ ਮਨੁੱਖ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਦਾ ਗਿਆਨ ਰੱਖਣ ਦੀ ਬਜਾਏ ਇੱਕ ਸੀਮਿਤ ਘੇਰੇ ਵਿਚ ਬੰਦ ਹੋ ਜਾਂਦਾ ਹੈ। ਇਸ ਨਾਲ ਉਸ ਦਾ ਦਿਮਾਗ ਹਾਂ-ਪੱਖੀ ਪਾਸੇ ਵੱਲੋਂ ਮੋੜਾ ਨਹੀਂ ਕੱਟ ਸਕਦਾ।

ਅਖੀਰ ਵਿਚ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਮਨੁੱਖ ਨੂੰ ਨਾਂਹ-ਪੱਖੀ ਸੋਚ ਤੋਂ ਹਮੇਸ਼ਾ ਕੁੜੱਤਣ, ਨਾਰਾਜ਼ਗੀ, ਉਦੇਸ਼ਹੀਣਤਾ ਅਤੇ ਮਾਨਸਿਕ ਦਬਾਅ ਹੀ ਮਿਲਦਾ ਹੈ। ਇਸ ਤੋਂ ਬਚਣ ਲਈ ਕੰਮ ਨੂੰ ਸਮੇਂ ਸਿਰ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਆਪਣੇ ਆਪ ਨੂੰ ਵਿਹਲਾ ਨਹੀਂ, ਰੁਝੇਵੇਂ ਵਿਚ ਰੱਖਣ ਦੀ ਆਦਤ ਪਾਉਣੀ ਚਾਹੀਦੀ ਹੈ। ਮੁਸ਼ਕਲ ਵਿਚ ਦੂਜਿਆਂ ਨਾਲ ਸਲਾਹ ਮਸ਼ਵਰਾ ਕਰਨ ਅਤੇ ਮਦਦ ਕਰਨ ਵਾਲੇ ਵਿਅਕਤੀ 'ਤੇ ਖੁਸ਼ ਹੋਣਾ ਚਾਹੀਦਾ ਹੈ। ਲਗਾਤਾਰ ਦੂਜਿਆਂ ਤੋਂ ਸਿੱਖਣ ਦੀ ਆਦਤ, ਆਲੋਚਨਾ ਬਰਦਾਸ਼ਤ ਕਰਨ ਅਤੇ ਦਲੇਰ ਸੁਭਾਅ ਦਾ ਨਿਰਮਾਣ ਕਰਨਾ ਚਾਹੀਦਾ ਹੈ, ਡਰਾਕਲ ਨਹੀਂ ਬਣਨਾ ਚਾਹੀਦਾ। ਉਸ ਨੂੰ ਦੂਜਿਆਂ ਦੀ ਸਫ਼ਲਤਾ 'ਤੇ ਖੁਸ਼ ਹੋਣਾ ਚਾਹੀਦਾ ਹੈ ਅਤੇ ਦੋਸਤਾਂ ਮਿੱਤਰਾਂ ਵਿਚ ਹੱਸਣ ਵਾਲੀਆਂ ਗੱਲਾਂ 'ਤੇ ਖਿੜਖਿੜਾ ਕੇ ਹੱਸਣਾ ਚਾਹੀਦਾ ਹੈ। ਜੇ ਸੰਭਵ ਹੋਵੇ ਤਾਂ ਉਸਨੂੰ ਹਾਸੇ ਠੱਠੇ ਵਾਲੇ ਪ੍ਰੋਗਰਾਮ ਅਤੇ ਕਮੇਟੀ ਫਿਲਮਾਂ ਦਾ ਆਨੰਦ ਲੈਣਾ ਚਾਹੀਦਾ ਹੈ।

ਨਾਂਹ-ਪੱਖੀ ਸੋਚ ਨੂੰ ਖਤਮ ਕਰਨ ਲਈ ਮਨੁੱਖ ਨੂੰ ਆਪਣੇ ਅੰਦਰਲੇ ਗੁਣਾਂ ਦੀ ਪਛਾਣ ਕਰ ਕੇ ਸਫਲ ਇਨਸਾਨ ਬਣਨਾ ਚਾਹੀਦਾ ਹੈ। ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਸਮਝ ਕੇ, ਤੇ ਉਨ੍ਹਾਂ ਦੇ ਹੱਲ ਲਈ ਨੀਤੀ ਤਿਆਰ ਕਰ ਕੇ ਨਾਂਹ-ਪੱਖੀ ਸੋਚ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਛੋਟੇ ਛੋਟੇ ਰੁਝੇਵੇਂ ਰੱਖਦਿਆਂ ਮਨੁੱਖ ਨੂੰ ਰੋਜ਼ਾਨਾ ਸੈਰ ਅਤੇ ਕਸਰਤ ਦੀ ਆਦਤ ਪਾਉਣੀ ਚਾਹੀਦੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਮੈਡੀਟੇਸ਼ਨ ਨਾਂਹ-ਪੱਖੀ ਸੋਚ ਨੂੰ ਖਤਮ ਕਰਨ ਵਿਚ ਸਹਾਈ ਹੋ ਸਕਦੀ ਹੈ। ਇਸ ਨਾਲ ਮਨੁੱਖ ਦਸ - ਪੰਦਰਾਂ ਮਿੰਟ ਰੋਜ਼ ਚੁੱਪਚਾਪ ਬੈਠ ਕੇ ਸਵੈ-ਪੜਚੋਲ ਕਰ ਸਕਦਾ ਹੈ ਅਤੇ ਆਪਣੇ ਅਕੀਦੇ ਨੂੰ ਯਾਦ ਕਰ ਸਕਦਾ ਹੈ। ਉਸ ਦਾ ਅਕੀਦਾ ਧਾਰਮਿਕ ਜਾਂ ਸਮਾਜਕ ਹੋ ਸਕਦਾ ਹੈ। ਮਨੁੱਖ ਨੂੰ ਜ਼ਿੰਦਗੀ ਵਿਚ ਵਿਚਰਦਿਆਂ ਨਵੇਂ ਨਿਸ਼ਾਨੇ ਤੈਅ ਕਰਨੇ ਚਾਹੀਦੇ ਹਨ ਅਤੇ ਜੇ ਸੰਭਵ ਹੋਵੇ ਤਾਂ ਕਿਸੇ ਨਾ ਕਿਸੇ ਨਿਸ਼ਾਨੇ ਉੱਤੇ ਲਿਖਣਾ ਚਾਹੀਦਾ ਹੈ। ਹਰ ਨਵੀਂ ਸਵੇਰ ਦਾ ਖੁਸ਼ੀ ਨਾਲ ਸੁਆਗਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦੇ ਵਿਅਕਤੀ ਨਾਲ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸੱਜਣਾਂ ਮਿੱਤਰਾਂ ਨੂੰ ਹਮਦਰਦੀ ਅਤੇ ਪਿਆਰ ਵਾਲਾ ਵਤੀਰਾ ਅਖਤਿਆਰ ਕਰਨਾ ਚਾਹੀਦਾ ਹੈ। ਇਸ ਨਾਲ ਉਸ ਦੀ ਸੋਚ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ ਅਤੇ ਉਹ ਜ਼ਿੰਦਗੀ ਦਾ ਭਰਪੂਰ ਆਨੰਦ ਮਾਣ ਸਕਦਾ ਹੈ।

## ਕਾਵਿ-ਕਿਆਰੀ

### ਤਿਰੰਗਾ

ਮੇਰੇ ਦੇਸ਼ ਦੀ ਹੈ ਸ਼ਾਨ ਤਿਰੰਗਾ।
ਸਭ ਦੀ ਹੈ ਜਿੰਦ ਜਾਨ ਤਿਰੰਗਾ।

ਇਹ ਦੇ ਲਈ ਤਾਂ ਮਰ ਮਿਟ ਜਾਵਾਂਗੇ,
ਜੇ ਕੋਈ ਕਰੇ ਅਪਮਾਨ ਤਿਰੰਗਾ।

ਅੱਠ ਵੀਰ ਸ਼ਹੀਦੀਆਂ ਪਾ ਗਏ ਸੀ,
ਕਾਰਗਿਲ 'ਤੇ ਲਹਿਰਾ ਆਨ ਤਿਰੰਗਾ।

ਸਾਡੇ ਦਿਲਾਂ 'ਚੋਂ ਜਜ਼ਬਾ ਕੁਰਬਾਨੀ ਦਾ,
ਭਾਰਤੀਆਂ ਦੀ ਹੈ ਮੁਸਕਾਨ ਤਿਰੰਗਾ।

ਕੋਟਿ ਕੋਟਿ ਪ੍ਰਣਾਮ ਅਮਰ ਸ਼ਹੀਦਾਂ ਨੂੰ,
ਰਾਸ਼ਟਰੀ ਗੀਤ ਕਰੇ ਸਨਮਾਨ ਤਿਰੰਗਾ।

ਇਹ ਨੂੰ ਵੇਖ ਕੇ ਵੈਰੀਆਂ ਦੇ ਸਾਹ ਸੁੱਕਦੇ,
ਹੱਥਾਂ ਚਂ ਫੜ ਤੁਰਦੇ ਉਡਾਨ ਤਿਰੰਗਾ।

ਹਰ ਪਾਸੇ ਕੇਸਰੀ ਪੱਗਾਂ ਸੋਂਹਦੀਆਂ ਨੇ,
ਖਟਕੜ ਕਲਾਂ 'ਚ ਝੁੱਲਦਾ ਤਾਨ ਤਿਰੰਗਾ।

ਸੱਤੀ ਇਹ ਦੇ ਅੱਗੇ ਸਿਰ ਝੁਕ ਜਾਂਦਾ,
ਫੌਜੀ ਵੀਰਾਂ ਦਾ ਰੱਖਦਾ ਮਾਣ ਤਿਰੰਗਾ।

***-ਸੱਤੀ ਉਟਾਲਾਂ ਵਾਲਾ***
***ਫੋਨ: 90564-36733***

---

### ਕਦੇ ਸੋਚੀਂ

ਭਾਵੇਂ ਕੌੜੇ ਹੋਵਣ ਪਰ ਮਿੱਠੇ ਦੱਸਿਆ ਕਰ,
ਜੱਗ ਕੋਲ਼ੋਂ ਤੂੰ ਗ਼ਮ ਛੁਪਾ ਕੇ ਰੱਖਿਆ ਕਰ।

ਪੜ੍ਹ ਕੇ ਤਿਰਾ ਚਿਹਰਾ ਗੱਲਾਂ ਕਰਦੇ ਲੋਕੀਂ,
ਤੂੰ ਮੂੰਹ ਉੱਤੇ ਨਕਾਬ ਚੜ੍ਹਾ ਕੇ ਰੱਖਿਆ ਕਰ।

ਕੁੱਝ ਜਾਣੇ ਕੁੱਝ ਅਣਪਛਾਣੇ ਰਿਸ਼ਤੇ ਜਿਉਂ,
ਕਰ ਕੇ ਅੱਖ ਨਿਹਾਰੀ ਰਸ ਚੱਖਿਆ ਕਰ।

ਨਾ ਐਵੇਂ ਰੱਖ ਆਸ-ਉਮੀਦਾਂ ਸੰਗੀਆਂ ਤੋਂ,
ਦੁੱਖ ਵੇਲ਼ੇ ਨ ਅੰਦਰੋਂ ਅੰਦਰੋਂ ਭੱਖਿਆ ਕਰ।

ਇਸ਼ਕ ਪੁਰਾਣਾ ਤਾਉਮਰ ਦਾ ਸਾਥੀ ਜਿਉਂ,
ਯਾਰ ਲੁਕਾ ਕੇ ਸੀਨੇ ਅੰਦਰ, ਤੱਕਿਆ ਕਰ।

ਜੋ ਆਏ ਨੇ ਇੱਕ ਦਿਨ ਸਭਨੇ ਟੁਰ ਜਾਣਾ,
ਹਠ-ਹਿੰਡ ਪੁਗਾਣਾ, ਬੱਸ ਤੂੰ ਛੱਡਿਆ ਕਰ।

ਗੁਰੂ-ਪੀਰ ਤੇ ਸੰਤ-ਫ਼ਕੀਰ ਸਮਝਾਉਂਦੇ ਨੇ,
ਕਦੋਂ ਮੌਤ ਹੈ ਆਣਾ, ਮਨ 'ਚੋਂ ਕੱਢਿਆ ਕਰ।

ਯਾਦ ਕਰੇ ਨਾ ਕੋਈ ਬਹੁਤਾ ਚਿਰ ਜੱਗ 'ਤੇ,
ਖਾਵੀਂ ਹੱਕ ਦੀ, ਨਾ ਰਿਸ਼ਵਤ ਵੱਢਿਆ ਕਰ।

ਹੱਸ ਖੇਡ ਤੇ ਸੇਵ ਕਮਾ ਲਈਂ ਦੁਨੀਆਂ 'ਤੇ,
ਪੁੰਨ-ਪਾਪ ਦਾ ਖਹਿੜਾ, ਇੱਥੇ ਛੱਡਿਆ ਕਰ।

***-ਸੇਵਾ ਸਿੰਘ "ਨੂਰਪੁਰੀ "***

---

### ਧੀਆਂ

ਘਰ 'ਚ ਸਾਡੇ ਕਮਰੇ ਖਾਲੀ
ਕੋਈ ਤੇ ਆਜੇ ਵਾਰਿਸ ਵਾਲੀ।
ਆ ਕੇ ਕਹੇ 'ਬਾਪੂ ਚਾਹ ਪੀ ਲੈ।'

ਸਾਡੇ ਸੀ ਇਕ ਧੀ ਜੰਮੀ
ਹੈ ਕਹਾਣੀ ਕਾਫੀ ਲੰਮੀ।

ਸਾਰੇ ਕਹਿਣ ਪਰਾਇਆ ਧਨ ਹੈ,
ਪਰ ਹੁਣ ਮੰਨ ਲਿਆ ਹੈ ਮਨ ਨੇ।
ਇਹ ਸਾਡਾ ਸਰਮਾਇਆ ਹੈ।
ਸਾਡੇ ਘਰ ਰੱਬ ਆਇਆ ਹੈ।

ਹਰ ਰੋਜ਼ ਫੋਨ 'ਤੇ ਪੁੱਛ ਲੈਂਦੀ ਹੈ
ਬਾਪੂ ਕੋਈ ਕਮੀ ਤਾਂ ਨਹੀਂ ਹੈ।
ਦਵਾਈ ਕੋਈ ਖਤਮ ਤਾਂ ਨਹੀਂ,
ਜੀਣ ਜੋਗੀਏ ਪੁੱਛਦੀ ਰਹੀਂ।

ਆਪਣੀਆਂ ਖੁਸ਼ੀਆਂ ਦੱਸਦੀ ਰਹੀਂ।
ਸਾਡੀ ਹਾਲਤ ਪੁੱਛਦੀ ਰਹੀਂ।

ਰਲ ਮਿਲ ਏਦਾਂ ਲੰਘ ਜਾਣੀ ਹੈ
ਹੁਣ ਕੋਈ ਪਛੋਤਾਣੀ ਨਹੀਂ ਹੈ।
ਰੱਬਾ ਧੀਆਂ ਸਭ ਨੂੰ ਦੇ ਦੇ
ਸ਼ਾਇਦ ਮਨੁੱਖਤਾ ਜਿਉਂਦੀ ਰਹਿ ਜੇ।

***-ਠਾਕਰ ਬਸਾਤੀ***

# ਦੁਨੀਆ 'ਚ ਭਾਰਤੀ ਅਰਥਚਾਰੇ ਦੀ ਵੁੱਕਤ ਅਤੇ ਆਮ ਲੋਕ

ਅੱਜ ਕੱਲ੍ਹ ਭਾਰਤ ਵਿਚ ਸਿਆਸੀ ਪਾਰਟੀਆਂ, ਆਰਥਿਕ ਮਾਹਰਾਂ ਅਤੇ ਆਮ ਲੋਕਾਂ ਦਰਮਿਆਨ, ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਉਤਪਾਦ ਦੇ ਮਾਮਲੇ ਵਿਚ ਦੁਨੀਆ ਵਿਚ ਚੰਗੀ ਹੋ ਰਹੀ ਦਰਜਾਬੰਦੀ ਦੀ ਗੱਲ ਚੱਲ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੀ ਪਾਰਟੀ ਅਤੇ ਆਪਣੇ ਲਈ ਲੋਕਾਂ ਤੋਂ ਤੀਜੀ ਵਾਰ ਜਿਤਾਉਣ ਲਈ ਵਾਅਦਾ ਕੀਤਾ ਹੈ ਕਿ ਜਲਦ ਹੀ ਦੇਸ਼ ਨੂੰ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦਿੱਤਾ ਜਾਵੇਗਾ। ਪਿਛਲੇ



ਡਾ. ਕੇਸਰ ਸਿੰਘ ਭੰਗੂ
ਫੋਨ: +91-98154-27127

ਸਮੇਂ ਵਿਚ ਅਮਰੀਕਾ ਫੇਰੀ ਦੌਰਾਨ ਵੀ ਪ੍ਰਧਾਨ ਮੰਤਰੀ ਇਸ ਮਾਮਲੇ ਦਾ ਜ਼ਿਕਰ ਕੀਤਾ ਸੀ। ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆ ਦੀ ਅਮਰੀਕਾ ਅਤੇ ਚੀਨ ਤੋਂ ਬਾਅਦ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗੀ। ਪਹਿਲਾਂ ਭਾਰਤ ਇਸ ਦਰਜਾਬੰਦੀ ਵਿਚ 7ਵੇਂ ਸਥਾਨ 'ਤੇ ਸੀ ਪਰ ਅੱਜ ਕੱਲ੍ਹ ਅਮਰੀਕਾ, ਚੀਨ, ਜਪਾਨ ਅਤੇ ਜਰਮਨੀ ਤੋਂ ਬਾਅਦ ਪੰਜਵੇਂ ਸਥਾਨ 'ਤੇ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਕ, ਭਾਵ ਖ਼ਰੀਦ ਸ਼ਕਤੀ ਬਰਾਬਰੀ ਦੇ ਹਿਸਾਬ ਨਾਲ, ਭਾਰਤ ਅੱਜ ਹੀ, ਭਾਵ 2023 ਵਿਚ, ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਜਾਵੇਗੀ। ਇਸ ਹਿਸਾਬ ਨਾਲ ਚੀਨ ਦਾ ਕੁੱਲ ਘਰੇਲੂ ਪੈਦਾਵਾਰ 33.01 ਟ੍ਰਿਲੀਅਨ ਡਾਲਰ, ਅਮਰੀਕਾ ਦਾ 26.85 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 13.03 ਟ੍ਰਿਲੀਅਨ ਡਾਲਰ ਹੋਵੇਗਾ। ਅੱਜ ਕੱਲ੍ਹ ਚੱਲ ਰਹੀ ਮੁਦਰਾ ਵਟਾਂਦਰਾ ਦਰ ਮੁਤਾਬਕ 1 ਅਮਰੀਕੀ ਡਾਲਰ ਭਾਰਤ ਦੇ 80 ਤੋਂ ਵੱਧ ਰੁਪਿਆ ਦੇ ਬਰਾਬਰ ਹੈ ਪਰ ਜਦੋਂ ਖ਼ਰੀਦ ਸ਼ਕਤੀ ਬਰਾਬਰੀ ਦੇ ਹਿਸਾਬ ਨਾਲ ਦੇਖਦੇ ਹਾਂ ਤਾਂ ਅਸਲੀਅਤ ਦਾ ਪਤਾ ਲੱਗਦਾ ਹੈ। ਉਦਾਹਰਨ ਦੇ ਤੌਰ 'ਤੇ ਦੇਖੀਏ ਤਾਂ, ਇਸ ਹਿਸਾਬ ਨਾਲ ਜੇ ਅਮਰੀਕਾ ਵਿਚ 25 ਕਿਲੋ ਮੀਟਰ ਸਫ਼ਰ ਕਰਨ ਤੇ 1 ਡਾਲਰ ਖ਼ਰਚ ਆਉਂਦਾ ਹੈ ਅਤੇ ਭਾਰਤ ਵਿਚ 25 ਕਿਲੋ ਮੀਟਰ ਸਫ਼ਰ ਕਰਨ ਤੇ 25 ਰੁਪਏ ਖਰਚ ਆਉਂਦੇ ਹਨ ਤਾਂ 1 ਅਮਰੀਕੀ ਡਾਲਰ ਭਾਰਤ ਦੇ 25 ਰੁਪਏ ਦੇ ਬਰਾਬਰ ਹੋਵੇਗਾ।

ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦਰਜਾਬੰਦੀ ਉੱਚੀ ਹੁੰਦੀ ਸੁਣ ਕੇ ਬਹੁਤ ਫ਼ਖ਼ਰ ਮਹਿਸੂਸ ਹੁੰਦਾ ਹੈ ਅਤੇ ਲਗਦਾ ਹੈ ਕਿ ਦੇਸ਼ ਜਲਦੀ ਹੀ ਵਿਸ਼ਵਗੁਰੂ ਬਣ ਜਾਵੇਗਾ ਪਰ ਇਸ ਦੇ ਆਰਥਿਕ ਨਾਲੋਂ ਸਿਆਸੀ ਮਾਇਨੇ ਜ਼ਿਆਦਾ ਹਨ ਕਿਉਂਕਿ ਇਹ ਹਕੂਮਤ ਕਰ ਰਹੀ ਸਿਆਸੀ ਪਾਰਟੀ ਅਤੇ ਮੌਜੂਦਾ ਸਰਕਾਰ ਨੂੰ ਸਿਆਸੀ ਤੌਰ 'ਤੇ ਤਸੱਲੀ ਅਤੇ ਹੌਸਲਾ ਜ਼ਰੂਰ ਪ੍ਰਦਾਨ ਕਰਦਾ ਹੈ। ਭਾਜਪਾ ਨੇ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਦਾ ਢੰਡੋਰਾ ਹੁਣ ਤੋਂ ਹੀ ਪਿੱਟਣਾ ਸ਼ੁਰੂ ਕਰ ਦਿੱਤਾ ਹੈ ਪਰ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੀ ਸੁਧਰ ਰਹੀ ਦਰਜਾਬੰਦੀ ਦੇ ਨਾਲ ਨਾਲ ਪ੍ਰਤੀ ਵਿਅਕਤੀ ਆਮਦਨ, ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆਂ, ਅਸਮਾਨ ਛੂੰਹਦੀ ਮਹਿੰਗਾਈ ਅਤੇ ਹੋਰ ਆਰਥਿਕ ਇੰਡੀਕੇਟਰਾਂ ਵਿਚ ਵੀ ਸੁਧਾਰ/ਵਾਧਾ ਹੋ ਰਿਹਾ ਹੈ ਜਾਂ ਨਹੀਂ?

ਸਭ ਤੋਂ ਪਹਿਲਾਂ ਜੇ ਗੱਲ ਕਰੀਏ ਕਿ ਕੀ ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਉਪਰ ਆ ਰਹੀ ਦਰਜਾਬੰਦੀ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਲਾਭ ਵੀ ਮਿਲ ਰਿਹਾ ਹੈ ਜਾਂ ਨਹੀਂ? ਭਾਵ, ਉਹਨਾਂ ਦੇ ਜੀਵਨ ਪੱਧਰ ਵਿਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ? ਆਮ ਤੌਰ 'ਤੇ ਆਰਥਿਕ ਮਾਹਰ ਅਤੇ ਸੰਸਥਾਵਾਂ ਕੁੱਲ ਘਰੇਲੂ ਪੈਦਾਵਾਰ ਦੇ ਪੱਧਰ ਨਾਲੋਂ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਨੂੰ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਆਦਾ ਕਾਰਗਰ ਸੂਚਕ ਮੰਨਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਆਮ ਤੌਰ 'ਤੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਪੱਧਰ ਮੁਤਾਬਕ ਦੁਨੀਆ ਦੇ ਦੇਸ਼ਾਂ ਨੂੰ ਤਿੰਨ ਭਾਗਾਂ ਵਿਚ ਵੰਡਦੀਆਂ ਹਨ। ਪਹਿਲਾਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਦੂਜਾ ਮੱਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਤੀਜਾ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਇਸ ਵੰਡ ਮੁਤਾਬਕ ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ




ਬਹੁਤ ਹੀ ਘੱਟ ਹੈ। ਜਦੋਂ ਭਾਰਤ 2013-14 ਵਿਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿਚ ਨੌਵੇਂ ਸਥਾਨ 'ਤੇ ਸੀ ਪਰ ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆ ਵਿਚ 147ਵੇਂ ਸਥਾਨ 'ਤੇ ਸੀ ਭਾਵ ਦੇਸ਼ ਕੁੱਝ ਟਾਪੂ ਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਉੱਪਰ ਹੀ ਸੀ। ਵਰਨਣਯੋਗ ਹੈ ਕਿ ਭਾਰਤ ਦਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿਚ ਅੱਗੇ ਹੈ। ਫੇਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਕ 7ਵੇਂ ਸਥਾਨ 'ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ 5ਵੇਂ ਸਥਾਨ 'ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿਚ ਮਾਮੂਲੀ ਵਾਧੇ ਨਾਲ 139ਵੇਂ ਸਥਾਨ 'ਤੇ ਹੈ। ਸਪਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ ਵਿਚ ਦੇਸ਼ ਬਹੁਤ ਪਿੱਛੇ ਹੈ ਅਤੇ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ।

ਹੁਣ ਗੱਲ ਕਰਦੇ ਹਾਂ ਭਾਰਤ ਦੇ ਮੁਕਾਬਲੇ ਉਹਨਾਂ ਦੇਸ਼ਾਂ ਦੀ ਜਿਹਨਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿਚ ਪਛਾੜਿਆ ਹੈ ਜਾਂ ਭਵਿੱਖ ਵਿਚ ਤੀਜੇ ਦਰਜੇ ਤੇ ਆ ਕੇ ਪਛਾੜ ਦੇਵੇਗਾ। ਜਿਹਨਾਂ ਦੇਸ਼ਾਂ ਨੂੰ ਪਛਾੜਿਆ ਹੈ, ਉਹਨਾਂ ਵਿਚ ਮੁੱਖ ਤੌਰ ਤੇ ਬ੍ਰਾਜ਼ੀਲ, ਫਰਾਂਸ, ਇਟਲੀ ਅਤੇ ਬਰਤਾਨੀਆ ਸ਼ਾਮਲ ਹਨ ਅਤੇ ਜਪਾਨ ਅਤੇ ਜਰਮਨੀ ਨੂੰ 2027 ਤੱਕ ਪਛਾੜ ਦੇਵੇਗਾ। ਸਾਲ 2013 ਵਿਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਮਹਿਜ 1438 ਅਮਰੀਕੀ ਡਾਲਰ ਸੀ ਜਦੋਂਕਿ ਉਸੇ ਸਾਲ ਬਰਤਾਨੀਆ ਦੀ ਪ੍ਰਤੀ ਵਿਅਕਤੀ ਆਮਦਨ 43449 ਡਾਲਰ, ਫਰਾਂਸ 42603 ਡਾਲਰ, ਇਟਲੀ 35560 ਡਾਲਰ ਅਤੇ ਬ੍ਰਾਜ਼ੀਲ 12259, ਭਾਵ ਜਿਹਨਾਂ ਦੇਸ਼ਾਂ ਨੂੰ ਪਿੱਛੇ ਛੱਡਿਆ ਸੀ, ਭਾਰਤ ਦਾ ਪ੍ਰਤੀ ਵਿਅਕਤੀ ਆਮਦਨ ਵਿਚ ਉਹਨਾਂ ਨਾਲ ਕੋਈ ਮੁਕਾਬਲਾ ਹੀ ਨਹੀਂ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਨੀਵੇਂ ਪੱਧਰ 'ਤੇ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2013-14 ਵਿਚ 1438 ਅਮਰੀਕੀ ਡਾਲਰ ਤੋਂ ਵੱਧ ਕੇ 2022-23 ਵਿਚ 2389 ਡਾਲਰ ਹੀ ਹੋਈ ਹੈ। ਇਹਨਾਂ ਦੇਸ਼ਾਂ ਦੇ ਬਾਕੀ ਆਰਥਿਕ ਸੂਚਕ ਅੰਕ ਜਿਵੇਂ ਕਿ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆਂ ਵੀ ਭਾਰਤ ਨਾਲੋਂ ਕਿਤੇ ਬਿਹਤਰੀਨ ਹਨ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਭਾਰਤ ਉਦੋਂ ਹੀ ਖ਼ੁਸ਼ਹਾਲ ਦੇਸ਼ ਬਣ ਸਕਦਾ ਹੈ ਜਦੋਂ ਪ੍ਰਤੀ ਵਿਅਕਤੀ ਆਮਦਨ ਦੁਨੀਆ ਵਿਚ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿਚ ਸ਼ਾਮਲ ਹੋ ਜਾਵੇਗਾ ਅਤੇ ਦੇਸ਼ ਵਿਚੋ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਆਰਥਿਕ ਨਾਬਰਾਬਰੀਆਂ ਖ਼ਤਮ ਹੋ ਜਾਣਗੀਆਂ, ਨਾ ਕਿ ਉਦੋਂ ਜਦੋਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਤੀਜੇ ਜਾਂ ਪਹਿਲੇ ਸਥਾਨ 'ਤੇ ਆ ਜਾਵੇਗਾ।

ਅਜਿਹਾ ਕਰਨ ਲਈ ਦੇਸ਼ ਵਿਚ ਮੌਜੂਦਾ ਕੇਂਦਰੀ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਆਰਥਿਕ ਨੀਤੀਆਂ, ਜਿਹੜੀਆਂ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਅਤੇ ਕਾਰਪੋਰੇਟਾਂ ਦਾ ਪੱਖ ਪੂਰ ਰਹੀਆਂ ਹਨ, ਨੂੰ ਆਮ ਲੋਕਾਂ ਦੇ ਹਿੱਤਾਂ ਵਿਚ ਬਦਲਣਾ ਪਵੇਗਾ। ਕੇਂਦਰੀ ਸਰਕਾਰ ਕੇਵਲ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ ਸਗੋਂ ਉਹ ਤਾਂ ਨਵੇਂ ਕਾਨੂੰਨ ਅਤੇ ਮੌਜੂਦਾ ਕਾਨੂੰਨਾਂ ਵਿਚ ਤਰਮੀਮਾਂ ਵੀ ਕਾਰਪੋਰੇਟਾ ਅਤੇ ਪੂੰਜੀਪਤੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ, ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕਰ ਰਹੀ ਹੈ। ਜੇਕਰ ਵੱਧਦੇ ਕੁੱਲ ਘਰੇਲੂ ਪੈਦਾਵਾਰ ਦਾ ਲਾਭ ਦੇਸ਼ ਦੇ ਆਮ ਲੋਕਾਂ ਤੱਕ ਪਹੁੰਚਾਉਣਾ ਹੈ ਤਾਂ ਕੇਵਲ ਢੰਡੋਰਾ ਪਿੱਟਣ ਨਾਲ ਸਿਆਸੀ ਲਾਹਾ ਤਾਂ ਖੱਟਿਆ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ 'ਤੇ ਆਮ ਲੋਕਾਂ ਲਈ ਕੁੱਝ ਵੀ ਨਹੀਂ ਬਦਲੇਗਾ। ਇਸ ਲਈ ਸਭ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿਚ ਬਰਾਬਰੀ ਦੀ ਵੰਡ ਦੇ ਆਧਾਰ ਤੇ ਉੱਚੀ ਆਰਥਿਕ ਤਰੱਕੀ ਦੀ ਦਰ ਹਾਸਲ ਕਰਨਾ ਪਵੇਗਾ; ਭਾਵ, ਆਰਥਿਕ ਤਰੱਕੀ ਨਾਲ ਵਧਿਆ ਕੁੱਲ ਘਰੇਲੂ ਪੈਦਾਵਾਰ ਕੁੱਝ ਅਮੀਰਾਂ ਦੇ ਹੱਥਾਂ ਵਿਚ ਹੀ ਨਾ ਰਹਿ ਜਾਵੇ ਸਗੋਂ ਵਧੀ ਹੋਈ ਪੈਦਾਵਾਰ ਦਾ ਬਰਾਬਰ ਲਾਭ ਦੇਸ਼ ਦੇ ਆਮ ਲੋਕਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ। ਇਸ ਦੇ ਨਾਲ ਹੀ ਦੇਸ਼ ਵਿਚ ਬਹੁਤ ਵੱਡੇ ਪੱਧਰ 'ਤੇ ਲਾਭਕਾਰੀ ਰੁਜ਼ਗਾਰ ਵੀ ਆਮ ਲੋਕਾਂ ਲਈ ਪੈਦਾ ਕਰਨਾ ਪਵੇਗਾ ਕਿਉਂਕਿ ਭਾਰਤ ਵਿਚ ਬਹੁਤ ਵੱਡੇ ਪੱਧਰ ਤੇ ਆਮ ਬੇਰੁਜ਼ਗਾਰੀ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਦੇਸ਼ ਵਿਚ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੀ ਬਹੁਤ ਘਾਟ ਹੈ ਅਤੇ ਉਹ ਸਮੇਂ ਦੇ ਹਾਣ ਦੀਆਂ ਨਹੀਂ ਹਨ ਜਿਸ ਕਾਰਨ ਦੇਸ਼ ਦੇ ਸਿਹਤ ਅਤੇ ਸਿੱਖਿਆ ਨਾਲ ਸਬੰਧਤ ਸੂਚਕ ਅੰਕ ਵੀ ਦੁਨੀਆ ਦੇ ਉਪਰਲੇ ਦੇਸ਼ਾਂ ਮੁਕਾਬਲੇ ਵਿਚ ਬਹੁਤ ਪਿਛੜੇ ਹੋਏ ਹਨ। ਅਜਿਹਾ ਕਰਨ ਲਈ ਦੇਸ਼ ਵਿਚ ਸਰਕਾਰ ਨੂੰ ਅਸਲ ਨਿਵੇਸ਼ ਨੂੰ ਵਧਾਉਣਾ ਪਵੇਗਾ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਵਿਚ ਪਹਿਲੇ ਸਥਾਨ 'ਤੇ ਵੀ ਆ ਜਾਵੇ ਪਰ ਇਸ ਦੇ ਕੋਈ ਮਾਇਨੇ ਨਹੀਂ ਹੋਣਗੇ। ਜਦੋਂ ਤੱਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣ ਦਾ ਨਹੀਂ ਬਣਾਇਆ ਜਾਂਦਾ। ਦੇਸ਼ ਵਿਚੋ ਭੁੱਖਮਰੀ ਦੇ ਖ਼ਾਤਮੇ, ਗਰੀਬੀ ਦੇ ਖਾਤਮੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਕਾਣੀ ਵੰਡ ਦੇ ਖ਼ਾਤਮੇ ਦੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ, ਉਦੋਂ ਤੱਕ ਦੇਸ਼ ਦੇ ਆਮ ਲੋਕਾਂ ਨੂੰ ਭਾਰਤ ਦੇ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆ ਦੇ ਪਹਿਲੇ ਜਾਂ ਤੀਜੇ ਦਰਜੇ ਦਾ ਮੁਲਕ ਬਣਨ ਦਾ ਕੋਈ ਲਾਭ ਨਹੀਂ ਹੋਵੇਗਾ।

---

# ਪਾਕਿਸਤਾਨ ਦੇ ਮੰਦੜੇ ਹਾਲ

ਜੀ. ਪਾਰਥਾਸਾਰਥੀ

ਪਾਕਿਸਤਾਨ ਦੇ ਬੱਝਵੇਂ ਆਰਥਿਕ ਵਿਕਾਸ ਨੂੰ ਲੈ ਕੇ ਬਦਹਵਾਸੀ ਦਾ ਆਲਮ ਬਣਿਆ ਹੋਇਆ ਹੈ। ਮੁਲਕ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਕੌਮਾਂਤਰੀ ਮੁਦਰਾ ਕੋਸ਼ (ਆਈ.ਐੱਮ.ਐੱਫ.) ਦੀਆਂ ਲਾਈਆਂ ਸਖ਼ਤ ਸ਼ਰਤਾਂ ਕਰ ਕੇ ਸਰਕਾਰੀ ਖਰਚ ਦੀਆਂ ਲਗਾਮਾਂ ਕੱਸ ਦਿੱਤੀਆਂ ਗਈਆਂ ਹਨ। ਰਹਿੰਦੀ ਖੂੰਹਦੀ ਕਸਰ ਮਹਿੰਗਾਈ ਨੇ ਕੱਢ ਦਿੱਤੀ ਹੈ ਜਿਸ ਕਰ ਕੇ ਆਮ ਲੋਕਾਂ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ। ਵਿਸ਼ਵ ਬੈਂਕ ਦੀ ਹਾਲੀਆ ਰਿਪੋਰਟ ਵਿਚ ਕਿਹਾ ਗਿਆ ਹੈ: "ਵਿਦੇਸ਼ੀ ਮੁਦਰਾ ਭੰਡਾਰ ਘਟਣ, ਮੁਦਰਾ ਦੀ ਕੀਮਤ ਵਿਚ ਗਿਰਾਵਟ ਅਤੇ ਉੱਚ ਮਹਿੰਗਾਈ ਦਰ ਕਰ ਕੇ ਪਾਕਿਸਤਾਨ ਦਾ ਅਰਥਚਾਰਾ ਇਸ ਵੇਲੇ ਭਾਰੀ ਦਬਾਓ ਹੇਠ ਹੈ।"

ਚਾਲੂ ਮਾਲੀ ਸਾਲ ਦੌਰਾਨ ਅਰਥਚਾਰੇ ਵਿਚ 0.4 ਫ਼ੀਸਦ ਦੀ ਦਰ ਨਾਲ ਵਾਧਾ ਹੋਣ ਦੀ ਉਮੀਦ ਹੈ ਅਤੇ ਇਸ ਦੌਰਾਨ ਮਹਿੰਗਾਈ ਅਤੇ ਊਰਜਾ ਦੀਆਂ ਕੀਮਤਾਂ ਵਿਚ ਵਾਧਾ ਜਾਰੀ ਰਹੇਗਾ। ਪਾਕਿਸਤਾਨ ਦੇ ਖੇਤੀਬਾੜੀ ਖੇਤਰ ਦੀ ਪੈਦਾਵਾਰ ਵਿਚ ਦੋ ਦਹਾਕਿਆਂ ਵਿਚ ਪਹਿਲੀ ਵਾਰ ਕਮੀ ਆਉਣ ਦਾ ਖ਼ਦਸ਼ਾ ਹੈ ਜਦਕਿ ਸਨਅਤੀ ਪੈਦਾਵਾਰ ਦਾ ਵੀ ਇਹੋ ਹਾਲ ਹੈ ਜਿਸ ਕਰ ਕੇ ਸਪਲਾਈ ਚੇਨ ਵਿਚ ਵਿਘਨ ਪੈ ਰਿਹਾ ਹੈ। ਵਿਦੇਸ਼ੀ ਆਰਥਿਕ ਇਮਦਾਦ 'ਤੇ ਟੇਕ ਰੱਖਣ ਦੀ ਸੂਰਤ ਵਿਚ ਨੇੜ ਭਵਿੱਖ ਵਿਚ ਪਾਕਿਸਤਾਨ ਆਰਥਿਕ ਤੌਰ 'ਤੇ ਨਾਕਾਮੀ ਦੀ ਸਥਿਤੀ ਵਿਚ ਘਿਰਦਾ ਜਾਪ ਰਿਹਾ ਹੈ।

ਆਈ.ਐੱਮ.ਐੱਫ. ਨਾਲ ਕਰਾਰ ਤੈਅ ਪਾਏ ਜਾਣ ਅਤੇ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਜਿਹੇ ਮੁਲਕਾਂ ਤੋਂ ਦੁਵੱਲੀ ਇਮਦਾਦ ਹਾਸਲ ਕਰਨ ਦੇ ਬਾਵਜੂਦ ਪਾਕਿਸਤਾਨ ਨੂੰ ਆਰਥਿਕ ਸੰਕਟ 'ਚੋਂ ਨਿਕਲਣ ਲਈ ਵਿਦੇਸ਼ੀ ਮੁਦਰਾ ਭੰਡਾਰਾਂ ਅਤੇ ਸਰਕਾਰੀ ਖਰਚ 'ਤੇ ਲਾਈਆਂ ਬੰਦਸ਼ਾਂ ਨੂੰ ਸਖ਼ਤੀ ਨਾਲ ਅਮਲ ਵਿਚ ਲਿਆਉਣਾ ਪਵੇਗਾ। ਹਾਲਾਂਕਿ ਪਾਕਿਸਤਾਨ ਦੇ ਮਨਸੂਬਾਬੰਦੀ ਮੰਤਰੀ ਆਸਿਫ਼ ਇਕਬਾਲ ਨੇ ਇਸ ਸਾਲ ਆਰਥਿਕ ਵਿਕਾਸ ਦਰ 3.5 ਫ਼ੀਸਦ ਰਹਿਣ ਦੀ ਉਮੀਦ ਜਤਾਈ ਹੈ ਪਰ ਬਹੁਤ ਸਾਰੇ ਲੋਕ ਉਨ੍ਹਾਂ ਦੇ ਆਸ਼ਾਵਾਦ ਨਾਲ ਸਹਿਮਤ ਨਹੀਂ ਹਨ। ਲਿਹਾਜ਼ਾ, ਪਾਕਿਸਤਾਨ ਲੰਮੇ ਚਿਰ ਲਈ ਆਰਥਿਕ ਤੌਰ 'ਤੇ ਕੌਮਾਂਤਰੀ ਅਸਫਲਤਾ ਦਾ ਕੇਸ ਬਣਿਆ ਰਹਿ ਸਕਦਾ ਹੈ ਜਿਸ ਲਈ ਹੋਰ ਵਿਦੇਸ਼ੀ ਇਮਦਾਦ ਦੀ ਲੋੜ ਪਵੇਗੀ। ਇਸ ਦੌਰਾਨ ਇਸ ਦੇ 'ਸਦਾਬਹਾਰ ਦੋਸਤ' ਚੀਨ ਨੇ ਪਾਕਿਤਸਾਨ ਦੀਆਂ ਕੌਮਾਂਤਰੀ ਤੌਰ 'ਤੇ ਤਬਾਦਲੇਯੋਗ ਕਰੰਸੀਆਂ ਦੀਆਂ ਲੋੜਾਂ ਦੀ ਪੂਰਤੀ ਲਈ ਕੋਈ ਖਾਸ ਉਤਸ਼ਾਹ ਨਹੀਂ ਦਿਖਾਇਆ। ਚੀਨ ਦਾ ਧਿਆਨ ਆਪਣੇ 'ਬੈਲਟ ਐਂਡ ਰੋਡ' ਪ੍ਰੋਜੈਕਟ 'ਤੇ ਲੱਗਿਆ ਹੋਇਆ ਹੈ। ਇਸ 'ਤੇ ਵੀ ਸੰਦੇਹ ਹੈ ਕਿ ਪਾਕਿਸਤਾਨ ਸ੍ਰੀਲੰਕਾ ਦੇ ਰਾਸ਼ਟਰਪਤੀ ਰਨੀਲ ਵਿਕਰਮਸਿੰਘੇ ਦੀ ਤਰ੍ਹਾਂ ਸਫਲ ਹੋ ਸਕੇਗਾ ਜਿਨ੍ਹਾਂ ਨੇ ਆਪਣੀਆਂ ਸੂਝ ਭਰੀਆਂ ਕੂਟਨੀਤਕ ਅਤੇ ਵਿੱਤੀ ਨੀਤੀਆਂ ਸਦਕਾ ਦੇਸ਼ ਨੂੰ ਆਰਥਿਕ ਦੀਵਾਲੀਏਪਣ ਦੀਆਂ ਚੁਣੌਤੀਆਂ ਨਾਲ ਸਿੱਝਣ ਲਈ ਕਾਫ਼ੀ ਚੰਗੀ ਕਾਰਗੁਜ਼ਾਰੀ ਦਿਖਾਈ ਹੈ।

ਆਰਥਿਕ ਦਿੱਕਤਾਂ ਨਾਲ ਜੂਝਦਿਆਂ ਪਾਕਿਸਤਾਨ ਦੀ 'ਪਰਮਾਣੂ ਹਥਿਆਰ ਲੀਡਰਸ਼ਿਪ' ਨੇ ਆਪਣੇ ਲੋਕਾਂ ਨੂੰ ਖੁਸ਼ਖ਼ਬਰ ਦਿੰਦੇ ਹੋਏ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ 'ਪਰਮਾਣੂ ਨਿਰਵਾਣ' ਹਾਸਲ ਕਰਨ ਜਾ ਰਿਹਾ ਹੈ। ਪਾਕਿਸਤਾਨ ਦੇ ਪ੍ਰਥਮ 'ਪਰਮਾਣੂ ਜ਼ਾਰ' ਏ ਕਿਊ ਖ਼ਾਨ ਸਨ ਜਿਨ੍ਹਾਂ ਦਾ ਅਕਤੂਬਰ 2021 ਵਿਚ ਦੇਹਾਂਤ ਹੋ ਗਿਆ ਸੀ। ਏ.ਕਿਊ. ਖ਼ਾਨ ਨੇ ਪਰਮਾਣੂ ਤਕਨਾਲੋਜੀ ਦੀ ਖੋਜ ਅਤੇ ਵਿਕਾਸ ਕਾਰਜਾਂ ਨਾਲ ਜੁੜੀ ਡੱਚ ਕੰਪਨੀ ਵਚ ਨੌਕਰੀ ਲੈ ਲਈ ਸੀ। ਕੰਪਨੀ ਨੇ ਉਚ ਰਫ਼ਤਾਰ ਵਾਲੇ ਸੈਂਟਰੀਫਿਊਜਜ਼ (ਰੋਟੇਟਰ ਮਸ਼ੀਨ) ਦੀ ਵਰਤੋਂ ਕਰਦਿਆਂ ਸੋਧਿਆ ਹੋਇਆ ਯੂਰੇਨੀਅਮ ਤਿਆਰ ਕਰ ਲਿਆ ਸੀ। ਖ਼ਾਨ 1971 ਦੀ ਜੰਗ ਵਿਚ ਪਾਕਿਸਤਾਨ ਦੀ ਹਾਰ ਤੋਂ ਬਹੁਤ ਤੈਸ਼ ਵਿਚ ਆ ਗਿਆ ਸੀ। ਉਸ ਨੇ ਪਰਮਾਣੂ ਹਥਿਆਰ ਬਣਾਉਣ ਲਈ ਜ਼ਰੂਰੀ ਯੂਰੇਨੀਅਮ ਦੀ ਸੁਧਾਈ ਬਾਰੇ ਹਾਸਲ ਕੀਤੀਆਂ ਜਾਣਕਾਰੀਆਂ ਤਤਕਾਲੀ ਪ੍ਰਧਾਨ ਮੰਤਰੀ ਜ਼ੁਲਫ਼ਿਕਾਰ ਅਲੀ ਭੁੱਟੋ ਨਾਲ ਸਾਂਝੀਆਂ ਕੀਤੀਆਂ ਸਨ। ਉਸ ਤੋਂ ਥੋੜ੍ਹੀ ਦੇਰ ਬਾਅਦ ਹੀ ਉਸ ਨੂੰ ਇਸਲਾਮਾਬਾਦ ਨੇੜੇ ਕਹੂਟਾ ਵਿਖੇ ਪਾਕਿਸਤਾਨ ਦੇ ਯੂਰੇਨੀਅਮ ਐਨਰਿਚਮੈਂਟ ਪ੍ਰੋਜੈਕਟ ਦਾ ਮੁਖੀ ਬਣਾ ਦਿੱਤਾ ਗਿਆ ਸੀ। ਇੱਥੇ ਹੀ ਉਹ ਯੂਰੇਨੀਅਮ ਸੁਧਾਈ ਲਈ ਦਰਕਾਰ ਸੈਂਟਰੀਫਿਊਜਜ਼ ਨੂੰ ਸਥਾਪਤ ਕਰਨ ਦੇ ਯੋਗ ਹੋ ਸਕਿਆ ਸੀ।

ਚੀਨ ਵਲੋਂ ਵੀ ਸੋਧੇ ਹੋਏ ਯੂਰੇਨੀਅਮ ਦੀ ਪੈਦਾਵਾਰ ਕੀਤੀ ਜਾ ਰਹੀ ਸੀ ਜਿਸ ਕਰ ਕੇ ਇਹ ਬਿਲਕੁੱਲ ਸੰਭਵ ਹੈ ਕਿ ਪਾਕਿਸਤਾਨ ਨੂੰ ਚੀਨ ਕੋਲੋਂ ਪਰਮਾਣੂ ਹਥਿਆਰਾਂ ਦੇ ਡਿਜ਼ਾਈਨ ਹਾਸਲ ਹੋਏ ਹੋਣ। ਉਸ ਤੋਂ ਬਾਅਦ ਇਸਲਾਮਾਬਾਦ ਆਪਣੇ ਪਰਮਾਣੂ ਹਥਿਆਰ ਤਿਆਰ ਕਰਨ ਲਈ ਤਿਆਰ ਹੋ ਗਿਆ ਸੀ। ਭਾਰਤ ਵਲੋਂ 1998 ਵਿਚ ਪਰਮਾਣੂ ਹਥਿਆਰਾਂ ਦੇ ਤਜਰਬੇ ਕੀਤੇ ਜਾਣ ਤੋਂ ਬਾਅਦ ਪਾਕਿਸਤਾਨ ਨੇ ਵੀ ਅਜਿਹੇ ਧਮਾਕੇ ਕੀਤੇ ਸਨ। ਇਸ ਤੋਂ ਬਾਅਦ ਏ.ਕਿਊ. ਖ਼ਾਨ ਨੂੰ ਭ੍ਰਿਸ਼ਟਾਚਾਰ ਅਤੇ ਪਰਮਾਣੂ ਹਥਿਆਰਾਂ ਦੇ ਡਿਜ਼ਾਈਨ ਹੋਰਨਾਂ ਦੇਸ਼ਾਂ ਨੂੰ ਵੇਚਣ ਦੇ ਦੋਸ਼ਾਂ ਹੇਠ ਹਟਾ ਦਿੱਤਾ ਗਿਆ ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਉਹ ਕੌਮੀ ਨਾਇਕ ਬਣੇ ਹੋਏ ਹਨ ਹਾਲਾਂਕਿ ਉਨ੍ਹਾਂ 'ਤੇ ਪਰਮਾਣੂ ਤਕਨਾਲੋਜੀ ਦੀ ਵੱਡੇ ਪੱਧਰ 'ਤੇ ਤਸਕਰੀ ਕਰਨ ਦੇ ਦੋਸ਼ ਲਗਦੇ ਰਹੇ ਹਨ ਜਿਨ੍ਹਾਂ ਵਿਚ ਇਹ ਵੀ ਸ਼ਾਮਲ ਸੀ ਕਿ ਉਨ੍ਹਾਂ ਕੁਝ ਇਸਲਾਮੀ ਮੁਲਕਾਂ ਨੂੰ ਪਰਮਾਣੂ ਹਥਿਆਰਾਂ ਦੇ ਡਿਜ਼ਾਈਨ ਦਿੱਤੇ ਸਨ। ਜ਼ਾਹਿਰ ਹੈ ਕਿ ਅਮਰੀਕਾ ਜਿਹੇ ਕੁਝ ਦੇਸ਼ ਇਸ ਵਰਤਾਰੇ ਤੋਂ ਬਹੁਤੇ ਖੁਸ਼ ਨਹੀਂ ਸਨ।

ਡਾ. ਏ.ਕਿਊ. ਖ਼ਾਨ ਤੋਂ ਬਾਅਦ ਲੈਫਟੀਨੈਂਟ ਜਨਰਲ ਖ਼ਾਲਿਦ ਕਿਦਵਈ ਨੂੰ ਪਾਕਿਸਤਾਨ ਦੇ ਪਰਮਾਣੂ ਹਥਿਆਰ ਪ੍ਰੋਗਰਾਮ ਦਾ ਮੁਖੀ ਥਾਪਿਆ ਗਿਆ ਸੀ। ਕਿਦਵਈ ਆਲ੍ਹਾ ਦਰਜਾ ਦੇ ਤੋਪਖਾਨਾ ਅਫਸਰ ਹਨ ਜੋ 1971 ਦੀ ਜੰਗ ਵੇਲੇ ਜੰਗੀ ਕੈਦੀ ਰਹੇ ਸਨ। ਕਿਦਵਈ ਵਲੋਂ ਪਾਕਿਸਤਾਨ ਪਰਮਾਣੂ ਅਥਾਰਿਟੀ ਦਾ ਮੁਖੀ ਬਣਨ ਤੋਂ ਬਾਅਦ ਹੀ ਇਸ ਦੇ 'ਪਰਮਾਣੂ ਸਿਧਾਂਤ' ਦਾ ਖੁਲਾਸਾ ਕੀਤਾ ਗਿਆ ਸੀ। ਇਸ ਨੂੰ ਕਿਦਵਈ ਦਾ ਡੌਕਟ੍ਰੀਨ ਵੀ ਕਿਹਾ ਜਾਂਦਾ ਹੈ ਜਿਸ ਤਹਿਤ ਉਨ੍ਹਾਂ ਸਥਿਤੀਆਂ ਦਾ ਬਿਆਨ ਕੀਤਾ ਗਿਆ ਹੈ ਜਿਨ੍ਹਾਂ ਤਹਿਤ ਪਾਕਿਸਤਾਨ ਵਲੋਂ ਪਰਮਾਣੂ ਹਥਿਆਰਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਵਲੋਂ ਇਹ ਦਰਜ ਕੀਤਾ ਗਿਆ ਹੈ ਕਿ ਪਾਕਿਸਤਾਨ ਤਦ ਹੀ ਪਰਮਾਣੂ ਹਥਿਆਰਾਂ ਦਾ ਇਸਤੇਮਾਲ ਕਰਨ ਲਈ ਮਜਬੂਰ ਹੋਵੇਗਾ ਜੇ ਭਾਰਤ ਹਮਲਾ ਕਰ ਕੇ ਪਾਕਿਸਤਾਨ ਦੇ ਵੱਡੇ ਖੇਤਰ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਜਾਂ ਉਸ ਦੀ ਥਲ ਜਾਂ ਹਵਾਈ ਸੈਨਾ ਦੇ ਵੱਡੇ ਹਿੱਸੇ ਨੂੰ ਤਬਾਹ ਕਰ ਦਿੰਦਾ ਹੈ। ਕਿਦਵਈ ਨੇ ਕਾਫ਼ੀ ਤਫ਼ਸੀਲ ਵਿਚ ਬਿਆਨ ਕੀਤਾ ਹੈ ਕਿ ਜੇ ਭਾਰਤ ਆਰਥਿਕ ਤੌਰ 'ਤੇ ਪਾਕਿਸਤਾਨ ਦੀ ਸੰਘੀ ਘੁੱਟਣ ਜਾਂ ਵੱਡੇ ਪੱਧਰ 'ਤੇ ਅੰਦਰੂਨੀ ਜਾਂ ਬਾਹਰੀ ਗੜਬੜ ਕਰਵਾ ਕੇ ਅਸਥਿਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਪਾਕਿਸਤਾਨ ਵੀ ਇਸ ਤਰ੍ਹਾਂ ਦੀ ਕਾਰਵਾਈ ਕਰੇਗਾ।

ਕਿਦਵਈ ਹਾਲੇ ਵੀ ਪਾਕਿਸਤਾਨ ਦੀਆਂ ਪਰਮਾਣੂ ਖਾਹਸ਼ਾਂ ਅਤੇ ਨੀਤੀਆਂ ਦਾ ਜਨਤਕ ਚਿਹਰਾ ਬਣੇ ਹੋਏ ਹਨ। ਕੁਝ ਹੋਰਨਾਂ ਦੇਸ਼ਾਂ ਵਿਚ ਸਥਿਤ ਅਦਾਰਿਆਂ ਦੇ ਅਨੁਮਾਨ ਮੁਤਾਬਕ ਪਾਕਿਸਤਾਨ ਕੋਲ ਇਸ ਵੇਲੇ 170 ਪਰਮਾਣੂ ਹਥਿਆਰ ਹਨ ਜਦਕਿ ਭਾਰਤ ਕੋਲ 164 ਪਰਮਾਣੂ ਹਥਿਆਰ ਹਨ। ਬਹਰਹਾਲ, ਇਨ੍ਹਾਂ ਦਾਅਵਿਆਂ ਦੇ ਸਹੀ ਹੋਣ ਬਾਰੇ ਕਿੰਤੂ ਪ੍ਰੰਤੂ ਕੀਤੇ ਜਾ ਸਕਦੇ ਹਨ। ਪਾਕਿਸਤਾਨ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹੈ ਕਿ ਪਰਮਾਣੂ ਜੰਗ ਦੋਵਾਂ ਧਿਰਾਂ ਲਈ ਤਬਾਹਕੁਨ ਸਾਬਿਤ ਹੋਵੇਗੀ। ਭਾਰਤ ਦੀਆਂ ਪਰਮਾਣੂ ਕੋਸ਼ਿਸ਼ਾਂ ਇਸ ਤਰਕ 'ਤੇ ਆਧਾਰਿਤ ਹਨ ਕਿ ਇਸ ਨੂੰ 'ਦੋ ਤਰਫ਼ਾ ਪਰਮਾਣੂ ਚੁਣੌਤੀ' ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੀਨ ਵਲੋਂ ਲੰਮੇ ਸਮੇਂ ਤੋਂ ਪਾਕਿਸਤਾਨ ਨੂੰ ਆਪਣੇ ਪਰਮਾਣੂ ਹਥਿਆਰਾਂ ਅਤੇ ਮਿਜ਼ਾਈਲ ਸਮੱਰਥਾਵਾਂ ਵਿਚ ਇਜ਼ਾਫ਼ਾ ਕਰਨ ਲਈ ਸਮੱਗਰੀ ਅਤੇ ਜਾਣਕਾਰੀਆਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ। ਭਾਰਤ ਦੀਆਂ ਪਰਮਾਣੂ ਸਮੱਰਥਾਵਾਂ ਦਾ ਨਿਸ਼ਾਨਾ ਚੀਨ ਰਿਹਾ ਹੈ ਜਦਕਿ ਨਵੀਂ ਦਿੱਲੀ ਨੂੰ ਆਪਣੀਆਂ ਪਰਮਾਣੂ ਹਥਿਆਰ ਲਿਜਾਣ ਵਾਲੀਆਂ ਪ੍ਰਣਾਲੀਆਂ (ਮਿਜ਼ਾਈਲਾਂ) ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

ਸੁਰੱਖਿਆ ਦੇ ਅਜਿਹੇ ਮਾਹੌਲ ਵਿਚ ਜਦੋਂ ਕੁਝ ਮਹੀਨਿਆਂ ਬਾਅਦ ਪਾਕਿਸਤਾਨ ਵਿਚ ਕੌਮੀ ਚੋਣਾਂ ਹੋ ਰਹੀਆਂ ਹਨ ਤਾਂ ਪਾਕਿਸਤਾਨੀ ਸੋਚ ਵਿਚ ਕਿਸੇ ਤਰ੍ਹਾਂ ਦੀ ਸੰਜੀਦਾ ਤਬਦੀਲੀ ਦੀ ਤਵੱਕੋ ਕਰਨ ਦੀ ਕੋਈ ਖਾਸ ਤੁੱਕ ਨਹੀਂ ਬਣਦੀ। ਭਾਰਤ ਵੀ ਆਪਣੇ ਚੁਣਾਵੀ ਗੇੜ ਵੱਲ ਵਧ ਰਿਹਾ ਹੈ ਜਿਸ ਕਰ ਕੇ ਇਹ ਗੱਲ ਹੋਰ ਵੀ ਸਾਰਥਕ ਜਾਪਦੀ ਹੈ। ਪਾਕਿਸਤਾਨ ਦੇ ਥਲ ਸੈਨਾ ਦੇ ਮੁਖੀ ਜਨਰਲ ਆਸਿਮ ਮੁਨੀਰ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵਿਚਕਾਰ ਦੁਸ਼ਮਣੀ ਬਹੁਤ ਗਹਿਰੀ ਹੈ ਜਿਸ ਦੀਆਂ ਜੜ੍ਹਾਂ ਉਦੋਂ ਪਈਆਂ ਸਨ ਜਦੋਂ ਇਮਰਾਨ ਖ਼ਾਨ ਨੇ ਆਪਹੁਦਰੇ ਢੰਗ ਨਾਲ ਮੁਨੀਰ ਨੂੰ ਆਈ.ਐੱਸ.ਆਈ. ਦੇ ਮੁਖੀ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਇਮਰਾਨ ਖ਼ਾਨ ਨੂੰ ਬਾਇਡਨ ਪ੍ਰਸ਼ਾਸਨ ਵੀ ਨਾਪਸੰਦ ਕਰਦਾ ਹੈ ਅਤੇ ਉਸ ਦੇ ਸਾਬਕਾ ਥਲ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨਾਲ ਨਿੱਘੇ ਸਬੰਧ ਰਹੇ ਹਨ। ਇਮਰਾਨ ਖ਼ਾਨ ਦੀ ਸਰਕਾਰ ਡੇਗਣ ਵਿਚ ਜਨਰਲ ਬਾਜਵਾ ਨੇ ਅਹਿਮ ਕਿਰਦਾਰ ਨਿਭਾਇਆ ਸੀ। ਵਰਤਮਾਨ ਸੈਨਾਪਤੀ ਜਨਰਲ ਮੁਨੀਰ ਯਕੀਨਨ ਇਮਰਾਨ ਖ਼ਾਨ ਨਾਲ ਕਰੜੇ ਹੱਥੀਂ ਹੀ ਨਿਬੜਨਗੇ।

# ਦਿਲਜੀਤ ਦੀ ਫਿਲਮ 'ਪੰਜਾਬ 95'



ਅਦਾਕਾਰ ਅਤੇ ਗਾਇਕ ਦਿਲਜੀਤ ਦੁਸਾਂਝ ਦੀ ਨਵੀਂ ਫਿਲਮ 'ਪੰਜਾਬ '95' ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਨਹੀਂ ਜਾਵੇਗੀ। ਯਾਦ ਰਹੇ ਕਿ ਇਹ ਫਿਲਮ ਮਨੁੱਖੀ ਅਧਿਕਾਰਾਂ ਬਾਰੇ ਉਘੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਹੈ। ਇਸ ਫਿਲਮ ਵਿਚ ਦਿਲਜੀਤ ਦੁਸਾਂਝ ਤੋਂ ਇਲਾਵਾ ਪ੍ਰਸਿੱਧ ਅਦਾਕਾਰ ਅਰਜੁਨ ਰਾਮਪਾਲ ਅਤੇ ਸੁਵਿੰਦਰ ਵਿੱਕੀ ਵੀ ਹਨ। ਇਸ ਫਿਲਮ ਦਾ ਨਾਂ ਪਹਿਲਾਂ 'ਘੱਲੂਘਾਰਾ' ਰੱਖਿਆ ਗਿਆ ਸੀ। ਭਾਰਤ ਦੇ ਸੈਂਸਰ ਬੋਰਡ (ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ) ਨੇ ਫਿਲਮ ਨੂੰ 21 ਕੱਟ ਨਾਲ ਅਤੇ 'ਪੰਜਾਬ '95' ਦੇ ਨਾਂ ਹੇਠ ਰਿਲੀਜ਼ ਕਰਨ ਲਈ ਝੰਡੀ ਦਿੱਤੀ ਹੈ।

ਯਾਦ ਰਹੇ ਕਿ ਪੰਜਾਬ ਦੇ ਅਤਿਵਾਦ ਵਾਲੇ ਦੌਰ ਦੌਰਾਨ ਬਹੁਤ ਸਾਰੇ ਨੌਜਵਾਨ ਲਾਪਤਾ ਹੋ ਗਏ ਸਨ। ਸ਼ੱਕ ਸੀ ਕਿ ਇਨ੍ਹਾਂ ਨੌਜਵਾਨਾਂ ਨੂੰ ਪੁਲਿਸ ਨੇ ਮਾਰ-ਖਪਾ ਦਿੱਤਾ ਹੈ। ਜਸਵੰਤ ਸਿੰਘ ਖਾਲੜਾ ਨੇ ਇਨ੍ਹਾਂ ਲਾਪਤਾ ਨੌਜਵਾਨਾਂ ਬਾਰੇ ਛਾਣ-ਬੀਣ ਕੀਤੀ ਅਤੇ ਜ਼ਾਹਿਰ ਕੀਤਾ ਕਿ ਕਿਸ ਤਰ੍ਹਾਂ ਨੌਜਵਾਨਾਂ ਨੂੰ ਵੱਖ-ਵੱਖ ਥਾਵਾਂ ਤੋਂ ਚੁੱਕ ਕੇ ਖਪਾ ਦਿੱਤਾ ਗਿਆ। ਇਹ ਮਾਮਲਾ ਉਠਾਉਣ ਤੋਂ ਬਾਅਦ ਜਸਵੰਤ ਸਿੰਘ ਕਾਲੜਾ ਨੂੰ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਅਤੇ ਆਖਰਕਾਰ ਉਨ੍ਹਾਂ ਨੌਜਵਾਨਾਂ ਵਾਂਗ ਹੀ ਇਕ ਦਿਨ ਉਸ ਨੂੰ ਵੀ ਗਰੋਂ ਚੁੱਕ ਲਿਆ ਗਿਆ ਅਤੇ ਮਾਰ-ਖਪਾ ਕੇ ਲਾਸ਼ ਵੀ ਖੁਰਦ-ਬੁਰਦ ਕਰ ਦਿੱਤੀ ਗਈ।

# ਸੁਸ਼ਮਿਤਾ ਸੇਨ ਲਈ ਕੰਮਕਾਰ ਹੀ ਸਾਰੇ ਰੋਗਾਂ ਦੀ ਦਵਾ

ਅਦਾਕਾਰਾ ਸੁਸ਼ਮਿਤਾ ਸੇਨ ਨੇ ਆਖਿਆ ਕਿ ਅਦਾਕਾਰਾਂ ਦੀ ਜ਼ਿੰਦਗੀ ਸੌਖੀ ਨਹੀਂ ਹੁੰਦੀ, ਫਿਰ ਵੀ ਉਨ੍ਹਾਂ ਕੋਲ ਜ਼ਿੰਦਗੀ 'ਚ ਵਿਸ਼ੇਸ਼ ਅਧਿਕਾਰ ਹੁੰਦੇ ਹਨ। ਜਦੋਂ ਉਹ ਸੋਚਦੀ ਹੈ ਕਿ ਉਸ ਕੋਲ ਕੰਮ ਅਤੇ ਪੈਸਾ ਨਹੀਂ ਹੈ ਤਾਂ ਉਹ ਖੁਦ ਨੂੰ ਉਤਸ਼ਾਹਿਤ ਕਰਦੇ ਰਹਿਣ ਸਦਕਾ ਆਪਣੇ ਕੰਮ 'ਤੇ ਮਾਣ ਮਹਿਸੂਸ ਹੁੰਦਾ ਹੈ। ਯਾਦ ਰਹੇ ਕਿ ਸੁਸ਼ਮਿਤਾ ਨੂੰ ਇਸ ਸਾਲ ਮਾਰਚ ਮਹੀਨੇ ਦਿਲ ਦਾ ਦੌਰਾ ਪੈਣ ਮਗਰੋਂ ਐਂਜੀਓਪਲਾਸਟੀ ਕਰਵਾਉਣੀ ਪਈ ਸੀ।

ਸੁਸ਼ਮਿਤਾ ਦਾ ਕਹਿਣਾ ਹੈ ਕਿ ਉਸ ਲਈ ਅਦਾਕਾਰੀ ਅਜਿਹੀ ਦਵਾ ਹੈ ਜੋ ਡਾਕਟਰ ਮਰੀਜ਼ ਨੂੰ ਠੀਕ ਕਰਨ ਲਈ ਦਿੰਦੇ ਹਨ। ਸੁਸ਼ਮਿਤਾ ਨੇ ਕਿਹਾ, "ਡਾਕਟਰਾਂ ਦੀਆਂ ਦੱਸੀਆਂ ਦਵਾਈਆਂ ਖਾ ਕੇ ਸਿਹਤ ਚੰਗੀ ਰਹਿੰਦੀ ਹੈ ਪਰ ਮੇਰੇ ਲਈ ਮੇਰਾ ਕੰਮ ਕਰਦੇ ਰਹਿਣਾ ਮੈਨੂੰ ਸਿਹਤਮੰਦ ਰੱਖਦਾ ਹੈ। ਜਦੋਂ ਮੈਂ ਕੰਮ ਕਰਦੀ ਹਾਂ ਤਾਂ ਮੇਰੇ ਕੋਲ ਆਪਣੇ ਦੁੱਖਾਂ ਬਾਰੇ ਸੋਚਣ ਦਾ ਸਮਾਂ ਨਹੀਂ ਹੁੰਦਾ; ਸੋ, ਅੱਗੇ ਵਧਦੇ ਰਹੋ ਤੇ ਜੋ ਕੰਮ ਤੁਹਾਨੂੰ ਬਿਹਤਰ ਲੱਗਦਾ ਹੈ, ਉਹ ਕਰਦੇ ਰਹੋ।" ਦੱਸਣਯੋਗ ਹੈ ਕਿ ਅਦਾਕਾਰਾ ਹੁਣ ਜੀਓ ਸਿਨੇਮਾ ਸੀਰੀਜ਼ 'ਤਾਲੀ' ਨਾਲ ਸਕਰੀਨ 'ਤੇ ਵਾਪਸੀ ਕਰ ਰਹੀ ਹੈ। ਇਸ ਵਿਚ ਟਰਾਂਸਜੈਂਡਰ ਕਾਰਕੁਨ ਗੌਰੀ ਸਵਾਤ ਦੀ ਜੀਵਨੀ ਨੂੰ ਬਿਆਨ ਕੀਤਾ ਗਿਆ ਹੈ।



19 ਨਵੰਬਰ 1975 ਨੂੰ ਜਨਮੀ ਸੁਸ਼ਮਿਤਾ ਸੇਨ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ 1996 ਵਿਚ ਕੀਤਾ ਸੀ। ਅਸਲ ਵਿਚ ਉਹ ਮਸ਼ਹੂਰ ਮਾਡਲ ਸੀ। ਬਾਅਦ ਵਿਚ ਉਸ ਨੇ 1994 ਵਿਚ ਮਿਸ ਯੂਨੀਵਰਸ ਦਾ ਸੁੰਦਰਤਾ ਮੁਕਾਬਲਾ ਜਿੱਤ ਲਿਆ। ਇਉਂ ਉਸ ਦਾ ਫਿਲਮੀ ਦੁਨੀਆ ਅੰਦਰ ਪ੍ਰਵੇਸ਼ ਹੋ ਗਿਆ। ਉਸ ਦੀ ਪਹਿਲੀ ਫਿਲਮ 'ਦਸਤਕ' 1996 ਵਿਚ ਰਿਲੀਜ਼ ਹੋਈ ਸੀ। ਇਹ ਫਿਲਮ ਪ੍ਰਸਿੱਧ ਫਿਲਮਸਾਜ਼ ਮਹੇਸ਼ ਭੱਟ ਨੇ ਬਣਾਈ ਸੀ ਅਤੇ ਇਸ ਵਿਚ ਸੁਸ਼ਮਿਤਾ ਸੇਨ ਤੋਂ ਇਲਾਵਾ ਮੁਕੁਲ ਦੇਵ, ਸ਼ਰਦ ਕਪੂਰ, ਭਾਵਨਾ ਦੱਤਾ, ਮਨੋਜ ਬਾਜਪਾਈ ਆਦਿ ਅਦਾਕਾਰਾਂ ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਸਨ। ਇਸ ਤੋਂ ਬਾਅਦ ਉਸ ਨੇ ਫਿਲਮ 'ਜ਼ੋਰ', 'ਸਿਰਫ ਤੁਮ', 'ਹਿੰਦੁਸਤਾਨ ਕੀ ਕਸਮ', 'ਬੀਵੀ ਨੰਬਰ 1', 'ਆਗਾਜ਼', 'ਫਿਜ਼ਾ', 'ਨਾਇਕ', 'ਬੱਸ ਇਤਨਾ ਸਾ ਖ਼ੁਆਬ ਹੈ', 'ਆਖੇਂ', 'ਫਿਲਹਾਲ', 'ਵਾਸਤੂ ਸ਼ਾਸਤਰਾ', 'ਮੈਂ ਹੂੰ ਨਾ', 'ਮੈਂ ਐਸਾ ਹੀ ਹੂੰ', 'ਬੇਵਫਾ', 'ਚਿੰਗਾਰੀ', 'ਅਲਗ', 'ਰਾਮ ਗੋਪਾਲ ਵਰਮਾ ਕੀ ਆਗ', 'ਦੁਲਹਾ ਮਿਲ ਗਯਾ', 'ਨੋ ਪਰੌਬਲਮ' ਆਦਿ ਫਿਲਮਾਂ ਵਿਚ ਕੰਮ ਕੀਤਾ।

# ਸਦਾਬਹਾਰ ਗੀਤਾਂ ਦਾ ਸਿਰਜਕ ਗੁਲਜ਼ਾਰ


ਦੇਖਣ ਨੂੰ ਸਾਧਾਰਨ ਜਾਪਦਾ ਪਰ ਤੀਖਣ ਬੁੱਧੀ ਦਾ ਮਾਲਕ ਗੀਤਕਾਰ ਅਤੇ ਫਿਲਮਸਾਜ਼ ਗੁਲਜ਼ਾਰ ਦੇਸ਼ ਵੰਡ ਤੋਂ ਬਾਅਦ ਭਾਰਤ ਆ ਗਿਆ, ਫਿਰ ਦਿੱਲੀ ਤੋਂ ਬੰਬਈ। ਕਵਿਤਾਵਾਂ, ਕਹਾਣੀਆਂ ਲਿਖੀਆਂ ਪਰ ਇਹ ਕੋਈ ਰੋਜ਼ੀ ਰੋਟੀ ਦਾ ਸਾਧਨ ਨਹੀਂ ਸੀ। ਉਂਝ, ਉਸ ਨੂੰ ਪਤਾ ਸੀ ਕਿ ਉਸ ਨੇ ਕਿਹੜੇ ਰਾਹ ਤੁਰਨਾ ਹੈ ਤੇ ਉਸ ਦੀ ਮੰਜ਼ਿਲ ਕਿੱਥੇ ਹੈ! ਫਿਲਮਾਂ ਵਿਚ

**ਸੁਖਮਿੰਦਰ ਸੇਖੋਂ**
ਫੋਨ: +91-98145-07693

ਕਿਸਮਤ ਅਜ਼ਮਾਉਣ ਲਈ ਗੀਤ ਲਿਖੇ ਪਰ ਜਦੋਂ ਵੀ ਉਹ ਆਪਣੇ ਮਨਭਾਉਂਦੇ ਫਿਲਮਸਾਜ਼ ਬਿਮਲ ਰਾਏ ਕੋਲ ਉਸ ਦੇ ਦਫ਼ਤਰ ਆਪਣੇ ਗੀਤਾਂ ਦੀ ਡਾਇਰੀ ਲੈ ਕੇ ਪਹੁੰਚਦਾ ਤਾਂ ਉਹ ਉਸ ਦੇ ਗੀਤ ਸੁਣਨ ਲਈ ਤਿਆਰ ਨਾ ਹੁੰਦੇ ਪਰ ਗੁਲਜ਼ਾਰ ਸੀ ਕਿ ਹਿੰਮਤ ਨਹੀਂ ਸੀ ਹਾਰਨਾ ਚਾਹੁੰਦਾ।

ਰਿਸ਼ੀਕੇਸ਼ ਮੁਖਰਜੀ ਉਦੋਂ ਬਿਮਲ ਰਾਏ ਦੇ ਸਹਾਇਕ ਸਨ। ਉਨ੍ਹਾਂ ਇੱਕ ਦਿਨ ਬਿਮਲ ਰਾਏ ਨੂੰ ਕਹਿ ਹੀ ਦਿੱਤਾ, "ਦਾਦਾ, ਯੇ ਲੜਕਾ ਆਪਕੇ ਯਹਾਂ ਰੋਜ਼ ਆਤਾ ਹੈ, ਇਸੇ ਵੀ ਸੁਨ ਲੀਜੀਏ।" ਬਿਮਲ ਆਪਣੇ ਸਹਾਇਕ ਦੀ ਬਹੁਤ ਮੰਨਦੇ ਸਨ, ਇਸ ਲਈ ਉਹ ਗੁਲਜ਼ਾਰ ਦੇ ਗੀਤ ਸੁਣਨ ਲਈ ਰਾਜ਼ੀ ਹੋ ਗਏ; ਤੇ ਜਦੋਂ ਉਨ੍ਹਾਂ ਗੁਲਜ਼ਾਰ ਦਾ ਗੀਤ ਸੁਣਿਆ ਤਾਂ ਇਕਦਮ ਕਹਿ ਉੱਠੇ, "ਇਸੇ 'ਬੰਦਿਨੀ' ਕੇ ਲੀਏ ਰੱਖ ਲੋ।" ਇਸ ਤਰ੍ਹਾਂ ਗੁਲਜ਼ਾਰ ਦਾ ਫਿਲਮਾਂ ਵਿਚ ਪ੍ਰਵੇਸ਼ ਹੋ ਗਿਆ। ਲਤਾ ਮੰਗੇਸ਼ਕਰ ਦਾ ਗਾਇਆ 'ਬੰਦਿਨੀ' ਫਿਲਮ ਦਾ ਇਹ ਗੀਤ ਇੰਨਾ ਮਕਬੂਲ ਹੋਇਆ ਕਿ ਅੱਜ ਵੀ ਗੀਤ ਪ੍ਰੇਮੀਆਂ ਦੀ ਜ਼ੁਬਾਨ 'ਤੇ ਸਹਿਜੇ ਹੀ ਆ ਜਾਂਦਾ ਹੈ- 'ਮੇਰਾ ਗੋਰਾ ਅੰਗ ਲਈ ਲੇ, ਮੋਹੇ ਸ਼ਾਮ ਰੰਗ ਦੇਈਦੇ।' ਇਸ ਉਪਰੰਤ ਉਹ ਇਨ੍ਹਾਂ ਹਸਤੀਆਂ ਨਾਲ ਸਹਾਇਕ ਵਜੋਂ ਕੰਮ ਕਰਦਾ ਰਿਹਾ ਅਤੇ ਫਿਲਮਸਾਜ਼ੀ ਦੀਆਂ ਬਾਰੀਕੀਆਂ ਦੀ ਸਮਝ ਆਈ। ਫਿਰ ਹੌਲੀ-ਹੌਲੀ ਗੁਲਜ਼ਾਰ ਨੂੰ ਫਿਲਮੀ ਦੁਨੀਆ ਦੀ ਵੀ ਸਮਝ ਆਉਂਦੀ ਗਈ ਤੇ ਮੀਨਾ ਕੁਮਾਰੀ ਨੂੰ ਮੁੱਖ ਭੂਮਿਕਾ ਵਿਚ ਲਿਆ, ਫਿਲਮ ਸੀ 'ਮੇਰੇ ਅਪਨੇ'। ਇਸ ਫਿਲਮ ਵਿਚ ਸੰਘਰਸ਼ਸ਼ੀਲ ਵਿਨੋਦ ਖੰਨਾ ਤੇ ਸ਼ਤਰੂਘਨ ਸਿਨਹਾ ਨੂੰ ਵੀ ਮੌਕਾ ਪ੍ਰਦਾਨ ਹੋਇਆ ਤੇ ਅਨੇਕਾਂ ਹੋਰ ਰੰਗਮੰਚੀ ਅਦਾਕਾਰਾਂ ਨੂੰ ਵੀ। ਆਪਣੇ ਟਾਈਟਲ ਨੂੰ ਕਹਾਣੀ ਰਾਹੀਂ ਦਰਸਾਉਂਦੀ ਇਸ ਫਿਲਮ ਵਿਚ ਮੀਨਾ ਦਾ ਕਿਰਦਾਰ ਯਾਦਗਾਰੀ ਹੋ ਨਿੱਬੜਿਆ ਅਤੇ ਨਵੇਂ ਐਕਟਰਾਂ ਦੇ ਰਸਤੇ ਵੀ ਮੋਕਲੇ ਹੋ ਗਏ।

18 ਅਗਸਤ 1936 ਨੂੰ ਪੱਛਮੀ ਪੰਜਾਬ ਦੇ ਜਿਹਲਮ ਇਲਾਕੇ ਵਿਚ ਪੈਦਾ ਹੋਏ ਗੁਲਜ਼ਾਰ ਨੇ ਫਿਲਮ 'ਪਰਿਚਯ' ਵਿਚ ਆਪਣੀ ਕਲਾਤਮਕਤਾ ਦਾ ਇੱਕ ਪਰਿਚੈ ਦਿੱਤਾ ਤੇ ਸੰਜੀਵ ਕੁਮਾਰ ਤੇ ਜਯਾ ਭਾਦੁੜੀ ਨੂੰ ਬਾਖੂਬੀ ਪੇਸ਼ ਕੀਤਾ ਅਤੇ ਚਾਕਲੇਟੀ ਹੀਰੋ ਜਤਿੰਦਰ ਨੂੰ ਵੀ ਆਪਣੀ ਅਦਾਕਾਰੀ ਦਿਖਾਉਣ ਦਾ ਮੌਕਾ ਮਿਲਿਆ। ਇਸ ਫਿਲਮ ਨਾਲ ਗੁਲਜ਼ਾਰ ਨੇ ਇਹ ਸਾਬਤ ਕਰ ਦਿੱਤਾ ਕਿ ਜੇਕਰ ਨਿਰਦੇਸ਼ਕ ਸੂਝਵਾਨ ਹੋਵੇ ਤਾਂ ਕਿਸੇ ਚੁਲਬਲੇ ਹੀਰੋ ਨੂੰ ਵੀ ਐਕਟਰ ਬਣਾਇਆ ਜਾ ਸਕਦਾ ਹੈ। ਫਿਰ ਇੱਕ ਹੋਰ ਕੋਸ਼ਿਸ਼ ਕਰਦਿਆਂ ਇਸ ਫਿਲਮਸਾਜ਼ ਨੇ ਸੰਜੀਵ ਕੁਮਾਰ ਤੇ ਜਯਾ ਭਾਦੁੜੀ ਨੂੰ ਗੂੰਗੇ, ਬੋਲੇ ਦੇ ਰੂਪ ਵਿਚ ਪੇਸ਼ ਕਰਦਿਆਂ ਆਪਣੀ ਕੋਸ਼ਿਸ਼ ਨੂੰ ਸਫਲ ਬਣਾਇਆ। ਬੱਚਿਆਂ ਲਈ ਵੀ 'ਕਿਤਾਬ' ਨਾਂ ਦੀ ਖ਼ੂਬਸੂਰਤ ਫਿਲਮ ਪੇਸ਼ ਕੀਤੀ। ਜਤਿੰਦਰ ਤੇ ਹੇਮਾ ਮਾਲਿਨੀ ਨੂੰ ਲੈ ਕੇ 'ਕਿਨਾਰਾ' ਬਣਾਈ ਜਿਸ ਵਿਚ ਧਰਮਿੰਦਰ ਨੂੰ ਵੀ ਵਿਸ਼ੇਸ਼ ਭੂਮਿਕਾ ਵਿਚ ਲੈਂਦਿਆਂ ਚੰਗੀ ਅਦਾਕਾਰੀ ਕਰਵਾਈ। ਉਹ ਧਰਮਿੰਦਰ, ਸ਼ਰਮੀਲਾ ਤੇ ਸੁਚਿੱਤਰਾ ਸੈਨ ਨੂੰ ਲੈ ਕੇ 'ਦੇਵਦਾਸ' ਦਾ ਨਿਰਮਾਣ ਕਰਨ ਦਾ ਇੱਛੁਕ ਵੀ ਸੀ ਪਰ ਕੁਝ ਕਾਰਨਾਂ ਕਰ ਕੇ ਉਸ ਦਾ ਇਹ ਸੁਪਨਾ ਅਧੂਰਾ ਹੀ ਰਹਿ ਗਿਆ। ਇੱਕ ਸਾਧਾਰਨ ਦਿੱਖ ਵਾਲੇ ਠਕਿ-ਠਾਕ ਅਦਾਕਾਰ ਸੁਨੀਲ ਸ਼ੈਟੀ



ਤੋਂ ਉਸ ਨੇ ਫਿਲਮ 'ਹੂ ਤੂ ਤੂ' ਵਿਚ ਚੰਗਾ ਕੰਮ ਲਿਆ ਜਿਸ ਵਿਚ ਅਭਿਨੇਤਰੀ ਤੱਬੂ ਨਵੇਂ ਅੰਦਾਜ਼ ਵਿਚ ਸੀ। ਸੰਜੀਵ-ਸੁਚਿੱਤਰਾ ਦੀ 'ਆਂਧੀ' ਨੇ ਤਾਂ ਰਾਜਨੀਤਕ ਗਲਿਆਰਿਆਂ ਵਿਚ ਵੀ ਹਲਚਲ ਮਚਾ ਦਿੱਤੀ ਕਿਉਂਕਿ ਸੁਚਿੱਤਰਾ ਸੈਨ ਇਸ ਵਿਚ ਇੰਦਰਾ ਗਾਂਧੀ ਦੇ ਸੰਕੇਤਕ ਰੂਪ ਵਿਚ ਸੀ।

'ਮੌਸਮ' ਗੁਲਜ਼ਾਰ ਦੀ ਇੱਕ ਹੋਰ ਸੁੰਦਰ ਫਿਲਮ ਸੀ ਜਿਸ ਨੇ ਫਿਲਮਾਂ ਵਿਚ ਆਈ ਖੜੋਤ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਸ਼ਰਮੀਲਾ ਟੈਗੋਰ ਇਸ ਵਿਚ ਇੱਕ ਮਾਂ ਤੇ ਫਿਰ ਇੱਕ ਬੇਟੀ ਸੀ ਜਿਸ ਨੂੰ ਸੰਜੀਵ ਵੇਸਵਾਗਿਰੀ ਦੇ ਧੰਦੇ ਦੀ ਦਲਦਲ ਵਿਚੋਂ ਕੱਢ ਕੇ ਸਭਿਆ ਸਮਾਜ ਦਾ ਹਿੱਸਾ ਬਣਾਉਣ ਲਈ ਯਤਨਸ਼ੀਲ ਰਹਿੰਦਾ ਹੈ। ਪੰਜਾਬ ਦੇ ਹਾਲਾਤ ਤੇ ਖਾਸ ਕਰ ਕੇ ਅਤਿਵਾਦੀਆਂ ਤੇ ਪੁਲਿਸ ਦੇ ਕਿਰਦਾਰ ਨੂੰ ਲੈ ਕੇ ਬਣਾਈ ਫਿਲਮ 'ਮਾਚਿਸ' ਵੀ ਅਹਿਮ ਸਥਾਨ ਰੱਖਦੀ ਹੈ। ਗੁਲਜ਼ਾਰ ਇਸ ਫਿਲਮ ਦਾ ਜ਼ਿਕਰ ਛਿੜਦਿਆਂ ਹੀ ਭਾਵੁਕ ਹੋ ਜਾਂਦਾ ਹੈ। ਦਰਅਸਲ ਜਿਸ ਸ਼ਖ਼ਸ ਨੇ 1947 ਦੀ ਦੇਸ਼ ਵੰਡ ਦਾ ਸੰਤਾਪ ਹੰਢਾਇਆ ਹੋਵੇ, ਉਸ ਨੂੰ ਹੀ ਪੰਜਾਬੀਆਂ ਦੀ ਪੀੜਾ ਦਾ ਅਹਿਸਾਸ ਹੋ ਸਕਦਾ ਹੈ।

ਗੁਲਜ਼ਾਰ ਇੱਕ ਸੰਵੇਦਨਸ਼ੀਲ ਫਿਲਮਸਾਜ਼ ਹੀ ਨਹੀਂ ਬਲਕਿ ਉੱਚਕੋਟੀ ਦਾ ਗੀਤਕਾਰ ਤੇ ਸ਼ਾਇਰ ਵੀ ਹੈ ਜਿਸ ਦੀ ਸੰਭਾਵਨਾ ਦੇ ਬੀਜ ਉਸ ਦੇ ਪਹਿਲੇ ਹੀ ਗੀਤ (ਬੰਦਿਨੀ) ਵਿਚ ਮੌਜੂਦ ਸਨ। ਦੋ ਤਿੰਨ ਵਾਰ ਗੁਲਜ਼ਾਰ ਨਾਲ ਮਿਲਣਾ ਹੋਇਆ ਤਾਂ ਉਸ ਨੇ ਦੱਸਿਆ ਕਿ ਫਿਲਮਾਂ ਬਣਾਉਣਾ ਉਸ ਦਾ ਇਸ਼ਕ ਹੈ ਤੇ ਰੋਜ਼ੀ ਰੋਟੀ ਦਾ ਸਾਧਨ ਵੀ ਪਰ ਸਾਹਿਤ ਲਈ ਉਸ ਨੇ ਬਹੁਤ ਕਵਿਤਾਵਾਂ ਤੇ ਕਹਾਣੀਆਂ ਲਿਖੀਆਂ। ਜਿਸ ਦੀ ਮਿਸਾਲ ਜਗਜੀਤ ਵੱਲੋਂ ਉਸ ਦੀਆਂ ਗਾਈਆਂ ਕਾਵਿ ਰਚਨਾਵਾਂ ਤੋਂ ਮਿਲਦੀ ਹੈ।

ਮੁੰਬਈ ਵਿਚ ਜਦੋਂ ਅਸੀਂ ਚਾਰ ਕੁ ਦਹਾਕੇ ਪਹਿਲਾਂ, ਪਹਿਲੀ ਵਾਰ ਉਸ ਨੂੰ ਉਸ ਦੇ ਪਾਲੀ ਹਿਲ ਵਾਲੇ ਦਫ਼ਤਰ ਵਿਚ ਮਿਲੇ ਤਾਂ ਮੇਰੀ ਪਹਿਲੀ ਨਜ਼ਰ ਹੀ ਉਸ ਦੀ ਕੁਰਸੀ ਦੇ ਪਿੱਛੇ ਦੀਵਾਰ 'ਤੇ ਟੰਗੀ ਮੀਨਾ ਕੁਮਾਰੀ ਦੀ ਵੱਡ ਆਕਾਰੀ ਤਸਵੀਰ 'ਤੇ ਪਈ ਸੀ, ਅੱਖਾਂ ਵਿਚੋਂ ਨੀਰ ਉਤਰ ਕੇ ਗੋਰੀਆਂ ਗੱਲ੍ਹਾਂ 'ਤੇ ਮੋਤੀਆਂ ਵਾਂਗ ਟਪਕ ਰਹੇ ਸਨ। ਖ਼ੂਬਸੂਰਤ ਪਰ ਗੰਭੀਰ ਤੇ ਉਦਾਸ ਚਿਹਰਾ। ਮੀਨਾ ਖੁਦ ਸ਼ਾਇਰਾ ਬਣਨ ਦੇ ਰਸਤੇ ਪੈ ਚੁੱਕੀ ਸੀ। ਗੁਲਜ਼ਾਰ ਨੇ ਉਸ ਦਾ ਹੁਸਨ ਵੀ ਕਬੂਲ ਕੀਤਾ ਤੇ ਦਰਦ ਵੀ। ਗਾਇਕ ਭੁਪਿੰਦਰ ਦੀ ਪ੍ਰਤਿਭਾ ਪਛਾਣ ਵਾਲੇ ਇਸ ਪਾਰਖੂ ਗੀਤਕਾਰ ਨੂੰ ਆਪਣੇ ਭੂਪੀ 'ਤੇ ਹਮੇਸ਼ਾਂ ਰਸ਼ਕ ਰਿਹਾ ਹੈ। ਗੁਲਜ਼ਾਰ ਨੂੰ ਲਗਭਗ ਆਪਣੀਆਂ ਸਾਰੀਆਂ ਹੀ ਕਾਵਿ ਰਚਨਾਵਾਂ ਪਸੰਦ ਹਨ ਤੇ ਪੁਸਤਕਾਂ ਨੂੰ ਪੜ੍ਹ ਕੇ ਮਾਣਨ ਦਾ ਅੰਸ਼ ਵੀ ਉਹ ਮੁਦਈ ਹੈ। ਉਸ ਨੂੰ ਆਪਣੇ ਗੀਤਾਂ ਵਿਚੋਂ ਜਿਹੜੇ ਵਧੇਰੇ ਪਸੰਦ ਹਨ-ਬੀਤੀ ਨਾ ਬਿਤਾਈ ਰੈਣਾ ਬਿਰਹਾ ਕੀ ਜਾਈ ਰੈਣਾ (ਪਰਿਚਯ), ਤੁਮ ਆ ਗਏ ਹੋ ਤੋ ਨੂਰ ਆ ਗਿਆ ਹੈ (ਆਂਧੀ), ਹਮਨੇ ਦੇਖੀ ਹੈ ਉਨ ਆਖੋਂ ਕੀ ਮਹਿਕਤੀ ਖੁਸ਼ਬੂ (ਖਾਮੋਸ਼ੀ), ਰੁਕੇ ਰੁਕੇ ਸੇ ਕਦਮ ਰੁਕ ਕੇ ਵਾਰ ਵਾਰ ਚਲੇ (ਮੌਸਮ), ਮੇਰਾ ਕੁਛ ਸਾਮਾਂ ਖੋ ਗਿਆ ਹੈ ਮੇਰਾ ਸਾਮਾਂ ਮੁਝੇ ਲੌਟਾ ਦੋ।

ਇਸ ਤੋਂ ਇਲਾਵਾ ਉਸ ਨੇ ਬੱਚਿਆਂ ਲਈ ਵੀ ਗੀਤ ਲਿਖੇ ਜੋ ਬਾਲ ਅਵਸਥਾ ਦੇ ਹਾਣ ਦੇ ਹਨ; ਮਸਲਨ, ਫਿਲਮ 'ਕਿਤਾਬ' ਤੇ ਫਿਲਮ 'ਮਾਸੂਮ' ਲਈ 'ਲੱਕੜੀ ਕੀ ਕਾਠੀ, ਕਾਠੀ ਪੇ ਘੋੜਾ', ਜਾਂ ਫਿਰ 'ਜੰਗਲ ਬੁੱਕ' ਲੜੀਵਾਰ ਦਾ 'ਜੰਗਲ ਜੰਗਲ ਬਾਤ ਚਲੀ ਹੈ, ਪਤਾ ਚਲਾ ਹੈ।' ਇਨ੍ਹਾਂ ਗੀਤਾਂ ਨੂੰ ਲਤਾ, ਰਫੀ, ਆਸ਼ਾ, ਭੁਪਿੰਦਰ ਵੱਲੋਂ ਆਵਾਜ਼ਾਂ ਦਿੱਤੀਆਂ ਗਈਆਂ ਤੇ ਇਹ ਗੀਤ ਅਮਰ ਹੋ ਗਏ।

ਗੁਲਜ਼ਾਰ ਨੇ ਟੀ.ਵੀ. ਸੀਰੀਅਲ ਦੀ ਸਕ੍ਰਿਪਟ ਵੀ ਲਿਖੀ ਤੇ ਨਿਰਦੇਸ਼ਨ ਵੀ ਕੀਤਾ। ਲੜੀਵਾਰ ਸੀ 'ਮਿਰਜ਼ਾ ਗਾਲਿਬ'। ਇਸ ਵਿਚ ਉਘੇ ਅਦਾਕਾਰ ਨਸੀਰੁਦੀਨ ਸ਼ਾਹ ਨੇ ਮਿਰਜ਼ਾ ਗਾਲਿਬ ਦਾ ਕਿਰਦਾਰ ਨਿਭਾ ਕੇ ਉਸ ਨੂੰ ਜੀਵਤ ਕਰ ਦਿੱਤਾ। ਇਸ ਸੰਵੇਦਨਸ਼ੀਲ ਕਵੀ, ਗੀਤਕਾਰ ਤੇ ਫਿਲਮਸਾਜ਼ ਦੀ ਫਿਲਮ ਇੰਡਸਟਰੀ ਹੀ ਨਹੀਂ, ਦਰਸ਼ਕ ਵੀ ਹਮੇਸ਼ਾ ਦੇਣਦਾਰ ਰਹਿਣਗੇ। ਉਮਰ ਦਾ ਤਕਾਜ਼ਾ ਹੈ ਕਿ ਹੁਣ ਉਹ ਫਿਲਮਾਂ ਦਾ ਨਿਰਮਾਣ ਕਰਨ ਦੇ ਜ਼ਿਆਦਾ ਸਮਰੱਥ ਨਹੀਂ ਰਿਹਾ ਪਰ ਉਸ ਦੀ ਕਲਮ ਹਾਲੇ ਵੀ ਸਾਹਿਤਕ ਅੰਦਾਜ਼ ਵਿਚ ਆਪਣਾ ਕਮਾਲ ਦਿਖਾ ਰਹੀ ਹੈ।




ਕਲੱਬ ਮੈਂਬਰ



| | | | | | | | | | |
|---|---|---|---|---|---|---|---|---|---|
| ਅੰਮ੍ਰਿਤਪਾਲ ਗਿੱਲ, ਪ੍ਰਧਾਨ | ਅਮਰਦੇਵ ਬੰਦੇਸ਼ਾ | ਦਰਸ਼ਨ ਪੰਮਾ | ਲਖਵਿੰਦਰ ਸਿੰਘ | ਗੁਰਦੇਵ ਗਿੱਲ | ਪਰਮਿੰਦਰ ਵਾਲੀਆ | ਬਲਵਿੰਦਰ ਚੱਠਾ | ਦੀਪਾ ਬੰਦੇਸ਼ਾ | ਮਨਜਿੰਦਰ ਚੀਮਾ | ਅਮਰਜੀਤ ਬੰਦੇਸ਼ਾ |
| 920-460-1001 | 708-612-7963 | 847-561-7101 | 815-690-0941 | 847-271-7451 | 847-477-1613 | 630-523-3412 | 815-546-0525 | 815-261-2148 | 815-474-5424 |

ਸ਼ਿਕਾਗੋ ਵਿਚ ਰਣਜੀਤ ਬਾਵਾ ਦਾ ਲਾਈਵ ਸ਼ੋਅ 26 ਅਗਸਤ ਨੂੰ
ਦਿਨ: ਸ਼ਨਿਚਰਵਾਰ; ਸਮਾਂ: ਸ਼ਾਮ 7 ਵਜੇ

**For Online Tickets: Call : 847-673-6300**

**For Tickets Visit:** www.ticketmaster.com/event/07005F01BC213AEF